ਬ੍ਰਹਮ ਗਿਆਨ
ਅਤੇ
ਵਾਹਿਗੁਰੂ ਦਾ ਸਿਮਰਨ

ਬ੍ਰਹਮ ਗਿਆਨ
ਅਤੇ
ਵਾਹਿਗੁਰੂ ਦਾ ਸਿਮਰਨ

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਦੀਆਂ ਅਧਿਆਤਮਿਕ ਵਿਚਾਰਾਂ)

ਅਮਰਜੀਤ ਸਿੰਘ ਬਲ

ਪ੍ਰਕਾਸ਼ਕ :-
ਭਾ: ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ

© ਪ੍ਰਕਾਸ਼ਕ

ISBN : 978-93-88836-02-9
ਪਹਿਲੀ ਐਡੀਸ਼ਨ ਫਰਵਰੀ 2019
ਭੇਟਾ : 275-00

ਪ੍ਰਕਾਸ਼ਕ :–
ਭਾ: ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫੋਨ : (0183) 5011003, 2542346, 2547974
E-mail : csjssales@hotmail.com
: csjspurchase@yahoo.com
Visit our Website : www.csjs.com
Follow us on:
www.facebook.com/csjsamritsar

ਨੋਟ : ਇਸ ਪੁਸਤਕ ਵਿਚ ਦਿੱਤੀਆਂ ਅਧਿਆਤਮਿਕ ਵਿਚਾਰਾਂ ਬਾਬਤ ਜੇਕਰ ਕਿਸੇ ਸੱਜਣ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਲੇਖਕ ਨਾਲ ਸੰਪਰਕ ਕਰਨ। ਪ੍ਰਕਾਸ਼ਕ ਕਿਸੇ ਵੀ ਤਰ੍ਹਾਂ ਜ਼ੁੰਮੇਵਾਰ ਨਹੀਂ ਹੋਵੇਗਾ।

(Printed and bound in India)

ਪ੍ਰਿੰਟਰ : ਸੀ.ਜੇ. ਪ੍ਰਿੰਟਰਜ਼, ਅੰਮ੍ਰਿਤਸਰ।

ਸਮਰਪਣ

ਸਿੱਖ ਧਰਮ ਦੇ ਮੋਢੀ, ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਸਾਰੀ ਮਨੁੱਖੀ ਦੀ ਭਲਾਈ ਲਈ ਹਨ। ਦਇਆਲੂ, ਕਿਰਪਾਲੂ ਗੁਰੂ ਅਤੇ ਗੁਰੂ ਦਾ ਬ੍ਰਹਮ ਗਿਆਨ ਜੋ ਕਿਰਪਾ ਦਾ ਖਜ਼ਾਨਾ ਹੈ, ਮਿਹਰਾਂ ਕਰਨ ਵਾਲਾ ਹੈ, ਗਿਆਨ ਨਾਲ ਭਰਪੂਰ ਹੈ, ਗੁਰੂ ਦੇ ਇਸ ਨਿਮਾਣੇ ਸਿੱਖ ਉਪਰ ਬਖਸ਼ਸ਼ ਹੈ।

Dedicated
To The 550th Birth Anniversary of
Sri Guru Nanak Dev Ji, First Guru of Sikhs.
The Teachings of Guru Nanak Dev
are for the benefit of all mankind.
The Merciful Guru, the kind Guru and Guru
of Brahm Gyan is merciful, kind and
wisdom-provider to this Guru's humble Sikh.

ਤਤਕਰਾ

ਭੂਮਿਕਾ 7

ਅਧਿਆਇ 1

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਦੀਆਂ ਅਧਿਆਤਮਿਕ ਵਿਚਾਰਾਂ 12

ਅਧਿਆਇ 2

ਉਪ ਸੰਹਾਰ 153

ਅਧਿਆਇ 3

ਮਨ ਦੀ ਸਹਿਜ ਅਵੱਸਥਾ ਨੂੰ ਅਨੁਭਵ ਕਰਨ ਦਾ ਤਰੀਕਾ 158

ਭੂਮਿਕਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬ੍ਰਹਮ ਗਿਆਨ, ਸੁੰਦਰ ਧੁਨਾਂ ਨਾਲ, ਸ਼ਾਨਦਾਰ ਗੀਤਾਂ ਦੁਆਰਾ ਪ੍ਰਗਟਾਇਆ ਗਿਆ ਹੈ, ਇਸ ਗਿਆਨ ਵਿਚ ਸਿਰਜਣਹਾਰ ਅਕਾਲ ਪੁਰਖ ਦੇ ਗੁਣ, ਸ੍ਰਿਸ਼ਟੀ ਦੇ ਗੁਣ, ਸਤਿਗੁਰੂ ਦੇ ਗੁਣ, ਸੱਚੇ ਸੰਤਾਂ ਦੇ ਗੁਣ, ਗੁਰੂ ਦੇ ਸੱਚੇ ਸਿੱਖਾਂ ਦੇ ਗੁਣ ਅਤੇ ਸਤਿਗੁਰੂ ਦੇ ਗਿਆਨ ਤੋਂ ਅਨਜਾਣ ਮਨੁੱਖਾਂ ਦੇ ਗੁਣ ਸ਼ਾਮਿਲ ਹਨ। ਇਸ ਪੁਸਤਕ ਦਾ ਪੂਰਨ ਗਿਆਨ ਅਧਿਆਤਮਿਕ ਵਿਚਾਰਾਂ ਸਤਿਗੁਰੂ ਦੇ ਸਿੱਖ ਦੇ ਗਿਆਨ ਤੇ ਆਧਾਰਿਤ ਹੈ, ਜੋ ਗੁਰੂ ਦਾ ਸੱਚਾ ਸੇਵਕ ਬਨਣ ਦਾ ਇਛੁੱਕ ਹੈ। ਉਸਦੀ ਗੁਰੂ ਤੋਂ ਸਿੱਖਿਆ ਪ੍ਰਾਪਤੀ ਦਾ ਕਾਰਜ ਨਿਰੰਤਰ ਚੱਲਦਾ ਹੈ।

ਇਸ ਪੁਸਤਕ ਦੀਆਂ ਕੁਝ ਅਧਿਆਤਮਿਕ ਵਿਚਾਰਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦੀ ਵਿਆਖਿਆ ਹੈ ਤੇ ਕੁਝ ਵਿਚਾਰਾਂ ਸਤਿਗੁਰੂ ਦੇ ਗਿਆਨ ਤੋਂ ਪ੍ਰੇਰਿਤ ਹੈ। ਗੁਰੂ ਨਾਨਕ ਦੇਵ ਜੀ ਅਤੇ ਬਾਕੀ ਸਿੱਖ ਗੁਰੂਆਂ ਅਨੁਸਾਰ, ਕੇਵਲ ਇਕ ਪਰਮੇਸ਼ਰ ਹੀ ਸਦੀਵੀ ਕਾਇਮ ਰਹਿਣ ਵਾਲਾ ਹੈ ਅਤੇ ਗੁਰਬਾਣੀ ਫੁਰਮਾਉਂਦੀ ਹੈ ਕਿ ਇਕ ਸਿਰਜਣਹਾਰ ਅਕਾਲ ਪੁਰਖ ਹੀ ਸਦੀਵੀ ਕਾਇਮ ਰਹਿਣ ਵਾਲਾ ਹੈ। ਉਹ ਮਨੁੱਖ, ਜੋ ਸੱਚੇ ਮਨ ਨਾਲ ਸਤਿਗੁਰੂ ਦਾ ਸਿੱਖ ਬਨਣ ਦੀ ਖਾਹਿਸ਼ ਰੱਖਦਾ ਹੈ, ਨੂੰ ਉਸ ਸੱਚੇ ਪਰਮੇਸ਼ਰ ਦੀ ਹੋਂਦ ਵਿਚ ਸੰਪੂਰਨ ਭਰੋਸੇ ਪ੍ਰਤੀ ਵਚਨਬੱਧ ਹੋਣਾ ਜ਼ਰੂਰੀ ਹੈ। ਇਸ ਤਰ੍ਹਾਂ ਸੱਚਾ ਸਿੱਖ, ਫਿਰ ਗੁਰਬਾਣੀ ਵਿਚ ਪ੍ਰਗਟਾਏ ਬ੍ਰਹਮ ਗਿਆਨ ਨੂੰ ਸਿੱਖਣਾ ਸ਼ੁਰੂ ਕਰ ਦਿੰਦਾ ਹੈ। ਵਾਹਿਗੁਰੂ ਪ੍ਰਤੀ ਮਨ ਦੀ ਜਾਗਰੁਕਤਾ ਵਿਚ ਵਾਧਾ ਹੋਣ ਲੱਗਦਾ ਹੈ। ਇਹ ਜਾਗਰੁਕਤਾ ਬੌਧਿਕ ਅਤੇ ਭਾਵਨਾਤਮਿਕ ਦੋਨੋਂ ਤਰ੍ਹਾਂ ਵੱਧਦੀ ਹੈ। ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਨੂੰ ਮਨ ਦੀ ਸਹਿਜ ਅਵੱਸਥਾ ਵੱਲ ਲੈ ਤੁਰਦਾ ਹੈ। ਅਜਿਹੀ ਸਥਿਤੀ ਵਿਚ, ਮਨ, ਸਹਿਜ ਸੁਭਾਵਕ, ਸਰਲਤਾ ਅਤੇ ਪ੍ਰਸੰਨਤਾ ਨਾਲ ਸੰਤਾਂ, ਸਤਿਗੁਰੂ ਅਤੇ ਵਾਹਿਗੁਰੂ ਨਾਲ ਜੁੜ ਜਾਂਦਾ ਹੈ। ਮਨ, ਇਹਨਾਂ ਤਿੰਨਾਂ ਪ੍ਰਤੀ ਗਹਿਰੇ ਸਤਿਕਾਰ ਅਤੇ ਪਿਆਰ ਦੇ ਭਾਵ ਰੱਖਦਾ ਹੈ। ਵਾਹਿਗੁਰੂ, ਜੋ ਕਿ ਸਰਬ-ਵਿਆਪਕ (ਸ੍ਰਿਸ਼ਟੀ ਵਿਚ ਹਰ ਇਕ ਅੰਦਰ, ਹਰ ਚੀਜ਼ ਅਤੇ ਹਰ ਜਗ੍ਹਾ ਵਿਚ ਮੌਜ਼ੂਦ) ਹੈ, ਹੁਣ ਆਪਣੇ ਸੇਵਕ ਦੇ ਮਨ ਅੰਦਰ ਵਾਸ ਕਰਦਾ ਹੈ। ਸੇਵਕ ਨੂੰ ਵਾਹਿਗੁਰੂ ਦਾ ਆਪਣੇ ਅੰਦਰ ਅਹਿਸਾਸ ਹੁੰਦਾ ਹੈ, ਅਤੇ ਉਹ ਪੂਰੀ ਛਰਧਾ, ਪਿਆਰ ਅਤੇ ਸਤਿਕਾਰ ਨਾਲ ਉਸਦਾ ਸਿਮਰਨ ਕਰਦਾ ਹੈ।

ਨਾਮ, ਸਦੀਵੀ ਕਾਇਮ ਰਹਿਣ ਵਾਲੇ ਅਕਾਲ ਪੁਰਖ ਪਰਮੇਸ਼ਰ ਦੇ ਵਿਲੱਖਣ ਰੂਪ ਵਿਚ ਅਨੰਤ ਨਾਮ ਜਾਂ ਗੁਣ ਹਨ। ਜੇ ਜੀਵ ਦਾ ਮਨ ਬਾਰ-ਬਾਰ, ਪ੍ਰਮਾਤਮਾ ਦੇ ਕਿਸੇ ਇਕ ਨਾਮ ਨੂੰ ਪਿਆਰ, ਨਿਮਰਤਾ ਅਤੇ ਸਤਿਕਾਰ ਨਾਲ ਧਿਆਉਂਦਾ ਹੈ, ਤਾਂ ਫਿਰ ਪ੍ਰਮਾਤਮਾ, ਉਸ ਮਨੁੱਖ ਨੂੰ ਮਾਨਸਿਕ ਸੰਤੁਲਨ, ਪ੍ਰਸੰਨਤਾ ਅਤੇ ਆਤਮਿਕ ਸ਼ਾਂਤੀ ਪ੍ਰਦਾਨ ਕਰਦਾ ਹੈ।

ਕੇਵਲ ਸਤਿਗੁਰੂ ਦਾ ਬ੍ਰਹਮ ਗਿਆਨ ਹੀ ਵਾਹਿਗੁਰੂ ਦਾ ਨਾਮ ਪ੍ਰੇਮ, ਨਿਮਰਤਾ ਅਤੇ ਸਤਿਕਾਰ ਨਾਲ ਧਿਆਉਣ ਦੀ ਕਾਬਲੀਅਤ ਵਿਕਸਿਤ ਕਰਦਾ ਹੈ।

ਸਿੱਖ ਧਰਮ ਦੇ ਬਾਨੀ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਮਾਤਮਾ ਦੇ ਸਰੂਪ ਅਤੇ ਨਾਮ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੂਲ ਮੰਤਰ ਰਾਹੀਂ ਬਿਆਨ ਕੀਤਾ ਹੈ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਸਤਿਗੁਰੂ, ਆਪਣੇ ਸਿੱਖ ਦਾ ਪ੍ਰਮਾਤਮਾ ਨਾਲ ਮਿਲਾਪ ਕਰਾਉਂਦਾ ਹੈ, ਸਤਿਗੁਰੂ ਦੀ ਮਿਹਰ ਅਤੇ ਸਿੱਖਿਆਵਾਂ ਨਾਲ ਹੀ ਪ੍ਰਮਾਤਮਾ ਨੂੰ ਜਾਣਿਆ, ਉਸ ਉੱਪਰ ਭਰੋਸਾ ਅਤੇ ਮਨ ਵਿਚ ਉਸਦਾ ਅਹਿਸਾਸ ਕੀਤਾ ਜਾ ਸਕਦਾ ਹੈ। ਸਤਿਗੁਰੂ ਦਾ ਸਿੱਖ, ਗੁਰੂ ਦੇ ਸਿਖਾਏ ਬ੍ਰਹਮ ਗਿਆਨ ਅਤੇ ਗੁਰੂ ਦੀ ਮਿਹਰ ਸਦਕਾ ਪ੍ਰਮਾਤਮਾ ਨਾਲ ਮਿਲਾਪ ਕਰਦਾ ਹੈ ਅਤੇ ਪ੍ਰਮਾਤਮਾ ਨਾਲ ਇਕ-ਮਿੱਕ ਹੁੰਦਾ ਹੈ। ਗੁਰੂ ਦਾ ਸਿੱਖ ਪ੍ਰਮਾਤਮਾ ਦੇ ਸਿਮਰਨ ਭਗਤੀ ਵਿਚ ਜੁੜਿਆ ਰਹਿੰਦਾ ਹੈ।

ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥

ਇਸ ਪੁਸਤਕ ਦੇ ਮੂਲ ਅਧਿਆਤਮਿਕ ਵਿਚਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰੇਰਣਾ ਸਦਕਾ, ਮਨ ਵਿਚ ਆਏ ਵਿਚਾਰਾਂ ਨੂੰ ਭਵਿੱਖ ਦੇ ਹਵਾਲੇ ਲਈ ਕਲਮਬੱਧ ਕੀਤਾ ਗਿਆ। ਇਹ ਵਿਚਾਰ ਅਤੇ ਅਨੁਭਵ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਲਾਂ ਬੱਧੀ, ਸਤਿਕਾਰ ਸਹਿਤ ਕੀਤੇ ਅਧਿਐਨ ਦਾ ਨਤੀਜਾ ਹਨ। ਇਹਨਾਂ ਨੂੰ, ਇਸ ਸਿੱਖ ਦੇ ਆਪਣੀ ਆਤਮ ਕਥਾ ਦੇ ਅਧਿਆਤਮਿਕ ਪੱਖ ਵਜੋਂ ਵੀ ਵਿਚਾਰਿਆ ਜਾ ਸਕਦਾ ਹੈ।

ਅਗਰ ਇਕ ਸਿੱਖ ਗੁਰੂ ਦੇ ਦਰਸਾਏ ਮਾਰਗ 'ਤੇ ਚੱਲਦਿਆਂ, ਸਤਿਗੁਰੂ ਦੀ ਪ੍ਰੇਰਣਾ ਸਦਕਾ ਇਹਨਾਂ ਵਿਚਾਰਾਂ ਅਤੇ ਅਨੁਭਵਾਂ ਤੇ ਚਿੰਤਨ ਕਰਦਾ ਹੈ ਤਾਂ ਫਿਰ ਉਹ ਜ਼ਰੂਰ ਹੀ ਵਾਹਿਗੁਰੂ ਦੇ ਸਿਮਰਨ ਵਿਚ ਸੁਧਾਰ ਲੈ ਆਵੇਗਾ। ਸਤਿਗੁਰੂ ਅਤੇ ਵਾਹਿਗੁਰੂ ਦੇ ਸਿਮਰਨ ਤੇ ਸੇਵਾ ਨੂੰ ਹੋਰ ਵਧਾਉਣ ਲਈ, ਪਾਠਕ ਨੂੰ ਹੇਠ ਲਿਖੀਆਂ ਕਿਤਾਬਾਂ : ਪ੍ਰਮਾਤਮਾ ਦੀ ਸਹਿਜ ਨਾਲ ਭਗਤੀ, **Gems of Divine Wisdom, Fundamental Precepts of Divine Wisdom** ਉਪਲਬਧ ਹਨ। ਇਹ ਕਿਤਾਬਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨਾਲ ਸੰਬੰਧਿਤ ਹਨ। ਇਹ ਤਿੰਨੋਂ ਕਿਤਾਬਾਂ ਅੰਮ੍ਰਿਤਸਰ ਦੇ 'ਭਾ. ਚਤਰ ਸਿੰਘ ਜੀਵਨ ਸਿੰਘ' ਵੱਲੋਂ ਛਾਪੀਆਂ ਗਈਆਂ ਹਨ। ਇਸ ਪੁਸਤਕ ਵਿਚ ਵੀ ਕਾਫੀ ਸਾਰੀਆਂ ਵਿਚਾਰਾਂ, ਉਪਰੋਕਤ ਵਰਣਿਤ ਕਿਤਾਬਾਂ ਵਿਚੋਂ ਲਈਆਂ ਗਈਆਂ ਹਨ।

ਸਿੱਖ ਮਾਂ-ਬਾਪ ਦਾ ਆਪਣੇ ਬੱਚਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਸਿਰ ਨਿਵਾਉਣ

(ਮੱਥਾ ਟੇਕਣ) ਲਈ ਪ੍ਰੇਰਿਤ ਕਰਨਾ ਇਕ ਆਮ ਅਭਿਆਸ (ਗੱਲ) ਹੈ। ਉਹ ਆਪ ਵੀ ਗੁਰੂ ਅੱਗੇ ਸਿਰ ਝੁਕਾਉਂਦੇ ਹਨ। ਇਹ ਬਹੁਤ ਹੀ ਸ਼ਾਨਦਾਰ ਅਤੇ ਅਦਭੁੱਤ ਅਭਿਆਸ ਹੈ। ਮਾਤਾ-ਪਿਤਾ ਗੁਰੂ ਤੋਂ ਆਪਣੀਆਂ ਆਸਾਂ ਅਤੇ ਖਾਹਿਸ਼ਾਂ ਦੀ ਪੂਰਤੀ ਲਈ ਉਸਦੀ ਮਿਹਰ ਭਾਲਦੇ ਹਨ।

ਗੁਰੂ ਪ੍ਰਤੀ ਸਤਿਕਾਰ ਪ੍ਰਗਟਾਉਣ ਅਤੇ ਵੱਖ-ਵੱਖ ਮਾਮਲਿਆਂ ਬਾਰੇ ਉਸਦੀ ਮਦਦ ਭਾਲਣ ਦੇ ਨਾਲ-ਨਾਲ ਇਕ ਹੋਰ ਗੱਲ ਜੋ, ਇਕ ਸਿੱਖ ਵਾਸਤੇ ਬਹੁਤ ਹੀ ਅਧਿਕ ਜ਼ਰੂਰੀ ਹੈ, ਉਹ ਹੈ ਗੁਰੂ ਅੱਗੇ ਸਿਰ ਝੁਕਾ ਕੇ ਅਰਦਾਸ ਕਰਨੀ, ''ਕ੍ਰਿਪਾ ਕਰਕੇ ਮੈਨੂੰ ਆਪਣਾ ਸਿੱਖ ਬਣਾਓ। ਮੈਂ ਤੁਹਾਥੋਂ ਬ੍ਰਹਮ ਗਿਆਨ ਦੀ ਸਿੱਖਿਆ ਪ੍ਰਾਪਤ ਕਰਨਾ ਚਾਹੁੰਦਾ ਹਾਂ।'' ਸਤਿਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ—ਅੱਗੇ ਇਹ ਬੇਨਤੀ (ਅਰਦਾਸ) ਬਾਰ-ਬਾਰ ਕਰਨੀ ਚਾਹੀਦੀ ਹੈ। ਸਤਿਗੁਰੂ ਤੋਂ ਬ੍ਰਹਮ ਗਿਆਨ ਦੀ ਸਿੱਖਿਆ ਲੈਣੀ ਕਦੀ ਬੰਦ ਨਹੀਂ ਹੋਣੀ ਚਾਹੀਦੀ।

ਅਗਲਾ ਕਦਮ ਗੁਰੂ ਤੋਂ ਪੂਰੀ ਸੰਜੀਦਗੀ ਅਤੇ ਨਿਮਰਤਾ ਨਾਲ ਸਿੱਖਿਆ ਲੈਣਾ ਸ਼ੁਰੂ ਕਰਨਾ ਹੈ ਅਤੇ ਗੁਰੂ ਦੇ ਗਿਆਨ ਦੀ ਗਹਿਰੀ ਸਮਝ ਹਾਸਿਲ ਕਰਨ ਲਈ, ਇਹ ਸਿੱਖਿਆ ਪ੍ਰਾਪਤੀ ਕਦੀ ਰੁਕਣੀ ਨਹੀਂ ਚਾਹੀਦੀ।

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਸਿਰਫ਼ ਬਾਨੀ ਹੀ ਨਹੀਂ ਸਨ, ਉਹਨਾਂ ਨੇ ਬ੍ਰਹਮ ਗਿਆਨ ਸਿਖਾਉਣ ਦੇ ਤਰੀਕੇ ਨੂੰ ਵੀ ਲੈਅ ਬੱਧ ਕੀਤਾ ਤਾਂ ਜੋ ਉਹਨਾਂ ਦੇ ਸਿੱਖਾਂ ਦਾ ਮਨ ਜਾਗ੍ਰਿਤ ਹੋ ਸਕੇ ਅਤੇ ਉਹ ਅਧਿਆਤਮ ਦੀ ਸਹਿਜ ਅਵੱਸਥਾ ਤੱਕ ਪਹੁੰਚ ਸਕਣ ਜੋ ਕਿ ਵਾਹਿਗੁਰੂ ਦੇ ਚਰਨਾਂ ਨਾਲ ਜੁੜਨ ਦਾ ਇਕ ਸੁਤੇ ਸਿਧ ਅਤੇ ਸਹਿਜ ਸੁਭਾਵਿਕ ਤਰੀਕਾ ਹੈ। ਇਸ ਸਿੱਖ ਨੇ ਗੁਰੂ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬ੍ਰਹਮ ਗਿਆਨ ਸਿਖਾਉਣ ਦੇ ਤਰੀਕੇ ਤੋਂ ਲਾਭ ਪ੍ਰਾਪਤ ਕੀਤਾ ਹੈ।

ਜੇ ਕੋਈ ਮਨੁੱਖ ਵਾਹਿਗੁਰੂ ਦੀ ਸਰਬ-ਵਿਆਪਕਤਾ, ਉਸ ਦੀ ਹੋਂਦ ਤੇ ਗੁਣਾਂ ਤੋਂ ਸੱਖਣਾ ਹੈ ਤਾਂ ਫਿਰ ਫਲਸਫੇ ਦੇ ਸਾਰੇ ਢੰਗ, ਵਿਚਾਰਾਂ ਦੇ ਸਾਰੇ ਮਾਅਰਕੇ, ਅਕਲਮੰਦੀਆਂ, ਪ੍ਰਸੰਨਤਾ ਦੇ ਸਾਰੇ ਤਰੀਕੇ, ਆਨੰਦ ਮਾਨਣ ਦੇ ਸਾਰੇ ਕਾਰਜ ਅਤੇ ਸੰਸਾਰੀ ਪ੍ਰਾਪਤੀਆਂ ਬੇ-ਮਾਅਨੀਆਂ ਅਤੇ ਵਿਅਰਥ ਹਨ। ਪ੍ਰਮਾਤਮਾ ਨਾਲ ਸਾਂਝ ਅਤੇ ਉਸ ਉੱਪਰ ਭਰੋਸੇ ਤੋਂ ਬਿਨਾਂ, ਉਪਰੋਕਤ ਸਾਰੇ ਢੰਗ-ਤਰੀਕੇ ਵਾਸਤਵ ਵਿਚ ਅਹੰਕਾਰ ਦੇ ਜਾਲ ਅਤੇ ਆਰਜ਼ੀ, ਝੂਠ ਅਤੇ ਵਹਿਮਾਂ-ਭਰਮਾਂ ਦੇ ਰਸਤੇ ਹਨ।

ਜਿਵੇਂ ਕਿ ਪਾਠਕ ਨੋਟ ਕਰਨਗੇ ਕਿ ਨਿਮਨਲਿਖਤ ਦਰਸਾਏ ਵਿਚਾਰਾਂ ਦਾ ਵਿਸ਼ਾ ਵਾਹਿਗੁਰੂ ਦਾ ਸਿਮਰਨ ਹੈ ਚਾਹੇ ਇਹ ਕਿਸੇ ਦੇ ਮਨ ਵਿਚ ਇਸਦੀ ਹੋਂਦ ਜਾਂ ਅਣਹੋਂਦ ਬਾਰੇ ਹੋਵੇ। ਵਾਹਿਗੁਰੂ ਦਾ ਸਿਮਰਨ ਸੇਵਕ ਦੀ ਸ਼ਖਸੀਅਤ ਨੂੰ ਉੱਚਿਆ ਕਰਦਾ ਹੈ। ਮਨਮੁਖ ਦੇ ਅੰਦਰ ਵਾਹਿਗੁਰੂ ਦੇ ਸਿਮਰਨ ਤੋਂ ਸੱਖਣਾ ਰਹਿਣਾ ਉਸਦੀ ਸ਼ਖਸੀਅਤ ਨੂੰ ਨੀਵਾਂ ਕਰ ਦਿੰਦਾ ਹੈ। ਗੁਰਬਾਣੀ ਇਸ ਸੱਚਾਈ ਨੂੰ ਚੰਗੀ ਤਰ੍ਹਾਂ ਸਵੀਕਾਰ ਕਰਦੀ ਹੈ ਕਿ ਵਾਹਿਗੁਰੂ ਦੇ ਸਿਮਰਨ ਤੋਂ ਬਗੈਰ, ਮਨੁੱਖ ਯਕੀਨੀ ਤੌਰ 'ਤੇ ਮਾਇਆ ਦੇ ਮੋਹ ਵਿਚ ਫੱਸਦਾ ਹੈ ਅਤੇ ਫਿਰ ਇਸ ਲੋਕ

ਤੇ ਪ੍ਰਲੋਕ ਵਿਚ ਵੀ ਦੁਖਦਾਇਕ ਕਸ਼ਟ ਭੋਗਦਾ ਹੈ। ਵਾਹਿਗੁਰੂ ਤੋਂ ਬੇਮੁਖਤਾ ਮਨ ਦੇ ਅਹੰਕਾਰ ਕਾਰਣ ਹੁੰਦੇ ਹਨ। ਪ੍ਰਮਾਤਮਾ ਪ੍ਰਤੀ ਮਨ ਵਿਚ ਅਹੰਕਾਰ ਅਤੇ ਸਿਮਰਨ ਦੋਨੋਂ ਇਕੱਠੇ ਕਦੀ ਨਹੀਂ ਰਹਿ ਸਕਦੇ।

ਆਸ ਹੈ ਕਿ ਇਸ ਕਿਤਾਬ ਵਿਚ ਪ੍ਰਗਟਾਏ ਵਿਚਾਰ, ਗੁਰੂ ਦੇ ਸਿੱਖ ਨੂੰ ਗੁਰਬਾਣੀ ਦੀ ਸਹੀ ਸਮਝ ਸਮਝਣ ਵਿਚ ਮਦਦ ਕਰਨਗੇ ਅਤੇ ਫਿਰ ਮਨ ਦੀ ਸਹਿਜ ਅਵੱਸਥਾ ਵੱਲ ਨਿੱਜੀ ਸਫ਼ਰ ਵਿਚ ਵੀ ਸਹਾਇਤਾ ਪ੍ਰਦਾਨ ਕਰਨਗੇ। ਜੇ ਕੋਈ ਸਿੱਖ, ਇਥੇ ਪ੍ਰਗਟਾਏ ਵਿਚਾਰਾਂ ਤੋਂ ਸਹੀ ਮਾਅਨਿਆਂ ਵਿਚ ਲਾਭ ਉਠਾਏਗਾ, ਤਾਂ ਇਹ ਬੜੀ ਖ਼ੁਸ਼ੀ ਦੀ ਗੱਲ ਹੋਵੇਗੀ।

ਇਸ ਕਿਤਾਬ ਵਿਚਲੀਆਂ ਅਧਿਆਤਮਿਕ ਵਿਚਾਰਾਂ ਕਈ ਸਾਲਾਂ ਤੋਂ ਪਹਿਲਾਂ ਹੀ ਲਿਖੀਆਂ ਹੋਈਆਂ ਸਨ। ਪਰ ਟਾਈਪ ਕਰਨ ਦਾ ਸਮਾਂ 2014 ਵਿਚ ਸ਼ੁਰੂ ਹੋਇਆ ਅਤੇ 2017 ਦੇ ਆਰੰਭ ਵਿਚ ਸਮਾਪਤ ਹੋਇਆ।

ਇਹ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ ਕਿ ਇਸ ਅਧਿਆਤਮਿਕ ਵਿਚਾਰਾਂ ਅਤੇ ਅਨੁਭਵਾਂ ਦੇ ਸੰਗ੍ਰਹਿ ਵਿਚ ਪ੍ਰਮਾਤਮਾ ਅਤੇ ਵਾਹਿਗੁਰੂ ਅਤੇ ਪ੍ਰਮਾਤਮਾ ਲਈ ਵਰਤੇ ਗਏ ਹੋਰ ਪੰਜਾਬੀ ਦੇ ਸ਼ਬਦ ਇਕ ਦੂਜੇ ਦੀ ਥਾਂ 'ਤੇ ਵਰਤੇ ਗਏ ਹਨ। ਇਹਨਾਂ ਸ਼ਬਦਾਂ ਦੇ ਅਰਥ ਇਕੋ ਹੀ ਹਨ। ਗੁਰੂ, ਸਤਿਗੁਰੂ, ਸੱਚਾ ਗੁਰੂ, ਸਿੱਖ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦ, ਬਦਲ ਬਦਲ ਕੇ ਵਰਤੇ ਗਏ ਹਨ। 'ਸੇਵਕ' ਸ਼ਬਦ, ਵਾਹਿਗੁਰੂ ਦੇ ਨਿਮਾਣੇ ਭਗਤ ਅਤੇ 'ਸਿੱਖ' ਸ਼ਬਦ, ਨਿਮਾਣੇ ਗੁਰਮੁਖ ਲਈ ਵਰਤਿਆ ਗਿਆ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸਿੱਖਿਆ ਗ੍ਰਹਿਣ ਕਰਦਾ ਹੈ।

ਇਸ ਸਿੱਖ ਦਾ ਗੁਰੂ ਹਮੇਸ਼ਾਂ ਹੀ ਠੀਕ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ, ਸਤਿ ਦੇ ਪੂਰਨ ਗੁਰੂ ਹਨ। ਇਸ ਕਰਕੇ, ਜੇ ਇਸ ਸਿੱਖ ਦੀ ਸਿੱਖਿਆ ਉਸ ਪੱਧਰ ਦੀ ਨਹੀਂ ਹੈ, ਤਾਂ ਫਿਰ ਗੁਰੂ ਦੇ ਗਿਆਨ ਨੂੰ ਸਿੱਖਣ ਵਿਚ ਉਸਦੀ ਨਿੱਜੀ ਕਮੀ ਦਰਸਾਉਂਦੀ ਹੈ।

ਜੇ ਕਿਸੇ ਪਾਠਕ ਨੂੰ ਪੁਸਤਕ ਵਿਚ ਕੋਈ ਗਲਤੀ ਦਿਸੇ ਤਾਂ ਫਿਰ ਸਤਿਗੁਰੂ ਦਾ ਇਹ ਸਿੱਖ, ਧੰਨਵਾਦ ਸਹਿਤ ਉਸਨੂੰ ਸੁਧਾਰੇਗਾ।

ਡਾ. ਅਮਰਜੀਤ ਸਿੰਘ ਬਲ

ਸਟੋਕਟੋਨ, ਕੈਲੀਫੋਰਨੀਆ, ਯੂ.ਐਸ.ਏ.

2017

ਸ਼ੁਕਰਾਨਾ

ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਮਿਹਰ ਕਰਕੇ ਉਨ੍ਹਾਂ ਦਾ ਸਦਾ ਹੀ ਰਿਣੀ ਰਹਾਂਗਾ, ਜਿਨ੍ਹਾਂ ਨੇ ਮੈਨੂੰ ਆਪਣਾ ਸਿੱਖ ਥਾਪਿਆ ਤੇ ਗੁਰੂ ਦੇ ਮਾਰਗ ਉਤੇ ਤੁਰਨ ਲਈ ਗੁਰਮੁਖ ਸਾਜਿਆ। ਇਸ ਪੁਸਤਕ ਵਿਚ ਪਾਠਕਾਂ ਅੱਗੇ ਪ੍ਰਸਤੁਤ ਅਧਿਆਤਮਿਕ ਵਿਚਾਰਾਂ ਸਤਿਗੁਰੂ ਦੇ ਗਿਆਨ ਤੋਂ ਪ੍ਰੇਰਿਤ ਹਨ।

ਅਧਿਆਇ 1

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਦੀਆਂ ਅਧਿਆਤਮਿਕ ਵਿਚਾਰਾਂ

ਇਹ ਅਧਿਆਤਮਿਕ ਵਿਚਾਰਾਂ ਇਸ ਦਾਸ ਦੀ ਉਸ ਸਮਝ ਤੇ ਅਧਾਰਿਤ ਹੈ, ਜੋ ਉਸਨੇ ਆਪਣੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਦਸ ਗੁਰੂ ਸਹਿਬਾਨ ਤੋਂ ਪ੍ਰਾਪਤ ਕੀਤੀਆਂ ਹਨ। ਜੁਗੋ ਜੁਗ ਅਟਲ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।

ਪ੍ਰਮਾਤਮਾ ਆਪਣੇ ਆਪ ਪ੍ਰਗਟ ਹੋਇਆ ਹੈ। ਅਤੇ ਉਸਦੇ ਸਾਰੇ ਗੁਣ ਬੇਅੰਤ ਤੇ ਵਿਲੱਖਣ ਹਨ ਅਤੇ ਉਹ ਸੈਭੰ ਹੈ। ਗੁਰ ਪ੍ਰਸਾਦੀ- ਆਪਣੇ ਸਦੀਵੀ ਗੁਰੂ ਹੋਣ ਦੀ ਵਿਸ਼ੇਸ਼ਤਾ ਦੇ ਕਾਰਣ ਹੀ ਉਹ (ਪ੍ਰਮਾਤਮਾ) ਕੇਵਲ ਉਹਨਾਂ ਨੂੰ ਹੀ ਆਪਣੇ ਗਿਆਨ ਦੀ ਦਾਤ ਦੀ ਬਖ਼ਸ਼ਿਸ਼ ਕਰਦਾ ਹੈ, ਜਿਨ੍ਹਾਂ ਨੂੰ ਉਹ ਆਪਣੀ ਭਗਤੀ ਲਈ ਚੁਣਦਾ ਹੈ। ਉਸਨੇ ਆਪਣਾ ਇਹ ਬ੍ਰਹਮ ਗਿਆਨ ਵੰਡਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਾਮਿਤ ਕੀਤਾ।

ਸਤਿਗੁਰੂ ਆਪਣੇ ਸੇਵਕ ਨੂੰ 'ਸਤਿਨਾਮ' ਦੇ ਵਿਲੱਖਣ ਗੁਣ ਸਿਖਾਉਂਦਾ ਹੈ। ਗੁਰੂ ਆਪਣੇ ਇਸ ਬ੍ਰਹਮ ਗਿਆਨ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਵੀ ਸਿਖਾਉਂਦਾ ਹੈ। ਸੇਵਕ ਦੀ ਬੁੱਧੀ ਅਤੇ ਭਾਵਨਾਵਾਂ ਗੁਰੂ ਦੇ ਸੱਚੇ ਬਚਨਾਂ ਨਾਲ ਹੌਲੀ ਹੌਲੀ ਤਬਦੀਲ ਹੋ ਜਾਂਦੀਆਂ ਹਨ। ਆਖਿਰਕਾਰ, ਸੇਵਕ ਵੀ ਸਤਿਗੁਰੂ ਵਰਗੀਆਂ ਹੀ ਭਾਵਨਾਵਾਂ ਅਤੇ ਵਿਚਾਰਧਾਰਾਵਾਂ ਸੋਚਣ ਲੱਗਦਾ ਹੈ। ਜਾਗਰੁਕਤਾ ਦੀ ਇਸ ਅਵੱਸਥਾ ਤੇ, ਸੇਵਕ, ਸਹਿਜ ਆਨੰਦ ਨਾਲ ਵਾਹਿਗੁਰੂ ਦੀ ਭਗਤੀ ਕਰਦਾ ਹੈ ਅਤੇ ਵਾਹਿਗੁਰੂ ਨਾਲ ਮਿਲਾਪ, ਸਤਿਗੁਰੂ ਤੇ ਸੰਤਾਂ ਸਦਕਾ ਹੈ।

ਗੁਰੂ ਦਾ ਨਾਮ ਉਚਾਰਣ ਤੋਂ ਪਹਿਲਾਂ ਸੇਵਕ ਦੇ ਮੂੰਹੋਂ ''ਵਾਹ'' 'ਵਿਸ਼ੇਸ਼ਣ' ਆਪ ਮੁਹਾਰੇ ਹੀ ਨਿਕਲ ਜਾਂਦਾ ਹੈ। ਇਹ ਵਿਸ਼ੇਸ਼ਣ ''ਵਾਹ'' ਪ੍ਰਮਾਤਮਾ ਅਤੇ ਗੁਰੂ ਦੀ ਹੈਰਾਨ ਕਰਨ ਵਾਲੀ ਸੂਖਮਤਾ ਪ੍ਰਗਟਾਉਂਦਾ ਹੈ। ''ਵਾਹ'' ਸ਼ਬਦ, ਪ੍ਰਮਾਤਮਾ ਅਤੇ ਸਤਿਗੁਰੂ ਦੀ ਮਿਹਰ ਲਈ, ਵਡਿਆਈ ਵੀ ਪ੍ਰਗਟ ਕਰਦਾ ਹੈ।

★★★

ਅਧਿਆਤਮਿਕ ਵਿਚਾਰਾਂ

1. ਨਾਮ ਕੀ ਹੈ ? ਨਾਮ, ਸਤਿ ਨਾਮ ਹੈ। ਬਾਕੀ ਸਾਰੇ ਨਾਮਾਂ ਦਾ ਜੀਵਨ ਛੋਟਾ ਹੈ। ਉਹ ਨਾਸਵੰਤ ਹਨ। ਨਾਮ, ਵਾਹਿਗੁਰੂ ਦੇ ਬੇਅੰਤ ਨਾਮਾਂ, ਗੁਣਾਂ ਅਤੇ ਵਿਸ਼ੇਸ਼ਤਾਈਆਂ ਦਾ ਹਵਾਲਾ ਦਿੰਦਾ ਹੈ। ਨਾਸਵੰਤ ਨਾਵਾਂ ਦੇ ਹੋਂਦ ਵਿਚ ਆਉਣ ਤੋਂ ਵੀ ਪਹਿਲਾਂ ਤੋਂ ਹੀ, ਨਾਮ, ਨਿਰਗੁਣ ਸਰੂਪ ਵਿਚ ਮੌਜੂਦ ਸੀ। ਨਾਮ, ਹੁਣ ਵੀ, ਸਰਗੁਣ ਸਰੂਪ ਵਿਚ ਹਾਜ਼ਰ ਹੈ। ਨਾਮ ਦੀ ਹੋਂਦ ਉਦੋਂ ਵੀ ਸੀ, ਜਦੋਂ ਕਾਇਨਾਤ (ਕੁਦਰਤ) ਅਤੇ ਨਾਸਵੰਤ ਨਾਵਾਂ ਵਾਲੀਆਂ ਜਾਤੀਆਂ ਨੂੰ ਨਾਮ ਨੇ ਹੋਂਦ ਵਿਚ ਲਿਆਂਦਾ। ਮੌਜੂਦਾ ਯੁੱਗ ਵਿਚ ਵੀ ਨਾਮ ਦੀ ਹੋਂਦ ਹੈ।
2. ਵਾਹਿਗੁਰੂ, ਜਿਸ ਉਪਰ ਮਿਹਰ ਕਰਦਾ ਹੈ, ਉਸੇ ਨੂੰ ਹੀ ਬੰਦਗੀ (ਪ੍ਰਮਾਤਮਾ ਦੀ ਭਗਤੀ) ਦੀ ਦਾਤ ਬਖ਼ਸ਼ਦਾ ਹੈ। ਉਹ ਉਸ ਮਨੁੱਖ 'ਤੇ ਸਤਿਗੁਰੂ ਦਾ ਸੇਵਕ ਬਨਣ ਦੀ ਮਿਹਰ ਕਰਦਾ ਹੈ, ਤਾਂ ਕਿ ਉਹ ਬ੍ਰਹਮ ਗਿਆਨ ਹਾਸਿਲ ਕਰਕੇ ਗੁਰੂ ਦਾ ਸੱਚਾ ਸੇਵਕ ਬਣ ਸਕੇ।
3. ਪ੍ਰਮਾਤਮਾ ਜਿਸ ਉਪਰ ਮਿਹਰ ਕਰਦਾ ਹੈ, ਉਸੇ ਨੂੰ ਹੀ ਪਿਆਰ ਕਰਨਾ ਚਾਹੁੰਦਾ ਹੈ ਅਤੇ ਉਸੇ ਨੂੰ ਹੀ ਪਿਆਰਦਾ ਹੈ।
4. ਵਾਹਿਗੁਰੂ ਹੀ ਮਨੁੱਖ ਨੂੰ ਬ੍ਰਹਮ ਗਿਆਨ ਬਾਰੇ ਗੁਰੂ ਦੇ ਬਚਨਾਂ ਦੀ ਸੱਚਾਈ ਉੱਤੇ, ਦਿਲੋਂ ਜੁੜਣ ਦੇ ਕਾਬਿਲ ਬਣਾਉਂਦਾ ਹੈ।
5. ਵਾਹਿਗੁਰੂ ਆਪਣੇ ਸੇਵਕ ਨੂੰ ਆਪਣੇ ਚਰਨਾਂ ਨਾਲ ਜੋੜਣ ਦੇ ਕਾਬਿਲ ਬਣਾਉਂਦਾ ਹੈ।
6. ਪ੍ਰਮਾਤਮਾ ਹੀ ਆਪਣੇ ਸੇਵਕ ਨੂੰ ਉਸਦੀ ਸਿਫ਼ਤ-ਸਾਲਾਹ ਗਾਉਣ ਦੇ ਕਾਬਿਲ ਬਣਾਉਂਦਾ ਹੈ।
7. ਸਤਿਨਾਮ, ਵਾਹਿਗੁਰੂ ਨਾਲ ਸ਼ਾਮਿਲ ਕਿਸੇ ਵੀ ਗੁਰ ਸ਼ਬਦ ਨੂੰ ਸਿਰਫ਼ ਜਪਣਾ ਹੀ ਮੂਲ ਰੂਪ ਵਿਚ ਇਹ ਦ੍ਰਿੜ ਕਰਦਾ ਹੈ ਕਿ ਮਨੁੱਖ ਦੇ ਮਨ ਦੀ ਜਾਗਰੁਕਤਾ, ਗੁਰੂ ਦੀ ਜਾਗਰੁਕਤਾ ਤੋਂ ਕਿੰਨੀ ਭਿੰਨ ਹੈ।
8. ਜਿਵੇਂ ਕਿ ਗੁਰਸ਼ਬਦ ਵਿਚ ਵੀ ਪ੍ਰਗਟਾਇਆ ਗਿਆ ਹੈ ਕਿ ਕੀਰਤਨ ਨੂੰ ਇਕਾਗ੍ਰਚਿੱਤ ਹੋ ਕੇ ਸੁਨਣਾ ਹੀ, ਗੁਰੂ ਦੀ ਜਾਗਰੁਕਤਾ ਵੱਲ ਜਾਣ ਦਾ ਸਾਧਨ ਹੈ।

9. ਗੁਰ ਸ਼ਬਦਾਂ ਦੀ ਬੌਧਿਕਤਾ ਦੇ ਆਧਾਰ 'ਤੇ ਪ੍ਰਾਪਤ ਪ੍ਰਮਾਤਮਾ ਦੀ ਸਾਂਝ ਭਾਵਨਾਤਮਿਕ ਸਾਂਝ ਨਾਲੋਂ ਕਿਤੇ ਭਿੰਨ ਹੈ।

10. ਪ੍ਰਮਾਤਮਾ ਨਾਲ ਭਾਵਨਾਤਮਕ ਤੌਰ 'ਤੇ ਜੁੜਨ ਲਈ, ਮਨੁੱਖ ਨੂੰ ਪ੍ਰਮਾਤਮਾ ਦੇ ਗੁਣਾਂ ਤੇ ਵਡਿਆਈ ਨੂੰ ਧਿਆਉਣਾ ਚਾਹੀਦਾ ਹੈ, ਜਿਨ੍ਹਾਂ ਤੇ ਪ੍ਰਮਾਤਮਾ ਦੀ ਮਿਹਰ ਹੁੰਦੀ ਹੈ ਅਤੇ ਉਸ ਲਈ ਸਹਾਈ ਹੁੰਦੇ ਹਨ। ਆਤਮ ਗਿਆਨ, ਪ੍ਰਮਾਤਮਾ ਦੇ ਅਜਿਹੇ ਗੁਣ ਨੂੰ ਪਛਾਣਦਾ ਹੈ।

11. ਪ੍ਰਮਾਤਮਾ ਦੇ ਸਾਰੇ ਜਾਣੇ-ਅਣਜਾਣੇ ਗੁਣਾਂ ਨਾਲ ਸਾਂਝ ਪਾਉਣ ਲਈ, ਉਸ ਦੇ ਕੇਵਲ ਇਕ ਗੁਣ ਨਾਲ ਸਾਂਝ ਪਾਉਣੀ ਹੀ ਕਾਫ਼ੀ ਹੈ। ਉਦਾਹਰਣ ਵਜੋਂ, ਇਕ ਉਂਗਲੀ ਨਾਲ ਸਰੀਰ ਦੇ ਕਿਸੇ ਖ਼ਾਸ ਹਿੱਸੇ ਨੂੰ ਛੂਹਣ ਤੇ, ਕੇਵਲ ਉਹੀ ਖ਼ਾਸ ਹਿੱਸਾ ਨਹੀਂ ਛੂਹਿਆ ਜਾਂਦਾ ਬਲਕਿ ਉਹ ਛੋਹ, ਸਾਰੇ ਸਰੀਰ ਨੂੰ ਵੀ ਪਹੁੰਚਦੀ ਹੈ।

12. ਪ੍ਰਮਾਤਮਾ ਨਾਲ ਪਾਈ ਗਈ ਬੌਧਿਕ ਅਤੇ ਭਾਵਨਾਤਮਕ ਸਾਂਝ ਹੀ ਆਦਰਸ਼ ਸਾਂਝ ਹੈ ਅਤੇ ਇਹ ਕੇਵਲ ਪ੍ਰਮਾਤਮਾ ਦੀ ਬਖ਼ਸ਼ਿਸ਼ ਨਾਲ ਹੀ ਹੋ ਸਕਦੀ ਹੈ। ਅਜਿਹੀ ਸਥਿਤੀ ਵਿਚ, ਪ੍ਰਮਾਤਮਾ ਉਸ ਮਨੁੱਖ ਨਾਲ ਆਪ ਹਰ ਪਲ ਸਾਂਝ ਪਾਉਂਦਾ ਹੈ, ਅਰਥਾਤ, ਨਿਤ ਸਾਂਝ ਪਾਉਂਦਾ ਹੈ।

13. ਵਾਹਿਗੁਰੂ ਨਾਲ ਭਾਵਨਾਤਮਕ ਸਾਂਝ ਸਿਰਫ ਉਸਦੀ ਮਿਹਰ ਨਾਲ ਹੀ ਪੈ ਸਕਦੀ ਹੈ। ਉਸਦੇ ਗੁਣਾਂ (ਜਿਵੇਂ ਕਿ ਉਹ ਪਤਿਤ ਪਾਵਨ ਹੈ, ਉਹ ਬੇਨਤੀ ਸੁਣਦਾ ਹੈ, ਉਹ ਦਇਆਲੂ ਕਿਰਪਾਲੂ ਹੈ) ਦੁਆਰਾ ਆਪਣੀ ਕੋਸ਼ਿਸ਼ ਨਾਲ ਪ੍ਰਮਾਤਮਾ ਨਾਲ ਜੁੜਨ ਲਈ ਸ਼ੁਰੂਆਤ ਪ੍ਰਦਾਨ ਕਰਦਾ ਹੈ। ਹਾਲਾਂਕਿ ਪ੍ਰਮਾਤਮਾ ਨਾਲ ਸਦੀਵੀ ਸਾਂਝ ਸਥਾਪਿਤ ਕਰਨ ਲਈ ਸਵੈ-ਪ੍ਰੇਰਿਤ ਭਾਵਨਾਤਮਕ ਸਾਂਝ ਨੂੰ ਅਤੇ ਹੋਰ ਅਧਿਕ ਵਧਾਉਣ ਲਈ ਪ੍ਰਮਾਤਮਾ ਦੀ ਰਜ਼ਾ ਦਾ ਹੋਣਾ ਬਹੁਤ ਹੀ ਜ਼ਰੂਰੀ ਹੈ।

14. ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਪ੍ਰਮਾਤਮਾ ਸਦਾ ਸਰਬ ਵਿਆਪਕ ਹੈ। ਇਹ ਸੂਝ ਤਾਂ ਹੀ ਪ੍ਰਾਪਤ ਹੁੰਦੀ ਹੈ ਜੇ ਉਹ ਮਿਹਰ ਕਰੇ। ਇਹ ਮਿਹਰ ਕੇਵਲ ਪ੍ਰਮਾਤਮਾ ਦੀ ਕ੍ਰਿਪਾਲਤਾ ਨਾਲ ਹੀ ਹੁੰਦੀ ਹੈ। ਇਹ ਦਿਆਲਤਾ ਅਥਾਹ ਹੁੰਦੀ ਹੈ। ਠੀਕ ਏਸੇ ਤਰ੍ਹਾਂ, ਉਸ ਮਨੁੱਖ ਦਾ ਸ਼ੁਕਰਾਨਾ ਵੀ ਅਥਾਹ ਹੀ ਹੁੰਦਾ ਹੈ, ਜਿਹੜਾ ਉਸਦੀ ਮਿਹਰਾਂ ਪ੍ਰਤੀ ਦਿਲੋਂ ਧੰਨਵਾਦੀ ਹੁੰਦਾ ਹੈ। ਅਜਿਹੀ ਸਥਿਤੀ ਵਿਚ, ਦਾਤਾਂ ਦੇਣ ਵਾਲਾ ਸੰਪੂਰਨ ਤੌਰ 'ਤੇ ਵਿਲੱਖਣ ਹੁੰਦਾ ਹੈ ਅਤੇ ਦਾਤਾਂ ਲੈਣ ਵਾਲਾ ਵੀ ਵਿਲੱਖਣ ਹੁੰਦਾ ਹੈ, ਕਿਉਂਕਿ ਦਾਤਾਂ ਪਾਉਣ ਵਾਲਾ ਧੰਨਵਾਦੀ ਹੋਣ ਦੀ ਅਜਿਹੀ ਭਾਵਨਾ ਰੱਖਦਾ ਹੈ, ਜੋ ਉਸਦੇ ਅਨੁਸਾਰ ਲਾਸਾਨੀ ਹੈ।

15. ਜਦੋਂ ਤੱਕ, ਪ੍ਰਮਾਤਮਾ, ਬੌਧਿਕ ਅਤੇ ਭਾਵਨਾਤਮਿਕ-ਦੋਨੋਂ ਤਰ੍ਹਾਂ ਨਾਲ ਸਦੀਵੀ ਸਾਂਝ ਦੀ ਬਖ਼ਸ਼ਿਸ਼ ਨਹੀਂ ਕਰਦਾ, ਮਨੁੱਖ ਦੀ ਪ੍ਰਮਾਤਮਾ ਨਾਲ ਸਦੀਵੀ ਸਾਂਝ ਤੱਕ

ਪਹੁੰਚਣ ਦੀ ਆਪਣੀ ਕੋਸ਼ਿਸ਼ ਥੋੜ੍ਹੀ ਪੈ ਜਾਂਦੀ ਹੈ। ਕੇਵਲ ਪ੍ਰਮਾਤਮਾ ਦੀ ਹੀ ਉਪਰੋਕਤ ਮਿਹਰ, ਮਨੁੱਖ ਨੂੰ ਸੁਭਾਵਿਕ ਅਤੇ ਆਸਾਨੀ ਨਾਲ ਮਿਲਾਪ ਕਰਾਉਣ ਵਿਚ ਸਹਾਇਕ ਹੁੰਦੀ ਹੈ। ਉਸਦੀ ਏਸ ਮਿਹਰ ਲਈ ਉਸ (ਪ੍ਰਮਾਤਮਾ) ਅੱਗੇ ਬੇਨਤੀ ਕਰੀਏ।

16. ਪ੍ਰਮਾਤਮਾ ਦੇ ਚਰਨਾਂ ਨਾਲ ਜੁੜਣ ਦੇ ਅਨੁਭਵ ਨੂੰ ਹੇਠ ਲਿਖੀਆਂ ਉਦਾਹਰਣਾਂ ਨਾਲ ਦਰਸਾਇਆ ਜਾ ਸਕਦਾ ਹੈ। ਜਿਵੇਂ ਇਕ ਭੁੱਖਾ ਵਿਅਕਤੀ ਸੁਆਦੀ ਭੋਜਨ ਪ੍ਰਾਪਤ ਕਰਦਾ ਹੈ; ਇਕ ਪਿਆਸਾ ਵਿਅਕਤੀ ਮਿੱਠਾ ਅਤੇ ਪੌਸ਼ਟਿਕ ਤਰਲ ਪ੍ਰਾਪਤ ਕਰਦਾ ਹੈ, ਇਕ ਯਾਤਰੀ ਆਪਣੀ ਮੰਜ਼ਿਲ ਪਾਉਂਦਾ ਹੈ ਅਤੇ ਇਕ ਆਸ਼ਾਵਾਦੀ ਵਿਅਕਤੀ ਆਪਣੀ ਆਸ ਪੂਰੀ ਹੁੰਦੀ ਦੇਖਦਾ ਹੈ।

17. ਗੁਰਬਾਣੀ, ਜਿਸਨੂੰ ਕਿ ਜੀਵਨ ਦੇ ਮਾਰਗ ਦਰਸ਼ਨ ਲਈ ਸੰਪੂਰਨ ਮਾਰਗ ਦਰਸ਼ਕ ਮੰਨਿਆ ਗਿਆ ਹੈ, ਉਹ ਸਤਿ, ਸੰਤੋਖ, ਸੋਚਣੀ, ਦਇਆਵਾਨਤਾ, ਇਮਾਨਦਾਰੀ, ਧੀਰਜ, ਪ੍ਰਸੰਨਤਾ, ਸ਼ਾਂਤੀ ਅਤੇ ਹੋਰ ਅਨੇਕਾਂ ਗੁਣ ਪ੍ਰਦਾਨ ਕਰਦੀ ਹੈ।

18. ਪ੍ਰਮਾਤਮਾ ਦੀ ਭਗਤੀ, ਇਕ ਐਸੀ ਦਾਤ ਹੈ, ਜੋ ਮਨੁੱਖ ਨੂੰ ਪ੍ਰਮਾਤਮਾ ਦੇ ਭਗਤਾਂ ਪ੍ਰਤੀ ਸੰਪੂਰਨ ਨਿਮਰਤਾ ਪ੍ਰਦਾਨ ਕਰਦੀ ਹੈ, ਸੱਚੀ ਪ੍ਰਸੰਨਤਾ ਅਤੇ ਪੂਰਨ ਸੰਤੋਖ ਪ੍ਰਦਾਨ ਕਰਦੀ ਹੈ। ਫੇਰ ਮਨੁੱਖ ਬੌਧਿਕ ਅਤੇ ਭਾਵਨਾਤਮਿਕ, ਦੋਨੋਂ ਤਰ੍ਹਾਂ ਨਾਲ ਪ੍ਰਮਾਤਮਾ ਨਾਲ ਸਦੀਵੀ ਸਾਂਝ ਪਾ ਲੈਂਦਾ ਹੈ। ਫਿਰ ਮਨੁੱਖ ਦਾ ਪ੍ਰਮਾਤਮਾ ਉੱਪਰ ਅਟੁੱਟ ਵਿਸ਼ਵਾਸ ਬਣ ਜਾਂਦਾ ਹੈ ਅਤੇ ਉਹ ਪ੍ਰਮਾਤਮਾ ਦੀ ਭਗਤੀ, ਸੇਵਾ, ਆਗਿਆਕਾਰੀ, ਨੇੜਤਾ, ਨਿਮਰਤਾ, ਸਤਿਕਾਰ, ਪਿਆਰ ਅਤੇ ਵਚਨਬੱਧਤਾ ਦਾ ਅਨੁਭਵ ਪ੍ਰਾਪਤ ਕਰਦਾ ਹੈ—ਜੋ ਕਿ ਸਭ ਉਸ ਪ੍ਰਮਾਤਮਾ ਦੀਆਂ ਵੱਡਮੁੱਲੀਆਂ ਦਾਤਾਂ ਹਨ।

19. ਪ੍ਰਮਾਤਮਾ ਨਾਲ ਸਾਂਝ ਦੀ ਚੱਲ ਰਹੀ ਪ੍ਰਕ੍ਰਿਆ ਦੀ ਮਾਨਸਿਕ ਸਥਿਤੀ, ਜੋ ਕਿ ਸੁਭਾਵਿਕ, ਸੁੱਤੇ ਸਿਧ ਅਤੇ ਸਦੀਵੀ ਹੁੰਦੀ ਹੈ, ਪ੍ਰਮਾਤਮਾ ਦੀ ਨਿਵੇਕਲੀ, ਅਨਮੋਲ ਬੇਸ਼ਕੀਮਤੀ ਦਾਤਾਂ ਵਿਚੋਂ ਇਕ ਹੁੰਦੀ ਹੈ। ਇਹ ਮਿਹਰ ਕਿਸੇ ਖ਼ਾਸ ਵਿਸ਼ੇਸ਼ਤਾ ਜਾਂ ਗੁਣ ਕਰਕੇ ਹਾਸਿਲ ਨਹੀਂ ਹੁੰਦੀ ਬਲਕਿ ਪ੍ਰਮਾਤਮਾ ਦੀ ਬੇਅੰਤ ਮਿਹਰ ਕਾਰਣ ਪ੍ਰਾਪਤ ਹੁੰਦੀ ਹੈ।

20. ਜਦੋਂ ਪ੍ਰਮਾਤਮਾ ਆਪਣੇ ਸੇਵਕ ਤੇ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ, ਤਾਂ ਫਿਰ ਉਹ ਹਰ ਪੱਖੋਂ ਧਨਵਾਨ ਹੋ ਜਾਂਦਾ ਹੈ।

21. ਮਨੁੱਖ ਦੇ ਆਪਣੇ ਨਾਲ ਮਿਲਾਪ ਲਈ ਪ੍ਰਮਾਤਮਾ ਦੀ ਮਿਹਰ ਦਾ ਇੰਤਜ਼ਾਰ ਭਾਵੇਂ ਜਿੰਨਾ ਮਰਜ਼ੀ ਲੰਬਾ ਹੋਵੇ, ਉਹ ਹਮੇਸ਼ਾਂ ਹੀ ਲਾਹੇਵੰਦ ਹੁੰਦਾ ਹੈ, ਕਿਉਂਕਿ ਅਜਿਹੀ ਮਿਹਰ ਫਿਰ ਤਾਂਹੀ ਹੋਵੇਗੀ।

22. ਪ੍ਰਮਾਤਮਾ ਨਾਲ ਸਦੀਵੀ, ਸੁਭਾਵਿਕ ਸਾਂਝ ਹੀ ਮਨ ਦੀ 'ਸਹਿਜ' ਅਵੱਸਥਾ ਹੈ। ਅਜਿਹੀ ਸਾਂਝ ਆਨੰਦਮਈ ਹੁੰਦੀ ਹੈ ਅਤੇ ਇਸਦੀ ਨਿਰੰਤਰਤਾ ਲਈ, ਤੀਬਰ ਇੱਛਾ ਰੱਖਣ ਲਈ ਪ੍ਰੇਰਿਤ ਕਰਦੀ ਹੈ।

23. ਪ੍ਰਮਾਤਮਾ ਦੀ ਬੰਦਗੀ, ਪ੍ਰਮਾਤਮਾ ਦੀ ਹੀ ਮਿਹਰ ਹੈ- ਅਜਿਹੀ ਮਿਹਰ, ਜਿਸਦੀ ਬਖਸ਼ਿਸ਼ ਪ੍ਰਮਾਤਮਾ ਆਪ ਕਰਦਾ ਹੈ। ਇਹ ਮਿਹਰ, ਬੰਦਗੀ ਕਰਨ ਵਾਲੇ ਦੀ ਮਾਨਸਿਕ ਸਥਿਤੀ ਤੋਂ ਸੁਤੰਤਰ ਹੁੰਦੀ ਹੈ। ਇਹ ਬਿਲਕੁਲ ਕਿਸੇ ਫੁੱਲ ਦੀ ਖੁਸ਼ਬੂ ਅਤੇ ਕਿਸੇ ਮਨੁੱਖ ਦੀ ਉਸ ਫੁੱਲ ਦੀ ਖੁਸ਼ਬੂ ਨੂੰ ਸੁੰਘਣ ਦੀ ਸਮਰੱਥਾ ਦੀ ਤਰ੍ਹਾਂ ਹੀ ਹੈ, ਜਿਸ ਤਰ੍ਹਾਂ ਫੁੱਲ ਦੀ ਖੁਸ਼ਬੂ ਨੂੰ ਸੁੰਘਣ ਨਾਲ, ਉਸਦੀ ਖੁਸ਼ਬੂ ਸਮਾਪਤ ਨਹੀਂ ਹੁੰਦੀ, ਠੀਕ ਉਸੇ ਤਰ੍ਹਾਂ ਪ੍ਰਮਾਤਮਾ ਦੀ ਬੰਦਗੀ ਕਰਨ ਨਾਲ, ਉਸ ਦੀ ਬੰਦਗੀ ਦੀ ਮਿਹਰ ਸਮਾਪਤ ਨਹੀਂ ਹੁੰਦੀ। ਵਾਹਿਗੁਰੂ ਦੀਆਂ ਮਿਹਰਾਂ ਦਾ ਕੋਈ ਅੰਤ ਨਹੀਂ ਹੈ, ਉਹ ਬੇਅੰਤ ਹਨ। ਜਦੋਂ ਮਨੁੱਖ ਦਾ ਮਨ ਅਜਿਹੀ ਅਵੱਸਥਾ ਵਿਚ ਹੁੰਦਾ ਹੈ, ਤਾਂ ਫਿਰ ਇਸ ਅਵੱਸਥਾ ਨੂੰ ਜ਼ਾਰੀ ਰੱਖਣ ਲਈ ਉਹ ਇਸਦਾ ਹੋਰ ਅਧਿਕ ਅਨੁਭਵ ਕਰਨ ਦੀ ਖਾਹਿਸ਼ ਕਰਦਾ ਹੈ। ਇਸ ਤਰ੍ਹਾਂ ਦੀ ਬੰਦਗੀ, ਜੇ ਇਕ ਵਾਰ ਸਥਾਪਿਤ ਹੋ ਜਾਵੇ ਤਾਂ ਫਿਰ ਉਹ ਆਪ ਮੁਹਾਰੇ ਹੀ ਸਦੀਵੀ ਬਣ ਜਾਂਦੀ ਹੈ।

24. ਮਨੁੱਖ ਦੀ ਆਪਣੀ ਸੁਭਾਵਿਕ ਸਮਰੱਥਾ ਮੁਤਾਬਿਕ ਪ੍ਰਮਾਤਮਾ ਨੂੰ ਧਿਆਉਣਾ ਪ੍ਰਮਾਤਮਾ ਦੀ ਬੰਦਗੀ ਨਹੀਂ ਹੈ, ਬਲਕਿ ਬੰਦਗੀ ਉਦੋਂ ਹੁੰਦੀ ਹੈ ਜਦੋਂ ਮਨੁੱਖ ਉਪਰ ਜਾਗਰੁਕਤਾ ਤੇ ਗੁਰ ਸ਼ਬਦ ਦੀ ਬਖ਼ਸ਼ਿਸ਼ ਹੁੰਦੀ ਹੈ। ਇਹ ਉਦੋਂ ਹੀ ਸੰਭਵ ਹੁੰਦੀ ਹੈ, ਜਦੋਂ ਮਨੁੱਖ ਫੁੱਲ ਦੀ ਖੁਸ਼ਬੂ ਸੁੰਘਣ ਵਾਂਗ ਤੋਂ ਉਲਟ, ਪ੍ਰਮਾਤਮਾ ਦੀ ਬੰਦਗੀ ਦੇ ਸਹੀ ਅਰਥ ਦਾ ਅਨੁਭਵ ਕਰਦਾ ਹੈ। ਪ੍ਰਮਾਤਮਾ ਨੂੰ ਧਿਆਉਣ ਦਾ ਕਾਰਜ, ਫਿਰ ਬੰਦਗੀ ਵਿਚ ਤਬਦੀਲ ਹੋ ਜਾਂਦਾ ਹੈ।

25. ਬਹੁਤ ਸਾਰੇ ਠੋਸ ਕਾਰਣ ਹਨ, ਜਿੰਨ੍ਹਾਂ ਕਰਕੇ ਪ੍ਰਮਾਤਮਾ ਮਨੁੱਖ ਦੇ ਹਿਰਦੇ ਵਿਚ ਵਾਸ ਕਰਦਾ ਹੈ। ਇਹ ਕਾਰਣ ਗੁਰੂ ਦੁਆਰਾ ਦੱਸੇ ਗਏ ਪ੍ਰਮਾਤਮਾ ਦੇ ਗੁਣਾਂ ਵਿਚ ਮੌਜੂਦ ਹਨ: ਪ੍ਰਮਾਤਮਾ ਬੜਾ ਦਿਆਲੂ ਹੈ। ਪ੍ਰਮਾਤਮਾ ਬਖਸ਼ਣਹਾਰ ਹੈ। ਮਿਹਰ ਕਰਨੀ ਪ੍ਰਮਾਤਮਾ ਦਾ ਸੁਭਾਅ ਹੈ।

26. ਉਸਦੇ (ਪ੍ਰਮਾਤਮਾ ਦੇ) ਦਿਆਲੂ ਸੁਭਾਅ ਦੇ ਹੋਣ ਕਾਰਣ, ਪ੍ਰਮਾਤਮਾ ਤੋਂ ਮਿਲੀਆਂ ਉਸ ਅਣਗਿਣਤ ਮਿਹਰਾਂ ਵਿਚੋਂ, ਸ਼ੁਕਰਗੁਜ਼ਾਰ ਹੋਣ ਦੀ ਭਾਵਨਾ ਵੀ, ਉਸਦੀ ਮਿਹਰ ਸਦਕਾ ਹੀ ਆਉਂਦੀ ਹੈ। ਸ਼ੁਕਰਗੁਜ਼ਾਰੀ ਪ੍ਰਮਾਤਮਾ ਨਾਲ ਇਕ ਭਾਵਨਾਤਮਕ ਸੰਬੰਧ ਸਥਾਪਿਤ ਕਰਦੀ ਹੈ। ਪ੍ਰਮਾਤਮਾ ਦੀ ਸੰਪੂਰਨ ਮਹਾਨਤਾ ਕਾਰਣ ਹੀ ਉਸ ਲਈ ਸਤਿਕਾਰ ਉਤਪੰਨ ਹੁੰਦਾ ਹੈ, ਬਚਾਉਣ ਵਾਲਾ ਹੋਣ ਦੇ ਗੁਣ ਕਾਰਣ, ਮੁਕਤੀ ਪ੍ਰਾਪਤੀ ਦੀ ਭਾਵਨਾ ਉਠਦੀ ਹੈ। ਇਸ ਤਰ੍ਹਾਂ ਭਾਵਨਾਤਮਿਕ ਸੰਬੰਧ ਹੋਰ ਜੁੜਦੇ ਜਾਂਦੇ ਹਨ ਅਤੇ ਪ੍ਰਮਾਤਮਾ ਨਾਲ ਨੇੜਤਾ ਇਕ ਸੱਚਾਈ ਬਣ ਜਾਂਦੀ ਹੈ।

27. ਮਨ ਦੀ ਸਮਰੱਥਾ ਉਤਮ ਹੈ। ਜੇਕਰ ਮਨ, ਸ਼ਰਧਾ ਅਤੇ ਸੱਚਾਈ ਨਾਲ ਖਾਹਿਸ਼ ਕਰਦਾ ਹੈ ਤਾਂ ਪ੍ਰਮਾਤਮਾ ਵੀ, ਉਸ ਅੰਦਰ ਆ ਕੇ ਨਿਵਾਸ ਕਰ ਲੈਂਦਾ ਹੈ।

28. ਜਦੋਂ ਸੇਵਕ ਦੇ ਮਨ ਦੇ ਕੁਝ ਗੁਣ, ਸਤਿ ਵਿਚ ਤਬਦੀਲ ਹੋ ਜਾਂਦੇ ਹਨ, ਫਿਰ ਪ੍ਰਮਾਤਮਾ ਉਸ ਸੇਵਕ ਦੇ ਹਿਰਦੇ ਵਿਚ ਵਾਸ ਕਰ ਲੈਂਦਾ ਹੈ। ਪ੍ਰਮਾਤਮਾ ਜਾਂ ਉਸਦੇ ਨਾਮ ਨਾਲ ਮਿਲਾਪ ਇਸ ਤੋਂ ਪਹਿਲਾਂ ਕਿ ਸੇਵਕ ਦਾ ਮਨ ਪ੍ਰਮਾਤਮਾ ਦਾ ਨਿਵਾਸ ਬਣੇ ਦਾ ਅਰਥ ਇਹ ਹੈ ਕਿ ਸੇਵਕ ਦੇ ਮਨ ਵਿਚ ਕੁਝ ਖਾਸ ਗੁਣ ਵਿਕਸਿਤ ਹੋਣੇ ਜ਼ਰੂਰੀ ਹਨ।

29. ਪ੍ਰਮਾਤਮਾ ਦੀ ਲਾਸਾਨੀ ਦਿਆਲਤਾ ਅਤੇ ਕ੍ਰਿਪਾਲਤਾ ਲਈ, ਸੇਵਕ ਦੀ ਅਤਿਅੰਤ ਸ਼ੁਕਰਾਨੇ ਦੀ ਭਾਵਨਾ ਹੀ, ਉਸ ਨੂੰ ਉਸਦੇ ਸੇਵਕ ਦੇ ਮਨ ਵਿਚ ਨਿਵਾਸ ਕਰਾਉਂਦੀ ਹੈ।

30. ਪ੍ਰਮਾਤਮਾ ਪ੍ਰਤੀ ਸ਼ੁਕਰਾਨੇ ਦੀ ਭਾਵਨਾ ਨਾਲ ਹੀ, ਮਨੁੱਖ ਪ੍ਰਮਾਤਮਾ ਨੂੰ ਸਿਮਰਦਾ ਹੈ, ਜੋ ਕਿ ਆਪ ਹੀ ਇਸ ਸ਼ੁਕਰਾਨੇ ਦੀ ਭਾਵਨਾ, ਉਤਪੰਨ ਕਰਦਾ ਹੈ। ਪ੍ਰਮਾਤਮਾ ਦੇ ਦਿਆਲੂ ਹੋਣ ਵਾਲੇ ਗੁਣ ਤੋਂ, ਮਨੁੱਖ ਨੂੰ ਕੌਣ ਜਾਣੂ ਕਰਾਉਂਦਾ ਹੈ? ਗੁਰੂ ਕਰਦਾ ਹੈ। ਮਨੁੱਖ ਦੇ ਮਨ ਵਿਚ ਪ੍ਰਮਾਤਮਾ ਪ੍ਰਤੀ ਸ਼ੁਕਰਾਨੇ ਵੀ ਭਾਵਨਾ ਨੂੰ ਕੌਣ ਪਾਲਦਾ ਪੋਸਦਾ ਹੈ? ਗੁਰੂ, ਆਪਣੇ ਸ਼ਬਦ ਨਾਲ ਕਰਦਾ ਹੈ, ਇੰਝ, ਮਨੁੱਖੀ ਮਨ ਵਿਚ ਪ੍ਰਮਾਤਮਾ ਦਾ ਨਿਵਾਸ ਗੁਰੂ ਦੇ ਕਾਰਣ ਹੀ ਹੁੰਦਾ ਹੈ। ਇਹੀ ਕਾਰਣ ਹੈ ਕਿ ਸਿੱਖ, ਗੁਰੂ ਨੂੰ ''ਵਾਹ'' — ਮਹਾਨ, ਅਤਿ-ਉੱਤਮ, ਪ੍ਰਤਾਪੀ ਵਿਸ਼ੇਸ਼ਣਾਂ ਨਾਲ ਧਿਆਉਂਦਾ ਹੈ।

31. ਸੱਚੇ ਗੁਰੂ ਦੀ ਸਿੱਖੀ ਤੋਂ ਬਿਨਾਂ ਅਤੇ ਮਨ ਵਿਚ ਸ਼ੁਕਰਾਨੇ ਵਾਲੇ ਗੁਣ ਤੋਂ ਬਿਨਾ, ਜਾਂ ਮਨ ਦੇ ਹੋਰ ਦੂਸਰੇ ਗੁਣ ਜੋ ਪ੍ਰਮਾਤਮਾ ਦੀ ਮਿਹਰ ਨਾਲ ਉਤਪੰਨ ਹੁੰਦੇ ਹਨ, ਪ੍ਰਮਾਤਮਾ ਦੇ ਨਾਮ ਸਿਮਰਨ ਵਿਚ ਜੁੜਣ ਦੀ ਕੋਸ਼ਿਸ਼ ਵਿਅਰਥ ਸਿੱਧ ਹੁੰਦੀ ਹੈ।

32. ਹੇਠ ਲਿਖੇ ਮਨ ਦੇ ਕੁਛ ਗੁਣ (ਕਿਰਦਾਰ) ਹਨ ਜੋ ਪ੍ਰਮਾਤਮਾ ਦੀਆਂ ਵਡਿਆਈਆਂ ਦੇ ਫਲਸਰੂਪ ਹਨ ਅਤੇ ਗੁਰਸ਼ਬਦ ਦੁਆਰਾ ਪੋਸ਼ਿਤ ਹਨ।

ਇਹਨਾਂ ਹੁੰਗਾਰਿਆਂ ਦਾ ਪ੍ਰਮਾਤਮਾ ਦੇ ਗੁਣਾਂ ਨਾਲ ਆਪਸੀ ਤਾਲਮੇਲ ਹੁੰਦਾ ਹੈ। ਇਹਨਾਂ ਆਪਸੀ ਤਾਲਮੇਲ ਵਾਲੇ ਜੁਆਬਾਂ ਵਿਚ ਸ਼ੁਕਰਾਨਾ, ਸਤਿਕਾਰ, ਉਪਾਸਨਾ, ਨਿਮਰਤਾ, ਨਿਰਭਰਤਾ, ਕਿਸੇ ਹਾਨੀ (ਨੁਕਸਾਨ) ਤੋਂ ਸੁਰੱਖਿਆ, ਸਵੈ-ਨਿਰਬਲਤਾ, ਵਿਸ਼ਵਾਸ, ਵਫ਼ਾਦਾਰੀ, ਸੰਤੋਖ, ਸ਼ਾਂਤੀ, ਪ੍ਰਸੰਨਤਾ, ਉਮੀਦ, ਆਸ਼ਾਵਾਦ, ਨਿਡਰਤਾ, ਸਾਂਝ, ਆਨੰਦਮਈ ਕੇਂਦਰੀਕਰਣ (ਅੰਮ੍ਰਿਤ ਗ੍ਰਹਿਣ ਕਰਨਾ) ਨੇੜਤਾ, ਪ੍ਰਮਾਤਮਾ ਏਸੇ ਘੜੀ ਅਤੇ ਏਸੇ ਸਥਾਨ ਸਾਡੇ ਨਾਲ ਹੈ। ਪ੍ਰਮਾਤਮਾ ਮਨੁੱਖ ਦਾ ਆਪਣਾ ਹੈ, ਆਗਿਆਕਾਰੀ, ਪ੍ਰੇਮ, ਪਿਆਰ, ਮਨਮੋਹਕਤਾ, ਕੇਂਦਰਿਤ

ਧਿਆਨ, ਸੰਯੋਗ, ਨਿਯਮ ਅਨੁਸਾਰ, ਸਿਹਤਮੰਦਤਾ, ਭਗਤੀ, ਸੇਵਾ, ਵਿਸ਼ਵਾਸ, ਦ੍ਰਿੜ੍ਹਤਾ, ਪ੍ਰਮਾਤਮਾ ਨਾਲ ਇਕਮਿਕ, ਸਬਰ-ਸੰਤੋਖ, ਮਾਨਸਿਕ ਸਥਿਰਤਾ, ਸੰਤੁਲਨ, ਪ੍ਰਮਾਤਮਾ ਨਾਲ ਇਕਮਿੱਕਤਾ, ਗਿਆਨ, ਵੱਡੇ ਭਾਗ ਸਹਿਜ ਦਾ ਆਨੰਦ ਮਾਨਣ ਵਾਲਿਆਂ ਲਈ ਸਤਿਕਾਰ, ਸਿਆਣਪ, ਪੰਜ ਵਿਕਾਰਾਂ ਤੋਂ ਮੁਕਤੀ, ਮਿੱਤਰਤਾ, ਨਜ਼ਦੀਕੀਆਂ, ਹੈਰਤ, ਡਰ, ਪ੍ਰਸੰਸਾ, ਸੰਪੂਰਨਤਾ, ਸਬਰ-ਸੰਤੋਖ, ਖ਼ੁਸ਼ੀ, ਸਿਰ ਨਿਵਾਉਣਾ, ਪੂਜਾ, ਨਿੱਘ, ਸੁਹਿਰਦਤਾ, ਮੁਕਤੀ, ਓਟ, ਛੁਟਕਾਰਾ, ਸੁਧਾਰ, ਆਤਮ-ਵਿਸ਼ਵਾਸ, ਬੰਧਨਾਂ ਤੋਂ ਮੁਕਤੀ ਪ੍ਰਮਾਤਮਾ ਨਾਲ ਸਾਂਝ ਅਤੇ ਪ੍ਰਮਾਤਮਾ ਦੇ ਹੁਕਮਾਂ ਬਾਰੇ ਅਸਚਰਜਤਾ (ਵਾਹ-ਵਾਹ) ਉਹੀ ਹੁੰਦਾ ਹੈ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ-ਵਰਗੀਆਂ ਭਾਵਨਾਵਾਂ ਸ਼ਾਮਿਲ ਹੁੰਦੀਆਂ ਹਨ।

33. ਸਿੱਖ ਧਰਮ ਵਿਚ, ਕੇਵਲ ਗਿਆਰ੍ਹਾਂ ਗੁਰੂ ਹਨ— ਪਹਿਲੇ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਅਤੇ ਬਾਅਦ ਵਿਚ ਜੁਗੋ ਜੁਗ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

34. ਇਕ ਸਿੱਖ ਵਾਸਤੇ, ਹਰੇਕ ਗੁਰਸ਼ਬਦ, ਸਤਿਗੁਰੂ ਦਾ ਸੱਚਾ ਬਚਨ ਹੈ। ਸੱਚੇ ਗੁਰੂ ਦੀ ਮਿਹਰ ਅਤੇ ਸੱਚੇ ਗੁਰੂ ਦੀ ਸਿੱਖਿਆ ਦੇ ਨਾਲ ਹੀ ਹਰੇਕ ਗੁਰ ਸ਼ਬਦ ਬਾਰੇ ਪੂਰੀ ਜਾਗਰੁਕਤਾ ਅਤੇ ਪ੍ਰਸੰਸਾ ਹੋ ਸਕਦੀ ਹੈ।

35. ਸਮੇਂ ਦੇ ਨਾਲ, ਇਕ ਸਿੱਖ ਦੀ ਗੁਰਸ਼ਬਦ ਬਾਰੇ ਜਾਗਰੁਕਤਾ ਅਤੇ ਵਡਿਆਈ ਹੋ ਸਕਦੀ ਹੈ ਗੁਰੂ ਦੀ ਜਾਗਰੁਕਤਾ ਅਤੇ ਪ੍ਰਸੰਸਾ ਦੇ ਵਰਗੀ ਹੋ ਜਾਵੇ, ਪ੍ਰੰਤੂ ਇਹ ਗੁਰੂ ਦੇ ਪੱਧਰ ਤੱਕ ਕਦੀ ਵੀ ਨਹੀਂ ਪਹੁੰਚ ਸਕਦੀ। ਅਜਿਹਾ ਉਥਾਨ ਕੇਵਲ ਦੂਸਰੇ ਗੁਰੂ ਤੋਂ ਲੈ ਕੇ ਆਖਰੀ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਹੀ ਕੀਤੀ।

36. ਹੋ ਸਕਦਾ ਹੈ ਕਿ ਕੋਈ ਸਿੱਖ ਗੁਰ ਸ਼ਬਦ ਬਾਰੇ ਗੁਰੂ ਜਿੰਨੀ ਹੀ ਜਾਗਰੁਕਤਾ ਅਤੇ ਪ੍ਰਸੰਸਾ ਦੇ ਪੱਧਰ ਦੇ ਕਰੀਬ-ਕਰੀਬ ਪਹੁੰਚ ਜਾਵੇ ਅਤੇ ਜਲਦੀ ਹੀ ਕਿਸੇ ਹੋਰ ਤੋਂ ਵੀ ਵੱਧ, ਸਹਿਜ ਅਵੱਸਥਾ ਦਾ ਅਨੁਭਵ ਕਰੇ। ਸ਼ਾਇਦ ਇਹ ਵੱਖ-ਵੱਖ ਸਿੱਖਾਂ ਦੀਆਂ ਪ੍ਰਮਾਤਮਾਂ ਵਲੋਂ ਬਖ਼ਸ਼ੀਆਂ, ਮਨ ਅਤੇ ਬੁੱਧੀ ਵੱਖ-ਵੱਖ ਬਖ਼ਸ਼ਿਸ਼ਾਂ ਤੇ ਨਿਰਭਰ ਕਰਦਾ ਹੈ।

37. ਅਜਿਹਾ ਪ੍ਰਤੀਤ ਹੁੰਦਾ ਹੈ ਕਿ ਪ੍ਰਮਾਤਮਾ ਨਾਲ ਸਾਂਝ, ਮਨੁੱਖ ਦੇ ਆਪਣੇ ਭਾਗਾਂ ਨਾਲ ਜਾਂ ਪ੍ਰਮਾਤਮਾ ਵੱਲੋਂ ਬਖ਼ਸ਼ੀਆਂ ਭਾਵਨਾਵਾਂ, ਜਾਂ ਬ੍ਰਹਮ ਗਿਆਨ—ਗੁਰੂ ਅਤੇ ਪ੍ਰਮਾਤਮਾ ਦੀ ਮਿਹਰ ਅਤੇ ਮਾਰਗ-ਦਰਸ਼ਨ, ਜਾਂ ਗੁਰਬਾਣੀ ਦੇ ਗਹਿਰੇ ਅਧਿਐਨ ਜਾਂ ਇਹਨਾਂ ਸਾਰਿਆਂ ਦੇ ਸੁਮੇਲ ਨਾਲ ਹੁੰਦੀ ਹੈ।

38. ਪ੍ਰਮਾਤਮਾ ਨਾਲ ਨੇੜਤਾ ਵਧਾਉਣ ਲਈ ਮਨੁੱਖ ਜਿੰਨਾ ਕਾਰਕਾਂ ਉੱਤੇ ਹੋਰ ਸੁਧਾਰ ਲਿਆ ਸਕਦਾ ਹੈ, ਉਹ ਹਨ—ਗੁਰਬਾਣੀ ਅਤੇ ਗੁਰਬਾਣੀ ਦੇ ਨਾਲ-ਨਾਲ ਉਸਦੇ

ਉਪਦੇਸ਼ਾਂ ਦਾ ਪੂਰੀ ਲਗਨ ਅਤੇ ਸ਼ਰਧਾ ਨਾਲ ਚਿੰਤਨ ਕਰਨਾ।

39. ਸਮੇਂ ਦੇ ਨਾਲ-ਨਾਲ ਗੁਰਬਾਣੀ ਦਾ ਸਹੀ ਅਧਿਐਨ, ਬੌਧਿਕ ਅਤੇ ਭਾਵਨਾਤਮਿਕ, ਦੋਨੋਂ ਤਰ੍ਹਾਂ ਨਾਲ ਪ੍ਰਮਾਤਮਾ ਦੇ ਪ੍ਰਤੀ ਬਹੁਤ ਅਧਿਕ ਸਤਿਕਾਰ ਵਿਕਸਿਤ ਕਰ ਦਿੰਦਾ ਹੈ ਅਤੇ ਸੇਵਕ ਨੂੰ ਪ੍ਰਮਾਤਮਾ ਦੇ ਹੋਰ ਨੇੜੇ ਹੋਰ ਨੇੜੇ ਲੈ ਜਾਂਦਾ ਹੈ। ਜਾਂ ਫਿਰ ਸਹੀ ਮਾਅਨਿਆਂ ਵਿਚ ਇਹ ਕਹਿ ਸਕਦੇ ਹਾਂ ਕਿ, ਪ੍ਰਮਾਤਮਾ ਆਪ, ਗੁਰਬਾਣੀ ਤੋਂ ਪ੍ਰੇਰਿਤ ਸਿੱਖ ਦੇ ਉਨੀ ਦੇਰ ਤੱਕ ਹੋਰ ਨੇੜੇ-ਹੋਰ ਨੇੜੇ ਹੁੰਦਾ ਜਾਂਦਾ ਹੈ, ਜਦੋਂ ਤੱਕ ਉਹ (ਪ੍ਰਮਾਤਮਾ) ਉਸ ਸੇਵਕ ਦੇ ਹਿਰਦੇ ਵਿਚ ਸਦਾ ਲਈ ਵਾਸ ਨਹੀਂ ਕਰ ਲੈਂਦਾ। ਫਿਰ ਮਨੁੱਖ ਲੋਕ-ਪ੍ਰਲੋਕ ਵਿਚ ਪ੍ਰਮਾਤਮਾ ਨਾਲ ਸਦੀਵੀ ਮਿਲਾਪ ਹਾਸਿਲ ਕਰ ਲੈਂਦਾ ਹੈ।

40. ਮਨੁੱਖ ਦੇ ਮਨ ਦਾ ਕੇਂਦਰੀਕਰਨ, ਮਨ ਦੀਆਂ ਇੱਛਾਵਾਂ, ਤਾਕੀਦਾਂ ਅਤੇ ਵਿਕਲਪਾਂ ਦੁਆਰਾ ਹੁੰਦਾ ਹੈ ਅਤੇ ਗੁਰਸ਼ਬਦ ਦੇ ਕੇਂਦਰੀਕਰਣ ਤੋਂ ਵੱਖ ਹੁੰਦਾ ਹੈ ਜੋ ਕਿ ਉਸਦੀਆਂ ਸਿੱਖਿਆਵਾਂ ਅਤੇ ਸਿਧਾਤਾਂ ਦੁਆਰਾ ਅਗਵਾਹਿਤ ਹੁੰਦਾ ਹੈ।

41. ਗੁਰਬਾਣੀ, ਸੱਚੇ ਗੁਰੂ ਦੀ ਸਿੱਖੀ ਤੋਂ ਉਤਪੰਨ ਵਿਚਾਰਾਂ, ਭਾਵਨਾਵਾਂ ਅਤੇ ਕਰਮਾਂ ਦੀ ਪ੍ਰਸੰਸਾ ਕਰਦੀ ਹੈ।

42. ਭਾਵੇਂ ਮਨੁੱਖ ਦੇ ਪ੍ਰਮਾਤਮਾ ਨਾਲ ਬੌਧਿਕ ਅਤੇ ਭਾਵਨਾਤਮਕ ਨਾਤੇ (ਸੰਬੰਧ) ਮਜ਼ਬੂਤ ਹੋ ਜਾਂਦੇ ਹਨ, ਪ੍ਰੰਤੂ ਮਨੁੱਖ ਹਾਲੇ ਸਹਿਜ ਅਵੱਸਥਾ ਤੱਕ ਨਹੀਂ ਪਹੁੰਚਿਆ ਹੁੰਦਾ, ਤਾਂ ਫਿਰ ਉਸਨੂੰ ਪ੍ਰਮਾਤਮਾ ਤੋਂ ਵਿਛੋੜੇ ਦੇ ਦੁੱਖਾਂ ਦਾ ਅਨੁਭਵ ਹੋਣ ਲੱਗਦਾ ਹੈ— ਜੋ ਕਿ ਇਕ ਕੁਦਰਤੀ ਗੱਲ ਹੈ। ਅਜਿਹਾ ਇਸ ਲਈ ਹੁੰਦਾ ਹੈ, ਕਿਉਂਕਿ ਇਕ ਪਾਸੇ ਪ੍ਰਮਾਤਮਾ ਨਾਲ ਮਿਲਾਪ ਦੀ ਤਾਂਘ ਹੁੰਦੀ ਹੈ ਅਤੇ ਦੂਸਰੇ ਪਾਸੇ ਮਨੁੱਖ ਪ੍ਰਮਾਤਮਾ ਤੋਂ ਵਿਛੋੜੇ ਦਾ ਦੁੱਖ ਅਨੁਭਵ ਕਰਦਾ ਹੈ।

43. ਪ੍ਰਮਾਤਮਾ ਦੀ ਮਿਹਰ ਸਦਕਾ ਹੀ ਮਨੁੱਖ ਦਾ ਗੁਰੂ ਨਾਲ ਮੇਲ ਹੁੰਦਾ ਹੈ ਅਤੇ ਉਹ ਗੁਰਸ਼ਬਦ ਨੂੰ ਪ੍ਰਾਪਤ ਕਰਦਾ ਹੈ ਅਤੇ ਉਸ ਪ੍ਰਤੀ ਵਚਨਬੱਧ ਹੁੰਦਾ ਹੈ। ਗੁਰਸ਼ਬਦ ਹੀ ਮਨੁੱਖ ਦੇ ਮਨ ਵਿਚ ਬੌਧਿਕ ਅਤੇ ਭਾਵਨਾਤਮਕ ਨਾਤਿਆਂ ਦੀ ਸਮਝ ਕਰਾਉਂਦਾ ਹੈ। ਪ੍ਰਮਾਤਮਾ ਨਾਲ ਸਦੀਵੀ ਸਾਂਝ ਹੀ, ਪ੍ਰਮਾਤਮਾ ਤੋਂ ਵਿਛੋੜੇ ਦੇ ਨਾਲ-ਨਾਲ ਪ੍ਰਮਾਤਮਾ ਦੀ ਨੇੜਤਾ ਦੀ ਖਾਹਿਸ਼ ਦਾ ਵੀ ਅਨੁਭਵ ਕਰਾਉਂਦੀ ਹੈ। ਇਸ ਪ੍ਰਕ੍ਰਿਆ ਵਿਚ ਪ੍ਰਸੰਨਤਾ ਅਤੇ ਦੁੱਖ ਦੋਨੋਂ ਹੀ ਤੱਤ ਸ਼ਾਮਿਲ ਰਹਿੰਦੇ ਹਨ। ਹਾਲਾਂਕਿ ਜਿਉਂ-ਜਿਉਂ ਗੁਰਸ਼ਬਦ ਮਨੁੱਖ ਦੇ ਮਨ ਵਿਚ ਆਪਣੀ ਪਕੜ ਮਜ਼ਬੂਤ ਬਣਾਉਂਦਾ ਜਾਂਦਾ ਹੈ, ਆਖਿਰਕਾਰ ਪ੍ਰਮਾਤਮਾ ਨਾਲ ਮਨ ਚਾਹਿਆ ਮਿਲਾਪ ਹਾਸਿਲ ਹੋ ਜਾਂਦਾ ਹੈ। ਆਖਿਰਕਾਰ, ਮਨੁੱਖ ਦਾ ਮਨ ਪ੍ਰਮਾਤਮਾ ਨਾਲ ਭਾਵਨਾਤਮਿਕ ਸਾਂਝ ਦੀ ਉਹ ਤੀਬਰਤਾ ਪ੍ਰਾਪਤ ਕਰ ਲੈਂਦਾ ਹੈ ਜਿਵੇਂ ਕਿ ਗੁਰਸ਼ਬਦਾਂ ਵਿਚ ਵਰਣਿਤ ਹੈ ਅਤੇ ਸੇਵਕ ਮਨ ਦੀ ਸਹਿਜ ਅਵੱਸਥਾ ਦਾ ਅਨੁਭਵ ਕਰਦਾ ਹੈ।

44. ਮਨੁੱਖੀ ਮਨ ਦੀ ਉਪਰੋਕਤ ਪ੍ਰਕ੍ਰਿਆ ਦਾ ਆਰੰਭ ਅਤੇ ਫਿਰ ਇਸਦਾ ਸਹਿਜ ਅਵੱਸਥਾ ਵਿਚ ਪਰਿਵਰਤਨ, ਕੇਵਲ ਪ੍ਰਮਾਤਮਾ ਦੀ ਮਿਹਰ ਨਾਲ ਹੀ ਹੁੰਦਾ ਹੈ। ਪ੍ਰਮਾਤਮਾ, ਆਪ ਹੀ ਅਜਿਹਾ ਕਰਾਉਂਦਾ ਹੈ।

45. ਗੁਰੂ ਅਤੇ ਪ੍ਰਮਾਤਮਾ ਦੇ ਨਾਲ ਪ੍ਰੇਮ ਸਦਕਾ ਹੀ ਮਨ, ਗੁਰੂ ਅਤੇ ਪ੍ਰਮਾਤਮਾ ਦੀ ਮਿਹਰ ਦਾ ਅਨੁਭਵ ਕਰਦਾ ਹੈ। ਇਹ ਮੋਹ (ਪ੍ਰੇਮ) ਪ੍ਰਮਾਤਮਾ ਦੇ ਉਹਨਾਂ ਗੁਣਾਂ ਕਾਰਣ ਹੀ ਹੁੰਦਾ ਹੈ, ਜੋ ਮਨੁੱਖ ਦੇ ਮਨ ਵਿਚ ਪ੍ਰਮਾਤਮਾ ਨਾਲ ਪ੍ਰੇਮ ਕਰਨ ਅਤੇ ਉਸ ਦਾ ਸਤਿਕਾਰ ਕਰਨਾ ਸਿਖਾਉਂਦੇ ਹਨ।

46. ਗੁਰੂ ਦੇ ਉਪਦੇਸ਼ ਸਦਕਾ ਹੀ ਮਨ ਸ਼ਰਧਾ ਨਾਲ ਵਾਹਿਗੁਰੂ ਦੇ ਸਿਮਰਨ ਵਿਚ ਜੁੜਦਾ ਹੈ।

47. ਗੁਰੂ, ਪ੍ਰਮਾਤਮਾ ਦੇ ਗੁਣਾਂ ਦੀ ਪ੍ਰਸੰਸਾ ਕਰਦਾ ਹੈ। ਜਦੋਂ ਸਿੱਖ ਗੁਰਸ਼ਬਦਾਂ ਨੂੰ ਅਪਣਾਉਂਦਾ ਹੈ, ਉਦੋਂ ਗੁਰੂ ਦਾ ਮਨ ਸਿੱਖ ਦੇ ਮਨ ਨਾਲ ਜੁੜ ਜਾਂਦਾ ਹੈ। ਫਿਰ, ਸਾਰੀਆਂ ਦਾਤਾਂ ਬਖਸ਼ਣ ਵਾਲਾ, ਪ੍ਰਮਾਤਮਾ ਸੇਵਕ ਦੇ ਸਾਹਮਣੇ ਪ੍ਰਗਟ ਹੁੰਦਾ ਹੈ। ਇਸ ਤੋਂ ਬਾਅਦ, ਇਕ ਸਿੱਖ ਨੂੰ ਪ੍ਰਮਾਤਮਾ ਦੀਆਂ ਦਾਤਾਂ ਦੀ ਬਖ਼ਸ਼ਿਸ਼ ਹੁੰਦੀ ਹੈ— ਅਰਥਾਤ ਪ੍ਰਮਾਤਮਾ ਦੀਆਂ ਇਹਨਾਂ ਦਾਤਾਂ ਨੂੰ ਹਾਸਿਲ ਕਰਕੇ, ਸਿੱਖ ਸ਼ਰਧਾ ਨਾਲ ਪ੍ਰਮਾਤਮਾ ਨੂੰ ਸਿਮਰਦਾ ਹੈ। ਇਹੋ ਹੀ ਨਾਮ ਰਸ, ਹਰਿ ਰਸ, ਅੰਮ੍ਰਿਤ ਰਸ, ਪ੍ਰੇਮ ਰਸ ਦੀ ਸਹਿਜ ਅਵੱਸਥਾ ਹੈ।

48. ਸਹਿਜ ਅਵੱਸਥਾ ਮਨ ਦੀ ਸਭ ਤੋਂ ਉੱਚੀ ਅਵੱਸਥਾ ਹੈ। ਦਸਮ ਦੁਆਰ, ਜੋ ਪਹਿਲਾਂ ਬੰਦ ਸੀ, ਹੁਣ ਪੂਰੀ ਤਰ੍ਹਾਂ ਖੁੱਲ੍ਹ ਜਾਂਦਾ ਹੈ ਅਤੇ ਸਿੱਖ ਨੂੰ ਪ੍ਰਮਾਤਮਾ ਦੀ ਵਡਿਆਈ ਅਤੇ ਸੁੰਦਰਤਾ ਦਾ ਅਨੁਭਵ ਕਰਨ ਦੇ ਕਾਬਿਲ ਬਣਾਉਂਦੇ ਹੋਏ, ਪੂਰੀ ਤਰ੍ਹਾਂ ਖੁੱਲ੍ਹ ਜਾਂਦਾ ਹੈ।

49. ਪ੍ਰਮਾਤਮਾ, ਅਤੇ ਪ੍ਰਮਾਤਮਾ ਦੇ ਭਗਤ ਦਾ, ਹੁਣ ਇਕ ਆਪਸੀ ਨਾਤਾ ਬਣ ਜਾਂਦਾ ਹੈ। ਪ੍ਰਮਾਤਮਾ ਆਪਣੇ ਗੁਣਾਂ ਕਾਰਣ ਆਪਣੇ ਭਗਤ 'ਤੇ ਮਿਹਰ ਕਰਦਾ ਹੈ। ਸੇਵਕ ਆਪਣੇ ਭਾਵਨਾਤਮਿਕ ਹੁੰਗਾਰਿਆਂ ਨਾਲ ਪ੍ਰਮਾਤਮਾ ਦੀਆਂ ਮਿਹਰਾਂ ਪ੍ਰਤੀ ਹੁੰਗਾਰਾ ਭਰਦਾ ਹੈ। ਫਿਰ ਸਮਾਂ ਪਾ ਕੇ, ਇਹ ਭਾਵਨਾਤਮਿਕ ਹੁੰਗਾਰੇ ਭਾਵਨਾਤਮਿਕ ਨਾਤਿਆਂ ਵਿਚ ਤਬਦੀਲ ਹੋ ਜਾਂਦੇ ਹਨ। ਭਗਤ ਪ੍ਰਮਾਤਮਾ ਨੂੰ ਕਦੇ ਵੀ ਨਹੀਂ ਭੁੱਲਦਾ। ਪ੍ਰਮਾਤਮਾ ਵੀ ਆਪਣੇ ਸੇਵਕ ਨੂੰ ਨਹੀਂ ਭੁੱਲਦਾ। ਭਗਤ ਉੱਪਰ ਪ੍ਰਮਾਤਮਾ ਦੀਆਂ ਮਿਹਰਾਂ ਸਦਕਾ ਉਸਦਾ ਪ੍ਰਮਾਤਮਾ ਨਾਲ ਭਾਵਨਾਤਮਿਕ ਨਾਤਾ ਹੋਰ ਕਈ ਗੁਣਾ ਵੱਧ ਜਾਂਦਾ ਹੈ ਅਤੇ ਸੇਵਕ ਹਮੇਸ਼ਾਂ ਹੀ ਉਸਦੀ ਮਿਹਰ ਮਾਣਦਾ ਹੈ। ਭਗਤ ਪ੍ਰਮਾਤਮਾ ਦਾ ਨਾਮ ਧਿਆਉਂਦਾ ਹੈ ਅਤੇ ਪ੍ਰਮਾਤਮਾ ਦੀ ਹਜ਼ੂਰੀ ਦੇ ਪ੍ਰਤੱਖ ਦਰਸ਼ਨਾਂ ਦੇ ਅਨੁਭਵ ਦੀ ਇੱਛਾ ਪ੍ਰਗਟਾਉਂਦਾ ਹੈ। ਭਗਤ ਦੀ ਪ੍ਰਮਾਤਮਾ ਨਾਲ ਸਾਂਝ, ਗੁਰੂ ਦੇ ਪ੍ਰਮਾਤਮਾ

ਪ੍ਰਤੀ ਗੁਣਾਂ ਦੇ ਵਿਚਾਰਾਂ ਦਾ ਹੀ ਨਤੀਜਾ ਹੁੰਦਾ ਹੈ, ਪ੍ਰਮਾਤਮਾ ਦੇ ਗੁਣਾਂ ਪ੍ਰਤੀ ਅਗਿਆਨਤਾ ਹੀ ਪ੍ਰਮਾਤਮਾ ਤੋਂ ਵਿਛੋੜੇ ਦਾ ਕਾਰਣ ਬਣਦੀ ਹੈ, ਅਤੇ ਇਸੇ ਕਰਕੇ ਇਸ ਜਨਮ ਅਤੇ ਅਗਲੇ ਜਨਮ ਵਿਚ ਦੁੱਖਾਂ ਦਾ ਕਾਰਣ ਬਣਦੀ ਹੈ।

50. ਪ੍ਰਮਾਤਮਾ ਦਾ ਭਗਤ ਕੇਵਲ ਉਨ੍ਹਾਂ ਦੀ ਸੰਗਤ ਦੀ ਹੀ ਕਾਮਨਾ ਕਰਦਾ ਹੈ, ਜੋ ਪ੍ਰਮਾਤਮਾ ਨਾਲ ਭਾਵਨਾਤਮਿਕ ਸਾਂਝਾਂ ਦਾ ਆਨੰਦ ਮਾਣਦੇ ਹਨ। ਪ੍ਰਮਾਤਮਾ ਦੇ ਭਗਤ ਦਾ ਇਹ ਵਿਸ਼ਵਾਸ ਹੁੰਦਾ ਹੈ ਕਿ, ਜੇ ਪ੍ਰਮਾਤਮਾ ਉਸਨੂੰ ਆਪਣੀ ਸ਼ਰਨ ਵਿਚ ਲੈਂਦਾ ਹੈ ਅਤੇ ਉਸਨੂੰ ਉਹਨਾਂ ਦਾ ਸਾਥ ਬਖ਼ਸ਼ਦਾ ਹੈ, ਜੋ ਪ੍ਰਮਾਤਮਾ ਨਾਲ ਜੁੜੇ ਹੁੰਦੇ ਹਨ ਤਾਂ ਅਜਿਹਾ ਉਸਦੇ ਆਪਣੇ ਕਿਸੇ ਨਿੱਜੀ ਗੁਣ ਕਾਰਨ ਨਹੀਂ, ਬਲਕਿ ਪ੍ਰਮਾਤਮਾ ਦੀ ਮਿਹਰ ਸਦਕਾ ਹੀ ਹੁੰਦਾ ਹੈ।

51. ਜਦੋਂ ਪ੍ਰਮਾਤਮਾ ਆਪਣੇ ਸੇਵਕ ਦੇ ਮਨ ਵਿਚ ਵਾਸ ਕਰ ਲੈਂਦਾ ਹੈ, ਫਿਰ ਇਸ ਤਰ੍ਹਾਂ ਹਾਸਿਲ ਹੋਈ ਅਮੀਰੀ ਦਾ ਅਹਿਸਾਸ ਅਤੇ ਅਨੁਭਵ ਭੌਤਿਕ ਦੌਲਤ ਹਾਸਿਲ ਕਰਨ ਦੇ ਅਨੁਭਵ ਤੋਂ ਕਿਤੇ-ਕਿਤੇ ਅਧਿਕ ਹੁੰਦਾ ਹੈ।

52. ਜੇ ਸੰਸਾਰ ਦੇ ਦੁੱਖਾਂ ਅਤੇ ਚੁਣੌਤੀਆਂ, ਜੋ ਇਕ ਭਿਆਨਕ ਸਮੁੰਦਰ ਨੂੰ ਪਾਰ ਕਰਨ ਵਰਗੀਆਂ ਹਨ, ਤਾਂ ਫਿਰ, ਪ੍ਰਮਾਤਮਾ ਦੀ ਭਗਤੀ, ਇਹਨਾਂ ਦੁੱਖਾਂ ਅਤੇ ਚੁਣੌਤੀਆਂ ਉੱਪਰ ਕਾਬੂ ਪਾਉਣ ਦਾ ਇਕ ਸੱਚਾ ਮਾਰਗ ਹੈ।

53. ਪ੍ਰਮਾਤਮਾ ਤੋਂ ਵਿਛੜ ਕੇ ਮਾਇਆ ਤੋਂ ਪ੍ਰੇਰਿਤ ਹੋ ਕੇ, ਮਨੁੱਖ ਵਿਅਰਥ ਇਧਰ-ਉਧਰ ਭਟਕਦਾ ਹੈ। ਪ੍ਰਮਾਤਮਾ ਦੀ ਮਿਹਰ ਨਾਲ ਮਨੁੱਖ ਦੇ ਮਨ ਵਿਚ ਪ੍ਰਮਾਤਮਾ ਦੇ ਨਾਲ ਸੱਚੇ ਪਿਆਰ ਦੀ ਬਖ਼ਸ਼ਿਸ਼ ਹੁੰਦੀ ਹੈ ਅਤੇ ਇਸਦੇ ਨਤੀਜੇ ਵਜੋਂ, ਪ੍ਰਮਾਤਮਾ ਨਾਲ ਮਿਲਾਪ ਹੁੰਦਾ ਹੈ।

54. ਇਕ ਵਾਰ ਪ੍ਰਮਾਤਮਾ ਨਾਲ ਮਿਲਾਪ ਕਰਕੇ, ਸੇਵਕ ਅੰਦਰ ਕੁਦਰਤੀ ਤੌਰ 'ਤੇ ਹੀ ਅਨੇਕਾਂ ਗੁਣ ਉਤਪੰਨ ਹੋ ਜਾਂਦੇ ਹਨ। ਉਦਾਹਰਨ ਵਜੋਂ ਸੇਵਕ ਨਿਰਭਉ ਹੋ ਜਾਂਦਾ ਹੈ, ਕਿਸੇ ਪ੍ਰਤੀ ਨਫ਼ਰਤ ਦੀ ਭਾਵਨਾ ਨਹੀਂ ਰੱਖਦਾ, ਕੋਈ ਦਵੈਤ ਜਾਂ ਈਰਖਾ ਨਹੀਂ ਰੱਖਦਾ, ਅਤੇ ਚਿੰਤਾ ਮੁਕਤ ਹੋ ਜਾਂਦਾ ਹੈ।

55. ਪ੍ਰਮਾਤਮਾ ਤੋਂ ਵਿਛੜ ਕੇ ਮਨੁੱਖ ਸਵੈ-ਵਿਸ਼ਵਾਸਘਾਤ ਵਿਚ ਰਹਿੰਦਾ ਹੈ ਅਤੇ ਉਸਨੂੰ ਸੱਚ ਸਮਝਦਾ ਰਹਿੰਦਾ ਹੈ ਜੋ ਕਿ ਅਸਲ ਵਿਚ ਝੂਠ ਹੁੰਦਾ ਹੈ।

56. ਪ੍ਰਮਾਤਮਾ ਉਸਨੂੰ ਪਿਆਰਦਾ ਹੈ, ਜੋ ਉਸਨੂੰ ਪਿਆਰ ਕਰਦਾ ਹੈ। ਅਜਿਹਾ ਉਦੋਂ ਹੀ ਹੁੰਦਾ ਹੈ ਜਦੋਂ ਮਨੁੱਖ ਪ੍ਰਮਾਤਮਾ ਨੂੰ ਬਾਕੀ ਸਾਰੀਆਂ ਚੀਜ਼ਾਂ ਤੋਂ ਵੱਧ ਅਹਿਮੀਅਤ ਦਿੰਦਾ ਹੈ। ਪ੍ਰਮਾਤਮਾ ਨਾਲ ਇੱਕ-ਮਿੱਕ ਹੋਣ ਦਾ ਅਹਿਸਾਸ, ਬਾਕੀ ਸਾਰੇ ਅਹਿਸਾਸਾਂ ਜਿੰਨਾਂ ਪਿੱਛੇ ਮਨੁੱਖ ਪ੍ਰਮਾਤਮਾ ਤੋਂ ਵਿਛੜ ਕੇ ਭਟਕਦਾ ਰਹਿੰਦਾ ਹੈ, ਨਾਲੋਂ ਸਭ ਤੋਂ ਉੱਤਮ ਹੁੰਦਾ ਹੈ।

57. ਪ੍ਰਮਾਤਮਾ ਨਾਲ ਸਦੀਵੀ ਰਿਸ਼ਤਾ ਜੁੜ ਜਾਣ ਦੀ ਸਥਿਤੀ ਵਿਚ, ਕੋਈ ਵੀ ਚੀਜ਼, ਸੇਵਕ ਦਾ ਪ੍ਰਮਾਤਮਾ ਪ੍ਰਤੀ ਪਿਆਰ ਨਹੀਂ ਛੁਡਾ ਸਕਦੀ ਅਤੇ ਨਾ ਹੀ ਪ੍ਰਮਾਤਮਾ ਨਾਲੋਂ ਟੁੱਟ ਕੇ, ਹੋਰਨਾਂ ਖੁਸ਼ੀਆਂ ਨੂੰ ਵੱਧ ਮਹੱਤਵ ਦਿਵਾ ਸਕਦਾ ਹੈ।

58. ਪ੍ਰਮਾਤਮਾ ਤੋਂ ਵਿਛੜ ਕੇ ਜਿਊਣਾ ਝੂਠ ਵਿਚ ਜੀਣਾ ਹੈ। ਜੀਵਨ, ਇਕ ਪੰਛੀ ਦੇ ਕਿਸੇ ਦਰਖ਼ੱਤ ਉੱਪਰ ਰੈਣ ਬਸੇਰੇ ਵਾਂਗ ਬਹੁਤ ਹੀ ਛੋਟਾ ਹੈ।

59. ਪ੍ਰਮਾਤਮਾ ਦਾ ਭਗਤ, ਪ੍ਰਮਾਤਮਾ ਨਾਲ ਸਦੀਵੀ ਸਾਂਝ ਦੀ ਕਾਮਨਾ ਕਰਦਾ ਹੈ। ਪ੍ਰਮਾਤਮਾ ਤੋਂ ਵਿਛੋੜਾ, ਭਗਤ ਨੂੰ ਪੂਰੀ ਤਰ੍ਹਾਂ ਇਕੱਲਿਆਂ ਕਰ ਦਿੰਦਾ ਹੈ। ਉਸ ਨੂੰ ਫੇਰ ਤੋਂ, ਰਸਮੀਂ ਤੌਰ 'ਤੇ ਨਹੀਂ, ਬਲਕਿ ਪੂਰੀ ਤਰ੍ਹਾਂ ਦਿਲੋਂ, ਪ੍ਰਮਾਤਮਾ ਨਾਲ ਮੁੜ ਜੁੜਨਾ ਚਾਹੀਦਾ ਹੈ।

60. ਪ੍ਰਮਾਤਮਾ ਨਾਲ ਜੁੜੇ ਮਨੁੱਖ ਨੂੰ ਨੀਵੇਂ ਰੁਤਬੇ ਦਾ ਆਖਣਾ ਸਵੈ-ਧੋਖਾਧੜੀ ਹੈ। ਪ੍ਰਮਾਤਮਾ ਦੇ ਭਗਤ ਪ੍ਰਤੀ, ਸੱਚਾ ਵਤੀਰਾ, ਉਸ ਪ੍ਰਤੀ ਸਤਿਕਾਰ ਅਤੇ ਪ੍ਰਸੰਸਾ ਬਿਆਨ ਕਰਨਾ ਹੁੰਦਾ ਹੈ।

61. ਪ੍ਰਮਾਤਮਾ ਦਾ ਭਗਤ, ਪ੍ਰਮਾਤਮਾ ਦੀ ਓਟ ਅਧੀਨ, ਨੇਕੀ ਭਰਿਆ ਜੀਵਨ ਜਿਊਂਦਾ ਹੈ।

62. ਇਕ ਭਗਤ ਦਾ ਪ੍ਰਮਾਤਮਾ ਦੇ ਨਾਲ ਸਦੀਵੀ ਪਿਆਰ ਵਾਲੇ ਰਿਸ਼ਤੇ ਦਾ ਜੋ ਅਨੁਭਵ ਹੈ, ਇਸ ਦੀ ਵਡਿਆਈ ਕੋਈ ਦੂਸਰਾ ਭਗਤ ਹੀ ਕਰ ਸਕਦਾ ਹੈ। ਕੋਈ ਹੋਰ ਦੂਸਰਾ ਇਸਦੀ ਗਹਿਰਾਈ ਨੂੰ ਮਾਪ ਨਹੀਂ ਸਕਦਾ।

63. ਪ੍ਰਮਾਤਮਾ ਦੇ ਗੁਣਾਂ ਤੇ ਧਿਆਨ ਕੇਂਦਰਿਤ ਕਰਨਾ ਅਤੇ ਫਿਰ ਪ੍ਰਮਾਤਮਾ ਨਾਲ ਭਾਵਨਾਤਮਿਕ ਸਾਂਝ ਸਥਾਪਿਤ ਕਰਨਾ ਹੀ ਜੀਵਨ ਜਿਊਣ ਦਾ ਅਸਲ ਤਰੀਕਾ ਹੈ। ਹੋਰ ਕਿਸੇ ਵੀ ਤਰ੍ਹਾਂ ਨਾਲ ਜੀਉਣਾ ਫਜ਼ੂਲ ਹੈ।

64. ਸਾਰਿਆਂ ਦਾ ਸੰਪੂਰਨ ਸ਼ਾਸਕ, ਬੇਅੰਤ ਗੁਣਾਂ ਵਾਲਾ ਪ੍ਰਮਾਤਮਾ, ਨਿਮਾਣਿਆਂ ਉੱਪਰ ਆਪਣੀ ਪਿਆਰ ਭਰੀ ਮਿਹਰ ਵਰਸਾਉਂਦਾ ਹੈ ਅਤੇ ਪ੍ਰਮਾਤਮਾ ਦੇ ਸਾਹਮਣੇ, ਉਹ ਨਿਮਾਣਾ, ਬਾਕੀ ਸਾਰੇ ਸਰਵ ਉੱਚ ਕਹਾਏ ਜਾਣ ਵਾਲਿਆਂ ਤੋਂ ਉੱਪਰ ਹੈ ਜਿੰਨਾਂ ਦੀ ਪ੍ਰਮਾਤਮਾ ਨਾਲ ਕੋਈ ਸਾਂਝ ਨਹੀਂ ਹੁੰਦੀ ਹੈ। ਮੁਕਤੀ ਦਾਤਾ, ਪ੍ਰਮਾਤਮਾ ਆਪਣੇ ਉਸ ਸੇਵਕ ਦੇ ਮਨ ਵਿਚ ਵੱਸਦਾ ਹੈ, ਜੋ ਸ਼ਾਂਤੀ ਅਤੇ ਪ੍ਰਸੰਨਤਾ ਦਾ ਆਨੰਦ ਮਾਣਦੇ ਹਨ।

65. ਪ੍ਰਮਾਤਮਾ ਦੇ ਸੇਵਕ ਬਾਰੇ ਮਾੜਾ ਬੋਲਣ ਵਾਲਾ ਭਾਵੇਂ ਆਪਣੇ ਕਿੰਨੇ ਹੀ ਪ੍ਰਸੰਸਾ ਯੋਗ ਕੀਤੇ ਕਰਮਾਂ ਦੇ ਦਾਅਵੇ ਕਰੇ, ਕਦੀ ਵੀ ਲੋਕ-ਪ੍ਰਲੋਕ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਨਹੀਂ ਮਾਣ ਸਕਦਾ। ਅਜਿਹਾ ਵਿਅਕਤੀ ਵਾਸਨਾ, ਕ੍ਰੋਧ, ਲਾਲਚ (ਲੋਭ), ਮਾਇਆ ਪ੍ਰਤੀ ਪਿਆਰ, ਹੰਕਾਰ ਅਤੇ ਡਰ ਵਰਗੀਆਂ ਭਾਵਨਾਵਾਂ ਨਾਲ ਗ੍ਰਸਿਆ

ਰਹਿੰਦਾ ਹੈ। ਪ੍ਰਮਾਤਮਾ ਤੋਂ ਵਿਛੜ ਕੇ ਯਕੀਨਨ ਹੀ ਉਹ ਜੀਵਨ ਵਿਚ ਅਸਫਲਤਾ ਦਾ ਦੁੱਖ ਭੋਗੇਗਾ।

66. ਜਿਸ ਤਰੀਕੇ ਨਾਲ ਪ੍ਰਮਾਤਮਾ ਆਪਣੇ ਸੇਵਕ ਦਾ ਸਨਮਾਨ ਕਰਦਾ ਹੈ, ਕੋਈ ਹੋਰ, ਇਸ ਤਰ੍ਹਾਂ ਕਦੀ ਵੀ ਨਹੀਂ ਕਰ ਸਕਦਾ।

67. ਵੱਡੇ ਭਾਗਾਂ ਨਾਲ ਹੀ ਮਨੁੱਖ, ਪ੍ਰਮਾਤਮਾ ਨਾਲ ਸਦੀਵੀ ਅਤੇ ਪਿਆਰ ਭਰੇ ਨਾਤੇ ਵਿਚ ਜੁੜਦਾ ਹੈ। ਫਿਰ ਸਾਰੀਆਂ ਵਿਚਾਰਧਾਰਾਵਾਂ ਅਤੇ ਸ਼ੰਕੇ ਮਿਟ ਜਾਂਦੇ ਹਨ। ਮਨੁੱਖ ਨਿਡਰ ਹੋ ਕੇ ਜੀਵਨ ਜਿਊਂਦਾ ਹੈ ਅਤੇ ਫਿਰ ਮੌਤ ਅਤੇ ਜਨਮ ਦਾ ਚੱਕਰ ਵੀ ਸਮਾਪਤ ਹੋ ਜਾਂਦਾ ਹੈ।

68. ਅਗਰ ਪ੍ਰਮਾਤਮਾ ਕਿਸੇ ਮਨੁੱਖ ਉੱਪਰ, ਉਸਨੂੰ (ਪ੍ਰਮਾਤਮਾ ਨੂੰ) ਪਿਆਰ ਕਰਨ ਦੀ ਬਖ਼ਸ਼ਿਸ਼ ਕਰ ਦਿੰਦਾ ਹੈ, ਤਾਂ ਫਿਰ ਅਜਿਹਾ ਮਨੁੱਖ ਭਾਵੇਂ ਕਿੰਨਾ ਵੀ ਵੱਡਾ ਪਾਪੀ ਕਿਉਂ ਨਾ ਹੋਵੇ, ਪ੍ਰਮਾਤਮਾ ਉਸਨੂੰ ਮੁਕਤੀ ਦਿਵਾਉਂਦਾ ਹੈ ਅਤੇ ਉਸਦਾ ਸਨਮਾਨ ਕਰਦਾ ਹੈ। ਪ੍ਰਮਾਤਮਾ ਨਾਲ ਇਕਮਿੱਕ ਹੋ ਕੇ, ਕੀ ਸਹੀ ਹੈ ਅਤੇ ਕੀ ਨੇਕ ਹੈ—ਬਾਰੇ ਸਾਰੇ ਸ਼ੰਕੇ ਖ਼ਤਮ ਹੋ ਜਾਂਦੇ ਹਨ।

69. ਪ੍ਰਮਾਤਮਾ ਨੂੰ ਸਿਮਰਨ ਵਾਲੇ, ਜੋ ਆਪਣੇ ਪਿਆਰ ਅਤੇ ਸਤਿਕਾਰ ਨਾਲ ਪ੍ਰਮਾਤਮਾ ਨਾਲ ਇਕ-ਮਿੱਕ ਹੋ ਜਾਂਦੇ ਹਨ—ਉਨ੍ਹਾਂ ਸੰਤਾਂ ਭਗਤਾਂ ਦੀ ਸੰਗਤ ਵਿਚ ਰਹਿ ਕੇ ਮਨੁੱਖ ਪ੍ਰਮਾਤਮਾ ਨਾਲ ਜੁੜ ਜਾਂਦਾ ਹੈ।

70. ਗੁਰਮੁਖਾਂ ਦੇ ਪ੍ਰਮਾਤਮਾ ਨਾਲ ਭਾਵਨਾਤਮਿਕ ਨਾਤੇ, ਉਹਨਾਂ ਨੂੰ ਅਜਿਹੀ ਸ਼ਕਤੀ ਪ੍ਰਦਾਨ ਕਰਦੇ ਹਨ, ਜਿਨ੍ਹਾਂ ਨਾਲ ਉਹ ਮਨੁੱਖ ਨੂੰ ਪ੍ਰਮਾਤਮਾ ਨਾਲ ਮਿਲਾਪ ਲਈ ਪਹਿਲ ਕਰਨ ਅਤੇ ਉਸਦੇ ਹੋਰ ਨੇੜੇ ਲਿਜਾਣ ਵਿਚ ਤਬਦੀਲੀ ਕਰ ਦਿੰਦੇ ਹਨ।

71. ਜੇ ਵਾਹਿਗੁਰੂ ਕਿਸੇ ਮਨੁੱਖ ਦਾ ਰਾਖਾ ਹੋਵੇ, ਤਾਂ ਫਿਰ ਕੋਈ ਵੀ ਉਸ ਮਨੁੱਖ ਦਾ ਵਾਲ ਵੀ ਵਿੰਗਾ ਨਹੀਂ ਕਰ ਸਕਦਾ। ਉਸ ਦੇ ਸੇਵਕ ਨੂੰ ਕੋਈ ਸਰੀਰਕ ਕਸ਼ਟ ਭਾਵੇਂ ਪਹੁੰਚ ਜਾਵੇ, ਪਰ ਉਸਦੇ ਮਨ ਨੂੰ ਕੋਈ ਚੋਟ ਨਹੀਂ ਪਹੁੰਚਾ ਸਕਦਾ। ਸੇਵਕ ਦਾ ਪ੍ਰਮਾਤਮਾ ਪ੍ਰਤੀ ਵਿਸ਼ਵਾਸ, ਉਸ ਦੀਆਂ ਨੈਤਿਕ ਕਦਰਾਂ ਕੀਮਤਾਂ, ਉਸਦੀ ਨਿਡਰਤਾ, ਅੰਦਰੂਨੀ ਸ਼ਾਂਤੀ ਅਤੇ ਅੰਦਰੂਨੀ ਪ੍ਰਸੰਨਤਾ ਨੂੰ ਕਦੀ ਵੀ ਨੁਕਸਾਨ ਨਹੀਂ ਪਹੁੰਚਦਾ।

72. ਜੇ ਵਾਹਿਗੁਰੂ ਪ੍ਰੇਰਿਤ ਕਰੇ, ਤਾਂ ਫਿਰ ਉਸ ਮਨੁੱਖ ਨੂੰ ਕੋਈ ਵੀ ਚਿੰਤਾ ਨਹੀਂ ਸਤਾਉਂਦੀ। ਵਾਹਿਗੁਰੂ ਦਾ ਸੇਵਕ ਜੀਵਨ ਦੇ ਦੁਖ-ਸੁਖ ਦਾ ਧੀਰਜ ਨਾਲ ਸਾਹਮਣਾ ਕਰਦਾ ਹੈ।

73. ਜੇ ਵਾਹਿਗੁਰੂ ਕਿਸੇ ਮਨੁੱਖ ਨੂੰ ਆਸਰਾ ਦਿੰਦਾ ਹੈ ਤਾਂ ਫਿਰ ਉਹ ਮਨੁੱਖ ਹਰ ਪ੍ਰਕਾਰ ਦੇ ਦੁੱਖਾਂ ਤੋਂ ਮੁਕਤ ਹੋ ਜਾਂਦਾ ਹੈ।

74. ਜੋ ਮਨੁੱਖ ਸਰਬ-ਸ਼ਕਤੀਮਾਨ, ਸਰਵ-ਵਿਆਪਕ, ਅੰਤਰਜਾਮੀ, ਸਰਬ ਗੁਣਾਂ ਦੇ ਨਿਧਾਨ ਅਕਾਲ ਪੁਰਖ ਵਾਹਿਗੁਰੂ ਦੇ ਸਿਮਰਨ ਵਿਚ ਜੁੜਦਾ ਹੈ, ਉਸ ਨੂੰ ਆਤਮ ਸੰਤੋਖ, ਆਤਮ-ਪ੍ਰਸੰਨਤਾ, ਆਤਮ-ਸ਼ਾਂਤੀ, ਆਤਮ-ਰੱਖਿਆ ਪ੍ਰਾਪਤ ਹੁੰਦੀ ਹੈ।

75. ਪ੍ਰਮਾਤਮਾ ਦੇ ਸਾਰੇ ਜਾਣੇ-ਪਛਾਣੇ ਗੁਣਾਂ ਵਿਚ ਉਸਦੇ ਸੇਵਕ ਨਾਲ ਸੰਬੰਧਿਤ ਗੁਣ ਵੀ ਹੁੰਦਾ ਹੈ, ਉਦਾਹਰਣ ਵਜੋਂ—ਪੂਰਨ ਵਡਿਆਈ ਵਾਲੇ ਵਾਹਿਗੁਰੂ ਨਾਲ ਸੇਵਕ ਦਾ ਸੰਬੰਧਿਤ ਗੁਣ ਹੈ, ਪੂਰਨ ਨਿਮਰਤਾ, ਪੂਰਨ ਨਿਰਥਕਤਾ।

76. ਸੇਵਕ ਦੀ ਵਾਹਿਗੁਰੂ ਨਾਲ ਸੱਚੀ ਭਾਵਨਾ ਜਿੰਨੀ ਅਧਿਕ ਤੀਬਰ ਹੁੰਦੀ ਹੈ, ਉਹ ਸੇਵਕ ਉਨ੍ਹਾਂ ਹੀ ਵਾਹਿਗੁਰੂ ਦੇ ਨਜ਼ਦੀਕ ਹੁੰਦਾ ਹੈ। ਵਾਹਿਗੁਰੂ ਨਾਲ ਸੱਚੀ ਭਾਵਨਾਵਾਂ ਵਿਚ ਪਿਆਰ, ਸਤਿਕਾਰ, ਨਿਮਾਣਾਪਨ, ਸ਼ੁਕਰਾਨਾ, ਦ੍ਰਿੜ੍ਹ ਵਿਸ਼ਵਾਸ, ਭਾਣਾ ਮੰਨਣਾ, ਵਾਹਿਗੁਰੂ ਦੇ ਸਿੱਖ ਬਾਰੇ ਅਚੰਭਿਤ ਹੋਣਾ, ਖਾਹਿਸ਼ਮੰਦ ਹੋਣਾ, ਵਡਿਆਈ ਕਰਨਾ, ਨਤਮਸਤਕ ਹੋਣਾ, ਵਫ਼ਾਦਾਰੀ ਅਤੇ ਉਸਦੀ ਵਡਿਆਈ ਨੂੰ ਸਵੀਕਾਰ ਕਰਨਾ ਆਦਿ ਸਭ ਸ਼ਾਮਿਲ ਹਨ।

77. ਜੇ ਸੇਵਕ ਦੇ ਵਾਹਿਗੁਰੂ ਨਾਲ ਭਾਵਨਾਤਮਿਕ ਰਿਸ਼ਤੇ ਬਹੁਤ ਦ੍ਰਿੜ ਅਤੇ ਬਹੁਤ ਅਧਿਕ ਹਨ, ਤਾਂ ਫਿਰ, ਸੇਵਕ, ਜਾਂ ਤਾਂ ਪ੍ਰਮਾਤਮਾ ਦੇ ਮਿਲਾਪ ਵਿਚ ਹੁੰਦਾ ਹੈ ਜਾਂ ਫਿਰ ਵਾਹਿਗੁਰੂ ਨਾਲ ਮਿਲਾਪ ਦੇ ਕਾਫ਼ੀ ਨਜ਼ਦੀਕ ਹੁੰਦਾ ਹੈ।

78. ਸੇਵਕ ਦਾ ਵਾਹਿਗੁਰੂ ਨਾਲ ਮਿਲਾਪ ਦੋ ਤਰ੍ਹਾਂ ਦਾ ਹੁੰਦਾ ਹੈ। ਇਕ ਸਦੀਵੀ ਅਤੇ ਦੂਸਰਾ ਰੁਕ-ਰੁਕ ਕੇ ਅਤੇ ਵੱਖਰੀ ਤਰ੍ਹਾਂ ਦਾ ਹੁੰਦਾ ਹੈ।

79. ਵਾਹਿਗੁਰੂ ਦਾ ਸੇਵਕ, ਵਾਹਿਗੁਰੂ ਨਾਲ ਗਹਿਰੀ ਅਤੇ ਲਗਾਤਾਰ ਚੱਲਦੀ ਰਹਿਣ ਵਾਲੀ ਨੇੜਤਾ ਲਈ ਬੇਨਤੀ ਕਰਦਾ ਹੈ।

80. ਸਤਿਗੁਰੂ ਦੀਆਂ ਸਿੱਖਿਆਵਾਂ, ਸੇਵਕ ਦੇ ਪ੍ਰਮਾਤਮਾ ਨਾਲ ਤਰਕਸ਼ੀਲ ਅਤੇ ਭਾਵਨਾਤਮਿਕ ਸੰਬੰਧਾਂ ਵਿਚ ਅੱਗੇ ਵੱਧਣ ਦੇ ਕਾਬਿਲ ਬਣਾਉਂਦੀਆਂ ਹਨ ਅਤੇ ਉਸਨੂੰ ਅਣਹੋਂਦ ਤੋਂ ਪੂਰੇ ਖੇੜੇ ਵੱਲ ਲੈ ਜਾਂਦੀਆਂ ਹਨ।

81. ਗੁਰੂ ਦੀਆਂ ਸਿੱਖਿਆਵਾਂ ਦੇ ਤਰਕਸ਼ੀਲ ਪਹਿਲੂਆਂ ਨੂੰ ਉਹਨਾਂ ਸਿੱਖਿਆਵਾਂ ਦੇ ਭਾਵਨਾਤਮਿਕ ਪਹਿਲੂਆਂ ਨੂੰ ਅਨੁਭਵ ਕਰਨ ਨਾਲੋਂ ਕਿਤੇ ਜ਼ਿਆਦਾ ਆਸਾਨ ਹੈ।

82. ਸਤਿਗੁਰੂ ਦਾ ਅਧਿਆਤਮਿਕ ਤੌਰ 'ਤੇ ਉੱਨਤ ਸੇਵਕ ਪੂਰਨ ਗੁਰਮੁਖ, ਆਪਣੇ ਗੁਰੂ ਦੇ ਵਿਚਾਰਾਂ ਅਤੇ ਭਾਵਨਾਵਾਂ ਨਾਲ ਪੂਰੀ ਤਰ੍ਹਾਂ ਜੁੜਿਆ ਹੁੰਦਾ ਹੈ ਅਤੇ ਇੰਝ ਵਾਹਿਗੁਰੂ ਨਾਲ ਵੀ ਪੂਰਨ ਪੂਰੀ ਤਰ੍ਹਾਂ ਜੁੜਿਆ ਹੁੰਦਾ ਹੈ।

83. ਵਾਹਿਗੁਰੂ ਆਪਣੇ ਸੇਵਕ ਦੀ ਬੇਨਤੀ ਸੁਨਣ ਅਤੇ ਉਸਨੂੰ ਪੂਰਾ ਕਰਨ ਦੇ ਸਮਰੱਥ ਹੈ।

84. ਸਤਿਗੁਰੂ ਆਪਣੇ ਸਿੱਖ ਨੂੰ ਵਾਹਿਗੁਰੂ ਦੇ ਗੁਣਾਂ ਤੋਂ ਜਾਣੂ ਕਰਾਉਂਦਾ ਹੈ। ਉਹ ਪ੍ਰਮਾਤਮਾ ਦੀ ਹੋਂਦ ਬਾਰੇ ਆਪਣੇ ਸੇਵਕ ਨੂੰ ਯਕੀਨ ਦਿਲਾਉਂਦਾ ਹੈ। ਉਹ ਪ੍ਰਮਾਤਮਾ ਦੀ ਵਡਿਆਈ ਅੱਗੇ ਮਨੁੱਖਾਂ ਦੀ ਤੁੱਛਦਾ (ਨਿਰਥਕਤਾ) ਬਾਰੇ ਆਪਣੇ ਸੇਵਕ ਨੂੰ ਅਹਿਸਾਸ ਦਿਲਾਉਂਦਾ ਹੈ। ਉਹ ਆਪਣੇ ਸੇਵਕ ਨੂੰ ਪਿਤਾ ਦੇ ਆਸਰੇ, ਸਹਾਰੇ ਅਤੇ ਮਾਰਗ ਦਰਸ਼ਨ ਨੂੰ ਪਾਉਣ ਲਈ ਇਕ ਬੱਚਾ ਬਨਣਾ ਸਿਖਾਉਂਦਾ ਹੈ। ਉਹ ਉਪਰੋਕਤ ਸਾਰੇ ਮਾਮਲਿਆਂ ਉੱਪਰ ਬਾਰ-ਬਾਰ ਜ਼ੋਰ ਦਿੰਦਾ ਹੈ ਤਾਂ ਕਿ ਉਹ ਆਪਣੇ ਸੇਵਕ ਦੇ ਅੰਦਰ ਵਾਹਿਗੁਰੂ ਪ੍ਰਤੀ ਅਜਿਹੇ ਵਿਚਾਰ ਅਤੇ ਭਾਵਨਾਵਾਂ ਵਿਕਸਿਤ ਕਰ ਸਕੇ, ਜਿਸ ਨਾਲ ਉਸਦੇ ਸੇਵਕ ਦੇ ਵਿਅਕਤਿਤਵ ਵਿਚ ਵੀ ਨਿਖਾਰ ਆ ਜਾਵੇ।

85. ਹੇਠ ਲਿਖੀਆਂ ਅਨਮੋਲ ਦਾਤਾਂ ਪ੍ਰਸੰਨਤਾ, ਸੰਤੋਖ, ਸ਼ਾਂਤੀ, ਈਰਖਾ-ਰਹਿਤ, ਸਾਰੀ ਸ੍ਰਿਸ਼ਟੀ ਦੇ ਸ਼ੁਭ ਚਿੰਤਕ ਹੋਣਾ, ਨਿਡਰਤਾ ਅਤੇ ਚਿੰਤਾ-ਮੁਕਤ ਹੋਣਾ-ਆਦਿ ਹਾਸਿਲ ਕਰਨ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਮਨੁੱਖ ਪ੍ਰਮਾਤਮਾ ਦੀ ਹੋਂਦ ਅਤੇ ਸਤਿਗੁਰੂ ਦੇ ਮਾਰਗ ਦਰਸ਼ਨ 'ਤੇ ਪੂਰੀ ਤਰ੍ਹਾਂ ਦਿਲੋਂ ਵਿਸ਼ਵਾਸ ਰੱਖਦਾ ਹੋਵੇ।

86. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ, ਉਹਨਾਂ ਦੇ ਰਚਨਾਕਾਰਾਂ ਦੀ ਵਾਹਿਗੁਰੂ, ਸਤਿਗੁਰੂ ਅਤੇ ਸੰਤਾਂ ਪ੍ਰਤੀ ਪਿਆਰ ਅਤੇ ਸਤਿਕਾਰ ਦੀ ਤੀਬਰਤਾ, ਉਜਾਗਰ ਕਰਦੀਆਂ ਹਨ। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੇਵਕਾਂ ਲਈ ਅਧਿਆਤਮਿਕ ਸਿੱਖਿਆ ਦਾ ਖਜ਼ਾਨਾ ਹੈ।

87. ਸੇਵਕ ਦੇ ਮਨ ਦੀ ਵਾਹਿਗੁਰੂ ਦੇ ਨਾਲ ਸਾਂਝ ਹੋਰ ਵੀ ਆਸਾਨ ਅਤੇ ਸਹਿਜ ਸੁਭਾਵਕ ਹੋ ਜਾਂਦੀ ਹੈ ਜੇ ਇਸ ਸਾਂਝ ਦੇ ਨਾਲ-ਨਾਲ, ਉਸਦੇ ਮਨ ਵਿਚ ਪ੍ਰਸੰਨਤਾ ਅਤੇ ਆਤਮ ਆਨੰਦ ਦੀ ਭਾਵਨਾ ਵੀ ਹੋਵੇ। ਜਦੋਂ ਆਨੰਦ ਦੀ ਪ੍ਰਾਪਤੀ ਰੁਕ ਜਾਂਦੀ ਹੈ ਤਾਂ ਫਿਰ ਸਾਂਝ ਵੀ ਆਪਣੇ ਆਪ ਕੁਦਰਤੀ ਤੌਰ 'ਤੇ ਰੁਕ ਜਾਂਦੀ ਹੈ। ਫਿਰ ਮਨੁੱਖ ਭਾਵੇਂ ਦੁਬਾਰਾ ਵਾਹਿਗੁਰੂ ਨਾਲ ਜੁੜਨ ਦੀ ਕਿੰਨੀ ਵੀ ਕੋਸ਼ਿਸ਼ ਕਰੇ, ਪਰ ਇਹ ਕੁਦਰਤੀ ਸਾਂਝ ਨਾਲੋਂ ਕਿਤੇ ਭਿੰਨ ਹੁੰਦੀ ਹੈ, ਉਹ ਕੁਦਰਤੀ ਸਾਂਝ ਜਿਸ ਵਿਚ ਆਨੰਦ ਅਤੇ ਪ੍ਰਸੰਨਤਾ ਦਾ ਅਨੁਭਵ ਸੁਭਾਵਿਕ ਹੁੰਦਾ ਹੈ।

88. ਕੁਝ ਲੋਕ ਇਹ ਦਾਅਵਾ ਕਰਦੇ ਹਨ ਕਿ ਆਪਣੀ ਇੱਛਾ ਸ਼ਕਤੀ ਜਾਂ ਨਿੱਜੀ ਕੋਸ਼ਿਸ਼ਾਂ, ਜਿਵੇਂ ਉਸਦਾ ਨਾਮ ਧਿਆਉਣਾ ਆਦਿ ਨਾਲ ਹਾਸਿਲ ਕੀਤੀ ਪ੍ਰਮਾਤਮਾ ਨਾਲ ਨੇੜਤਾ, ਆਖਿਰਕਾਰ, ਵਾਹਿਗੁਰੂ ਨਾਲ ਕੁਦਰਤੀ, ਸੁਭਾਵਿਕ ਸਾਂਝ ਵੱਲ ਲੈ ਜਾਂਦੀ ਹੈ ਅਤੇ ਆਤਮਿਕ ਆਨੰਦ ਦਾ ਅਨੁਭਵ ਕਰਾਉਂਦੀ ਹੈ। ਇਹ ਇਕ ਅਜਿਹਾ ਦ੍ਰਿਸ਼ਟੀਕੋਣ ਹੈ ਜਿਸਨੂੰ ਕਿ ਕੇਵਲ ਇਸਦਾ ਅਭਿਆਸ ਕਰਨ ਵਾਲੇ ਅਭਿਆਸੀਆਂ ਤੋਂ ਕੇਵਲ ਪ੍ਰਮਾਣਿਕ ਤੌਰ 'ਤੇ ਪ੍ਰਮਾਣਿਤ ਕੀਤਾ ਜਾ ਸਕਦਾ ਹੈ।

89. ਉਪਰੋਕਤ ਕੀਤੇ ਦਾਅਵੇ ਦਾ ਵਿਰੋਧਾਭਾਸੀ ਨਜ਼ਰੀਆ ਇਹ ਹੈ ਕਿ ਵਾਹਿਗੁਰੂ ਨਾਲ

ਮਨਮਾਨਿਤ ਜੁੜਾਉ ਸਿਰਫ ਇਸ ਅਲਗਾਵ ਨੂੰ ਪ੍ਰਬਲਿਤ ਕਰਦਾ ਹੈ ਜੋ ਇਸ ਯਤਨ ਦਾ ਅਭਿੰਨ ਅੰਗ ਹੈ। ਕੋਸ਼ਿਸ਼ ਤੋਂ ਬਿਨਾਂ ਵਾਹਿਗੁਰੂ ਨਾਲ ਲਗਾਉ ਵਿਚ ਅਟਕਾਵ (ਰੁਕਾਵਟ) ਜ਼ਰੂਰ ਆਉਂਦਾ ਹੈ ਅਤੇ ਵਾਹਿਗੁਰੂ ਦਾ ਸਿਰਫ਼ ਨਾਮ ਹੀ ਜਪਣਾ— ਫਜ਼ੂਲ ਅਭਿਆਸ ਹੈ। ਉਦਾਹਰਣ ਵਜੋਂ, ਜੇ ਦੋ ਵਿਅਕਤੀਆਂ ਦੇ ਵਿਚ ਕੋਈ ਆਪਸੀ ਸਨਮਾਨ, ਆਪਸੀ ਪ੍ਰੇਮ, ਆਪਸੀ ਪਿਆਰ, ਆਪਸੀ ਸਤਿਕਾਰ, ਆਪਸੀ ਵਿਸ਼ਵਾਸ/ਭਰੋਸਾ ਅਤੇ ਆਪਸੀ ਇਮਾਨਦਾਰੀ ਨਹੀਂ ਹੈ, ਤਾਂ ਫਿਰ ਉਸ ਵਿਅਕਤੀ ਦਾ ਨਾਮ ਰਟਦੇ ਰਹਿਣਾ ਵਿਅਰਥ ਹੈ। ਠੀਕ ਇਸੇ ਤਰ੍ਹਾਂ, ਗੁਰੂ ਦੇ ਸੇਵਕ ਨੂੰ ਸਭ ਤੋਂ ਪਹਿਲਾਂ ਆਪਣੇ ਮਨ ਅੰਦਰ, ਆਪਦੇ ਗੁਰੂ ਅਤੇ ਵਾਹਿਗੁਰੂ ਪ੍ਰਤੀ ਸਤਿਕਾਰ, ਸ਼ਰਧਾ, ਪਿਆਰ, ਵਿਸ਼ਵਾਸ ਅਤੇ ਭਰੋਸੇ ਦੀ ਭਾਵਨਾ ਉਤਪੰਨ ਕਰਨੀ ਪਵੇਗੀ। ਕੇਵਲ ਤਦ ਹੀ ਇਕ ਸੇਵਕ ਆਪਣੇ ਗੁਰੂ ਅਤੇ ਵਾਹਿਗੁਰੂ ਪ੍ਰਤੀ ਆਪਸੀ ਪ੍ਰੇਮ ਅਤੇ ਪਿਆਰ ਦਾ ਨਾਤਾ ਰੱਖਣ ਦੀ ਆਸ ਕਰ ਸਕਦਾ ਹੈ।

90. ਗੁਰਬਾਣੀ ਤੋਂ ਸਿੱਖਿਆ ਲੈਣੀ ਅਤੇ ਫਿਰ ਵਾਹਿਗੁਰੂ ਨੂੰ ਧਿਆਉਣਾ ਅਤੇ ਉਸਦਾ ਨਾਮ ਜਪਣਾ—ਹੀ ਪ੍ਰਮਾਤਮਾ ਨਾਲ ਦਿਲੀ ਸਾਂਝ ਪਾਉਣ ਅਤੇ ਫਿਰ ਆਖਿਰਕਾਰ, ਮਨ ਦੀ ਸਹਿਜ ਅਵੱਸਥਾ ਨੂੰ ਅਨੁਭਵ ਕਰਨ ਵਿਚ ਸਫ਼ਲਤਾ ਪਾਉਣ ਦਾ ਇੱਕੋ-ਇਕ ਮਾਰਗ ਹੈ।

91. ਪ੍ਰਮਾਤਮਾ, ਦਿਵ ਸ਼ਕਤੀ ਅਤੇ ਦਿਵ ਸੁੰਦਰਤਾ (ਜਲਾਲ ਅਤੇ ਜਮਾਲ) ਦਾ ਸਾਰੰਸ਼ (ਸਾਰ) ਹੈ।

92. ਜੇ ਗੁਰਸਿੱਖ ਆਪਣੇ ਗੁਰੂ ਅਤੇ ਗੁਰੂ ਦੀਆਂ ਸਿੱਖਿਆਵਾਂ ਵਿਚ ਪੂਰੀ ਭਾਵਨਾ ਨਾਲ ਜੁੜਦਾ ਹੈ ਅਤੇ ਗੁਰੂ ਦੀਆਂ ਸਿੱਖਿਆਵਾਂ ਦੀ ਸਹੀ ਸਮਝ ਰੱਖਦਾ ਹੈ, ਤਾਂ ਫਿਰ ਉਸ ਸੇਵਕ ਨੂੰ ਗੁਰੂ ਅਤੇ ਵਾਹਿਗੁਰੂ ਦੀ ਮਹਾਨਤਾ ਦੀ ਸੂਝ ਪ੍ਰਾਪਤ ਹੁੰਦੀ ਹੈ।

93. ਸਤਿਗੁਰੂ ਦੀਆਂ ਸਿੱਖਿਆਵਾਂ ਪ੍ਰਤੀ ਸ਼ਰਧਾ ਅਤੇ ਸਮਝ ਆਖਿਰਕਾਰ, ਗੁਰੂ ਅਤੇ ਵਾਹਿਗੁਰੂ ਨਾਲ ਸੁਭਾਵਕ ਸਾਂਝ (ਮਿਲਾਪ) ਵੱਲ ਲੈ ਜਾਂਦੇ ਹਨ। ਗੁਰਬਾਣੀ ਅਨੁਸਾਰ, ਅਜਿਹੀ ਜਾਗਰੁਕ ਅਵੱਸਥਾ ਹੀ ਸਹਿਜ ਅਵੱਸਥਾ ਹੈ।

94. ਵਾਹਿਗੁਰੂ ਨਾਲ ਨਿਰੰਤਰ ਪਿਆਰ ਅਤੇ ਸਤਿਕਾਰ ਭਰੀ ਸਾਂਝ ਇਕ ਸਰਲ ਕਾਰਜ ਹੋਣਾ ਚਾਹੀਦਾ ਹੈ। ਜੇ ਕੋਈ ਵਿਅਕਤੀ, ਇਸ ਸੱਚਾਈ ਨੂੰ ਸਵੀਕਾਰਦਾ ਹੈ ਕਿ ਵਾਹਿਗੁਰੂ ਹੀ ਹਰ ਤਰ੍ਹਾਂ ਨਾਲ ਆਪਣੀ ਸਾਰੀ ਰਚਨਾ ਦੀ ਸੰਭਾਲ ਕਰਦਾ ਹੈ, ਅਤੇ ਉਸਦੀ ਸਾਰੀ ਰਚਨਾ, ਪੂਰੀ ਤਰ੍ਹਾਂ ਉਸਦੇ ਹੁਕਮਾਂ ਅਨੁਸਾਰ ਹੀ ਚੱਲਦੀ ਹੈ, ਤਾਂ ਫਿਰ ਵਾਹਿਗੁਰੂ ਨਾਲ ਸਾਂਝ ਪਾਉਣਾ, ਇਕ ਆਸਾਨ ਕਾਰਜ ਕਿਉਂ ਨਹੀਂ ਹੈ? ਇਸਦਾ ਉੱਤਰ ਹੈ ਕਿ ਮਨੁੱਖ ਦੀ ਸਰੀਰਕ ਅਤੇ ਮਾਨਸਿਕ ਪਰਸਥਿਤੀਆਂ ਵਿਚ ਉਤਪੰਨ ਭਿੰਨ-ਭਿੰਨ ਰੁਕਾਵਟਾਂ (ਅੜਚਨਾਂ) ਮਨੁੱਖ ਨੂੰ ਵਾਹਿਗੁਰੂ ਨਾਲ ਆਸਾਨੀ ਨਾਲ ਸਾਂਝ

ਪਾਉਣ ਤੋਂ ਰੋਕਦੀਆਂ ਹਨ।

95. ਉਹ ਰੁਕਾਵਟਾਂ, ਜੋ ਵਿਅਕਤੀ ਨੂੰ ਆਸਾਨੀ ਨਾਲ ਪ੍ਰਮਾਤਮਾ ਨਾਲ ਜੁੜਨ ਤੋਂ ਰੋਕਦੀਆਂ ਹਨ, ਉਹਨਾਂ ਉੱਪਰ ਕਾਬੂ ਪਾਉਣ ਲਈ ਗੁਰੂ ਅਤੇ ਵਾਹਿਗੁਰੂ ਨਾਲ ਭਾਵਨਾਤਮਿਕ ਸਾਂਝ ਸਥਾਪਿਤ ਕਰਨ ਲਈ ਗੁਰੂ ਅਤੇ ਵਾਹਿਗੁਰੂ ਪ੍ਰਤੀ ਭਾਵਪੂਰਨ ਸ਼ਰਧਾ ਦੇ ਨਾਲ-ਨਾਲ, ਸਤਿਗੁਰੂ ਦੇ ਗਿਆਨ ਦੀ ਸਹਾਇਤਾ ਅਤੇ ਰਹਿਨੁਮਾਈ (ਮਾਰਗ-ਦਰਸ਼ਨ) ਦੀ ਲੋੜ ਹੁੰਦੀ ਹੈ।

96. ਸਿੱਖਾਂ ਦਾ ਨਿਤਨੇਮ, ਅੰਮ੍ਰਿਤ ਵੇਲੇ ਅਤੇ ਸ਼ਾਮ ਦੀਆਂ ਅਰਦਾਸਾਂ ਦੀ ਮਹੱਤਤਾ ਇਸ ਪ੍ਰਕਾਰ ਹੈ, ਗੁਰੂ ਦੇ ਉਪਦੇਸ਼ ਨਾਲ ਮਨ ਦੀ ਭਾਵਨਾ ਨਾਲ ਵਾਹਿਗੁਰੂ ਦੀ ਵਡਿਆਈ ਤੇ ਸਿਮਰਨ ਕਰੀਦਾ ਹੈ। ਵਾਹਿਗੁਰੂ ਪ੍ਰਤੀ ਅਲੱਗ ਅਲੱਗ ਪ੍ਰਕਾਰ ਦੇ ਵਿਚਾਰ ਅਤੇ ਭਾਵਨਾਵਾਂ ਜੇ ਕੋਈ ਸਿੱਖ ਪੂਰੀ ਤਰ੍ਹਾਂ ਸੋਚ ਸਮਝ ਕੇ ਅਤੇ ਸ਼ਰਧਾ ਨਾਲ ਉਹ ਨਿਰਧਾਰਿਤ ਅਰਦਾਸਾਂ ਕਰਦਾ ਹੈ, ਤਾਂ ਫਿਰ ਸਮਾਂ ਪਾ ਕੇ ਸਤਿਗੁਰੂ ਦੇ ਵਾਹਿਗੁਰੂ ਪ੍ਰਤੀ ਵਿਚਾਰ ਅਤੇ ਭਾਵਨਾਵਾਂ, ਸੇਵਕ ਦੇ ਆਪਣੇ ਵਿਚਾਰ ਅਤੇ ਭਾਵਨਾਵਾਂ ਬਣ ਜਾਂਦੇ ਹਨ। ਨਿਰਧਾਰਿਤ ਅਰਦਾਸਾਂ ਕਰਨ ਦਾ ਨਤੀਜਾ ਇਹ ਨਿਕਲਦਾ ਹੈ ਕਿ ਗੁਰੂ ਦਾ ਸੇਵਕ ਵਾਹਿਗੁਰੂ ਦੇ ਵਿਅੱਕਤਿੱਤਵ ਤੋਂ ਜਾਣੂ ਹੋ ਜਾਂਦਾ ਹੈ ਅਤੇ ਇੰਜ ਪ੍ਰਮਾਤਮਾ ਨਾਲ ਨੇੜਤਾ ਦਾ ਅਨੁਭਵ ਪ੍ਰਾਪਤ ਕਰਦਾ ਹੈ।

97. ਇਹ ਗੱਲ ਧਿਆਨ ਰੱਖਣ ਯੋਗ ਹੈ ਕਿ ਨਿਰਧਾਰਿਤ ਸੱਤ ਅਰਦਾਸਾਂ, ਗੁਰੂ ਦੇ ਸਿੱਖ ਨੂੰ ਉਹੀ ਸਾਰੇ ਸਿਧਾਂਤ ਸਿਖਾਉਂਦੀਆਂ ਹਨ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਕੀ ਉਪਦੇਸ਼ਾਂ ਵਿਚ ਸਿਖਾਈਆਂ ਜਾਂਦੀਆਂ ਹਨ।

98. ਸਿੱਖ ਧਰਮ ਵਿਚ 'ਵਾਹਿਗੁਰੂ' ਸ਼ਬਦ ਦਾ ਖਾਸ ਸਥਾਨ ਹੈ। ਇਸਦੀ ਵਿਆਖਿਆ ਇਸ ਪ੍ਰਕਾਰ ਹੈ; ਵਾਹਿਗੁਰੂ ਦੇ ਅਨੇਕਾਂ ਗੁਣਾਂ ਵਿਚੋਂ, ਉਸਦਾ ਇਕ ਗੁਣ ਇਹ ਹੈ ਕਿ ਉਹ ਗੁਰੂ ਹੈ, ਆਪਣੇ ਬਾਰੇ ਅਗਿਆਨਤਾ ਨੂੰ ਦੂਰ ਕਰਨ ਵਾਲਾ ਹੈ। ਉਹ ਸਤਿਗੁਰੂ ਦੇ ਬ੍ਰਹਮ ਗਿਆਨ ਦੇ ਜ਼ਰੀਏ (ਦੁਆਰਾ) ਵਿਅਕਤੀ ਦੇ ਮਨ ਵਿਚੋਂ ਅਗਿਆਨਤਾ ਨੂੰ ਦੂਰ ਕਰਦਾ ਹੈ।

99. ਪ੍ਰਮਾਤਮਾ ਨੂੰ ਧਿਆਉਣ ਜਾਂ ਉਸ ਨਾਲ ਜੁੜਨ ਲਈ ਸਿੱਖਾਂ ਵੱਲੋਂ ਵਰਤਿਆ ਜਾਂਦਾ, ਇਕ ਬਹੁਤ ਹੀ ਲਾਹੇਵੰਦ ਸ਼ਬਦ ਹੈ— ਵਾਹਿਗੁਰੂ ਅਤੇ ਸਤਿਨਾਮ, ਸਤਿਨਾਮ ਦਾ ਅਰਥ ਹੈ : ਉਹ ਜੋ ਸਦੀਵੀ ਹੈ।

100. ਸਤਿਗੁਰੂ ਦਾ ਉਹ ਸਿੱਖ, ਜਿਸਨੇ ਅਜੇ ਵਧੇਰੇ ਅਧਿਆਤਮਿਕ ਪ੍ਰਗਤੀ ਹਾਸਿਲ ਨਹੀਂ ਕੀਤੀ ਹੁੰਦੀ ਹੈ, ਉਸਦਾ ਮਨ, ਪ੍ਰਮਾਤਮਾ ਨਾਲ ਜ਼ਬਰਨ ਸਾਂਝ ਅਤੇ ਸੁਭਾਵਿਕ ਸਾਂਝ ਵਿਚਕਾਰ ਬਦਲਦਾ ਰਹਿੰਦਾ ਹੈ। ਵਾਹਿਗੁਰੂ ਨਾਲ ਜ਼ਬਰਨ ਸਾਂਝ ਉਦੋਂ ਹੁੰਦੀ ਹੈ ਜਦੋਂ ਸੇਵਕ ਜ਼ੁਬਾਨੀ ਅਤੇ ਸੁਚੇਤ ਅਵੱਸਥਾ ਵਿਚ ਕੋਸ਼ਿਸ਼ ਕਰਦਾ ਹੈ। ਵਾਹਿਗੁਰੂ ਨਾਲ

ਸੁਭਾਵਿਕ ਸਾਂਝ ਉਦੋਂ ਹੁੰਦੀ ਹੈ, ਜਦੋਂ ਸਤਿਗੁਰੂ ਦਾ ਸਿੱਖ, ਸੁੱਤੇ ਸਿਧ, ਬਿਨਾਂ ਸੁਚੇਤ ਮਨ ਤੋਂ, ਸੁਭਾਵਿਕ ਰੂਪ ਵਿਚ ਸਾਂਝ ਦਾ ਅਨੁਭਵ ਕਰਦਾ ਹੈ।

101. ਜਾਗਰੁਕਤਾ ਦੀ ਸਹਿਜ ਅਵੱਸਥਾ ਵਿਚ ਜਦੋਂ ਮਨ ਸੁੱਤੇ ਸਿਧ ਅਤੇ ਸੁਭਾਵਿਕ ਰੂਪ ਵਿਚ ਸਤਿਗੁਰੂ ਅਤੇ ਵਾਹਿਗੁਰੂ ਨਾਲ ਜੁੜਦਾ ਹੈ—ਸਤਿਗੁਰੂ ਦਾ ਸਿੱਖ ਗੁਰੂ ਦੇ ਬ੍ਰਹਮ ਗਿਆਨ ਦਾ ਹੋਰ ਗਹਿਰਾਈ ਨਾਲ ਅਨੁਭਵ ਕਰਦਾ ਹੈ।

102. ਸਤਿਗੁਰੂ ਦੇ ਬ੍ਰਹਮ ਗਿਆਨ ਦੇ ਰੂਹਾਨੀ ਸ਼ਬਦ, ਸੇਵਕ ਦੇ ਅੰਦਰ ਮਨ ਦੀਆਂ ਭਾਵਨਾਵਾਂ ਨੂੰ ਹਿਲਾ ਦਿੰਦੇ ਹਨ। ਇਹ ਭਾਵਨਾਵਾਂ, ਉਦੋਂ ਹੋਰ ਵੀ ਜ਼ਿਆਦਾ ਗਹਿਰਾਈ ਨਾਲ ਮਹਿਸੂਸ ਹੁੰਦੀਆਂ ਹਨ ਜਦੋਂ ਕੋਈ ਨਿਪੁੰਨ ਕੀਰਤਨੀਆਂ, ਕੀਰਤਨ ਕਰ ਰਿਹਾ ਹੁੰਦਾ ਹੈ।

103. ਜੇਕਰ ਕੋਈ ਗੁਰੂ ਦਾ ਸਿੱਖ, ਵਾਹਿਗੁਰੂ ਪ੍ਰਤੀ ਗਹਿਰੀ ਨਿਮਰਤਾ ਦਾ ਅਨੁਭਵ ਕਰਦਾ ਹੈ ਅਤੇ ਵਾਹਿਗੁਰੂ ਦੀ ਸ਼ਰਨ ਵਿਚ ਪੂਰੀ ਤਰ੍ਹਾਂ ਆਪਣਾ ਆਪ ਸਮਰਪਣ ਕਰ ਦਿੰਦਾ ਹੈ, ਫਿਰ ਵਾਹਿਗੁਰੂ ਸਾਫ਼ ਤੌਰ 'ਤੇ ਉਸ ਸੇਵਕ ਦੇ ਮਨ ਅੰਦਰ ਹਾਜ਼ਰ ਹੁੰਦਾ ਹੈ।

104. ਗੁਰੂ ਦਾ ਸਿੱਖ ਜੇ ਗੁਰਬਾਣੀ ਵਿਚ ਪ੍ਰਗਟਾਈਆਂ ਭਾਵਨਾਵਾਂ ਨੂੰ ਮਹਿਸੂਸ ਕਰਨ ਲੱਗਦਾ ਹੈ, ਫਿਰ ਸਮਾਂ ਪਾ ਕੇ, ਇਹ ਅਨੁਭਵ, ਸਿੱਖ ਦੀ ਵਾਹਿਗੁਰੂ ਪ੍ਰਤੀ ਸਮਰਪਿਤ ਜਾਗਰੁਕਤਾ ਵਿਚ ਵਿਕਸਿਤ ਹੋਣ ਲੱਗਦਾ ਹੈ।

105. ਸਤਿਗੁਰੂ ਦਾ ਸਿੱਖ ਗੁਰੂ ਅਤੇ ਵਾਹਿਗੁਰੂ ਦੀ ਸਹਾਇਤਾ ਲੈ ਕੇ, ਵਾਹਿਗੁਰੂ ਪ੍ਰਤੀ ਆਪਣੀ ਭਗਤੀ ਦੀ ਗੁਣਵੱਤਾ ਵਿਚ ਵਾਧਾ ਕਰ ਸਕਦਾ ਹੈ।

106. ਸਤਿਗੁਰੂ, ਆਪਣੇ ਸਿੱਖ ਨੂੰ ਦ੍ਰਿੜ੍ਹਤਾ ਨਾਲ ਇਹ ਵਿਸ਼ਵਾਸ ਕਰਨ ਅਤੇ ਸਵੀਕਾਰ ਕਰਨ ਲਈ ਪ੍ਰੇਰਿਤ ਕਰਦਾ ਹੈ, ਕਿ ਪ੍ਰਮਾਤਮਾ ਸਰਬ-ਵਿਆਪਕ ਹੈ, ਸਭ ਉਸਦੀ ਰਜ਼ਾ ਨਾਲ ਵਾਪਰਦਾ ਹੈ, ਉਹੋ ਹੀ ਆਪਣੇ ਸਿੱਖ ਨੂੰ ਸ਼ਾਂਤੀ ਅਤੇ ਪ੍ਰਸੰਨਤਾ ਨਾਲ ਨਿਵਾਜ਼ਦਾ ਹੈ; ਆਪਣੇ ਸਿੱਖ ਨੂੰ ਹਰੇਕ ਤਰ੍ਹਾਂ ਦੇ ਡਰਾਂ (ਭੈਆਂ) ਤੋਂ ਮੁਕਤ ਕਰਦਾ ਹੈ, ਸਾਰੀਆਂ ਮੁਸੀਬਤਾਂ ਤੋਂ ਉਸਦੀ ਰੱਖਿਆ ਕਰਦਾ ਹੈ ਅਤੇ ਆਪਣੇ ਸੇਵਕ ਦੀਆਂ ਸਾਰੀਆਂ ਚਿੰਤਾਵਾਂ ਦੂਰ ਕਰਦਾ ਹੈ।

107. ਸਤਿਗੁਰੂ ਆਪਣੇ ਸਿੱਖ ਨੂੰ ਵਾਹਿਗੁਰੂ ਉੱਪਰ ਅਟੁੱਟ ਵਿਸ਼ਵਾਸ ਰੱਖਣ ਲਈ ਪ੍ਰੇਰਿਤ ਕਰਦਾ ਹੈ। ਸਤਿਗੁਰੂ ਆਪਣੇ ਸਿੱਖ ਲਈ ਇਹ ਯਕੀਨੀ ਬਣਾਉਂਦਾ ਹੈ: ਨੇਕ ਕਰਮਾਂ ਵਿਚ ਸਫਲਤਾ, ਦੁਸ਼ਮਨਾਂ ਤੋਂ ਸੁਰੱਖਿਆ, ਉਸਦੇ ਸਨਮਾਨ ਦੀ ਰੱਖਿਆ, ਸ਼ਕਤੀਸ਼ਾਲੀ ਸ਼ਾਸਕਾਂ ਉੱਪਰ ਸਰਵਉੱਚਤਾ ਅਤੇ ਵਾਹਿਗੁਰੂ ਦੀ ਬੰਦਗੀ ਕਰਨ ਨਾਲ ਅੰਮ੍ਰਿਤਮਈ ਆਨੰਦ ਦਾ ਅਨੁਭਵ।

108. ਸਤਿਗੁਰੂ, ਆਪਣੇ ਸਿੱਖ ਨੂੰ ਕਿਸੇ ਵੀ ਤਰ੍ਹਾਂ ਦੇ ਭੈਅ ਤੋਂ ਮੁਕਤ ਹੋ ਕੇ ਵਾਹਿਗੁਰੂ ਦੀ

ਭਗਤੀ ਕਰਨ, ਸਾਧਸੰਗਤ-ਭਗਤ ਜਨਾਂ ਦਾ ਸੰਗ ਕਰਨ ਅਤੇ ਉਹਨਾਂ ਦੇ ਨਾਲ ਰਹਿਣ, ਵਾਹਿਗੁਰੂ ਦੀ ਓਟ ਅਤੇ ਆਸਰੇ ਦਾ ਆਨੰਦ ਮਾਨਣ ਦੀ ਦਾਤ ਬਖਸ਼ਦਾ ਹੈ।

109. ਵਾਹਿਗੁਰੂ ਅੰਤਰਜਾਮੀ ਅਤੇ ਪਾਲਣਹਾਰ ਹੈ।

110. ਸਤਿਗੁਰੂ ਆਪਣੇ ਸਿੱਖ ਨੂੰ ਵਾਹਿਗੁਰੂ ਦੇ ਇਸ ਗੁਣ ਪ੍ਰਤੀ ਜਾਗਰੁਕ ਹੋਣ ਦੀ ਸਲਾਹ ਦਿੰਦਾ ਹੈ, ਕਿਉਂਕਿ, ਇਹ ਜਾਗਰੁਕਤਾ, ਉਸਦੇ ਮਨ ਅੰਦਰ ਚੜ੍ਹਦੀ ਕਲਾ ਭਰ ਦਿੰਦੀ ਹੈ।

111. ਗੁਰੂ ਦੀ ਸਿੱਖਿਆ ਰਾਹੀਂ ਵਾਹਿਗੁਰੂ ਦੀ ਬੰਦਗੀ ਸਿੱਖ ਨੂੰ ਗੁਣੀ ਪੁਰਸ਼ ਬਣਾ ਦਿੰਦੀ ਹੈ।

112. ਸਤਿਗੁਰੂ ਦੁਆਰਾ, ਸੇਵਕ ਦੇ ਮਨ ਵਿਚ ਪੈਦਾ ਕੀਤੀ, ਵਾਹਿਗੁਰੂ ਪ੍ਰਤੀ ਸ਼ਰਧਾ ਦੀ ਭਾਵਨਾ, ਸੇਵਕ ਦੇ ਮਨ ਵਿਚ ਕਈ ਤਰ੍ਹਾਂ ਦੀਆਂ ਗਹਿਰੀਆਂ ਭਾਵਨਾਵਾਂ ਉਤਪੰਨ ਕਰਦੀ ਹੈ। ਇਹ ਭਾਵਨਾਵਾਂ ਵਾਹਿਗੁਰੂ ਅਤੇ ਉਸਦੇ ਸੇਵਕ ਦੇ ਵਿਚਕਾਰ ਇਕ ਬੜੇ ਸ਼ਕਤੀਸ਼ਾਲੀ ਨਾਤੇ ਵਜੋਂ ਕੰਮ ਕਰਦੀਆਂ ਹਨ।

113. ਫਿਰ ਵਾਹਿਗੁਰੂ ਨਾਲ ਸਾਂਝ, ਹੈਰਾਨੀਜਨਕ ਹੱਦ ਤੱਕ ਆਸਾਨ ਹੁੰਦੀ ਹੈ। ਫਿਰ ਆਪਣੀ ਕੋਈ ਵਿਚਾਰਧਾਰਾ ਨਹੀਂ ਰਹਿੰਦੀ। ਪ੍ਰਮਾਤਮਾ ਨਾਲ ਜੁੜਨ ਲਈ ਕਿਸੇ ਕੋਸ਼ਿਸ਼ ਦੀ ਲੋੜ ਨਹੀਂ ਹੁੰਦੀ। ਮਨ, ਸੁੱਤੇ ਸਿਧ ਹੀ ਵਾਹਿਗੁਰੂ ਨਾਲ ਜੁੜ ਜਾਂਦਾ ਹੈ।

114. ਵਾਹਿਗੁਰੂ ਆਪਣੀ ਇਸ ਸ੍ਰਿਸ਼ਟੀ ਰਚਨਾ ਦਾ ਰਚਨਹਾਰ, ਪਾਲਣਹਾਰ ਅਤੇ ਨਾਸ਼ਕ ਹੀ ਨਹੀਂ ਹੈ, ਸਤਿਗੁਰੂ ਦੀ ਸਲਾਹ ਤੇ ਚੱਲ ਕੇ, ਉਹ ਸਭ ਤੋਂ ਪਿਆਰਾ ਮਿੱਤਰ ਵੀ ਬਣ ਸਕਦਾ ਹੈ।

115. ਵਾਹਿਗੁਰੂ, ਆਪਣੀ ਰਚਨਾ ਦੇ ਛੋਟੇ ਤੋਂ ਛੋਟੇ ਸਰੂਪ ਵਿਚ ਵੀ ਪ੍ਰਗਟ ਹੁੰਦਾ ਹੈ। ਉਸਦਾ ਨਿਮਾਣਾ ਸੇਵਕ ਉਸ ਦੇ ਸਾਫ਼-ਸਾਫ਼ ਆਪਣੇ ਸਾਹਮਣੇ ਦਰਸ਼ਨ ਕਰ ਸਕਦਾ ਹੈ।

116. ਵਾਹਿਗੁਰੂ ਦਾ ਭਾਣਾ ਉਸ ਪ੍ਰਤੀ ਨਤਮਸਤਕ ਹੋਣ ਦਾ ਬਲ ਬਖਸ਼ਦਾ ਹੈ।

117. ਵਾਹਿਗੁਰੂ ਅੱਗੇ ਸੰਪੂਰਨ ਨਿਮਰਤਾ ਨਾਲ ਸਿਰ ਝੁਕਾਉਣਾ ਸੇਵਕ ਨੂੰ ਬਹੁਤ ਮਾਣ, ਬਹੁਤ ਅਧਿੱਕ ਸੰਪੂਰਨਤਾ, ਉਸ ਪ੍ਰਤੀ (ਪ੍ਰਮਾਤਮਾ ਪ੍ਰਤੀ) ਧੰਨਵਾਦੀ ਹੋਣ, ਵੱਡਭਾਗੀ ਹੋਣ, ਵਾਹਿਗੁਰੂ ਦੀ ਅਤਿ ਕ੍ਰਿਪਾ ਪ੍ਰਾਪਤੀ, ਵਾਹਿਗੁਰੂ ਨਾਲ ਮਨ ਦਾ ਸੁਭਾਵਿਕ ਲਗਾਉ, ਸੰਪੂਰਨ ਅਰਜੋਈਆਂ ਅਤੇ ਬਹੁਤ ਅਧਿਕ ਨਿਰਸਵਾਰਥ ਦੀ ਭਾਵਨਾ ਪ੍ਰਦਾਨ ਕਰਦਾ ਹੈ। ਇਸ ਲਈ ਸੇਵਕ ਬਾਰ-ਬਾਰ ਵਾਹਿਗੁਰੂ ਅੱਗੇ ਸੀਸ ਨਿਵਾਉਂਦਾ ਹੈ ਅਤੇ ਫਿਰ ਉਸ ਦਾ ਫਲ ਭੋਗਦਾ ਹੈ।

118. ਸਤਿਗੁਰੂ ਦਾ ਹਰੇਕ ਉਪਦੇਸ਼ ਸਿੱਖ ਦੇ ਮਨ ਨੂੰ ਵਾਹਿਗੁਰੂ ਦੀ ਬੰਦਗੀ ਨਾਲ ਜੋੜਦਾ ਹੈ।

119. ਸਤਿਗੁਰੂ ਦੇ ਸਿੱਖਾਂ ਤੋਂ ਇਲਾਵਾ, ਬਾਕੀ ਸਾਰੇ ਵਾਹਿਗੁਰੂ ਤੋਂ ਵਿਛੜੇ ਹੋਏ ਹਨ।

120. ਪ੍ਰਮਾਤਮਾ ਪੂਰਨ ਤੌਰ 'ਤੇ ਅਸਚਰਜ-ਜਨਕ ਹੈ। ਕੋਈ ਵੀ ਮਨੁੱਖ ਜੋ ਇਸ ਗੱਲ ਤੇ ਯਕੀਨ ਕਰਦਾ ਹੈ ਅਤੇ ਇਸਦੀ ਸਦੀਵੀ ਸੱਚਾਈ ਨੂੰ ਮੰਨਦਾ ਹੈ, ਉਹ ਭਾਗਾਂ ਵਾਲਾ ਹੈ।

121. ਗੁਰੂ ਦਾ ਗਿਆਨ, ਵੱਖ-ਵੱਖ ਵਿਸ਼ਿਆਂ ਉੱਪਰ ਰੌਸ਼ਨੀ ਪਾਉਂਦਾ ਹੈ। ਗੁਰੂ ਦੇ ਬਚਨ, ਸਤਿ ਬਚਨ ਹੁੰਦੇ ਹਨ। ਜੋ ਹਰੇਕ ਸਮੇਂ ਪ੍ਰਮਾਣਿਤ ਹੁੰਦੇ ਹਨ। ਜਦੋਂ ਗੁਰੂ ਦਾ ਸਿੱਖ ਇਹਨਾਂ ਸੱਚੇ ਬਚਨਾਂ ਨੂੰ ਆਪਣੇ ਮਨ ਵਿਚ ਸ਼ਾਮਿਲ ਕਰਦਾ ਹੈ ਉਦੋਂ ਉਹ ਸੱਚਾਈ ਉਸ ਸਿੱਖ ਦੇ ਮਨ ਦੀ ਜਾਗਰੁਕਤਾ ਨੂੰ ਬਦਲ ਦਿੰਦੀ ਹੈ ਅਤੇ ਫਿਰ ਸਿੱਖ ਆਪਣੇ ਵਿਚਾਰਾਂ ਅਤੇ ਭਾਵਨਾਵਾਂ ਦੋਨਾਂ ਨਾਲ ਸੱਚ ਅਤੇ ਵਾਹਿਗੁਰੂ ਦੇ ਨਾਲ ਸਾਂਝ ਪਾ ਲੈਂਦਾ ਹੈ।

122. ਵਾਹਿਗੁਰੂ, ਸਦਾ ਹੀ ਆਪਣੇ ਸੇਵਕ ਦਾ ਗੂੜ੍ਹਾ ਮਿੱਤਰ ਹੈ। ਵਾਹਿਗੁਰੂ, ਇਸ ਰਿਸ਼ਤੇ ਨੂੰ ਬਰਕਰਾਰ ਰੱਖਣ ਲਈ, ਜੋ ਵੀ ਲੋੜੀਂਦਾ ਹੈ ਕਰਦਾ ਹੈ।

123. ਆਤਮ ਪ੍ਰਸੰਨਤਾ ਦੇ ਅਰਥ ਨੂੰ ਦਰਸਾਉਣ ਲਈ ਗੁਰਬਾਣੀ ਵਿਚ ਕਈ ਅਲੱਗ-ਅਲੱਗ ਸ਼ਬਦਾਂ ਨੂੰ ਵਰਤਿਆ ਗਿਆ ਹੈ, ਜਿਵੇਂ ਕਿ : ਮਹਾਨ ਰਸ, ਆਤਮ ਰਸ, ਪ੍ਰੇਮ ਰਸ, ਸਹਿਜ ਰਸ, ਨਾਮ ਖੁਮਾਰੀ, ਨਾਮ ਰਸ, ਆਨੰਦ ਰਸ, ਅੰਮ੍ਰਿਤ ਰਸ, ਸ਼ਬਦ ਰਸ, ਰਾਮ ਰਸਾਇਣ, ਹਰਿ ਰਸ, ਰਾਮ ਰਸ, ਸਾਰ ਰਸ।

124. ਸੇਵਕ ਵਲੋਂ ਵਾਹਿਗੁਰੂ ਦੀ ਵਡਿਆਈ ਨੂੰ ਬਿਆਨ ਕਰਨ ਦੀਆਂ ਤਿੰਨ ਅਵਸਥਾ ਹਨ- ਗਿਆਨ ਦੀ ਅਵਸਥਾ ਜੋ ਵਾਹਿਗੁਰੂ ਦੇ ਗੁਣਾਂ ਤੇ ਉਸ ਦੀ ਮਹਾਨਤਾ ਨੂੰ ਬਿਆਨ ਕਰਦੀ ਹੈ, ਭਾਵਨਾ ਦੀ ਅਵਸਥਾ- ਜੋ ਸੇਵਕ ਨੂੰ ਸ਼ਰਧਾ-ਭਾਵਨਾ ਨਾਲ ਵਾਹਿਗੁਰੂ ਨਾਲ ਜੋੜਦੀ ਹੈ ਅਤੇ ਅਨੰਦ ਦੀ ਅਵਸਥਾ- ਜੋ ਸੇਵਕ ਨੂੰ ਵਾਹਿਗੁਰੂ ਨਾਲ ਇਕਮਿਕ ਕਰਦੀ ਹੈ।

125. ਸਤਿਗੁਰੂ ਦੇ ਬ੍ਰਹਮ ਗਿਆਨ ਤੋਂ ਪ੍ਰਾਪਤ ਸਿੱਖਿਆ, ਵਾਹਿਗੁਰੂ ਅਤੇ ਉਸਦੀ ਰਚਨਾ ਬਾਰੇ ਸੂਝ ਪ੍ਰਦਾਨ ਕਰਦੀ ਹੈ। ਇਹ, ਵਾਹਿਗੁਰੂ ਨਾਲ ਭਾਵਨਾਤਮਿਕ ਨੇੜਤਾ ਪ੍ਰਦਾਨ ਕਰਦੀ ਹੈ। ਵਾਹਿਗੁਰੂ ਨਾਲ ਸਾਂਝ ਪੈਣ 'ਤੇ, ਇਹ ਆਤਮ ਅਨੰਦ ਵੀ ਪ੍ਰਦਾਨ ਕਰਦੀ ਹੈ।

126. ਗੁਰਬਾਣੀ, ਸਤਿਗੁਰੂ ਦੇ ਬ੍ਰਹਮ ਗਿਆਨ ਦਾ ਸੁਰੀਲਾ ਕਾਵਿਕ ਅਨੁਵਾਦ ਹੈ। ਗੁਰੂ ਦੇ ਸਿੱਖ ਦੀ ਜਾਗਰੁਕਤਾ ਨੂੰ ਤਬਦੀਲ ਕਰਨ ਦਾ ਇਹ ਵਿਲੱਖਣ ਤਰੀਕਾ ਹੈ।

127. ਵਾਹਿਗੁਰੂ ਦਾ ਸੇਵਕ ਆਪਣੀਆਂ ਸੀਮਾਵਾਂ, ਕਮੀਆਂ, ਨੁਕਸ ਅਤੇ ਕਮਜ਼ੋਰੀਆਂ ਬਾਰੇ ਜਾਣਦਾ ਹੈ। ਸੇਵਕ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਉਹ ਉਸ ਵਾਹਿਗੁਰੂ ਨੂੰ ਸਿਮਰਦਾ ਹੈ, ਜੋ ਬੇਅੰਤ ਹੈ, ਕੁਝ ਵੀ ਕਰਨ ਲਈ ਸੰਪੂਰਨ ਤੌਰ 'ਤੇ ਆਜ਼ਾਦ ਹੈ, ਸਭ ਦਾ ਸੁਆਮੀ ਹੈ, ਪਵਿਤ੍ਰ ਪਾਵਨ ਹੈ, ਅਤੇ ਹਰ ਪੱਖੋਂ ਸੰਪੂਰਨ ਵਿਅੱਕਤਿੱਤਵ ਦਾ ਮਾਲਕ ਹੈ।

128. ਪੂਰਨ ਪਰਮੇਸ਼ਰ ਦਾ ਸਿਮਰਨ, ਸੇਵਕ ਦੀਆਂ ਅਪੂਰਣਤਾਵਾਂ (ਖਾਮੀਆਂ) ਨੂੰ ਪੂਰਨ ਕਰ ਦਿੰਦਾ ਹੈ। ਇੰਝ ਸੇਵਕ ਆਪਣੇ ਵਿਅੱਕਤਿੱਤਵ ਦੀਆਂ ਖਾਮੀਆਂ ਵਿਚ ਨਹੀਂ ਉਲਝਦਾ। ਸੇਵਕ, ਕੇਵਲ ਪੂਰਨ ਪਰਮੇਸ਼ਰ ਦੀ ਬੰਦਗੀ ਕਾਰਣ ਹੀ ਆਪਣੀ ਖਾਮੀਆਂ ਤੋਂ ਉੱਪਰ ਉਠ ਪਾਉਂਦਾ ਹੈ।

129. ਵਾਹਿਗੁਰੂ ਦੇ ਨਾਲ ਮਾਨਸਿਕ ਨੇੜਤਾ ਵਿਚ ਗੁਜਾਰਿਆ ਸਮਾਂ ਹੀ ਹਰ ਪੱਖੋਂ, ਬਹੁਤ ਹੀ ਮਿਹਰਾਂ ਭਰਿਆ ਸਮਾਂ ਹੁੰਦਾ ਹੈ। ਉਹ ਸੇਵਕ ਜੋ ਵਾਹਿਗੁਰੂ ਨਾਲ ਅਜਿਹੀ ਨੇੜਤਾ ਵਿਚ ਰੁਝਿਆ ਰਹਿੰਦਾ ਹੈ, ਉਹੋ ਹੀ ਸਭ ਤੋਂ ਵੱਧ ਖੁਸ਼ਨਸੀਬ ਅਤੇ ਧੰਨ ਧੰਨ ਹੁੰਦਾ ਹੈ।

130. ਵਾਹਿਗੁਰੂ ਤੇ ਭਰੋਸਾ ਰੱਖਣ ਵਾਲਿਆਂ ਦੇ ਵਿਚਾਰਾਂ ਨੂੰ ਸੁਨਣਾ ਅਧਿਆਤਮਿਕ ਮਾਰਗ ਤੇ ਅਗਾਂਹ ਵੱਧਣ ਲਈ ਬਹੁਤ ਹੀ ਨਾਜ਼ੁਕ ਹੈ। ਮਨਮੁਖਾਂ ਤੋਂ ਬਚਣਾ ਵੀ ਨਾਜ਼ੁਕ ਹੁੰਦਾ ਹੈ, ਕਿਉਂਕਿ ਉਹ ਵਾਹਿਗੁਰੂ ਬਾਰੇ ਸ਼ੰਕੇ ਅਤੇ ਬੇਭਰੋਸਗੀ ਭਰੀਆਂ ਗੱਲਾਂ ਕਰਦੇ ਹਨ।

131. ਵਾਹਿਗੁਰੂ ਨਾਲ ਪਿਆਰ ਭਰਿਆ ਰਿਸ਼ਤਾ ਰੱਖਣ ਦਾ ਕੇਵਲ ਇਕੋ ਇਕ ਤਰੀਕਾ (ਮਾਰਗ) ਹੈ। ਆਤਮ-ਅਨੰਦ ਵਾਹਿਗੁਰੂ ਨੂੰ ਪਿਆਰ ਕਰਨ ਅਤੇ ਉਸਦੀ ਭਗਤੀ ਕਰਨ ਦਾ ਮਾਰਗ ਹੈ। ਅਜਿਹਾ ਨਾਤਾ, ਕੇਵਲ ਤਦ ਹੀ ਸੰਭਵ ਹੈ, ਜਦੋਂ ਸਤਿਗੁਰੂ ਅਤੇ ਵਾਹਿਗੁਰੂ ਦਾ ਅਜਿਹਾ ਨਾਤਾ ਬਣਾਉਣ ਦੀ ਇੱਛਾ ਹੋਵੇ। ਉਹਨਾਂ ਵੱਲੋਂ ਇਹ ਇੱਛਾ, ਉਦੋਂ ਹੀ ਪ੍ਰਗਟ ਹੁੰਦੀ ਹੈ ਜਦੋਂ ਖਾਹਿਸ਼ਮੰਦ ਨੂੰ ਅਜਿਹੀ ਦਾਤ ਮਿਲਣੀ ਉਸ ਦੇ ਭਾਗਾਂ ਵਿਚ ਲਿਖੀ ਹੋਵੇ। ਅਜਿਹਾ ਉਦੋਂ ਵੀ ਹੋ ਸਕਦਾ ਹੈ, ਜਦੋਂ ਸੇਵਕ ਸਤਿਗੁਰੂ ਅਤੇ ਵਾਹਿਗੁਰੂ ਨੂੰ ਉਹਨਾਂ ਪ੍ਰਤੀ ਆਪਣੀ ਸੰਜੀਦਗੀ ਅਤੇ ਤੀਬਰਤਾ ਨਾਲ ਪ੍ਰਭਾਵਿਤ ਕਰ ਦਿੰਦਾ ਹੈ ਜਿਸ ਨਾਲ ਉਹ ਇਕ ਐਸੇ ਰਿਸ਼ਤੇ ਨਾਲ ਨਿਵਾਜਿਆ ਜਾਂਦਾ ਹੈ ਜੋ ਕਿ ਆਤਮ ਆਨੰਦ ਨਾਲ ਭਰਿਆ ਹੁੰਦਾ ਹੈ।

132. ਸਤਿਗੁਰੂ ਹਰ ਸਮੇਂ ਅਤੇ ਹਰ ਪਲ ਮਨ ਦੀ ਸਹਿਜ ਅਵੱਸਥਾ ਵਿਚ ਰਹਿੰਦਾ ਹੈ। ਉਹ ਨਾਮ ਸਿਮਰਨ ਦੇ ਨਿਰੰਤਰ ਬਹਾਵ ਦਾ ਆਨੰਦ ਮਾਣਦਾ ਹੈ। ਉਸਦਾ ਅੰਤਰ ਮਨ ਹਮੇਸ਼ਾਂ ਹੀ ਵਾਹਿਗੁਰੂ ਨਾਲ ਜੁੜਿਆ ਰਹਿੰਦਾ ਹੈ, ਉਹ ਹਰ ਪਲ ਵਾਹਿਗੁਰੂ ਦੇ ਦਰਸ਼ਨਾਂ ਦਾ ਅਨੁਭਵ ਕਰਦਾ ਹੈ।

133. ਮਨ ਦੀ ਸਹਿਜ ਅਵੱਸਥਾ ਨੂੰ ਹਾਸਿਲ ਕਰਨ ਵਿਚ, ਸਤਿਗੁਰੂ ਆਪਣੇ ਸਿੱਖ ਦੀ

ਹੌਂਸਲਾ ਅਫ਼ਜਾਈ ਵੀ ਕਰਦਾ ਹੈ, ਅਤੇ ਉਸਦੀ ਮਦਦ ਵੀ ਕਰਦਾ ਹੈ। ਉਹ ਆਪਣੇ ਸਿੱਖ ਨੂੰ ਨੇਕ ਜੀਵਨ ਜੀਣਾ ਵੀ ਸਿਖਾਉਂਦਾ ਹੈ। ਸੰਖੇਪ ਵਿਚ, ਸਤਿਗੁਰੂ ਆਪਣੇ ਸਿੱਖ ਨੂੰ ਸੰਤ ਬਣਾ ਦਿੰਦਾ ਹੈ।

134. ਵਾਹਿਗੁਰੂ ਦੀ ਵਡਿਆਈ ਨਾਲ ਸੰਬੰਧਿਤ ਵਿਚਾਰ ਅਤੇ ਭਾਵਨਾਵਾਂ, ਕੇਵਲ ਵਾਹਿਗੁਰੂ ਦੀ ਮਿਹਰ ਸਦਕਾ ਹੀ ਮਨ ਵਿਚ ਟਿਕੇ ਰਹਿ ਸਕਦੇ ਹਨ।

135. ਜਦੋਂ ਸੇਵਕ ਗੁਰੂ ਜਾਂ ਵਾਹਿਗੁਰੂ ਨੂੰ ਸਿਮਰਦਾ ਹੈ, ਉਹ ਉਸ ਸਮੇਂ, ਵਾਹਿਗੁਰੂ ਅਤੇ ਗੁਰੂ ਦੀ ਹਜ਼ੂਰੀ ਵਿਚ ਹੁੰਦਾ ਹੈ।

136 ਮਨ ਵਾਹਿਗੁਰੂ ਵਿਚ ਸ਼ਰਧਾ ਅਤੇ ਨਿਮਰਤਾ ਤੋਂ ਬਿਨਾਂ, ਉਸ ਨਾਲ ਕਦੀ ਵੀ ਜੁੜ ਨਹੀਂ ਸਕਦਾ।

137. ਸ਼ੱਕ, ਸਤਿ ਦਾ ਦੁਸ਼ਮਣ ਹੈ ਅਤੇ ਸਤਿ ਸ਼ੱਕ ਦਾ ਦੁਸ਼ਮਣ ਹੈ।

138. ਵਾਹਿਗੁਰੂ ਜੋ ਸਭ ਤੋਂ ਵੱਡਾ ਕਰਨ ਕਰਾਵਨਹਾਰ ਹੈ, ਉਹ ਆਪ ਹੀ ਆਪਣੇ ਸੇਵਕ ਦੇ ਦੁਨਿਆਵੀਂ ਜੀਵਨ ਅਤੇ ਆਤਮਿਕ ਜੀਵਨ ਆਰਜ਼ੀ ਅਤੇ ਸਦੀਵੀ ਵਿਚ ਸਹੀ ਤਾਲਮੇਲ ਬਿਠਾਉਂਦਾ ਹੈ।

139. ਮਹਾਨ ਕਲਾਕਾਰ, ਵਾਹਿਗੁਰੂ ਹਰ ਪਲ ਬਿਨਸਣਹਾਰ ਦੇ ਅਕਸ ਬਣਾਉਂਦਾ ਹੈ। ਫਿਰ ਉਹ ਉਹਨਾਂ ਨੂੰ ਖ਼ਤਮ ਕਰ ਦਿੰਦਾ ਹੈ, ਅਤੇ ਫਿਰ ਹੋਰ ਬਣਾਉਂਦਾ ਹੈ। ਉਹ ਮਹਾਨ ਕਲਾਕਾਰ, ਆਪ ਕਦੀ ਵੀ ਨਹੀਂ ਬਦਲਦਾ। ਉਹ ਸਦੀਵੀ ਕਾਇਮ ਰਹਿਣ ਵਾਲਾ ਹੈ।

140. ਸਤਿਗੁਰੂ, ਗੁਰਬਾਣੀ ਦੁਆਰਾ, ਆਪਣੇ ਸਿੱਖ ਦੇ ਮਨ ਵਿਚ ਕੁਝ ਅਕਸਾਂ (ਤਸਵੀਰਾਂ) ਦੀ ਉਤਪੱਤੀ ਕਰਦਾ ਹੈ, ਜੋ ਸਦੀਵੀ ਗੁਣਾਂ ਵਾਲੇ ਹੁੰਦੇ ਹਨ। ਸਤਿਗੁਰੂ, ਇਕ ਮਹਾਨ ਕਲਾਕਾਰ ਹੁੰਦਾ ਹੈ, ਜੋ ਸਦੀਵੀ ਅਕਸ ਬਣਾਉਂਦਾ ਹੈ।

141. ਭਗਤੀ ਦੀ ਭਾਵਨਾ, ਸੇਵਕ ਨੂੰ ਵਾਹਿਗੁਰੂ ਦੇ ਸਾਹਮਣੇ ਲੈ ਆਉਂਦੀ ਹੈ।

142. ਵਾਹਿਗੁਰੂ ਆਪਣੇ ਸੇਵਕ ਦੇ ਪਿਆਰ ਦਾ ਚਾਹਵਾਨ ਹੈ। ਵਾਹਿਗੁਰੂ ਦੀ ਇਸ ਵਡਿਆਈ ਦਾ ਫਾਇਦਾ ਉਠਾਉ। ਇਸ ਤਰ੍ਹਾਂ ਦਾ ਪਿਆਰ ਹੀ, ਵਾਹਿਗੁਰੂ ਨਾਲ ਨੇੜਤਾ ਪਾਉਣ ਦਾ ਇਕੋ ਇਕ ਮਾਰਗ ਹੈ।

143. ਸੰਸਾਰ ਦੇ ਦੁਖਾਂ, ਚਿੰਤਾ ਅਤੇ ਭੈ ਤੋਂ ਮੁਕਤ ਹੋਣ ਲਈ ਉਸ ਵਾਹਿਗੁਰੂ ਅੱਗੇ ਅਰਦਾਸ ਕਰੋ।

144. ਵਾਹਿਗੁਰੂ ਨਾਲ ਸਾਂਝ ਪਾ ਕੇ ਮਿਲੀ ਪ੍ਰਸੰਨਤਾ, ਬਾਕੀ ਸਾਰੀਆਂ ਪ੍ਰਸੰਨਤਾਵਾਂ ਤੋਂ ਸ੍ਰੇਸ਼ਟ ਹੈ। ਇਹ ਪ੍ਰਸੰਨਤਾ ਸਦਾ ਰਹਿਣ ਵਾਲੀ ਹੈ।

145. ਵਾਹਿਗੁਰੂ ਅੱਗੇ ਸੱਚੇ ਮਨ ਨਾਲ ਕੀਤੀ ਸੱਚੀ ਅਰਦਾਸ ਹੀ, ਵਾਹਿਗੁਰੂ ਨਾਲ ਜੁੜਨ

ਦਾ ਇਕੋ ਇਕ ਮਾਰਗ ਹੈ।

146. ਵਾਹਿਗੁਰੂ ਪ੍ਰਤੀ ਦਿਲੀ ਸ਼ੁਕਰਗੁਜ਼ਾਰੀ ਹੀ ਉਸ ਨਾਲ ਜੁੜਨ ਦਾ ਇਕੋ ਇਕ ਮਾਰਗ ਹੈ।

147. ਵਾਹਿਗੁਰੂ ਪ੍ਰਤੀ ਸੱਚੀ ਨਿਮਰਤਾ ਹੀ ਉਸ ਨਾਲ ਜੁੜਨ ਦਾ ਇਕੋ ਇਕ ਮਾਰਗ ਹੈ।

148. ਵਾਹਿਗੁਰੂ ਪ੍ਰਤੀ ਸੱਚਾ ਸਤਿਕਾਰ ਹੀ ਉਸ ਨਾਲ ਜੁੜਨ ਦਾ ਇਕੋ ਇਕ ਮਾਰਗ ਹੈ।

149. ਵਾਹਿਗੁਰੂ ਪ੍ਰਤੀ ਸੱਚੀ ਪ੍ਰਸੰਸਾ ਹੀ ਉਸ ਨਾਲ ਜੁੜਨ ਦਾ ਇਕੋ ਇਕ ਮਾਰਗ ਹੈ।

150. ਕੇਵਲ ਚਿੰਤਨ, ਭਾਵੇਂ ਆਪ ਕੀਤਾ ਹੋਵੇ ਜਾਂ ਕਿਸੇ ਹੋਰ ਨੇ ਅਤੇ ਉਹ ਚਿੰਤਨ ਭਾਵੇਂ ਕਿੰਨਾ ਵੀ ਨਿਰਮਾਣ (ਸ਼ੁੱਧ) ਕਿਉਂ ਨਾ ਹੋਵੇ, ਵਾਹਿਗੁਰੂ ਨਾਲ ਮਿਲਾਪ ਦੇ ਅਯੋਗ ਹੈ।

151. ਜੇ ਕੋਈ ਮਨੁੱਖ, ਵਾਹਿਗੁਰੂ ਅੱਗੇ ਸ਼ਰਧਾ ਨਾਲ ਅਰਜ਼ੋਈ ਕਰ ਸਕਦਾ ਹੈ ਤਾਂ ਫਿਰ ਉਸ ਮਨੁੱਖ ਦੇ ਮਨ ਵਿਚ ਵਾਹਿਗੁਰੂ ਪ੍ਰਤੀ ਬਾਕੀ ਡੂੰਘੀਆਂ ਭਾਵਨਾਵਾਂ ਵੀ ਜ਼ਰੂਰ ਹੋਣਗੀਆਂ।

152. ਸਹਿਜ ਅਵਸਥਾ ਸੇਵਕ ਦੇ ਮਨ ਨੂੰ ਸੁੱਤੇ ਸਿਧ ਹੀ ਵਾਹਿਗੁਰੂ ਨਾਲ ਜੋੜਦੀ ਹੈ। ਇਹ ਉਸ ਨੂੰ ਮਨ ਦੀ ਖ਼ੁਸ਼ੀ, ਸੰਤੁਲਨ, ਸਬਰ-ਸੰਤੋਖ ਅਤੇ ਸ਼ਾਂਤੀ ਪ੍ਰਦਾਨ ਕਰਦੀ ਹੈ। ਇਹ ਮਨ ਨੂੰ ਡਰ, ਚਿੰਤਾ ਅਤੇ ਫਿਕਰ ਤੋਂ ਮੁਕਤ ਕਰਦੀ ਹੈ। ਇਹ ਸੇਵਕ ਨੂੰ ਨੇਕ ਕਰਮ ਕਰਨ ਲਈ ਪ੍ਰੇਰਿਤ ਕਰਦੀ ਹੈ। ਇਹ ਸੇਵਕ ਦੇ ਮਨ ਵਿਚੋਂ ਈਰਖਾ ਅਤੇ ਨਫ਼ਰਤ ਦੀ ਬੁਰੀ ਭਾਵਨਾ ਬਾਹਰ ਕੱਢਦੀ ਹੈ ਅਤੇ ਉਹਨਾਂ ਦੀ ਜਗ੍ਹਾ ਰੱਬੀ ਗੁਣ-ਮਨੁੱਖਤਾ ਦੀ ਸੇਵਾ ਅਤੇ ਪਿਆਰ ਦੀ ਭਾਵਨਾ ਨੂੰ ਉਜਾਗਰ ਕਰਦੀ ਹੈ।

153. ਜਦੋਂ ਮਨੁੱਖ ਦਾ ਮਨ, ਵਾਹਿਗੁਰੂ ਅੱਗੇ ਪੂਰੀ ਸ਼ਰਧਾ ਨਾਲ ਝੁਕਦਾ ਹੈ ਤਾਂ ਉਸ ਸਮੇਂ, ਉਹ ਮਾਨ, ਸੰਪੂਰਨਤਾ ਅਤੇ ਸ਼ੁਕਰਾਨੇ ਦੀ ਭਾਵਨਾ ਮਹਿਸੂਸ ਕਰਦਾ ਹੈ।

154. ਜਦੋਂ ਕੋਈ ਮਨੁੱਖ, ਸਤਿਗੁਰੂ ਦੇ ਬ੍ਰਹਮ ਗਿਆਨ ਵਿਚ ਦਰਸਾਈਆਂ ਸੱਚਾਈਆਂ ਨੂੰ ਆਪਣੇ ਜੀਵਨ ਵਿਚ ਸ਼ਾਮਿਲ ਕਰਦਾ ਹੈ, ਤਾਂ ਫਿਰ, ਇਹ ਸੱਚਾਈਆਂ ਉਸ ਵਿਅਕਤੀ ਦੀ ਜਾਗਰੁਕਤਾ ਨੂੰ ਹੀ ਬਦਲ ਕੇ ਰੱਖ ਦਿੰਦੀਆਂ ਹਨ ਅਤੇ ਫਿਰ ਉਹ ਮਨੁੱਖ ਆਪਣੇ ਵਿਚਾਰਾਂ ਅਤੇ ਕਰਮਾਂ ਨਾਲ ਸੱਚੇ ਨਾਲ ਜੁੜ ਜਾਂਦਾ ਹੈ।

155. ਜਦੋਂ ਕੋਈ ਮਨੁੱਖ ਗੁਰਬਾਣੀ ਦੇ ਸ਼ਬਦਾਂ ਨੂੰ ਸ਼ਰਧਾ ਨਾਲ ਗਾਉਂਦਾ ਹੈ, ਉਦੋਂ ਉਹ ਅਧਿਆਤਮਿਕ ਪ੍ਰੇਰਣਾ ਦਾ ਅਨੁਭਵ ਕਰਦਾ ਹੈ। ਇਹ ਸ਼ਰਧਾ ਫਿਰ ਉਸ ਨੂੰ (ਸੇਵਕ ਨੂੰ) ਅੰਤਰ ਮਨੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਵਾਹਿਗੁਰੂ ਅੱਗੇ ਝੁਕਾਉਂਦੀ ਹੈ।

156. ਪੰਜਾਬੀ ਦੇ ਸ਼ਬਦ ਆਤਮ ਆਨੰਦ ਇਸ ਤਰ੍ਹਾਂ ਹਨ: ਮਹਾਨ ਰਸ, ਆਤਮ ਰਸ, ਪ੍ਰੇਮ ਰਸ, ਸਹਿਜ ਰਸ, ਨਾਮ ਖੁਮਾਰੀ, ਨਾਮ ਰਸ, ਆਨੰਦ ਰਸ, ਅੰਮ੍ਰਿਤ ਰਸ, ਸ਼ਬਦ

ਰਸ, ਰਾਮ ਰਾਸਾਇਣ, ਹਰਿ ਰਸ, ਰਾਮ ਰਸ, ਸਾਰ ਰਸ।

157. ਜੇ ਆਤਮ ਆਨੰਦ ਮਜ਼ਬੂਤ ਅਤੇ ਤੀਬਰ ਹੋਵੇ, ਤਾਂ ਫਿਰ ਵਾਹਿਗੁਰੂ ਦੇ ਸੇਵਕ ਨੂੰ ਉਹ (ਵਾਹਿਗੁਰੂ) ਹਰ ਪਾਸੇ ਦਿਖਾਈ ਦਿੰਦਾ ਹੈ।

158. ਜੇ ਵਾਹਿਗੁਰੂ ਦਾ ਸੇਵਕ, ਗੁਰਬਾਣੀ ਦਾ ਕੀਰਤਨ ਵਿਚੋਂ ਆਨੰਦ ਮਾਣਦਾ ਹੈ, ਤਾਂ ਫਿਰ ਸੇਵਕ ਵੱਲੋਂ ਅਨੁਭਵ ਕੀਤਾ ਗਿਆ ਕੀਰਤਨ ਦਾ ਆਨੰਦ, ਆਦਰਸ਼ ਹੁੰਦਾ ਹੈ। ਅਜਿਹੇ ਕੀਰਤਨ ਦੀ ਮਧੁਰਤਾ ਸੇਵਕ ਨੂੰ ਗੁਰੂ ਅਤੇ ਵਾਹਿਗੁਰੂ ਨਾਲ ਨੇੜਤਾ (ਸਾਂਝ) ਦਾ ਅਨੁਭਵ ਕਰਾਉਂਦੀ ਹੈ।

159. ਸ਼ਬਦ, ਭਾਵੇਂ ਆਪ ਗਾਇਆ ਹੋਵੇ, ਜਾਂ ਕਿਸੇ ਹੋਰ ਨੇ, ਜੇ ਕੀਰਤਨ ਦੀ ਮਧੁਰਤਾ, ਆਨੰਦ-ਦਾਇਕ ਹੈ, ਤਾਂ ਫਿਰ ਸ਼ਬਦ ਦੇ ਇਸ ਤੋਂ ਬੇਹਤਰ ਗੁਣ ਗਾਣ ਨੂੰ ਅਨੁਭਵ ਕਰਨ ਦੀ ਇੱਛਾ ਜਾਗ੍ਰਿਤ ਨਹੀਂ ਹੁੰਦੀ।

160. ਸ਼ਬਦ ਭਾਵੇਂ ਆਪ ਗਾਇਆ ਹੋਵੇ, ਜਾਂ ਕਿਸੇ ਹੋਰ ਨੇ ਜੋ ਕੀਰਤਨ ਦੀ ਮਧੁਰਤਾ, ਆਨੰਦ-ਦਾਇਕ ਹੈ, ਤਾਂ ਫਿਰ ਵਾਹਿਗੁਰੂ ਨਾਲ ਸਾਂਝ ਦਾ ਵੀ ਅਨੁਭਵ ਹੁੰਦਾ ਹੈ।

161. ਜੇ ਨਾਮ ਸਿਮਰਨ ਆਨੰਦ-ਦਾਇਕ ਹੈ ਤਾਂ ਫਿਰ ਵਾਹਿਗੁਰੂ ਬਾਰੇ ਇਸ ਤੋਂ ਬੇਹਤਰ ਤਰੀਕੇ ਨਾਲ ਸੋਚਣ ਨੂੰ ਅਨੁਭਵ ਕਰਨ ਦੀ ਇੱਛਾ ਜਾਗ੍ਰਿਤ ਨਹੀਂ ਹੁੰਦੀ।

162. ਜੇ ਵਾਹਿਗੁਰੂ ਨੂੰ ਧਿਆਉਣਾ ਆਨੰਦ-ਦਾਇਕ ਹੈ, ਤਾਂ ਫਿਰ ਵਾਹਿਗੁਰੂ ਨਾਲ ਸਾਂਝ ਦਾ ਵੀ ਅਨੁਭਵ ਹੁੰਦਾ ਹੈ।

163. ਵਾਹਿਗੁਰੂ ਦੇ ਸੇਵਕ ਦਾ ਮੁੱਖ ਉਦੇਸ਼, ਨਾਮ ਸਿਮਰਨ ਦੇ ਨਿਰੰਤਰ ਅਤੇ ਸੁਭਾਵਿਕ ਬਹਾਅ ਦਾ ਅਨੁਭਵ ਕਰਨਾ ਹੁੰਦਾ ਹੈ।

164. ਬਾਹਰੀ ਨੇਤ੍ਰ (ਅੱਖਾਂ), ਜੋ ਬਾਹਰੀ ਸੰਸਾਰ ਨੂੰ ਦੇਖਦੇ ਹਨ, ਉਹਨਾਂ ਦੇ ਪਿੱਛੇ ਅੰਦਰੂਨੀ ਨੇਤ੍ਰ ਹੁੰਦੇ ਹਨ। ਬਾਹਰੀ ਨੇਤ੍ਰ ਕਿਸੇ ਚੀਜ਼ ਜਾਂ ਕਿਸੇ ਮਨੁੱਖ ਦਾ ਅਕਸ ਦੇਖਦੇ ਹਨ। ਅੰਦਰੂਨੀ ਨੇਤ੍ਰ, ਉਹ ਦੇਖਦੇ ਹਨ ਜੋ ਬਾਹਰੀ ਨੇਤ੍ਰਾਂ ਤੋਂ ਲੁਕਿਆ ਹੁੰਦਾ ਹੈ। ਆਂਤਰਿਕ ਅਤੇ ਬਾਹਰੀ ਨੇਤ੍ਰ ਆਪੋ ਵਿਚ ਬੜੀ ਗਹਿਰਾਈ ਨਾਲ ਜੁੜੇ ਹੁੰਦੇ ਹਨ। ਉਪਰੋਕਤ ਬਾਹਰੀ ਅਤੇ ਆਂਤਰਿਕ ਕਰਣਾਂ (ਕੰਨ੍ਹਾਂ) ਬਾਰੇ ਵੀ ਬਿਲਕੁਲ ਸੱਚ ਹੈ। ਇਸ ਤਰ੍ਹਾਂ ਜੇ ਮਨ ਦੀਆਂ ਅੱਖਾਂ (ਆਂਤਰਿਕ ਅੱਖਾਂ), ਵਾਹਿਗੁਰੂ ਨੂੰ ਹਰ ਪਾਸੇ ਦੇਖਦੀਆਂ ਹਨ, ਤਾਂ ਫਿਰ ਬਾਹਰੀ ਅੱਖਾਂ ਵੀ ਵਾਹਿਗੁਰੂ ਨੂੰ ਹਰ ਪਾਸੇ ਦੇਖਦੀਆਂ ਹਨ।

165. ਗੁਰੂ ਜਾਂ ਵਾਹਿਗੁਰੂ ਦੇ ਸੇਵਕ ਲਈ ਵਰਤੇ ਜਾਂਦੇ ਪੰਜਾਬੀ ਸ਼ਬਦ ਇੰਝ ਹਨ: ਦਾਸ, ਭਿਖਾਰੀ, ਗੁਲਾਮ, ਉਪਾਸ਼ਕ, ਸ਼ਰਧਾਵਾਨ, ਬਲ ਬਲ ਜਾਣ ਵਾਲਾ, ਅਭਿਲਾਖੀ, ਸ਼ਰਨ ਆਇਆ ਹੋਇਆ, ਮੰਗਤਾ, ਗੋਲਾ, ਗਲਤੀਆਂ ਦਾ ਪੁਤਲਾ, ਸੇਵਕ,

ਗੁਣਹੀਨ, ਡੋਲਣ ਵਾਲਾ, ਅੱਤ ਦੀ ਨਿਮਰਤਾ ਵਾਲਾ, ਘਬਰਾ ਜਾਣ ਵਾਲਾ, ਚਾਕਰ, ਵੱਡਭਾਗਾ।

166. ਵਾਹਿਗੁਰੂ ਦਾ ਸੇਵਕ ਆਪਣੀਆਂ ਖਾਮੀਆਂ (ਕਮੀਆਂ) ਅਤੇ ਕਮਜ਼ੋਰੀਆਂ ਤੋਂ ਜਾਣੂ ਹੁੰਦਾ ਹੈ।

167. ਸੇਵਕ ਜਾਣਦਾ ਹੈ, ਕਿ ਉਹ, ਉਸ ਵਾਹਿਗੁਰੂ ਨੂੰ ਸਿਮਰਦਾ ਹੈ, ਜੋ ਬੇਅੰਤ, ਸੰਪੂਰਨ ਤੌਰ 'ਤੇ ਆਜ਼ਾਦ, ਸਭ ਦਾ ਸੁਆਮੀ, ਪਵਿਤ੍ਰ ਪਾਵਨ ਅਤੇ ਸੰਪੂਰਨ ਗੁਣਾਂ ਦਾ ਮਾਲਕ ਹੈ।

168 ਵਾਹਿਗੁਰੂ ਦੀ ਹਜ਼ੂਰੀ ਵਿਚ ਬਿਤਾਇਆ ਗਿਆ ਸਮਾਂ ਹੀ, ਹਰ ਪੱਖੋਂ ਵੱਡ-ਭਾਗਾਂ ਸਮਾਂ ਹੁੰਦਾ ਹੈ।

169. ਆਤਮਾ (ਜੋ ਸਰੀਰ ਨੂੰ ਜੀਵਨ ਦਿੰਦੀ ਹੈ) ਸਦਾ ਪ੍ਰਮਾਤਮਾ ਦੇ ਸਿਮਰਨ ਵਿਚ ਜੁੜੀ ਹੁੰਦੀ ਹੈ। ਆਤਮਾ ਸਦਾ ਪ੍ਰਮਾਤਮਾ ਨਾਲ ਜੁੜੀ ਰਹਿੰਦੀ ਹੈ।

170. ਗੁਰੂ ਦੇ ਬ੍ਰਹਮ ਗਿਆਨ ਦੀ ਮਦਦ ਨਾਲ, ਜਦੋਂ ਵਿਚਾਰ ਅਤੇ ਭਾਵਨਾਵਾਂ ਅਰਥਾਤ ਮਨੁੱਖ ਦੀ ਜਾਗਰੁਕਤਾ ਪਵਿੱਤਰ ਹੋ ਜਾਂਦੀ ਹੈ। ਤਦ, ਉਸਦਾ ਮਨ, ਆਤਮਾ ਨਾਲ ਇਕ-ਮਿਕ ਹੋ ਜਾਂਦਾ ਹੈ, ਫਿਰ ਮਨ, ਆਤਮਾ ਨਾਲ ਜੁੜ ਜਾਂਦਾ ਹੈ, ਮਨ, ਉਦੋਂ ਜਾਗਰੁਕਤਾ ਦੀ ਸਹਿਜ ਅਵੱਸਥਾ ਵਿਚ ਹੁੰਦਾ ਹੈ ਅਤੇ ਫਿਰ, ਮਨ, ਆਤਮਾ ਅਤੇ ਪ੍ਰਮਾਤਮਾ ਤੋਂ ਕਦੀ ਵੀ ਨਾ ਵਿਛੜਨ ਵਾਲੀ ਸਥਿਤੀ ਵਿਚ ਹੁੰਦੇ ਹਨ। ਉਹ ਆਪੋ ਵਿਚ ਜੁੜੇ ਹੁੰਦੇ ਹਨ। ਮਨ ਅਤੇ ਆਤਮਾ, ਪ੍ਰਮਾਤਮਾ ਦਾ ਅਨਿਖੜਵਾਂ ਅੰਗ ਬਣ ਜਾਂਦੇ ਹਨ।

171. ਗੁਰੂ ਦੇ ਬ੍ਰਹਮ ਗਿਆਨ ਤੋਂ ਬਗੈਰ ਮਨੁੱਖ ਦਾ ਮਨ ਆਤਮਾ ਨਾਲ ਇਕ-ਮਿਕ ਨਹੀਂ ਹੋ ਸਕਦਾ।

172. ਜਦੋਂ ਪ੍ਰਮਾਤਮਾ, ਆਤਮਾ ਅਤੇ ਮਨੁੱਖ ਦਾ ਮਨ ਤਿੰਨੋਂ ਇਕ-ਮਿਕ ਹੁੰਦੇ ਹਨ, ਫਿਰ ਮਨੁੱਖ ਪਵਿੱਤਰ ਰੱਬੀ ਜੀਵਨ ਜਿਊਂਦਾ ਹੈ। ਅਜਿਹਾ ਮਨੁੱਖ, ਹਰ ਸਵਾਸ (ਸਾਹ) ਨਾਲ ਵਾਹਿਗੁਰੂ ਨੂੰ ਧਿਆਉਂਦਾ ਹੈ, ਅਰਥਾਤ ਉਹ ਪ੍ਰਮਾਤਮਾ ਨਾਲ ਨਿਰੰਤਰ ਸਾਂਝ ਵਿਚ ਹੁੰਦਾ ਹੈ। ਅਜਿਹਾ ਵਡਭਾਗੀ ਮਨੁੱਖ, ਫਿਰ ਦਸਾਂ ਨਹੁੰਆਂ ਦੀ ਕਿਰਤ ਕਮਾਉਂਦਾ ਹੈ ਅਤੇ ਆਪਣੀ ਦੌਲਤ ਦੂਸਰਿਆਂ ਵਿਚ ਵੰਡਦਾ ਹੈ।

173. ਸਤਿਗੁਰੂ ਦਾ ਮਨ ਅਤੇ ਆਤਮਾ, ਸਦਾ ਵਾਹਿਗੁਰੂ ਨਾਲ ਜੁੜੇ ਹੁੰਦੇ ਹਨ।

174. ਸਤਿਗੁਰੂ ਦਾ ਗਿਆਨ ਬੜਾ ਬਲਵਾਨ ਹੁੰਦਾ ਹੈ। ਇਹ ਗਿਆਨ, ਪਾਪੀਆਂ, ਚੋਰਾਂ, ਡਾਕੂਆਂ, ਅਤੇ ਧੋਖਾਧੜੀਆਂ ਕਰਨ ਵਾਲਿਆਂ ਨੂੰ ਨੇਕ ਜੀਵਨ ਦੇ ਸਹੀ ਮਾਰਗ ਤੇ ਲੈ ਆਉਂਦਾ ਹੈ।

175. ਵਾਹਿਗੁਰੂ ਹੀ ਸਾਰੀ ਸ੍ਰਿਸ਼ਟੀ ਦਾ ਕਰਨ ਕਾਰਨ ਹੈ, ਸਜੀਵ ਅਤੇ ਨਿਰਜੀਵ ਵੀ। ਇਸ ਲਈ, ਸਭ ਕੁਝ, ਹੋਰ ਕੁਝ ਨਹੀਂ, ਕੇਵਲ ਪ੍ਰਮਾਤਮਾ ਹੀ ਹੈ।

176. ਆਤਮਿਕ ਪ੍ਰਗਤੀ ਦੇ ਲਈ, ਉਹਨਾਂ ਸੰਤਾਂ-ਭਗਤਾਂ ਦੇ ਵਿਚਾਰਾਂ ਨੂੰ ਸੁਨਣਾ ਬਹੁਤ ਹੀ ਮਹੱਤਵਪੂਰਨ ਹੈ, ਜੋ ਵਾਹਿਗੁਰੂ ਦੀ ਵਡਿਆਈ ਕਰਦੇ ਹਨ ਤੇ ਉਸ ਦੇ ਗੁਣ ਗਾਉਂਦੇ ਹਨ। ਮਨਮੁਖਾਂ ਤੋਂ ਦੂਰ ਰਹਿਣਾ ਵੀ ਉਨ੍ਹਾਂ ਹੀ ਜ਼ਰੂਰੀ ਹੈ, ਕਿਉਂਕਿ ਉਹ ਵਾਹਿਗੁਰੂ ਦੀ ਵਡਿਆਈ ਬਾਰੇ ਸ਼ੰਕੇ ਰੱਖਦੇ ਹਨ। ਸੰਤਾਂ ਦੀ ਸੰਗਤ, ਮਦਦਗਾਰ ਸਾਬਿਤ ਹੁੰਦੀ ਹੈ। ਆਤਮਿਕ ਪ੍ਰਗਤੀ ਲਈ ਮਨਮੁਖਾਂ ਅਤੇ ਬੇਮੁਖਾਂ ਦੀ ਸੰਗਤ ਨੁਕਸਾਨਦਾਇਕ ਸਾਬਿਤ ਹੁੰਦੀ ਹੈ।

177. ਵਾਹਿਗੁਰੂ ਨਾਲ ਪਿਆਰ ਵਾਲਾ ਰਿਸ਼ਤਾ ਰੱਖਣ ਦੇ ਦੋ ਹੀ ਤਰੀਕੇ ਹਨ: ਜਾਂ ਤਾਂ ਵਾਹਿਗੁਰੂ ਇਸ ਰਿਸ਼ਤੇ ਲਈ ਪ੍ਰੇਰਿਤ ਕਰੇ ਜਾਂ ਸੇਵਕ ਦੇ ਮਨ ਦੀ ਡੂੰਘਿਆਈ ਵਿਚੋਂ ਪ੍ਰਮਾਤਮਾ ਦਾ ਪਿਆਰ ਹਾਸਿਲ ਕਰਨ ਦੀ ਬੇਨਤੀ ਪ੍ਰਵਾਨ ਹੋਵੇ।

178. ਇਕ ਮਨ ਹੋ ਕੇ ਵਾਹਿਗੁਰੂ ਦਾ ਸਿਮਰਨ ਕਰਨ ਨਾਲ ਸੇਵਕ ਨੂੰ ਉਸ ਦੇ ਦਰਸ਼ਨ-ਦੀਦਾਰ ਪ੍ਰਾਪਤ ਹੁੰਦੇ ਹਨ।

179. ਆਤਮ ਆਨੰਦ (ਨਾਮ ਰਸ) ਦਾ ਅਨੁਭਵ, ਜੋ ਵਾਹਿਗੁਰੂ ਨਾਲ ਸੁਭਾਵਿਕ ਅਤੇ ਸੁਤੇ ਸਿਧ ਸਾਂਝ ਬਣਾਉਂਦਾ ਹੈ, ਬਹੁਤ ਹੀ ਲਾਸਾਨੀ ਹੁੰਦਾ ਹੈ। ਜੇ ਆਨੰਦ ਦਾ ਅਜਿਹਾ ਅਨੁਭਵ, ਨਿਰੰਤਰ ਅਤੇ ਤੀਬਰ ਹੋ ਜਾਂਦਾ ਹੈ, ਤਾਂ ਫਿਰ ਮਨ ਦੀ ਸਥਿਤੀ ਹਰ ਪੱਖੋਂ ਸ੍ਰੇਸ਼ਟ ਹੋ ਜਾਂਦੀ ਹੈ। ਫਿਰ ਵਾਹਿਗੁਰੂ ਹਰ ਜਗ੍ਹਾਂ ਅਤੇ ਹਰ ਸਮੇਂ ਦਿਖਾਈ ਦਿੰਦਾ ਹੈ।

180. ਗੁਰਬਾਣੀ ਦੇ ਸ਼ਬਦ, ਵਾਹਿਗੁਰੂ ਦੇ ਪਿਆਰ ਵਿਚ ਜੋੜਦੇ ਹਨ। ਸਤਿਗੁਰੂ, ਹਰੇਕ ਪਲ ਪੂਰੀ ਤਰ੍ਹਾਂ ਵਾਹਿਗੁਰੂ ਦੇ ਸਿਮਰਨ ਨਾਲ ਜੁੜਿਆ ਹੁੰਦਾ ਹੈ। ਗੁਰਬਾਣੀ ਦੁਆਰਾ ਦਰਸਾਇਆ, ਵਾਹਿਗੁਰੂ ਲਈ ਪਿਆਰ, ਗੁਰੂ ਦੇ ਸਿੱਖ ਨੂੰ ਵਾਹਿਗੁਰੂ ਨਾਲ ਮਿਲਾਉਣ ਦੀ ਤਾਕਤ ਰੱਖਦਾ ਹੈ। ਕੇਵਲ ਉਹੋ ਹੀ, ਦੂਸਰੇ ਨੂੰ ਪ੍ਰਮਾਤਮਾ ਨਾਲ ਮਿਲਾਉਣ ਦੀ ਸਮਰੱਥਾ ਰੱਖਦਾ ਹੈ, ਜੋ ਆਪ ਵਾਹਿਗੁਰੂ ਨਾਲ ਜੁੜਿਆ ਹੁੰਦਾ ਹੈ।

181. ਸਤਿਗੁਰੂ ਦੇ ਮਨ ਵਿਚ ਵਾਹਿਗੁਰੂ ਲਈ ਗਹਿਰਾ ਪਿਆਰ ਅਤੇ ਸਤਿਕਾਰ ਹੁੰਦਾ ਹੈ। ਗੁਰੂ ਆਪਣੇ ਸਿੱਖ ਨੂੰ ਵਾਹਿਗੁਰੂ ਪ੍ਰਤੀ ਪਿਆਰ ਅਤੇ ਸਤਿਕਾਰ ਪੈਦਾ ਕਰਨ ਅਤੇ ਆਤਮਿਕ ਪ੍ਰਾਪਤੀ ਵਿਚ ਅੱਗੇ ਵਧਣ ਲਈ ਹੌਂਸਲਾ ਅਫਜ਼ਾਈ ਵੀ ਕਰਦਾ ਹੈ ਅਤੇ ਪ੍ਰੇਰਿਤ ਵੀ ਕਰਦਾ ਹੈ।

182. ਵਾਹਿਗੁਰੂ ਤੋਂ ਕੁਝ ਵੀ ਨਾ ਹੀ ਲੁਕਿਆ ਹੈ, ਅਤੇ ਨਾ ਹੀ ਲੁਕ ਸਕਦਾ ਹੈ। ਉਹ ਸਰਬ-ਵਿਆਪਕ ਅਤੇ ਸਰਬ-ਗਿਆਤਾ (ਅੰਤਰਜਾਮੀ) ਹੈ।

183. ਵਾਹਿਗੁਰੂ ਦੇ ਸੇਵਕ ਨੂੰ ਉਸ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ, ਕਿਉਂਕਿ ਉਹ (ਵਾਹਿਗੁਰੂ), ਸੇਵਕ ਦੇ ਅਣਗਿਣਤ ਦੋਸ਼ਾਂ (ਕਮੀਆਂ, ਖਾਮੀਆਂ) ਦੇ ਬਾਵਜੂਦ

ਉਸ ਨਾਲ ਪਿਆਰ ਦੇ ਨਾਤੇ ਨੂੰ ਸਵੀਕਾਰਦਾ ਹੈ।

184. ਵਾਹਿਗੁਰੂ ਦੀ ਮਹਾਨਤਾ ਅਤੇ ਆਪਣੇ ਨਿਮਾਣੇਪਨ ਨੂੰ ਹਮੇਸ਼ਾ ਯਾਦ ਰੱਖੋ।

185 ਵਾਹਿਗੁਰੂ ਹੀ ਇਸ ਸ੍ਰਿਸ਼ਟੀ ਦਾ ਰਚਨਹਾਰ ਹੈ। ਉਹ ਵੱਡਾ ਸਿਰਜਨਹਾਰ ਅਤੇ ਅਟਲ ਹੈ।

186. ਸਤਿ ਤੋਂ ਬੇਖ਼ਬਰ (ਅਨਜਾਣ) ਰਹਿਣਾ, ਬਿਨਾਂ ਕੁਝ ਹਾਸਿਲ ਕੀਤੇ, ਜੀਵਨ ਵਿਅਰਥ ਗੁਆਉਣਾ ਹੈ।

187. ਜੇ ਸਤਿਗੁਰੂ ਦੀ ਸਿੱਖੀ ਪ੍ਰਾਪਤ ਹੋ ਜਾਵੇ, ਤਾਂ ਫਿਰ ਗੁਰੂ ਦੇ ਸਿਖਾਏ ਉਪਦੇਸ਼ ਅਤੇ ਭਾਵਨਾਵਾਂ ਵੀ ਮਨ ਵਿਚ ਵਿਆਪਕ ਹੁੰਦੀਆਂ ਹਨ। ਇਸ ਲਈ, ਵਾਹਿਗੁਰੂ ਦੀ ਹਜ਼ੂਰੀ ਵਿਚ ਰਹਿਣ ਤੋਂ ਬਚਣਾ ਮੁਸ਼ਕਿਲ ਹੁੰਦਾ ਹੈ, ਕਿਉਂਕਿ ਇਹੀ ਉਹ ਸਭ ਤੋਂ ਮਹੱਤਵਪੂਰਨ ਉਪਦੇਸ਼ ਹੈ, ਜੋ ਗੁਰੂ ਸਿਖਾਉਂਦਾ ਹੈ। ਜੇ ਵਾਹਿਗੁਰੂ ਆਪ ਹਾਜ਼ਰ ਹੈ, ਤਾਂ ਫਿਰ ਨਾਮ ਰਸ ਅਤੇ ਜਾਗਰੁਕਤਾ ਦੀ ਸਹਿਜ ਅਵੱਸਥਾ ਵਰਗੀਆਂ ਦਾਤਾਂ ਹਮੇਸ਼ਾਂ ਗੁਰੂ ਦੇ ਸੇਵਕ ਦੇ ਮਨ ਵਿਚ ਹੁੰਦੀਆਂ ਹਨ।

188. ਜੇ ਸਿੱਖ ਨੂੰ ਵਾਹਿਗੁਰੂ ਦੇ ਗੁਣਾਂ ਬਾਰੇ ਸੂਝ ਪ੍ਰਾਪਤ ਹੋਵੇ, ਤਾਂ ਫਿਰ ਇਹ ਦਾਤ ਦਾ ਕਿਸੇ ਹੋਰ ਮਨੁੱਖੀ ਪ੍ਰਾਪਤੀ ਨਾਲ ਮੁਕਾਬਲਾ ਨਹੀਂ ਕੀਤਾ ਜਾ ਸਕਦਾ।

189. ਕੁਦਰਤ ਵਿਚ ਹਰ ਚੀਜ਼ ਦਾ ਕਾਰਣ ਵਾਹਿਗੁਰੂ ਆਪ ਹੈ। ਉਹ ਦਿੱਤੇ ਹੋਏ (ਨਿਰਧਾਰਿਤ) ਸਮੇਂ ਤੱਕ, ਆਪ ਹੀ ਹਰ ਚੀਜ਼ ਦੀ ਪਾਲਣਾ ਕਰਦਾ ਹੈ ਅਤੇ ਫਿਰ ਆਪ ਹੀ ਸਭ ਕੁਝ ਨਸ਼ਟ ਕਰ ਦਿੰਦਾ ਹੈ। ਇਸ ਬਾਰੇ, ਬਿਲਕੁਲ ਸਾਫ ਅਤੇ ਸ਼ੰਕਾ-ਰਹਿਤ ਸਮਝ ਅਤੇ ਇਸ ਵਿਸ਼ਵਾਸ ਤੇ ਪੱਕਾ ਯਕੀਨ ਹੀ, ਮਨੁੱਖ ਨੂੰ ਵਾਹਿਗੁਰੂ ਨਾਲ ਮਿਲਾਉਂਦਾ ਹੈ। ਪ੍ਰੰਤੂ ਅਗਿਆਨਤਾ ਅਤੇ ਸ਼ੰਕਿਆਂ ਦੀ ਧਰਤੀ ਏਨੀ ਸਖ਼ਤ ਹੁੰਦੀ ਹੈ ਕਿ ਇਸ ਨੂੰ ਤੋੜ ਕੇ ਸਤਿ ਦਾ ਅਨੁਭਵ ਕਰਨਾ ਕਠਿਨ ਹੁੰਦਾ ਹੈ। ਮਦਦ ਦੀ ਲੋੜ ਪੈਦੀ ਹੈ। ਜੇ ਵਾਹਿਗੁਰੂ ਆਪ, ਉਸ ਸਿੱਖ ਦੇ ਵੱਲ ਹੋਵੇ ਤਾਂ ਫਿਰ ਉਹ ਸਤਿਗੁਰੂ ਦੇ ਦੁਆਰਾ ਗੁਰੂ ਦੇ ਬ੍ਰਹਮ ਗਿਆਨ ਰਾਹੀਂ ਉਸ ਨੂੰ ਸਹਾਇਤਾ ਪ੍ਰਦਾਨ ਕਰਦਾ ਹੈ।

190. ਅਗਿਆਨਤਾ ਅਤੇ ਸ਼ੰਕਿਆਂ ਉੱਤੇ ਕਾਬੂ ਕੇਵਲ ਸਤਿਗੁਰੂ ਦੇ ਸੱਚੇ ਸੇਵਕ ਬਣ ਕੇ ਹੀ ਪਾਇਆ ਜਾ ਸਕਦਾ ਹੈ। ਗੁਰੂ ਦੇ ਬ੍ਰਹਮ ਗਿਆਨ ਦੀ ਸਹਾਇਤਾ ਨਾਲ ਮਨੁੱਖ ਵਿਚ ਅੰਦਰੂਨੀ ਤਬਦੀਲੀ ਆਉਂਦੀ ਹੈ ਅਤੇ ਗੁਰੂ ਸਿੱਖ ਦੇ ਮਨ ਦੀ ਅਗਿਆਨਤਾ ਅਤੇ ਸ਼ੰਕਿਆਂ ਨੂੰ ਦੂਰ ਕਰਦਾ ਹੈ ਅਤੇ ਫਿਰ ਇੰਝ, ਮਨੁੱਖ ਦਾ ਵਾਹਿਗੁਰੂ ਨਾਲ ਮਿਲਾਪ ਹੁੰਦਾ ਹੈ ਜੋ ਉਸਨੂੰ ਸੁਆਮੀ, ਮਾਤਾ-ਪਿਤਾ ਅਤੇ ਮਿੱਤਰ ਵਰਗਾ ਲੱਗਦਾ ਹੈ।

191. ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੇ ਨੌਂ ਗੁਰੂ ਸਾਹਿਬਾਨਾਂ ਦੀ ਤਰ੍ਹਾਂ ਹੀ ਸਿੱਖ ਧਰਮ ਦੇ ਕਈ ਵੱਖ-ਵੱਖ ਉਪਦੇਸ਼ ਅਤੇ ਸਿਧਾਂਤ ਬਖਸ਼ੇ ਹਨ।

192. ਹਰ ਕੋਈ ਪਾਬੰਦੀਆਂ ਦੇ ਅਧੀਨ ਹੈ ਅਤੇ ਕਈ ਆਦਤਾਂ, ਵਿਚਾਰਾਂ, ਭਾਵਨਾਵਾਂ, ਸੰਬੰਧਾਂ, ਚਿੰਤਾਵਾਂ ਫਰਜ਼ਾਂ ਅਤੇ ਕੁਦਰਤੀ (ਸੁਭਾਵਿਕ) ਖਾਹਿਸ਼ਾਂ ਦਾ ਗੁਲਾਮ ਹੁੰਦਾ ਹੈ। ਇਥੋਂ ਤੱਕ ਕਿ ਵਾਹਿਗੁਰੂ ਵੀ ਜੀਵਨ ਦੀ ਉਤਪਤੀ, ਉਸਦੀ ਪਾਲਣਾ ਅਤੇ ਫਿਰ ਇਸਦਾ ਨਾਸ਼ ਦੇ ਆਪਣੇ ਸੁਭਾਅ ਕਾਰਣ, ਆਪਣੇ ਸਰਗੁਣ ਸਰੂਪ ਵਿਚ ਪਾਬੰਦ ਹੁੰਦਾ ਹੈ। ਅਜਿਹੀਆਂ ਹੋਰ ਵੀ ਸਵੈ-ਘੋਸ਼ਿਤ ਪਾਬੰਦੀਆਂ ਦੇ ਅਨੇਕਾਂ ਉਦਾਹਰਣਾਂ ਹਨ ਜੋ ਵਾਹਿਗੁਰੂ ਦੇ ਆਪਣੇ ਸੁਭਾਅ ਤੋਂ ਉਤਪੰਨ ਹੁੰਦੇ ਹਨ।

193. ਜੇ ਕੋਈ ਮਨੁੱਖ ਸ਼ਰਧਾ, ਸਤਿਕਾਰ, ਨਿਮਰਤਾ, ਪਿਆਰ ਨਾਲ ਵਾਹਿਗੁਰੂ ਨੂੰ ਸਿਮਰਨ ਦੇ ਕਾਬਿਲ ਹੈ ਤਾਂ ਫਿਰ, ਵਾਹਿਗੁਰੂ ਅਧਿਕ ਸਮੇਂ ਲਈ ਲੁਕਿਆ ਨਹੀਂ ਰਹਿੰਦਾ। ਪਰ ਮੁਸ਼ਕਿਲ ਗੱਲ ਇਹੀ ਹੈ ਕਿ ਅਸੀਂ ਜੋ ਮਰਜ਼ੀ ਕਰ ਲਈਏ, ਅਸੀਂ ਸਤਿਗੁਰੂ ਦੀ ਸਹਾਇਤਾ ਤੋਂ ਬਿਨਾਂ ਵਾਹਿਗੁਰੂ ਦਾ ਸਿਮਰਨ ਕਰਨ ਦੇ ਕਾਬਿਲ ਹੀ ਨਹੀਂ ਹੁੰਦੇ। ਅਜਿਹੀ ਸਹਾਇਤਾ, ਸੇਵਕ ਨੂੰ ਬ੍ਰਹਮ ਗਿਆਨ ਦੇ ਰੂਪ ਵਿਚ ਪ੍ਰਦਾਨ ਕੀਤੀ ਜਾਂਦੀ ਹੈ। ਇਸ ਬ੍ਰਹਮ ਗਿਆਨ ਨੂੰ ਸਿੱਖਣ ਅਤੇ ਸਮਝਣ ਅਤੇ ਉਸਦੇ ਮੁਤਾਬਿਕ ਢੱਲਣ ਅਤੇ ਸੁਧਾਰ ਲਿਆਉਣ ਵਿਚ ਸਮਾਂ ਲੱਗਦਾ ਹੈ।

194. ਸਤਿਗੁਰੂ ਆਪਣੇ ਸਿੱਖ ਦੇ ਮਨ ਵਿਚ, ਵਾਹਿਗੁਰੂ ਦੀ ਬੰਦਗੀ ਕਰਨ ਦੀ ਭਾਵਨਾ ਪੈਦਾ ਕਰਦਾ ਹੈ। ਗੁਰੂ ਦੀਆਂ ਸਿੱਖਿਆਵਾਂ, ਸਿੱਖ ਨੂੰ ਵਾਹਿਗੁਰੂ ਦੇ ਸਿਮਰਨ ਵਿਚ ਜੋੜਦੀਆਂ ਹਨ ਅਤੇ ਵਾਹਿਗੁਰੂ ਦੇ ਨੇੜੇ ਲੈ ਜਾਂਦੀਆਂ ਹਨ।

195. ਸਤਿਗੁਰੂ, ਸੇਵਕ ਦੀ ਭਗਤੀ ਦੀ ਗੁਣਵੱਤਾ ਨੂੰ ਵਧਾਉਂਦਾ ਹੈ। ਸੇਵਕ ਗੁਰੂ ਤੋਂ ਗੁਰੂ ਅਤੇ ਪ੍ਰਮਾਤਮਾ ਦਾ ਸਤਿਕਾਰ ਕਰਨਾ, ਸਮੇਂ ਦੇ ਨਾਲ-ਨਾਲ ਗੁਰੂ ਅਤੇ ਵਾਹਿਗੁਰੂ ਨਾਲ ਆਪਣੇ ਮਜ਼ਬੂਤ ਹੁੰਦੇ ਸੰਬੰਧਾਂ ਦੀ ਕਦਰ ਕਰਨਾ, ਗੁਰੂ ਦੇ ਬ੍ਰਹਮ ਗਿਆਨ ਦੀ ਕਦਰ ਕਰਨਾ, ਕੀਰਤਨ ਸੁਨਣਾ ਅਤੇ ਉਸਦਾ ਆਨੰਦ ਮਾਨਣਾ, ਗੁਰੂ ਦੀਆਂ ਸਿੱਖਿਆਵਾਂ ਉੱਤੇ ਮਹਾਪੁਰਖਾਂ ਦੇ ਵਿਚਾਰ ਸੁਨਣਾ, ਵਾਹਿਗੁਰੂ ਨਾਲ ਮਾਨਸਿਕ ਤੌਰ 'ਤੇ ਜੁੜਨਾ, ਗੁਰੂ ਦੇ ਹੋਰ ਸੇਵਕਾਂ ਨਾਲ, ਗੁਰੂ ਦੇ ਗਿਆਨ ਬਾਰੇ ਆਪ ਵਿਚਾਰ-ਵਟਾਂਦਰਾ ਕਰਨਾ। ਗੁਰੂ ਦਾ ਸੱਚਾ ਸਿੱਖ ਬਨਣਾ, ਮਾੜੇ ਵਿਚਾਰਾਂ ਅਤੇ ਮਾੜੇ ਕਰਮਾਂ ਵਿਚ ਨਾ ਉਲਝਣਾ, ਨੇਕ ਬਨਣ ਅਤੇ ਨੇਕ ਕਮਾਈ ਪ੍ਰਤੀ ਝੁਕਾਅ ਰੱਖਣਾ, ਰੱਬੀ ਗੁਣਾਂ-ਜਿਵੇਂ—ਸਤਿ, ਦਇਆ, ਸੰਤੋਖ, ਗੁਰੂ ਅਤੇ ਵਾਹਿਗੁਰੂ ਅੱਗੇ ਨਤਮਸਤਕ ਹੋਣਾ, ਗੁਰੂ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਮੰਨਣਾ, ਗੁਰੂ ਦੇ ਸਿੱਖਾਂ ਅਤੇ ਵਾਹਿਗੁਰੂ ਪ੍ਰਤੀ ਨਿਮਰਤਾ ਰੱਖਣੀ, ਗੁਰੂ ਦੇ ਸ਼ਬਦਾਂ ਦੇ ਅਰਥ ਸਮਝਣ ਦਾ ਯਤਨ ਕਰਨਾ, ਗੁਰੂ ਅਤੇ ਵਾਹਿਗੁਰੂ ਅੱਗੇ ਉਸਦੀ ਓਟ ਸ਼ਰਨ ਤੇ ਮਾਰਗ ਦਰਸ਼ਨ ਲਈ ਅਰਜ਼ੋਈ ਕਰਨਾ, ਗੁਰੂ ਅਤੇ ਵਾਹਿਗੁਰੂ ਨਾਲ ਸਦੀਵੀ ਸਾਂਝ ਦੀ ਤਾਂਘ ਰੱਖਣੀ ਸਿੱਖਦਾ ਹੈ।

196. ਗੁਰਬਾਣੀ ਦਾ ਕੀਰਤਨ ਕਰਕੇ ਸ਼ਬਦ ਗਾਇਨ ਕਰਕੇ ਜਾਂ ਸਰਵਣ ਕਰਕੇ ਵੀ

ਵਾਹਿਗੁਰੂ ਨੂੰ ਸਿਮਰਿਆ ਜਾ ਸਕਦਾ ਹੈ। ਇਸ ਨਾਲ ਜਲਦੀ ਹੀ ਜਾਗਰੁਕਤਾ ਦੀ ਸਹਿਜ ਅਵੱਸਥਾ ਦਾ ਰਸ ਆਉਣ ਲੱਗਦਾ ਹੈ।

197. ਵਾਹ-ਵਾਹ! ਵਾਹਿਗੁਰੂ ਨਿਮਾਣਿਆਂ ਨੂੰ ਮਾਣ ਅਤੇ ਨਿਓਟਿਆਂ ਨੂੰ ਓਟ ਬਖਸ਼ਦਾ ਹੈ। ਵਾਹ ਵਾਹ! ਵਾਹਿਗੁਰੂ ਆਪਣੇ ਦਰਸ਼ਨ-ਦੀਦਾਰ ਬਖਸ਼ਦਾ ਹੈ, ਇਕ ਪਲ, ਕੁਝ ਹੁੰਦਾ ਹੈ, ਅਤੇ ਅਗਲੇ ਹੀ ਪਲ, ਉਹ ਨਹੀਂ ਹੁੰਦਾ ਹੈ।

198. ਆਪਣੇ ਕੈਨਵਸ ਉੱਪਰ, ਕਲਾਕਾਰ ਵਾਹਿਗੁਰੂ, ਹਰ ਪਲ ਕੁਝ ਨਵਾਂ ਰੰਗ ਭਰਦਾ ਰਹਿੰਦਾ ਹੈ। ਇਕ ਪਲ ਤੋਂ ਦੂਸਰੇ ਪਲ ਤੱਕ, ਕੁਝ ਵੀ ਇਕਸਾਰ (ਇਕੋ ਜਿਹਾ) ਨਹੀਂ ਰਹਿੰਦਾ ਹੈ। ਕੇਵਲ ਉਹ ਪ੍ਰਮਾਤਮਾ ਹੀ ਹਰ ਪਲ ਇਕਸਾਰ ਰਹਿੰਦਾ ਹੈ, ਸਤਿਗੁਰੂ ਦਾ ਗਿਆਨ ਹਰ ਪਲ ਇਕਸਾਰ ਰਹਿੰਦਾ ਹੈ।

199. ਦਸਮ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਜਾਪ ਸਾਹਿਬ— ਸਿੱਖ ਦਾ ਮਨ, ਵਾਹਿਗੁਰੂ ਦੀ ਮਹਾਨਤਾ ਅਤੇ ਵਡਿਆਈਆਂ ਨਾਲ ਜੋੜਦੀ ਹੈ। ਗੁਰੂ ਦੇ ਬਚਨ, ਸਿੱਖ ਦੇ ਮਨ ਵਿਚ ਵਾਹਿਗੁਰੂ ਪ੍ਰਤੀ ਸਤਿਕਾਰ ਅਤੇ ਪਿਆਰ ਉਤਪੰਨ ਕਰਦੇ ਹਨ। ਇੰਝ ਸੇਵਕ, ਵਾਹਿਗੁਰੂ ਦੇ ਸੰਗ ਦਾ ਆਨੰਦ ਮਾਨਣਾ ਸ਼ੁਰੂ ਕਰ ਦਿੰਦਾ ਹੈ।

200. ਵਾਹਿਗੁਰੂ ਪੂਰੀ ਮਹਿਮਾ ਅਤੇ ਬੇਅੰਤ ਦਾਤਾਂ ਦੇ ਨਾਲ ਆਪਣੇ ਸਿੱਖ ਦੇ ਮਨ ਦੇ ਅੰਦਰ ਅਤੇ ਅਤਿ-ਨਜ਼ਦੀਕ (ਨੇੜੇ) ਹੁੰਦਾ ਹੈ। ਆਪਣਾ ਮਨ, ਵਾਹਿਗੁਰੂ ਦੇ ਸਿਮਰਨ ਵਿਚ ਜੋੜੋ। ਇੰਜ, ਜਾਗਰੁਕਤਾ ਦੀ ਸਹਿਜ ਅਵੱਸਥਾ ਦਾ ਆਨੰਦ ਮਾਣੋ।

201. ਆਤਮ ਯਾਤਰਾ ਦੇ ਮਾਰਗ 'ਤੇ ਚੱਲਦਿਆਂ, ਵਾਹਿਗੁਰੂ ਦੇ ਸੇਵਕ ਦਾ ਮਨ, ਇਹ ਜਾਨਣ ਲਈ ਸਭ ਤੋਂ ਵਧੀਆਂ ਪਾਰਖੀ ਹੁੰਦਾ ਹੈ ਕਿ ਆਤਮ ਪ੍ਰਗਤੀ ਕਿਸ ਤੋਂ ਬਣੀ ਹੈ ਅਤੇ ਅਜੇ ਹੋਰ ਕੀ ਬਨਣਾ ਬਾਕੀ ਹੈ। ਸਤਿਗੁਰੂ ਦਾ ਬ੍ਰਹਮ ਗਿਆਨ ਇਸ ਵਿਚ ਮਦਦਗਾਰ ਸਾਬਿਤ ਹੁੰਦਾ ਹੈ। ਸੇਵਕ ਆਪਣੇ ਗੁਰੂ ਦਾ ਮਾਰਗ-ਦਰਸ਼ਨ ਲੋਚਦਾ ਹੈ।

202. ਸਤਿਗੁਰੂ ਆਪਣੇ ਸਿੱਖ ਨੂੰ ਇਕ ਵਿਦਿਆਰਥੀ ਦੀ ਤਰ੍ਹਾਂ ਨਿਮਰਤਾ ਅਤੇ ਸੱਚੇ ਮਨ ਨਾਲ, ਉਹ ਸਭ ਦੁਹਰਾਉਣ ਲਈ ਪ੍ਰੇਰਿਤ ਕਰਦਾ ਹੈ ਅਤੇ ਹੱਲਾਸ਼ੇਰੀ ਦਿੰਦਾ ਹੈ। ਉਸਦੀ ਸੇਵਕ ਨੂੰ ਇਹ ਤਜ਼ਵੀਜ ਹੁੰਦੀ ਹੈ ਕਿ ਸਮਾਂ ਪਾ ਕੇ ਗੁਰੂ ਉਸਦੇ ਅੰਦਰ ਵੀ ਵਾਹਿਗੁਰੂ ਪ੍ਰਤੀ, ਉਸਦੇ ਵਰਗਾ ਸਤਿਕਾਰ ਅਤੇ ਪਿਆਰ ਉਤਪੰਨ ਕਰ ਦੇਵੇਗਾ।

203. ਜਿਵੇਂ-ਜਿਵੇਂ ਸੇਵਕ, ਮਨ ਅੰਦਰ, ਗੁਰੂ ਦੀਆਂ ਸਿੱਖਿਆਵਾਂ ਅੱਗੇ ਵੱਧਦੇ ਹੋਏ ਗ੍ਰਹਿਣ ਕਰਦਾ ਜਾਂਦਾ ਹੈ, ਸਤਿਗੁਰੂ ਦੀਆਂ ਸਿੱਖਿਆਵਾਂ ਹੋਰ ਅਧਿਕ ਸੁਆਦਲੀਆਂ ਅਤੇ ਪ੍ਰਸੰਨਤਾ ਪ੍ਰਦਾਨ ਕਰਨ ਵਾਲੀਆਂ ਬਣ ਜਾਂਦੀਆਂ ਹਨ। ਸਮਾਂ ਪਾ ਕੇ ਇਹ ਸਿੱਖਿਆਵਾਂ ਸੁਆਦਲੇਪਨ ਕਾਰਣ ਹੀ ਸੇਵਕ ਦੇ ਮਨ ਵਿਚ ਜਾਗਰੁਕਤਾ ਦੀ ਸਹਿਜ ਅਵੱਸਥਾ ਦਾ ਅਨੁਭਵ ਕਰਾਉਂਦੀਆਂ ਹਨ।

204. ਸਮੇਂ-ਸਮੇਂ ਤੇ ਕੋਈ ਨਾ ਕੋਈ, ਵਾਹਿਗੁਰੂ ਦੀ ਸੱਤਾ ਨੂੰ ਚੁਣੌਤੀ ਦਿੰਦਾ ਰਹਿੰਦਾ ਹੈ। ਉਹ, ਮਨੁੱਖ ਨੂੰ ਅਹੰਕਾਰ ਨਾਲ ਭਰਨ (ਫੁੱਲਣ) ਦਿੰਦਾ ਹੈ। ਫਿਰ, ਉਹ ਇਕ ਹੀ ਝਟਕੇ ਨਾਲ ਉਸਨੂੰ ਸਮਾਪਤ ਕਰ ਦਿੰਦਾ ਹੈ, ਅਤੇ ਫਿਰ ਜਿਸ ਬਾਰੇ ਦੁਬਾਰਾ, ਕਦੀ ਕੋਈ ਗੱਲ ਵੀ ਸੁਣਾਈ ਨਹੀਂ ਦਿੰਦੀ।

205. ਜੇ ਸੇਵਕ ਦੇ ਮਨ ਵਿਚ ਵਾਹਿਗੁਰੂ ਦਾ ਸਿਮਰਨ ਵੱਸਿਆ ਹੁੰਦਾ ਹੈ, ਤਾਂ ਫਿਰ ਉਹ ਮਨੁੱਖ ਵਾਹਿਗੁਰੂ ਦੀ ਹਜ਼ੂਰੀ ਵਿਚ ਹੁੰਦਾ ਹੈ— ਉਸਨੂੰ ਵਾਹਿਗੁਰੂ ਦੇ ਦਰਸ਼ਨ ਹੁੰਦੇ ਹਨ। ਇਹ ਸਿਮਰਨ ਸਤਿਗੁਰੂ ਦੀਆਂ ਸਿੱਖਿਆਵਾਂ ਨਾਲ ਹੀ ਗਹਿਰਾ ਹੁੰਦਾ ਹੈ।

206. ਸਤਿਗੁਰੂ ਦੀ ਇਹ ਬਹੁਤ ਵੱਡੀ ਬਖਸ਼ਿਸ਼ ਹੈ ਕਿ ਮਨੁੱਖ ਉਸਦੇ ਸਕੂਲ ਵਿਚ ਦਾਖਿਲ ਹੁੰਦਾ ਹੈ। ਗੁਰੂ ਦੇ ਗਿਆਨ ਨੂੰ ਸਿੱਖਣ ਵਿਚ ਸਫ਼ਲ ਹੋਣ ਲਈ ਮਨੁੱਖ ਬਹੁਤ ਹੀ ਅਧਿਕ ਵੱਡਭਾਗੀ ਹੋਣਾ ਚਾਹੀਦਾ ਹੈ।

207. ਵਿਗਿਆਨ, ਕੁਦਰਤ ਦੇ ਭੇਦਾਂ ਨੂੰ ਖੋਲ੍ਹਦਾ ਹੈ। ਸਤਿਗੁਰੂ ਕੁਦਰਤ (ਕਾਇਨਾਤ) ਬਨਾਉਣ ਵਾਲੇ ਦੇ ਭੇਦ ਖੋਲ੍ਹਦਾ ਹੈ। ਜਿਵੇਂ, ਕੁਦਰਤ ਦੇ ਭੇਦ, ਵਿਗਿਆਨ ਤੋਂ ਬਗੈਰ ਹੀ ਹੋਂਦ ਰੱਖਦੇ ਹਨ, ਠੀਕ ਉਸੇ ਤਰ੍ਹਾਂ ਕੁਦਰਤ ਬਨਾਉਣ ਵਾਲੇ ਦੇ ਭੇਦ ਵੀ ਸਤਿਗੁਰੂ ਦੇ ਗਿਆਨ ਤੋਂ ਬਗੈਰ ਵੀ ਆਪਣੀ ਸੁਤੰਤਰ ਹੋਂਦ ਰੱਖਦੇ ਹਨ। ਕਾਇਨਾਤ ਬਨਾਉਣ ਵਾਲੇ ਦੇ ਭੇਦ ਆਪਣੇ ਹੀ ਸਮਝੌਤਿਆਂ ਉੱਪਰ ਟਿਕੇ ਹੋਏ ਹੁੰਦੇ ਹਨ, ਕੁਦਰਤ ਬਨਾਉਣ ਵਾਲੇ ਦੇ ਭੇਦ, ਉਸਦੀ ਮਿਹਰ ਸਦਕਾ ਹੀ, ਸਤਿਗੁਰੂ ਖੋਲ੍ਹਦਾ ਹੈ।

208. ਜੇ ਸੇਵਕ ਪੂਰਨਤਾ ਸ਼ੰਕਾ ਰਹਿਤ ਵਾਹਿਗੁਰੂ ਨੂੰ ਹਾਜ਼ਰ-ਨਾਜ਼ਰ ਮੰਨਦਾ ਹੈ ਤਾਂ ਉਸਦਾ ਵਾਹਿਗੁਰੂ ਨਾਲ ਮਿਲਾਪ ਹੁੰਦਾ ਹੈ। ਸੇਵਕ ਸਮਾਂ ਪਾ ਕੇ, ਸਤਿਗੁਰੂ ਦੇ ਬ੍ਰਹਮ ਗਿਆਨ ਤੋਂ ਸਿੱਖਿਆ ਪ੍ਰਾਪਤ ਕਰਕੇ, ਸਾਰੇ ਸ਼ੰਕਿਆਂ ਤੋਂ ਮੁਕਤ ਹੋ ਜਾਂਦਾ ਹੈ।

209. ਵਾਹਿਗੁਰੂ ਨਾਲ ਮਿਲਾਪ ਤੋਂ ਪਹਿਲਾਂ ਸਮੇਂ ਦੇ ਨਾਲ-ਨਾਲ ਹੇਠ ਲਿਖੀ ਪ੍ਰਕ੍ਰਿਆ ਚੱਲਦੀ ਹੈ। ਸ੍ਰਿਸ਼ਟੀ ਵਿਚ ਮੌਜੂਦ ਹਰੇਕ ਚੀਜ਼ ਦੀ ਆਰਜ਼ੀ ਹੋਂਦ ਨਾਲ ਨਿਰਾਸ਼ਾ ਅਤੇ ਬੈਰਾਗ ਸਦੀਵੀ ਲਈ ਖਾਹਿਸ਼ (ਬਿਰਹਨ), ਸੱਚੇ ਦੀ ਤਲਾਸ਼, ਜਾਗਰੁਕਤਾ ਦੀ ਸਹਿਜ ਅਵੱਸਥਾ ਦਾ ਆਰੰਭ ਅਤੇ ਫਿਰ ਪ੍ਰਮਾਤਮਾ ਨਾਲ ਮਿਲਾਪ। ਇਸ ਪ੍ਰਕ੍ਰਿਆ ਦੇ ਸੰਪੂਰਨ ਹੋਣ ਦਾ ਕੋਈ ਨਿਸ਼ਚਿਤ ਸਮਾਂ ਨਹੀਂ ਹੈ। ਇਹ ਮਾਨਸਿਕ ਪੜਾਅ, ਸਤਿਗੁਰੂ ਦੇ ਬ੍ਰਹਮ ਗਿਆਨ ਨਾਲ ਆਉਂਦੇ ਹਨ। ਅਸਲ ਵਿਚ ਇਹ ਇਕ ਖੇਡ ਹੈ, ਜੋ ਵਾਹਿਗੁਰੂ ਬਾਰ-ਬਾਰ ਵੱਖ-ਵੱਖ ਮਨੁੱਖਾਂ ਨਾਲ ਖੇਡਦਾ ਹੈ। ਇਸ ਖੇਡ ਦਾ ਉਹ ਆਨੰਦ ਮਾਣਦਾ ਹੈ। ਸਤਿਗੁਰੂ, ਇਸ ਖੇਡ ਨੂੰ ਬੜਾਵਾ ਅਤੇ ਸਾਥ ਦੇ ਕੇ ਖੇਡਣ ਵਿਚ ਸਹੂਲਤ ਪ੍ਰਦਾਨ ਕਰਦਾ ਹੈ। ਇਸ ਖੇਡ ਨੂੰ ਖੇਡਦੇ ਹਨ— ਵਾਹਿਗੁਰੂ, ਸਤਿਗੁਰੂ ਅਤੇ ਗੁਰੂ ਦੇ ਸੱਚੇ ਸੇਵਕ।

210. ਬ੍ਰਹਮ ਪ੍ਰੇਮ ਦੀ ਖੇਡ ਖੇਡ ਕੇ, ਗੁਰੂ ਦਾ ਸਿੱਖ, ਵਾਹਿਗੁਰੂ ਦਾ ਸੇਵਕ, ਉੱਚਾ ਆਚਰਣ, ਵਿੱਤੀ ਸੁਰੱਖਿਆ, ਨੇਕ ਖਾਹਿਸ਼ਾਂ ਦੀ ਪੂਰਤੀ ਅਤੇ ਜਨਮ, ਮਰਨ ਅਤੇ ਫਿਰ ਜਨਮ ਦੇ ਚੱਕਰ ਤੋਂ ਮੁਕਤੀ ਹਾਸਿਲ ਕਰਦਾ ਹੈ।

211. ਸੇਵਕ ਦੀ ਵਾਹਿਗੁਰੂ ਅੱਗੇ ਇਹ ਬੇਨਤੀ ਹੁੰਦੀ ਹੈ, ''ਤੂੰ ਮੈਨੂੰ ਬੜਾ ਲੰਬਾ ਸਮਾਂ ਕਸ਼ਟ ਦੇ ਦਿੱਤਾ ਹੈ। ਹੁਣ ਕ੍ਰਿਪਾ ਕਰੋ। ਮੇਰੇ ਕੋਲ ਆਉ। ਮੈਨੂੰ ਮਿਲੋ। ਮੇਰੇ ਤੋਂ ਦੂਰ ਨਾ ਰਹੋ। ਮੈਂ ਤੁਹਾਨੂੰ ਬਹੁਤ ਪਿਆਰ ਕਰਦਾ ਹਾਂ। ਮੇਰੇ ਦਿਲ ਵਿਚ ਤੁਹਾਡੇ ਲਈ ਬਹੁਤ ਸਨਮਾਨ ਹੈ। ਮੇਰੇ ਪਿਆਰ ਸਦਕਾ, ਕ੍ਰਿਪਾ ਕਰਕੇ ਆਪਣੇ ਉੱਚੇ ਆਸਨ ਤੋਂ ਹੇਠਾਂ ਆਉ ਅਤੇ ਮੈਨੂੰ ਨਿਮਾਣੇ ਨੂੰ ਆ ਕੇ ਮਿਲੋ। ਮੈਂ ਤੁਹਾਡੇ ਨਾਲ ਮਿਲਾਪ ਚਾਹੁੰਦਾ ਹਾਂ। ਜੇ ਤੁਸੀਂ ਮੇਰੇ ਕੋਲ ਆ ਗਏ, ਫਿਰ ਮੈਂ ਤੁਹਾਨੂੰ ਪੁਕਾਰਨਾ ਛੱਡ ਦੇਵਾਂਗਾ। ਫੇਰ ਮੇਰੀ, ਤੁਹਾਡੇ ਅੱਗੇ ਇਹ ਬੇਨਤੀ ਹੋਵੇਗੀ ਕਿ ਹੁਣ ਕਦੀ ਵੀ ਮੈਨੂੰ ਛੱਡ ਕੇ ਨਾ ਜਾਣਾ।''

212. ਵਾਹਿਗੁਰੂ ਅਣਥੱਕ ਹੈ। ਉਹ ਆਪਣੇ ਬੇਅੰਤ ਕਾਰਜਾਂ ਦੀ ਦੇਖ-ਰੇਖ ਵਿਚ ਰੁੱਝਾ ਰਹਿੰਦਾ ਹੈ। ਉਹ ਆਪਣੇ ਬੇਅੰਤ ਕਾਰਜਾਂ ਨੂੰ ਕਰਦੇ ਕਦੀ ਵੀ ਥੱਕਦਾ ਨਹੀਂ ਹੈ।

213. ਵਾਹਿਗੁਰੂ ਨਾਲ ਮਿਲਾਪ ਲਈ, ਸੇਵਕ ਵੱਲੋਂ ਕੀਤੀ ਗਈ ਬੇਨਤੀ (ਅਰਜ਼ੋਈ) ਆਖਿਰਕਾਰ ਉਸ ਨਾਲ ਉਸੇ ਵੇਲੇ ਮਿਲਾਪ ਤੇ ਸਮਾਪਤ ਹੁੰਦੀ ਹੈ, ਫਿਰ ਸੇਵਕ ਆਪਣੇ ਆਪ ਨੂੰ ਵਾਹਿਗੁਰੂ ਦੇ ਚਰਨਾਂ ਵਿਚ ਪਾਉਂਦਾ ਹੈ।

214. ਨਿਮਰਤਾ ਭਰਿਆ ਖੁੱਲ੍ਹਾ ਮਨ, ਆਪਣੀਆਂ ਖਾਮੀਆਂ ਤੋਂ ਜਾਣੂ ਹੁੰਦਾ ਹੈ ਅਤੇ ਉਹਨਾਂ ਨੂੰ ਦੂਰ ਕਰਨ ਲਈ ਤਤਪਰ ਹੁੰਦਾ ਹੈ। ਜੇ ਅਜਿਹਾ ਮਨ ਕਿਸੇ ਅਜਿਹੇ ਵਿਚਾਰ ਜਾਂ ਕਿਸੇ ਐਸੇ ਨਾਲ ਆ ਮਿਲਦਾ ਹੈ, ਜਿਸ ਵਿਚ ਇਹ ਖਾਮੀਆਂ ਨਾ ਹੋਣ, ਤਾਂ ਫਿਰ ਉਹ ਉਸੇ ਪਲ ਛਾਲ ਮਾਰਦਾ ਹੈ ਅਤੇ ਇਹ ਪੂਰਤੀ ਆਪਣੇ ਅੰਦਰ ਵੀ ਸ਼ਾਮਿਲ ਕਰ ਲੈਂਦਾ ਹੈ।

215. ਸਤਿਗੁਰੂ ਦੇ ਬ੍ਰਹਮ ਗਿਆਨ ਦੀ ਮਦਦ ਨਾਲ, ਆਪਣੀ ਅਤੇ ਵਾਹਿਗੁਰੂ ਦੀ ਸੋਝੀ (ਸਮਝ) ਮਨ ਨੂੰ ਕਮੀਆਂ ਤੋਂ ਪੂਰਤੀ ਵੱਲ, ਅਸੰਪੂਰਨਤਾ ਤੋਂ ਸੰਪੂਰਨਤਾ ਵੱਲ ਅਤੇ ਮਨੁੱਖ ਤੋਂ ਗੁਰੂ ਵੱਲ (ਬਾਬਾ ਲਹਿਣਾ ਜੀ ਗੁਰੂ ਅੰਗਦ ਜੀ ਬਣ ਗਏ) ਲੈ ਜਾਂਦੀ ਹੈ। ਜ਼ਰੂਰਤ ਸਿਰਫ ਇਸ ਗੱਲ ਦੀ ਹੈ, ਕਿ ਸਿੱਖਣ ਵਾਲਾ ਖੁੱਲ੍ਹੇ ਮਨ ਵਾਲਾ ਅਤੇ ਇਹ ਸਿੱਖਣ ਲਈ ਤਤਪਰ ਹੋਵੇ ਕਿ ਮਨ ਜੋ ਗੱਲਾਂ ਨਹੀਂ ਜਾਣਦਾ ਹੈ, ਉਹ ਉਸਨੂੰ ਜਾਨਣ ਲਈ ਉਤਸੁਕ ਹੈ।

216. ਸਿੱਖ ਦੀ ਪਰਿਭਾਸ਼ਾ ਹੈ: ਅਜਿਹਾ ਮਨੁੱਖ ਜੋ ਇਸ ਗੱਲ ਤੋਂ ਭਲੀ-ਭਾਂਤੀ ਜਾਣੂ ਹੈ ਕਿ ਉਸ ਕੋਲ ਬ੍ਰਹਮ ਗਿਆਨ ਨਹੀਂ ਹੈ, ਪਰ ਉਹ ਪੂਰੀ ਸ਼ਰਧਾ ਅਤੇ ਨਿਮਰਤਾ ਨਾਲ, ਗੁਰੂ ਤੋਂ ਇਹ ਸਿੱਖਣ ਲਈ ਤੱਤਪਰ ਹੈ। ਹਾਲਾਂਕਿ ਸਿੱਖ, ਇਸ ਗੱਲ ਦਾ ਕਦੀ ਵੀ ਇਹ ਦਾਅਵਾ ਨਹੀਂ ਕਰਦਾ ਹੈ ਕਿ ਬ੍ਰਹਮ ਗਿਆਨ ਦੀ ਸੋਝੀ ਵਿਚ, ਉਹ ਗੁਰੂ ਦੇ

ਪੱਧਰ ਤੱਕ ਪਹੁੰਚ ਗਿਆ ਹੈ। ਇਸ ਲਈ, ਸਿੱਖ ਅਨੰਤ-ਕਾਲ (ਸਦਾ ਸਦਾ ਲਈ) ਤੱਕ ਸਿੱਖ ਹੀ ਰਹਿੰਦਾ ਹੈ।

217. ਗੁਰੂ ਦੇ ਬ੍ਰਹਮ ਗਿਆਨ ਨੂੰ ਸਿੱਖਦਿਆਂ, ਇਕ ਸਮਾਂ ਅਜਿਹਾ ਆਉਂਦਾ ਹੈ, ਜਦੋਂ ਵਾਹਿਗੁਰੂ ਦੇ ਨਾਮ ਨੂੰ ਸਿਮਰਦੇ-ਸਿਮਰਦੇ ਸੇਵਕ ਦੇ ਮਨ ਵਿਚ ਇਹ ਵਿਚਾਰ ਦ੍ਰਿੜ ਹੋ ਜਾਂਦੀ ਹੈ ਕਿ ਵਾਹਿਗੁਰੂ ਦਇਆਲੂ, ਕਿਰਪਾਲੂ, ਅੰਤਰਜਾਮੀ, ਪਾਤਸ਼ਾਹਾਂ ਦਾ ਪਾਤਸ਼ਾਹ, ਸੰਪੂਰਨ ਸ੍ਰਿਸ਼ਟੀ ਦਾ ਪਾਤਸ਼ਾਹ, ਮਹਾਨ, ਸੱਚਾ ਮਿੱਤਰ, ਮਾਤਾ-ਪਿਤਾ ਅਤੇ ਸਾਰਿਆਂ ਤੋਂ ਪਿਆਰਾ ਹੈ।

218. ਸਾਧਾਰਣ ਤੋਂ ਅਗਾਂਹਵਧੂ + ਬ੍ਰਹਮ ਗਿਆਨ ਦਾ ਇਕ ਪਾਠਕ੍ਰਮ ਬਣਾਇਆ ਜਾਣਾ ਚਾਹੀਦਾ ਹੈ। ਬੱਚੇ ਦੇ ਸਿੱਖਣ ਵਾਲੇ ਪਾਠ, ਵੱਡਿਆਂ ਦੇ ਸਿੱਖਣ ਵਾਲੇ ਪਾਠਾਂ ਤੋਂ ਅਲੱਗ ਹੋਣੇ ਚਾਹੀਦੇ ਹਨ, ਜੇ ਅਜਿਹਾ ਪਾਠਕ੍ਰਮ ਸੰਪੂਰਨਤਾ ਨਾਲ ਤਿਆਰ ਕੀਤਾ ਜਾ ਸਕੇ ਤਾਂ ਫਿਰ ਬ੍ਰਹਮ ਗਿਆਨ ਦੇ ਵਿਦਿਆਰਥੀਆਂ ਲਈ ਆਤਮਿਕ ਪ੍ਰਗਤੀ ਦੇ ਵੱਖ-ਵੱਖ ਪੜਾਵਾਂ ਤੇ ਇਹ ਬਹੁਤ ਹੀ ਲਾਭਕਾਰੀ ਹੋਵੇਗਾ।

219. ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, ਜਿਸ ਸੇਵਕ ਦੀ ਵਾਹਿਗੁਰੂ ਆਪ ਰੱਖਿਆ ਕਰੇ, ਉਹ ਕਦੀ ਕੋਈ ਦੁੱਖ ਨਹੀਂ ਪਾਉਂਦਾ। ਹਾਲਾਂਕਿ, ਉਹ ਆਪ, ਅੱਤਿਆਚਾਰ ਕਰਨ ਵਾਲਿਆਂ ਹੱਥੋਂ, ਸਭ ਤੋਂ ਘਿਨਾਉਣੇ ਤਸੀਹੇ ਸਹਿੰਦਾ ਸੰਸਾਰ ਤਿਆਗ ਜਾਵੇ। ਇਹ ਇਕ ਵਿਰੋਧਾਭਾਸ ਹੈ। ਪਰ ਗੁਰੂ ਦੇ ਵਾਹਿਗੁਰੂ ਨਾਲ ਆਤਮਿਕ ਸੁਮੇਲ ਪੱਧਰ ਤੱਕ ਇਹ ਵਿਰੋਧਾਭਾਸ ਜ਼ਿਆਦਾ ਸਮਾਂ ਵਿਰੋਧਾਭਾਸ ਨਹੀਂ ਰਹਿੰਦਾ। ਹਾਂ, ਗੁਰੂ ਨੇ ਅਤਿਅੰਤ ਤਸੀਹੇ ਝੱਲੇ, ਪਰ ਵਾਹਿਗੁਰੂ ਦੀ ਰਜ਼ਾ ਕਾਰਣ, ਉਸਨੂੰ ਦੁੱਖ ਮਹਿਸੂਸ ਨਹੀਂ ਹੋਇਆ। ਉਸਦੀ ਰਾਮ ਨਾਮ ਨਾਲ ਲਿਵ, ਦੁੱਖ-ਤਕਲੀਫਾਂ ਦੇ ਰੋਗਾਂ ਨੂੰ ਮਾਰਨ ਵਾਲੀ ਦਵਾਈ ਵਜੋਂ ਸਾਬਿਤ ਹੋਈ। ਇਹਨਾਂ ਦੁੱਖਾਂ ਤਕਲੀਫਾਂ ਨੇ ਵੀ ਉਸ ਨੂੰ ਵਾਹਿਗੁਰੂ ਨਾਲੋਂ ਨਹੀਂ ਵਿਛੋੜਿਆ। ਤਸੀਹੇ ਸਹਿੰਦਿਆਂ ਵੀ, ਗੁਰੂ ਦੇ ਸ਼ਬਦ ਸਨ:

ਤੇਰਾ ਕੀਆ ਮੀਠਾ ਲਾਗੇ
ਹਰਿ ਨਾਮ ਪਦਾਰਥ ਨਾਨਕ ਮਾਂਗੇ॥

220. ਮਹਾਨ, ਕਰਨਹਾਰ (ਪ੍ਰਮਾਤਮਾ) ਮਨੁੱਖ ਲਈ ਇਹ ਸੰਭਵ ਬਣਾਉਂਦਾ ਹੈ ਕਿ ਉਹ ਆਪਣੇ ਦੁਨਿਆਵੀਂ ਕਾਰਜ ਸਹੀ ਤਰ੍ਹਾਂ ਕਰਨ ਦੇ ਨਾਲ-ਨਾਲ ਵਾਹਿਗੁਰੂ, ਗੁਰੂ ਅਤੇ ਸੰਤਾਂ ਨੂੰ ਵੀ ਪਿਆਰ ਅਤੇ ਸਤਿਕਾਰ ਪ੍ਰਦਾਨ ਕਰਦਾ ਰਹੇ।

221. ਕਰਨ-ਕਾਰਨ ਪ੍ਰਮਾਤਮਾ ਦੀ ਇੱਛਾ ਤੋਂ ਬਿਨਾਂ, ਕਿਸੇ ਵੀ ਚੀਜ਼ ਦਾ ਕੋਈ ਅਸਤਿੱਤਵ ਨਹੀਂ ਹੈ। ਉਸ ਮਹਾਨ, ਪ੍ਰਭੂ ਦੇ ਚਾਹੇ ਬਗੈਰ, ਕੁਝ ਵੀ ਨਹੀਂ ਹੋ ਸਕਦਾ।

222. ਨਿਤਨੇਮ ਦੀਆਂ ਰਚਨਾਵਾਂ ਵਿਚ ਆਉਣ ਵਾਲੇ ਹਰ ਇਕ ਸ਼ਬਦ ਦੀ ਵਰਣਮਾਲਾ ਮੁਤਾਬਿਕ ਪੰਜਾਬੀ ਅਤੇ ਅੰਗਰੇਜ਼ੀ ਵਿਚ ਡਿਕਸ਼ਨਰੀ/ਸ਼ਬਦਾਵਲੀ ਬਣਾਉ।

223. ਵਾਹਿਗੁਰੂ ਅਤੇ ਵਾਹਿਗੁਰੂ ਦਾ ਸੇਵਕ ਇਕ ਹੀ ਰੂਪ ਹਨ। ਵਾਹਿਗੁਰੂ, ਸੇਵਕ ਨੂੰ ਆਪਣਾ ਮੰਨਦਾ ਹੈ (ਤੂੰ ਮੇਰਾ, ਮੈਂ ਤੇਰਾ) ਅਤੇ ਸੇਵਕ, ਵਾਹਿਗੁਰੂ ਨੂੰ ਆਪਣਾ ਮੰਨਦਾ ਹੈ (ਤੂੰ ਮੇਰਾ, ਮੈਂ ਤੇਰਾ)।

224. ਨਾਮ ਜਪੋ ਦਾ ਅਰਥ ਹੈ: ਪਿਆਰ ਅਤੇ ਸ਼ਰਧਾ ਨਾਲ ਵਾਹਿਗੁਰੂ ਦਾ ਸਿਮਰਨ ਕਰੋ। ਸਦਾ 'ਵਾਹਿਗੁਰੂ' ਦਾ ਨਾਮ ਧਿਆਉ, ਕਿਉਂਕਿ, ਉਸਦੇ ਨਾਮ ਵਿਚ ਆਇਆ ਵਾਹਿ ਸ਼ਬਦ ਗੁਰੂ ਲਈ ਪਿਆਰ, ਸਤਿਕਾਰ ਅਤੇ ਸੱਚੀ ਪ੍ਰਸੰਸਾ ਦਾ ਪ੍ਰਤੀਕ ਹੈ।

225. ਵਾਹਿਗੁਰੂ ਦਾ ਇਕ ਗੁਣ ਹੈ— ਗੁਰੂ। ਉਹ ਮਨ ਵਿਚੋਂ ਸਾਰੀ ਅਗਿਆਨਤਾ ਦੂਰ ਕਰਨ ਵਾਲਾ ਹੈ। ਸਿੱਖ ਧਰਮ ਦੇ ਸਾਰੇ ਗਿਆਰ੍ਹਾਂ ਗੁਰੂਆਂ—ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੱਕ—ਸਭ ਦੇ ਸਭ, ਅਗਿਆਨਤਾ ਦੂਰ ਕਰਨ ਵਾਲੇ ਹਨ।

226. ਬ੍ਰਹਮ ਗਿਆਨ ਮਨ ਵਿਚ ਵਾਹਿਗੁਰੂ ਨਾਲ ਸਾਂਝ ਪੈਦਾ ਕਰਦਾ ਹੈ।

227. ਗੁਰੂ ਨਾਨਕ ਦੇਵ ਜੀ ਤੋਂ ਲੈ ਕੇ, ਗੁਰੂ ਗ੍ਰੰਥ ਸਾਹਿਬ ਤੱਕ, ਸਾਰੇ ਸਿੱਖ ਗੁਰੂਆਂ ਦੇ ਉਪਦੇਸ਼ਾਂ ਦੇ ਅਧਿਐਣ ਤੋਂ ਜੋ ਸਾਰ ਨਿਕਲਦੇ ਹਨ, ਉਹ ਇਹ ਹਨ ਕਿ, ਸਤਿਗੁਰੂ ਦੀਆਂ ਦਿੱਤੀਆਂ ਸਿੱਖਿਆਵਾਂ ਦਾ ਗਹਿਰਾ ਅਧਿਐਨ, ਸਮਾਂ ਪਾ ਕੇ ਸੇਵਕ ਨੂੰ ਪ੍ਰਮਾਤਮਾ ਦੇ ਹੋਰ ਨੇੜੇ ਲੈ ਜਾਂਦਾ ਹੈ। ਸਤਿਗੁਰੂ ਸੇਵਕ ਦੇ ਮਨ ਵਿਚ ਅਜਿਹੇ ਵਿਚਾਰ ਅਤੇ ਭਾਵਨਾਵਾਂ ਮਨ ਵਿਚ ਜੋੜ ਦਿੰਦਾ ਹੈ ਜੋ, ਉਸਦਾ ਪ੍ਰਮਾਤਮਾ ਨਾਲ ਭਾਵਨਾਤਮਿਕ ਨਾਤਾ ਜੋੜ ਦਿੰਦੇ ਹਨ। ਸਮਾਂ ਪਾ ਕੇ, ਜਿਉਂ-ਜਿਉਂ ਸੇਵਕ ਦੇ ਮਨ ਵਿਚ ਗੁਰੂ ਦੇ ਸ਼ਬਦਾਂ ਬਾਰੇ ਜਾਗਰੁਕਤਾ ਹੋਰ ਉੱਚੇ ਸੱਤਰ ਤੱਕ ਵੱਧਦੀ ਜਾਂਦੀ ਹੈ, ਤਾਂ ਫਿਰ ਉਦੋਂ ਪ੍ਰਮਾਤਮਾ ਨਾਲ ਇਹ ਭਾਵਨਾਤਮਿਕ ਨਾਤੇ ਹੋਰ ਅਧਿਕ ਸਥਾਪਿਤ ਹੋ ਜਾਂਦੇ ਹਨ। ਫਿਰ ਅਜਿਹਾ ਸਮਾਂ ਆਉਂਦਾ ਹੈ, ਜਦੋਂ ਗੁਰੂ ਦੇ ਸ਼ਬਦ, ਸੇਵਕ ਦੇ ਆਪਣੇ ਸ਼ਬਦ ਬਣ ਜਾਂਦੇ ਹਨ। ਅਜਿਹੀ ਸਥਿਤੀ ਤੇ, ਸੇਵਕ ਦਾ ਮਨ, ਗੁਰੂ ਦੇ ਮਨ ਵਰਗਾ ਬਣ ਜਾਂਦਾ ਹੈ। ਪਰ ਜਾਗਰੁਕਤਾ ਦੀ ਇਹ ਅਵੱਸਥਾ, ਗੁਰੂ ਪ੍ਰਤੀ ਬਹੁਤ ਹੀ ਅਧਿਕ ਨਿਮਰਤਾ ਰੱਖਦਿਆਂ ਹੋਇਆ ਹਾਸਿਲ ਹੁੰਦੀ ਹੈ। ਪ੍ਰਮਾਤਮਾ ਅਤੇ ਉਸਦੇ ਰੱਬੀ ਜੀਵਨ ਬਾਰੇ ਇਕ ਸਿੱਖ ਦੀ ਜਾਗਰੁਕਤਾ ਭਾਵੇਂ ਗੁਰੂ ਦੇ ਬਰਾਬਰ ਹੋ ਜਾਵੇ, ਪਰ ਉਹ ਸੇਵਕ ਆਪਣੇ ਆਪ ਨੂੰ ਹਮੇਸ਼ਾਂ ਗੁਰੂ ਦੇ ਚਰਨਾਂ ਦੀ ਧੂੜ ਹੀ ਸਮਝਦਾ ਹੈ।

228. ਇਕ ਮਨੁੱਖ ਦਾ ਸਤਿਗੁਰੂ ਦੀ ਸ਼ਰਨ ਵਿਚ ਆਉਣਾ, ਉਸਦਾ ਸਿੱਖ ਬਨਣਾ ਅਤੇ ਫਿਰ ਆਪਣੇ ਵਿਚਾਰਾਂ ਅਤੇ ਭਾਵਨਾਵਾਂ ਵਿਚ ਪ੍ਰਗਤੀ ਪ੍ਰਾਪਤ ਕਰਨਾ ਆਦਿ, ਸਭ ਉਸ ਦਿਆਲੂ ਵਾਹਿਗੁਰੂ ਦੀ ਰਜ਼ਾ ਨਾਲ ਹੁੰਦਾ ਹੈ। ਸੇਵਕ ਦੀ ਤਕਦੀਰ ਹੀ ਉਸਨੂੰ ਜਾਗਰੁਕਤਾ ਦੇ ਸ਼ਿਖਰ ਵੱਲ ਲੈ ਕੇ ਜਾਂਦੀ ਹੈ— ਉਹ ਜਾਗਰੁਕਤਾ, ਜੋ ਗੁਰੂ ਦੇ ਸ਼ਬਦਾਂ ਵਿਚ ਸਮਾਈ ਹੁੰਦੀ ਹੈ, ਅਤੇ ਸਤਿਗੁਰੂ ਦੇ ਸ਼ਬਦਾਂ ਵਿਚ ਪ੍ਰਗਟਾਈ ਜਾਂਦੀ

ਹੈ। ਇਸ ਵੇਲੇ, ਪ੍ਰਮਾਤਮਾ ਦੀ ਮਿਹਰ ਸਦਕਾ ਸੇਵਕ ਨੂੰ, ਇਕ ਰਸ, ਉਸਦਾ ਨਾਮ ਧਿਆਉਂਦੇ ਹੋਏ, ਵਾਹਿਗੁਰੂ ਨਾਲ ਜੋੜ ਲੈਂਦੀ ਹੈ। ਜਾਗਰੁਕਤਾ ਦੀ ਇਹ ਅਵੱਸਥਾ, ਸਹਿਜ ਅਵੱਸਥਾ ਕਹਾਉਂਦੀ ਹੈ—ਸੇਵਕ ਦੇ ਅੰਤਰ ਮਨ ਦੀ ਪ੍ਰਮਾਤਮਾ ਨਾਲ ਸਰਲ, ਸੁਭਾਵਿਕ ਅਤੇ ਨਿਰੰਤਰ ਸਾਂਝ। ਸੇਵਕ ਆਤਮਿਕ ਆਨੰਦ ਅਨੁਭਵ ਕਰਦਾ ਹੈ—ਆਤਮਿਕ ਸ਼ਾਂਤੀ, ਸਬਰ-ਸੰਤੋਖ ਅਤੇ ਪ੍ਰਸੰਨਤਾ।

229. ਜਿਉਂ ਹੀ ਇਹ ਸਾਰੇ ਵੱਖ-ਵੱਖ ਭਾਵਨਾਤਮਿਕ ਗਿਸ਼ਤੇ ਇਕੱਠੇ ਮਿਲਦੇ ਹਨ ਤਾਂ ਫਿਰ ਪ੍ਰਮਾਤਮਾ ਨਾਲ ਇਕ ਸਭ ਤੋਂ ਵੱਡਾ ਭਾਵਨਾਤਮਿਕ ਗਿਸ਼ਤਾ ਜਨਮ ਲੈਂਦਾ ਹੈ। ਪ੍ਰਮਾਤਮਾ ਨਾਲ ਜੁੜੇ ਇਸ ਸਭ ਤੋਂ ਵੱਡੇ ਭਾਵਨਾਤਮਿਕ ਗਿਸ਼ਤੇ ਨੂੰ (ਰੱਬੀ) ਪ੍ਰੇਮ ਜਾਂ ਸਿਮਰਨ ਦਾ ਨਾਂ ਵੀ ਦਿੱਤਾ ਜਾ ਸਕਦਾ ਹੈ। ਇਹ ਰੂਹਾਨੀ ਪ੍ਰੇਮ ਗੁਰੂ ਦੇ ਬ੍ਰਹਮ ਗਿਆਨ ਪ੍ਰਤੀ ਬਹੁਤ ਅਧਿਕ ਪ੍ਰਸੰਸਾ ਉਤਪੰਨ ਕਰਦਾ ਹੈ। ਇਹ ਰੂਹਾਨੀ ਪ੍ਰੇਮ, ਆਤਮਿਕ ਪ੍ਰਸੰਨਤਾ, ਸੰਪੂਰਨ ਸੰਤੁਸ਼ਟੀ, ਬਹੁਤ ਅਧਿਕ ਸੁਤੰਤਰਤਾ ਦੀ ਭਾਵਨਾ, ਅਜਿਹਾ ਆਨੰਦ ਜਿਸਦਾ ਕੋਈ ਮੁਕਾਬਲਾ ਹੀ ਨਾ ਹੋ ਸਕੇ, ਅੰਦਰੂਨੀ ਸ਼ਾਂਤੀ, ਬੇਖੌਫ਼ ਹੋਣਾ ਅਤੇ ਸੱਚੇ ਪ੍ਰਮਾਤਮਾ ਦੇ ਵਿਅੱਕਿਤਿੱਤਵ ਉੱਤੇ ਪੂਰੀ ਤਰ੍ਹਾਂ ਧਿਆਨ ਕੇਂਦਰਿਤ ਕਰਾਉਂਦਾ ਹੈ, ਪ੍ਰਮਾਤਮਾ ਪ੍ਰਤੀ ਪਿਆਰ ਅਤੇ ਉਸਦੀ ਮਿਹਰ ਨਾਲ 'ਦਰਸ਼ਨ' ਉਤਪੰਨ ਹੁੰਦਾ ਹੈ— ਪ੍ਰਮਾਤਮਾ ਦੀ ਝਲਕ।

230. ਸਿੱਖ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੀ ਉਸੇ ਤਰ੍ਹਾਂ ਸਤਿਕਾਰ ਨਾਲ ਪੂਜਦੇ ਹਨ, ਜਿਵੇਂ ਉਹ ਗੁਰੂ ਨਾਨਕ ਦੇਵ ਜੀ ਅਤੇ ਬਾਕੀ ਨੌਂ ਗੁਰੂਆਂ ਨੂੰ ਪੂਜਦੇ ਹਨ। ਉਹ (ਸਿੱਖ), ਉਹਨਾਂ ਸਾਰਿਆਂ ਨੂੰ ਸਤਿਗੁਰੂ- ਮੰਨਦੇ ਹਨ।

231. ਸਿੱਖਾਂ ਦੇ ਸਾਰੇ ਗੁਰੂਆਂ ਦੇ ਉਪਦੇਸ਼ ਇਕਸਾਰ ਹੁੰਦੇ ਹਨ। ਉਹਨਾਂ ਸਭ ਨੇ ਇਕੋ ਜਿਹੇ ਸਿਧਾਂਤ ਸਿਖਾਏ ਅਤੇ ਆਪ ਵੀ ਅਪਣਾਏ। ਸਮਕਾਲੀ ਚੁਨੌਤੀਆਂ ਦਾ ਸਾਹਮਣਾ ਕਰਨ ਲਈ, ਉਹਨਾਂ ਦੇ ਕੀਤੇ ਫੈਸਲਿਆਂ ਦੇ ਮੂਲ ਸਿਧਾਂਤ ਸਿੱਖ ਧਰਮ ਦੇ ਬਾਨੀ, ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਨਾਲ ਮੇਲ ਖਾਂਦੇ ਸਨ ਅਤੇ ਉਹਨਾਂ ਨੇ ਪ੍ਰਮਾਤਮਾ ਦੀ ਤਰਫ਼ੋਂ ਉਸਦੇ (ਪ੍ਰਮਾਤਮਾ ਦੇ) ਦੂਤਾਂ ਵਾਂਗ ਬ੍ਰਹਮ ਗਿਆਨ ਵੰਡਿਆ।

232. ਸਿੱਖ, ਆਪਣੇ ਗੁਰੂਆਂ ਦਾ ਬ੍ਰਹਮ ਗਿਆਨ ਅਤੇ ਉਹਨਾਂ ਦੀਆਂ ਦਾਤਾਂ ਲੋਚਦੇ ਹਨ। ਸਿੱਖ, ਸਤਿਗੁਰੂ ਦੀ ਵਡਿਆਈ ਗਾਉਂਦਾ ਹੈ, ਕਿਉਂਕਿ ਸਤਿਗੁਰੂ ਸਿੱਖ ਨੂੰ ਵਾਹਿਗੁਰੂ ਨਾਲ ਜੋੜਦਾ ਹੈ।

233. ਬ੍ਰਹਮ ਗਿਆਨ ਦੇ ਉਪਦੇਸ਼ ਕੇਵਲ ਸਿੱਖ ਧਰਮ ਦੇ ਸੇਵਕਾਂ ਲਈ ਹੀ ਨਹੀਂ ਹਨ। ਇਹ ਉਪਦੇਸ਼ ਸਭਨਾਂ ਲਈ ਮਹੱਤਤਾ ਰੱਖਦੇ ਹਨ। ਇਹ ਹਰੇਕ ਉੱਪਰ ਲਾਗੂ ਹੁੰਦੇ ਹਨ। ਬ੍ਰਹਮ ਗਿਆਨ ਦੇ ਪਾਠ ਸਿੱਖਣ ਲਈ ਕੋਈ ਵੀ ਪੂਰੀ ਸ਼ਰਧਾ ਅਤੇ ਨਿਮਰਤਾ ਨਾਲ ਸਤਿਗੁਰੂ ਕੋਲ ਆ ਸਕਦਾ ਹੈ। ਸਤਿਗੁਰੂ ਦੇ ਦੁਆਰ ਸਭਨਾਂ ਲਈ ਖੁੱਲੇ ਹਨ।

ਉਸ ਕੋਲ ਆਉਣ ਲਈ ਕਿਸੇ ਨੂੰ ਕੋਈ ਰੋਕ ਨਹੀਂ। ਕੋਈ ਸਿੱਖ ਕਿੰਨੀ ਕੁ ਆਤਮਿਕ ਪ੍ਰਗਤੀ ਹਾਸਿਲ ਕਰੇਗਾ, ਇਹ ਉਸਦੀ ਆਪਣੀ ਕਿਸਮਤ ਅਤੇ ਇਕ ਸਿੱਖ ਵਜੋਂ ਉਸਦੀ ਸ਼ਰਧਾ 'ਤੇ ਨਿਰਭਰ ਕਰਦਾ ਹੈ।

234. ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ (1708 ਈ. ਨੂੰ) ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਬਖਸ਼ੀ ਤੇ ਇਹ ਹੁਕਮ ਜਾਰੀ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰੂ ਮੰਨਿਆ ਜਾਵੇ। ਉਦੋਂ ਤੋਂ ਸਾਰੇ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ਼ਰਧਾ ਨਾਲ ਪੂਜਦੇ ਹਨ।

235. ਸਤਿਗੁਰੂ ਦੇ ਉਪਦੇਸ਼ਾਂ ਉੱਤੇ ਚਲ ਕੇ ਵਾਹਿਗੁਰੂ ਦਾ ਸਿਮਰਨ ਅਤੇ ਉਸ ਦੀ ਬੰਦਗੀ ਇਸ ਤਰ੍ਹਾਂ ਕਰੋ: (ਵਾਹਿਗੁਰੂ ਨਾਲ ਸਾਂਝ ਬਾਰੇ ਹੋਰ ਵਿਸਥਾਰ ਪੂਰਬਕ ਜਾਣਕਾਰੀ ਪ੍ਰਾਪਤ ਕਰਨ ਲਈ 'ਪ੍ਰਮਾਤਮਾ ਦੀ ਸਹਿਜ ਨਾਲ ਭਗਤੀ' ਪੁਸਤਕ ਪ੍ਰਾਪਤ ਕਰੋ ਜੋ ਫਰਮ ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤੀ ਹੈ।)

236. ਵਾਹਿਗੁਰੂ 'ਤੇ ਅਟੁੱਟ ਵਿਸ਼ਵਾਸ।

237. ਵਾਹਿਗੁਰੂ ਤੇ ਭਰੋਸਾ।

238. ਵਾਹਿਗੁਰੂ ਦੀ ਰਜ਼ਾ ਨੂੰ ਮੰਨਣਾ।

239. ਵਾਹਿਗੁਰੂ ਦੇ ਵਿਅੱਕਤਿੱਤਵ ਬਾਰੇ ਅਸਚਰਜਤਾ।

240. ਵਾਹਿਗੁਰੂ ਦੀ ਸੇਵਾ।

241. ਵਾਹਿਗੁਰੂ ਦਾ ਸ਼ੁਕਰਾਨਾ।

242. ਵਾਹਿਗੁਰੂ ਦੀ ਬੰਦਗੀ।

243. ਵਾਹਿਗੁਰੂ ਦਾ ਸਿਮਰਨ।

244. ਵਾਹਿਗੁਰੂ ਨਾਲ ਨੇੜਤਾ।

245. ਸੇਵਕ ਅਤੇ ਪ੍ਰਮਾਤਮਾ ਵਿਚ ਨੇੜਤਾ ਆਪਸੀ ਹੁੰਦੀ ਹੈ।

246. ਪ੍ਰਮਾਤਮਾ ਪ੍ਰਤੀ ਨਿਮਾਣਾਪਨ।

247. ਵਾਹਿਗੁਰੂ ਨੂੰ ਧਿਆਉਣਾ।

248. ਵਾਹਿਗੁਰੂ ਨਾਲ ਨੇੜਤਾ ਅਮੋਲਕ ਹੈ।

249. ਵਾਹਿਗੁਰੂ ਨੂੰ ਪ੍ਰਸੰਨ ਰੱਖਣਾ।

250. ਵਾਹਿਗੁਰੂ ਅੱਗੇ ਅਰਜ਼ੋਈ ਕਰਨਾ।

251. ਵਾਹਿਗੁਰੂ ਨਾਲ ਇਕ-ਮਿੱਕ ਹੋਣਾ।

252. ਵਾਹਿਗੁਰੂ ਸੰਸਾਰੀ ਬੰਧਨਾਂ ਤੋਂ ਮੁਕਤੀ ਬਖਸ਼ਣ ਵਾਲਾ ਹੈ।

253. ਵਾਹਿਗੁਰੂ ਨਾਲ ਦ੍ਰਿੜ੍ਹ ਰਿਸ਼ਤਾ।

254. ਵਾਹਿਗੁਰੂ ਨਾਲ ਸੱਚਾ, ਨਿਸ਼ਕਪਟ ਰਿਸ਼ਤਾ।

255. ਵਾਹਿਗੁਰੂ ਦਾ ਆਕਰਸ਼ਣ।

256. ਵਾਹਿਗੁਰੂ ਨਾਲ ਜੁੜੇ ਰਹਿਣਾ।

257. ਵਾਹਿਗੁਰੂ ਦੀਆਂ ਮਿਹਰਾਂ ਦਾ ਆਦਾਨ-ਪ੍ਰਦਾਨ।

258. ਵਾਹਿਗੁਰੂ ਦੀ ਭਗਤੀ।

259. ਵਾਹਿਗੁਰੂ ਦੀ ਓਟ।

260. ਵਾਹਿਗੁਰੂ ਦਾ ਆਸਰਾ।

261. ਵਾਹਿਗੁਰੂ ਦਾ ਦਰਸ਼ਨ।

262. ਦਰਸ਼ਨ, ਸੇਵਕ ਨੂੰ ਨਿਹਾਲ ਕਰ ਦਿੰਦਾ ਹੈ।

263. ਵਾਹਿਗੁਰੂ ਤੋਂ ਵਿਛੋੜੇ ਦਾ ਦੁੱਖ।

264. ਵਾਹਿਗੁਰੂ ਤੋਂ ਵਿਛੜ ਕੇ ਜੀਉਣ ਵਿਚ ਪਛਤਾਵਾ।

265. ਵਾਹਿਗੁਰੂ ਦੀ ਮਿਹਰ।

266. ਵਾਹਿਗੁਰੂ ਦੀ ਬੰਦਗੀ।

267. ਵਾਹਿਗੁਰੂ ਨਾਲ ਰਿਸ਼ਤਾ ਸਭ ਤੋਂ ਉੱਚਾ ਤੇ ਅਨਮੋਲ ਹੈ।

268. ਵਾਹਿਗੁਰੂ ਬਖਸ਼ਨਹਾਰ ਹੈ।

269. ਵਾਹਿਗੁਰੂ ਦੀ ਮਿਹਰ।

270. ਵਾਹਿਗੁਰੂ ਦਾ ਹੁਕਮ ਤੇ ਸ਼ਕਤੀ ਸੰਪੂਰਨ ਸ੍ਰਿਸ਼ਟੀ ਵਿਚ ਵਿਆਪਕ ਹੈ।

271. ਵਾਹਿਗੁਰੂ ਦੀ ਪੂਰਨ ਬੰਦਗੀ।

272. ਵਾਹਿਗੁਰੂ ਮਿੱਤਰ ਅਤੇ ਮਾਤਾ-ਪਿਤਾ ਹੈ।

273. ਸੰਖੇਪ ਵਿਚ, ਸਤਿਗੁਰੂ ਦਾ ਬ੍ਰਹਮ ਗਿਆਨ ਇਹ ਫੁਰਮਾਉਂਦਾ ਹੈ ਕਿ ਪ੍ਰਮਾਤਮਾ ਵਿਆਪਕ ਹੈ। ਉਹ ਨਿਰੰਕਾਰ ਹੈ। ਸਤਿਗੁਰੂ ਦੀਆਂ ਸਿੱਖਿਆਵਾਂ ਵਿਚ, ਉਸਦਾ ਵਾਹਿਗੁਰੂ ਪ੍ਰਤੀ ਛਲਕਦਾ ਭਾਵੁਕ ਸਤਿਕਾਰ ਅਤੇ ਪਿਆਰ, ਸਿੱਖ ਨੂੰ ਵੀ ਵਾਹਿਗੁਰੂ ਪ੍ਰਤੀ ਸਤਿਕਾਰ ਅਤੇ ਪਿਆਰ ਲਈ ਪ੍ਰੇਰਿਤ ਕਰਦਾ ਹੈ। ਮਨੁੱਖ ਜੀਵਨ ਦਾ ਅਸਲ ਉਦੇਸ਼, ਵਾਹਿਗੁਰੂ ਨੂੰ ਸਿਮਰਨਾ ਅਤੇ ਪਿਆਰ ਕਰਨਾ ਹੈ ਅਤੇ ਵਾਹਿਗੁਰੂ ਪ੍ਰਤੀ ਇਹ ਸਿਮਰਨ ਅਤੇ ਪਿਆਰ, ਵਾਹਿਗੁਰੂ ਨਾਲ ਨੇੜਤਾ ਅਤੇ ਇਕ-ਮਿੱਕਤਾ ਵੱਲ ਲੈ

ਜਾਂਦਾ ਹੈ। ਫਿਰ, ਵਾਹਿਗੁਰੂ ਦਾ ਅਨੁਭਵ ਮਨ ਦੇ ਅੰਦਰ ਅਤੇ ਬਾਹਰ-ਦੋਨੋਂ ਤਰ੍ਹਾਂ ਹੋਣ ਲੱਗਦਾ ਹੈ। ਉਪਰੋਕਤ ਸਭ ਕੇਵਲ ਤਦ ਹੀ ਸੰਭਵ ਹੈ ਜੇ ਮਨੁੱਖ, ਸਤਿਗੁਰੂ ਦਾ ਸਿੱਖ ਹੋਵੇ ਅਤੇ ਸਤਿਗੁਰੂ ਦਾ ਬ੍ਰਹਮ ਗਿਆਨ ਹਾਸਿਲ ਕਰਨਾ, ਉਸਦੇ ਭਾਗਾਂ ਵਿਚ ਲਿਖਿਆ ਹੋਵੇ।

274. ਗੁਰਬਾਣੀ ਦੀ ਸਮਝ ਅਤੇ ਗਿਆਨ ਨੂੰ ਮੰਨਣਾ, ਜਾਗਰੁਕਤਾ (ਮਨ ਦੀ ਪ੍ਰਮਾਤਮਾ ਨਾਲ ਸੁਭਾਵਿਕ, ਕੁਦਰਤੀ ਅਤੇ ਨਿਰੰਤਰ ਸਾਂਝ) ਅਤੇ ਆਤਮ ਰਸ ਦੀ ਚੜ੍ਹਦੀ ਸਵੇਰ ਹੈ।

275. ਸੱਚਾਈ ਤਾਂ ਇਹ ਹੈ ਕਿ ਕੁਦਰਤ ਦੀ ਸਾਰੀ ਰਚਨਾ ਵਿਚਲਾ ਹਰ ਮਨੁੱਖ ਅਤੇ ਹਰ ਚੀਜ਼, ਵਾਹਿਗੁਰੂ ਪ੍ਰਤੀ ਨਿਰੰਤਰ ਸ਼ਰਧਾ ਅਤੇ ਸਤਿਕਾਰ ਰੱਖਦੀ ਹੈ। ਕੇਵਲ, ਸਤਿਗੁਰੂ ਹੀ ਇਸਨੂੰ ਜਾਣਦਾ ਅਤੇ ਸਿਖਾਉਂਦਾ ਹੈ। ਕੇਵਲ ਸਤਿਗੁਰੂ ਦਾ ਸੱਚਾ ਸਿੱਖ ਹੀ ਇਸ ਸੱਚਾਈ ਨੂੰ ਮੰਨਦਾ ਹੈ।

276. ਗੁਰੂ ਦੇ ਸ਼ਬਦਾਂ ਵਿਚ ਸ਼ਰਧਾ ਦੀ ਭਾਵਨਾ ਅਤੇ ਪਿਆਰ ਹੀ ਵਾਹਿਗੁਰੂ ਵਿਚ ਸ਼ਰਧਾ ਦੀ ਭਾਵਨਾ ਅਤੇ ਪ੍ਰੇਮ ਦੀ ਭਾਵਨਾ ਹੈ। ਜੇ ਕੋਈ ਮਨੁੱਖ, ਗੁਰਸ਼ਬਦਾਂ ਵਿਚ ਪਿਆਰ ਅਤੇ ਸ਼ਰਧਾ ਦੀ ਭਾਵਨਾ ਪੈਦਾ ਕਰ ਲਵੇ ਤਾਂ ਫਿਰ ਵਾਹਿਗੁਰੂ ਲਈ ਪਿਆਰ ਅਤੇ ਸ਼ਰਧਾ ਦੀ ਭਾਵਨਾ ਦਾ ਅਨੁਭਵ ਸੁੱਤੇ ਸਿਧ ਹੀ ਹੋਣ ਲੱਗਦਾ ਹੈ।

277. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੇ ਮੂਲ ਮੰਤਰ ਵਿਚ ਵਾਹਿਗੁਰੂ ਦੇ ਬੇਅੰਤ ਗੁਣਾਂ ਨੂੰ ਬਿਆਨ ਕੀਤਾ ਹੈ। ਇਹ ਗੁਣ, ਵਾਹਿਗੁਰੂ ਦੇ ਬੇਅੰਤ ਗੁਣਾਂ ਦਾ ਹੀ ਹਿੱਸਾ ਹਨ।

278. ਗੁਰਸ਼ਬਦ, ਸਤਿਗੁਰੂ ਦੇ ਯਕੀਨ ਅਤੇ ਪ੍ਰਮਾਣ ਤੇ ਆਧਾਰਿਤ ਸੱਚੇ ਬਿਆਨ (ਕਥਨ) ਹੁੰਦੇ ਹਨ।

279. ਹਉਮੈ (ਅਹੰਕਾਰ) ਮਨਮੱਤ ਦਾ ਸਾਥੀ ਹੈ। ਮਨਮੱਤ, ਗੁਰਮਤਿ ਦਾ ਵਿਰੋਧੀ ਹੈ। ਮਨਮੱਤ, ਗੁਰਮਤਿ ਦੀ ਅਗਿਆਨਤਾ ਜਾਂ ਗੁਰਮਤਿ ਨੂੰ ਨਾਮਨਜ਼ੂਰ ਕਰਨ ਕਾਰਣ ਹੋ ਸਕਦਾ ਹੈ। ਮਨਮੱਤ, ਮਨੁੱਖ ਦੇ ਮਨ ਨੂੰ ਮਾੜੇ ਵਿਚਾਰਾਂ ਅਤੇ ਮਾੜੇ ਕਰਮਾਂ ਵੱਲ ਧੱਕਦਾ ਹੈ। ਗੁਰਮਤਿ, ਮਨ ਨੂੰ ਨੇਕ ਵਿਚਾਰਾਂ ਅਤੇ ਨੇਕ ਕਰਮ ਕਰਨ ਵੱਲ ਲਿਜਾਂਦਾ ਹੈ।

280. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬ੍ਰਹਮ ਗਿਆਨ, ਸੇਵਕ ਦੇ ਮਨ ਨੂੰ ਵਾਹਿਗੁਰੂ ਦੀ ਬੰਦਗੀ ਅਤੇ ਪਿਆਰ ਨਾਲ ਜੋੜਦਾ ਹੈ। ਕੋਈ ਵੀ ਮਨੁੱਖ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਰਧਾਵਾਨ ਸਿੱਖ ਵਾਹਿਗੁਰੂ ਲਈ ਇਸ ਨੇੜਤਾ ਨੂੰ ਮਹਿਸੂਸ ਕਰਦਾ ਹੈ। ਸਤਿਗੁਰੂ ਆਪਣੇ ਸਿੱਖ ਨੂੰ ਦ੍ਰਿੜ੍ਹਤਾ ਨਾਲ ਗੁਰਮਤਿ ਜੀਵਨ ਜੀਉਣ ਲਈ ਪ੍ਰੇਰਿਤ ਕਰਦਾ ਹੈ।

281. ਸਿਰਜਣਹਾਰ ਅਕਾਲ ਪੁਰਖ ਦਾ ਗਿਆਨ ਸਿਰਫ ਸਤਿਗੁਰੂ ਤੋਂ ਪ੍ਰਾਪਤ ਹੁੰਦਾ ਹੈ।

ਇਸ ਸੱਚ ਦਾ ਗਿਆਨ ਬਖਸ਼ਣ ਦੀ ਦਾਤ ਵਾਹਿਗੁਰੂ ਹੀ ਸਤਿਗੁਰੂ ਨੂੰ ਬਖਸ਼ਦਾ ਹੈ। ਸਤਿਗੁਰੂ ਨੂੰ ਸੱਚਾਈ ਬਾਰੇ ਗਿਆਨ ਵੰਡਣ ਦੀ ਇਹ ਦਾਤ ਅਤੇ ਤਾਕਤ, ਵਾਹਿਗੁਰੂ ਬਖਸ਼ਦਾ ਹੈ। ਸਤਿਗੁਰੂ, ਸਿਰਜਣਹਾਰ ਪ੍ਰਤੀ ਆਪਣੀ ਨਿਮਰਤਾ ਅਤੇ ਬੰਦਗੀ ਦੀ ਗਹਿਰੀ ਭਾਵਨਾ ਦੇ ਗੁਣ ਕਾਰਣ ਹੀ ਸਿਰਜਣਹਾਰ ਨਾਲ ਸਾਂਝ ਵਿਚ ਹੁੰਦਾ ਹੈ।

282. ਸ਼ਰਧਾ ਦੀ ਭਾਵਨਾ ਅਤੇ ਸ਼ੁੱਧਤਾ (ਪਵਿੱਤਰਤਾ) ਮਨੁੱਖ ਨੂੰ ਵਾਹਿਗੁਰੂ ਨਾਲ ਮਿਲਾਉਂਦੀ ਹੈ।

283. ਜਦੋਂ ਗੁਰਸਿੱਖ ਸਤਿਗੁਰੂ ਦੇ ਉਪਦੇਸ਼ ਵਿਚ ਲੀਨ ਹੋ ਜਾਂਦਾ ਹੈ ਤਾਂ ਉਸ ਨੂੰ ਵਾਹਿਗੁਰੂ ਦੇ ਦਰਸ਼ਨ ਹੋ ਜਾਂਦੇ ਹਨ। ਫਿਰ, ਗੁਰਸਿੱਖ ਗੁਰੂ ਅਤੇ ਵਾਹਿਗੁਰੂ ਦੀ ਹਜ਼ੂਰੀ ਵਿਚ ਰਹਿਣ ਦੀ ਸਹਿਜ ਅਵਸਥਾ ਦਾ ਅਨੁਭਵ ਕਰਦਾ ਹੈ।

ਧੰਨ ਸੁ ਵੇਲਾ ਜਿਤ ਦਰਸਨ ਕਰਨਾ॥
ਹਉ ਬਲਿਹਾਰੀ ਸਤਿਗੁਰੂ ਚਰਨਾ॥

284. ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਜੋਤ ਸ਼ਬਦਾਂ ਦੇ ਦੁਆਰਾ, ਮਹਾਨ ਹਜ਼ੂਰੀ ਵਿਚ ਆਪਣੀ ਹਾਜ਼ਰੀ ਲਗਵਾਉ। ਉਦਾਹਰਣ ਵਜੋਂ .. ਤੂ ਠਾਕੁਰ ਤੁਮ ਪੈ ਅਰਦਾਸਿ.....ਵਾਹਿਗੁਰੂ ਨੂੰ ਇਸ ਗਿਆਨ ਨਾਲ ਸੰਬੋਧਿਤ ਕਰੋ ਕਿ ਜਿਵੇਂ ਤੁਸੀਂ ਉਸਦੀ (ਵਾਹਿਗੁਰੂ) ਹਜ਼ੂਰੀ ਵਿਚ ਹੋ। ਇਹ ਪ੍ਰਕ੍ਰਿਆ, ਸੇਵਕ ਨੂੰ ਮਹਾਨ ਮੌਜੂਦਗੀ (ਹਜ਼ੂਰੀ) ਵਿਚ ਲਿਆ ਖੜਾ ਕਰਦੀ ਹੈ। ਹੁਣ ਸੇਵਕ, ਆਪਣੇ ਵਿਚਾਰ ਅਤੇ ਭਾਵਨਾਵਾਂ, ਵਾਹਿਗੁਰੂ ਅੱਗੇ ਪ੍ਰਗਟ ਕਰ ਸਕਦਾ ਹੈ। ਮਹਾਨ ਹਜ਼ੂਰੀ, ਆਪਣੇ ਸੇਵਕ ਦੀ ਨਿਮਰਤਾ, ਸ਼ੁਕਰਾਨਾ, ਸਤਿਕਾਰ, ਨੇੜਤਾ, ਸੁਰੱਖਿਆ ਆਦਿ ਦਿਲੀ ਭਾਵਨਾਵਾਂ ਨੂੰ ਸੁਣਦੀ ਹੈ। ਮਹਾਨ ਹਜ਼ੂਰੀ ਸੇਵਕ ਨੂੰ ਸੁਣਦੀ ਅਤੇ ਉਸ ਉੱਪਰ ਬਖਸ਼ਿਸ਼ ਕਰਦੀ ਹੈ।

285. ਵਾਹਿਗੁਰੂ ਸਭ ਸੁਣਦਾ ਹੈ। ਉਹ ਸਭ ਜਾਣਦਾ ਹੈ। ਪਰ, ਉਸਦਾ ਉੱਤਰ ਕੇਵਲ ਉਦੋਂ ਦਿੰਦਾ ਹੈ, ਜਦੋਂ ਉਸਨੂੰ ਉਸਦਾ ਬਣਦਾ ਸਤਿਕਾਰ, ਨਿਮਰਤਾ ਅਤੇ ਪ੍ਰੇਮ ਦਿੱਤਾ ਜਾਵੇ।

286. ਗੁਰਬਾਣੀ ਦਾ ਪ੍ਰਭਾਵ ਮਨ ਨੂੰ ਪਵਿਤ੍ਰ ਕਰਦਾ ਹੈ। ਇਹ ਮਨ ਨੂੰ ਖੀਵਾ ਕਰਦਾ ਹੈ। ਸਖ਼ਤ ਅਤੇ ਕਠੋਰ ਮਨ ਬਦਲ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਖਰੀ ਸਲੋਕ ਮਨ ਨੂੰ ਵਾਹਿਗੁਰੂ ਪ੍ਰਤੀ ਖੀਵਾ ਅਤੇ ਸਮਰਪਿਤ ਬਨਾਉਣ ਵਿਚ ਖਾਸ ਤੌਰ 'ਤੇ ਪ੍ਰਭਾਵਸ਼ਾਲੀ ਅਸਰ ਕਰਦੇ ਹਨ।

287. ਸਭ ਤੋਂ ਵੱਧ ਲਾਭਕਾਰੀ ਆਤਮਿਕ ਅਨੁਭਵ ਅਤੇ ਆਤਮਿਕ ਪ੍ਰਗਤੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਿਸੇ ਵੀ ਤੁਕ ਦੁਆਰਾ, ਮਹਾਨ ਹਜ਼ੂਰੀ ਨੂੰ ਸਿੱਧੇ ਰੂਪ ਵਿਚ ਅਤੇ ਇਕ ਮਨ ਨਾਲ ਸੰਬੋਧਿਤ ਕਰਕੇ ਪ੍ਰਾਪਤ ਕੀਤੀ ਜਾਂਦੀ ਹੈ। ਲਗਾਤਾਰ, ਬਾਰ-ਬਾਰ

ਵਰਤਿਆਂ, ਇਹ ਤਰੀਕਾ, ਵਾਹਿਗੁਰੂ ਨਾਲ ਸਾਂਝ ਦੇ ਨਿਰੰਤਰ ਨੂੰ ਹਾਸਿਲ ਕਰਨ ਵਿਚ ਵੀ ਸਹਾਇਕ ਹੁੰਦਾ ਹੈ।

288. ਵਾਹਿਗੁਰੂ ਦੀ ਹਜ਼ੂਰੀ ਉਦੋਂ ਅਨੁਭਵ ਹੁੰਦੀ ਹੈ, ਜਦੋਂ ਮਨ ਦੀ ਸੁਰਤਿ (ਧਿਆਨ) ਦਿਮਾਗ ਦੇ ਅੰਦਰੋਂ ਹੀ, ਆਪਣੇ ਆਪ ਸਿਖ਼ਰ 'ਤੇ ਕੇਂਦਰਿਤ ਹੁੰਦੀ ਹੈ। ਇਹ ਗੁਰ ਸ਼ਬਦ ਦੀ ਸ਼ਕਤੀ ਨਾਲ ਹੀ ਹੁੰਦਾ ਹੈ। ਸਤਿਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ) ਦਾ ਬ੍ਰਹਮ ਗਿਆਨ ਮਨ ਨੂੰ ਦਸਮ ਦੁਆਰ ਦੇ ਉਸ ਸਿਖ਼ਰ ਤੱਕ ਪਹੁੰਚਣ ਵਿਚ ਮਦਦ ਕਰਦਾ ਹੈ। ਇਹ ਅਨੁਭਵ ਉਦੋਂ ਹੁੰਦਾ ਹੈ, ਜਦੋਂ ਗੁਰੂ ਦਾ ਸਿੱਖ ਗੁਰਬਾਣੀ ਵਿਚ ਪ੍ਰਗਟਾਏ ਵਿਚਾਰਾਂ ਨੂੰ ਅਤੇ ਗੁਰਬਾਣੀ ਵਿਚ ਪ੍ਰਗਟਾਈਆਂ ਭਾਵਨਾਵਾਂ ਨੂੰ ਅੰਦਰੋਂ ਅਪਣਾਉਂਦਾ ਹੈ। ਉੱਪਰ ਦਰਸਾਏ ਗਏ ਮਨ ਦੇ ਸਿਖ਼ਰ ਤੱਕ ਪਹੁੰਚਣ ਦਾ ਹੋਰ ਕੋਈ ਮਾਰਗ ਨਹੀਂ ਹੈ।

289. ਸਤਿਗੁਰੂ ਆਪਣੇ ਸਿੱਖ ਦਾ ਸਤਿਕਾਰ ਕਰਦਾ ਹੈ। ਸਿੱਖ ਆਪਣੇ ਸਤਿਗੁਰੂ ਦਾ ਸਤਿਕਾਰ ਕਰਦਾ ਹੈ। ਸਿੱਖ ਆਪਣੇ ਗੁਰੂ ਦੀ ਹਜ਼ੂਰੀ ਵਿਚ ਰਹਿਣਾ ਲੋਚਦਾ ਹੈ। ਗੁਰੂ, ਆਪਣੇ ਸਿੱਖ ਦੀ ਹਜ਼ੂਰੀ ਵਿਚ ਰਹਿਣਾ ਲੋਚਦਾ ਹੈ ''ਨਾਨਕ ਕੀ ਪ੍ਰਭੁ ਪਾਸ ਬੇਨਤੀ ਤੇਰੇ ਜਨ ਦੇਖਣ ਪਾਵਾਂ'' ਵਾਹਿਗੁਰੂ ਦੇ ਸੇਵਕ ਸਤਿਗੁਰੂ ਦੇ ਸਿੱਖ ਹਨ।

290. ਗੁਰਬਾਣੀ ਨੂੰ ਜਦੋਂ ਦਿਲੋਂ ਗੁਰੂ ਅਤੇ ਵਾਹਿਗੁਰੂ ਵਿਚ ਨਿਮਰਤਾ, ਸਤਿਕਾਰ, ਸ਼ੁਕਰਾਨੇ ਦੀ ਭਾਵਨਾ ਅਤੇ ਸ਼ਰਧਾ ਨਾਲ ਪੜ੍ਹਿਆ ਜਾਂ ਸੁਣਿਆ ਜਾਂਦਾ ਹੈ, ਉਦੋਂ ਮਨ ਗੁਰੂ ਅਤੇ ਵਾਹਿਗੁਰੂ ਦੀ ਹਜ਼ੂਰੀ ਦਾ ਅਨੁਭਵ ਕਰਦਾ ਹੈ।

291. ਜਿਉਂ-ਜਿਉਂ, ਗੁਰੂ ਅਤੇ ਵਾਹਿਗੁਰੂ ਵਿਚ ਨਿਮਰਤਾ, ਸਤਿਕਾਰ, ਸ਼ੁਕਰਾਨੇ ਦੀ ਭਾਵਨਾ ਅਤੇ ਸਿਮਰਨ ਵੱਧਦਾ ਜਾਂਦਾ ਹੈ, ਤਿਉਂ-ਤਿਉਂ ਗੁਰੂ ਅਤੇ ਵਾਹਿਗੁਰੂ ਦੀ ਹਜ਼ੂਰੀ ਦਾ ਹੋਰ ਅਨੁਭਵ ਹੁੰਦਾ ਜਾਂਦਾ ਹੈ।

292. ਉਸ 'ਸੋਹਣੇ' (ਵਾਹਿਗੁਰੂ) ਦਾ ਅਨੁਭਵ ਕਰਨ ਲਈ, ਮਨ ਅੰਦਰਲੀਆਂ ਕੋਝੀਆਂ, ਬੇਲਗਾਮ ਭਾਵਨਾਵਾਂ ਉੱਪਰ ਕਾਬੂ ਪਾਉ।

293. ਜਦੋਂ ਵਾਹਿਗੁਰੂ, ਉਸ ਤੱਕ (ਵਾਹਿਗੁਰੂ ਤੱਕ) ਪਹੁੰਚਣ ਦਾ ਮਾਰਗ ਦਿਖਾਉਂਦਾ ਹੈ, ਫਿਰ ਸੇਵਕ ਨੂੰ ਉਸ ਦਾ ਅਹਿਸਾਸ ਹੋਣ ਦੀ ਵੱਡੀ ਦਾਤ ਮਿਲਦੀ ਹੈ। ਇਹ, ਅਜਿਹੀ ਦਾਤ ਹੈ, ਜਿਸਦਾ ਕੋਈ ਸਾਨੀ ਨਹੀਂ ਹੁੰਦਾ ਹੈ। ਇਹ ਇਕ ਬੜੀ ਵੱਡੀ ਖੋਜ ਹੁੰਦੀ ਹੈ ਅਤੇ ਸੇਵਕ ਨੂੰ ਮਨ ਦੀ ਸ਼ਾਂਤੀ, ਨੇਕੀ ਅਤੇ ਸਦੀਵੀ ਪ੍ਰਸੰਨਤਾ ਹਾਸਿਲ ਹੁੰਦੀ ਹੈ।

294. ਗੁਰਬਾਣੀ, ਮਨੁੱਖ (ਸਿੱਖ) ਨੂੰ, ਇਸ ਅਨੁਭਵ ਦੇ ਕਾਬਿਲ ਬਣਾਉਂਦੀ ਹੈ। ਗੁਰਬਾਣੀ, ਮਨੁੱਖ ਨੂੰ ਉਸ ਸਿਖ਼ਰ ਨੂੰ ਅਨੁਭਵ ਕਰਨ ਵਿਚ ਮਦਦ ਕਰਦੀ ਹੈ। ਗੁਰਬਾਣੀ ਦਸਮ ਦੁਆਰ ਨੂੰ ਧਿਆਨ (ਸੁਰਤ) ਦੇ ਸਿਖ਼ਰ ਤੱਕ ਕੇਂਦਰਿਤ ਕਰਦੀ ਹੈ। ਗੁਰਬਾਣੀ, ਮਨੁੱਖ ਨੂੰ ਸੰਤਾਂ, ਗੁਰੂ ਅਤੇ ਵਾਹਿਗੁਰੂ ਨਾਲ ਜੋੜਦੀ ਹੈ। ਗੁਰਬਾਣੀ,

ਮਨ ਵਿਚ ਆਤਮਿਕ ਵਿਚਾਰ ਅਤੇ ਭਾਵਨਾਵਾਂ ਉਤਪੰਨ ਕਰਦੀ ਹੈ।

295. ਪ੍ਰਮਾਤਮਾ ਰੱਖਣਹਾਰ ਹੈ।

296. ਪ੍ਰਮਾਤਮਾ ਆਪਣੀਆਂ ਦਾਤਾਂ ਬਖਸ਼ਣ ਵਾਲਾ ਹੈ।

297. ਉਹ ਸੇਵਕ ਪ੍ਰਮਾਤਮਾ ਦੀ ਰਜ਼ਾ ਅਤੇ ਪ੍ਰੇਮ ਬੰਦਗੀ ਵਿਚ ਜੁੜਦਾ ਹੈ, ਜਿਸਨੂੰ ਉਹ ਆਪ ਹੀ ਦਾਤ ਬਖਸ਼ਦਾ ਹੈ।

298. ਪ੍ਰਮਾਤਮਾ, ਆਪ ਹੀ ਜੀਵ ਨੂੰ ਗੁਰਸ਼ਬਦ ਵਿਚ ਜੋੜਣ ਦੇ ਸਮਰਥ ਬਣਾਉਂਦਾ ਹੈ।

299. ਪ੍ਰਮਾਤਮਾ ਹੀ ਉਸ ਨਾਲ ਮਿਲਾਪ ਦੇ ਸਮਰਥ ਬਣਾਉਂਦਾ ਹੈ।

300. ਪ੍ਰਮਾਤਮਾ ਹੀ ਉਸਦੀ ਸਿਫਤਿ-ਸਾਲਾਹ ਕਰਨ ਦੇ ਸਮਰਥ ਬਣਾਉਂਦਾ ਹੈ।

301. ਗੁਰਸ਼ਬਦ ਦਾ ਜਾਪ, ਵਾਹਿਗੁਰੂ, ਸਤਿਨਾਮ ਜਾਂ ਸੰਪੂਰਨ ਸ਼ਬਦ ਦੇ ਵਿਸਤ੍ਰਿਤ ਰੂਪ ਨੂੰ ਜਪਣਾ, ਮੂਲ ਰੂਪ ਵਿਚ ਮਨ ਵਿਚ ਇਹ ਪੱਕਾ ਕਰਨਾ ਹੈ ਕਿ ਮਨੁੱਖ ਦੀ ਸੁਰਤਿ, ਗੁਰੂ ਦੀ ਸੁਰਤਿ ਤੋਂ ਕਿਵੇਂ ਭਿੰਨ (ਵੱਖਰੀ) ਹੈ।

302. ਧਿਆਨ ਨਾਲ ਕੀਰਤਨ ਸੁਨਣ ਦਾ ਅਰਥ ਹੈ, ਗੁਰਸ਼ਬਦ ਅਨੁਸਾਰ, ਗੁਰੂ ਦੀ ਸੁਰਤਿ ਦੇ ਹੋਰ ਨਜ਼ਦੀਕ ਜਾਣਾ।

303. ਗੁਰਸ਼ਬਦਾਂ ਦੀ ਬੌਧਿਕ ਸਮਝ ਦੇ ਆਧਾਰ ਤੇ ਪ੍ਰਮਾਤਮਾ ਨਾਲ ਲਿਵ, ਦਿਲ ਅਤੇ ਦਿਮਾਗ ਦੋਨਾਂ ਨਾਲ ਹਾਸਿਲ ਕੀਤੀ ਲਿਵ ਤੋਂ ਭਿੰਨ ਹੁੰਦੀ ਹੈ।

304. ਪ੍ਰਮਾਤਮਾ ਨਾਲ ਜੁੜਨ ਲਈ, ਮਨੁੱਖ ਨੂੰ ਪ੍ਰਮਾਤਮਾ ਦੇ ਗੁਣਾਂ ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਨਿੱਜੀ ਗਿਆਨ ਪ੍ਰਮਾਤਮਾ ਦੇ ਅਜਿਹੇ ਗੁਣ ਨੂੰ ਪਛਾਣਦਾ ਹੈ।

305. ਪ੍ਰਮਾਤਮਾ ਦੇ ਸਾਰੇ ਜਾਣੇ-ਅਨਜਾਣੇ ਗੁਣਾਂ ਵਿਚੋਂ, ਅਪਣਾਇਆ ਕੋਈ ਇਕ ਗੁਣ ਹੀ ਉਸ ਨਾਲ ਸਾਂਝ ਪੈਦਾ ਕਰਨ ਲਈ ਕਾਫੀ ਹੈ। ਉਦਾਹਰਣ ਵਜੋਂ, ਕਿਸੇ ਦੇ ਸਰੀਰ ਦੇ ਇਕ ਅੰਗ ਨੂੰ ਉਂਗਲੀ ਨਾਲ ਛੂਹਣ ਨਾਲ, ਸਰੀਰ ਦਾ ਸਿਰਫ ਉਹੀ ਖ਼ਾਸ ਅੰਗ ਨਹੀਂ ਛੂਹਿਆ ਜਾਂਦਾ, ਬਲਕਿ ਸਾਰਾ ਸਰੀਰ ਹੀ ਛੂਹਿਆ ਜਾਂਦਾ ਹੈ।

306. ਮਤਿ ਅਤੇ ਭਾਵਨਾ, ਦੋਨਾਂ ਹੀ ਤਰ੍ਹਾਂ ਨਾਲ, ਚੱਲ ਰਹੀ ਪ੍ਰਮਾਤਮਾ ਦੀ ਸਾਂਝ ਹੀ ਉੱਚੀ ਸਾਂਝ ਹੁੰਦੀ ਹੈ। ਇਸਨੂੰ ਕੇਵਲ ਪ੍ਰਮਾਤਮਾ ਹੀ ਲਿਆ ਸਕਦਾ ਹੈ। ਇਸ ਮਾਮਲੇ ਵਿਚ ਪ੍ਰਮਾਤਮਾ ਪਲ-ਪਲ ਮਨੁੱਖ ਨਾਲ ਜੁੜਦਾ ਜਾਂਦਾ ਹੈ।

307. ਜੇ ਪ੍ਰਮਾਤਮਾ, ਕਿਸੇ ਮਨੁੱਖ ਤੇ ਕ੍ਰਿਪਾ ਦ੍ਰਿਸ਼ਟੀ ਕਰੇ ਤਾਂ ਕੇਵਲ ਤਦ ਹੀ ਪ੍ਰਮਾਤਮਾ ਦੇ ''ਲੋਕ-ਪ੍ਰਲੋਕ ਵਿਚ ਹਾਜ਼ਰ-ਨਾਜ਼ਰ ਹੋਣ'' ਦਾ ਅਨੁਭਵ ਸੰਭਵ ਹੈ।

308. ਉਪਰੋਕਤ ਦਾਤ ਪ੍ਰਮਾਤਮਾ ਦੀ ਮਿਹਰ ਹੈ। ਇਸ ਮਿਹਰ ਨੂੰ ਮਾਪਿਆ ਨਹੀਂ ਜਾ ਸਕਦਾ। ਠੀਕ ਇਸੇ ਪ੍ਰਕਾਰ, ਪ੍ਰਮਾਤਮਾ ਵੱਲੋਂ ਦਾਤਾਂ ਹਾਸਿਲ ਕਰਨ ਵਾਲੇ ਦੇ

ਸ਼ੁਕਰਾਨੇ ਨੂੰ ਮਾਪਿਆ ਨਹੀਂ ਜਾ ਸਕਦਾ। ਇਸ ਮਾਮਲੇ ਵਿਚ, ਦਾਤਾਂ ਦੇਣ ਵਾਲਾ ਪੂਰਨ ਰੂਪ ਵਿਚ ਵਿਲੱਖਣ ਹੁੰਦਾ ਹੈ ਅਤੇ ਦਾਤਾਂ ਲੈਣ ਵਾਲਾ ਵੀ ਵਿਲੱਖਣ ਹੁੰਦਾ ਹੈ। ਦਾਤਾਂ ਪ੍ਰਾਪਤ ਕਰਨ ਵਾਲਾ ਅਜਿਹੀ ਸ਼ੁਕਰਾਨੇ ਦੀ ਭਾਵਨਾ ਰੱਖਦਾ ਹੈ ਜੋ ਉਸਦੇ ਦ੍ਰਿਸ਼ਟੀਕੋਣ ਅਨੁਸਾਰ ਲਾਸਾਨੀ ਹੁੰਦੀ ਹੈ।

309. ਪ੍ਰਮਾਤਮਾ ਦਇਆਲੂ ਹੈ। ਸ਼ੁਕਰਾਨੇ ਦੀ ਭਾਵਨਾ, ਉਹਨਾਂ ਅਨੇਕਾਂ ਦਾਤਾਂ ਕਾਰਣ ਹੁੰਦੀ ਹੈ, ਜੋ ਮਨੁੱਖ, ਪ੍ਰਮਾਤਮਾ ਤੋਂ ਪ੍ਰਾਪਤ ਕਰਦਾ ਹੈ।

310. ਸਤਿਕਾਰ ਦਾ ਭਾਵਨਾਤਮਕ ਬੰਧਨ ਏਸ ਸੱਚਾਈ ਕਾਰਣ ਹੁੰਦਾ ਹੈ ਕਿ ਪ੍ਰਮਾਤਮਾ ਸੰਪੂਰਨ ਰੂਪ ਵਿਚ ਲਾਜਵਾਬ ਹੈ।

311. ਪ੍ਰਮਾਤਮਾ ਦੇ ਆਪਣੇ ਸੇਵਕ ਨਾਲ ਅਨੇਕਾਂ ਗਿਸ਼ਤਿਆਂ ਵਾਲੇ ਗੁਣ ਹੁੰਦੇ ਹਨ, ਜਿਨ੍ਹਾਂ ਕਾਰਣ, ਉਸਦੇ ਸੇਵਕ ਦੀ ਪ੍ਰਮਾਤਮਾ ਨਾਲ ਨੇੜਤਾ ਇਕ ਸਚਾਈ ਬਣ ਜਾਂਦੀ ਹੈ।

312. ਜਦੋਂ ਉਸਦੇ ਸੇਵਕ ਦੇ ਮਨ ਵਿਚਲੇ ਕੁਝ ਗੁਣ ਹਕੀਕਤ ਬਣ ਜਾਂਦੇ ਹਨ ਤਾਂ ਫਿਰ ਉਦੋਂ ਪ੍ਰਮਾਤਮਾ ਉਸਦੇ ਹਿਰਦੇ (ਬੁੱਧੀ ਅਤੇ ਭਾਵਨਾ ਦੋਨਾਂ ਦਾ ਕੇਂਦਰ) ਵਿਚ ਵੱਸਣ ਲੱਗਦਾ ਹੈ।

313. ਪ੍ਰਮਾਤਮਾ ਨਾਲ ਮਿਲਾਪ ਅਤੇ ਸਦੀਵੀ ਨਾਮ ਸਿਮਰਨ, ਉਦੋਂ ਹੀ ਹੁੰਦਾ ਹੈ ਜਦੋਂ ਸੇਵਕ ਦੇ ਮਨ ਵਿਚ ਕੁਝ ਖਾਸ ਗੁਣ ਉਤਪੰਨ ਹੁੰਦੇ ਹਨ। ਉਦਾਹਰਨ ਵਜੋਂ, ਜੇ ਸੇਵਕ ਦੀ ਪ੍ਰਮਾਤਮਾ ਦੀ ਦਿਆਲਤਾ ਅਤੇ ਕ੍ਰਿਪਾ ਪ੍ਰਤੀ ਸੇਵਕ ਦੀ ਸ਼ੁਕਰਗੁਜ਼ਾਰੀ (ਧੰਨਵਾਦ) ਗਹਿਰਾਈ ਤੋਂ ਹੈ, ਤਾਂ ਫਿਰ ਪ੍ਰਮਾਤਮਾ ਉਸ ਸੇਵਕ ਦੇ ਹਿਰਦੇ ਵਿਚ ਵਾਸ ਕਰਦਾ ਹੈ ਅਤੇ ਉਸ ਨਾਲ ਮਿਲਾਪ ਕਰਦਾ ਹੈ। ਪ੍ਰਮਾਤਮਾ ਨਾਲ ਜੁੜਨਾ, ਉਸ ਦੀਆਂ ਦਾਤਾਂ ਲਈ ਦਿਲੋਂ ਉਸਦਾ ਧੰਨਵਾਦੀ ਹੋਣਾ ਹੈ। ਸੇਵਕ ਦੀ ਸ਼ੁਕਰਗੁਜ਼ਾਰੀ ਉਦੋਂ ਹੋਰ ਗਹਿਰੀ ਹੁੰਦੀ ਹੈ ਜਦੋਂ ਉਹ ਪਲ-ਪਲ ਇਸਦਾ ਅਹਿਸਾਸ ਕਰਦਾ ਹੈ।

314. ਗੁਰੂ ਦੇ ਗਿਆਨ ਦੁਆਰਾ ਸੇਵਕ ਦੇ ਮਨ ਵਿਚ ਪੈਦਾ ਸ਼ੁਕਰਗੁਜ਼ਾਰੀ ਅਤੇ ਹੋਰ ਭਾਵਨਾਵਾਂ ਦੇ ਬਗ਼ੈਰ, ਸਿੱਧੇ ਤੌਰ ਤੇ ਪ੍ਰਮਾਤਮਾ ਨੂੰ ਧਿਆਉਣਾ ਜਾਂ ਉਸ ਨਾਲ ਜੁੜਨਾ ਫਜ਼ੂਲ ਸਾਬਿਤ ਹੁੰਦਾ ਹੈ।

315. ਪ੍ਰਮਾਤਮਾ ਦੇ ਗੁਣਾਂ ਦੇ ਭਾਵਾਂ ਵਜੋਂ ਗੁਰਸ਼ਬਦ ਦੁਆਰਾ ਉਪਜੇ ਕੁਝ ਭਾਵਨਾਤਮਿਕ ਗੁਣ ਹੁੰਦੇ ਹਨ ਜੋ ਗੁਰਸ਼ਬਦ ਦੁਆਰਾ ਉਜਾਗਰ ਹੁੰਦੇ ਅਤੇ ਸਿੰਜੇ ਜਾਂਦੇ ਹਨ। ਮਨ ਦੇ ਇਹ ਭਾਵ ਪ੍ਰਮਾਤਮਾ ਦੇ ਗੁਣਾਂ ਨਾਲ ਇਕਸੁਰਤਾ ਵਿਚ ਹੁੰਦੇ ਹਨ। ਪ੍ਰਮਾਤਮਾ ਪ੍ਰਤੀ ਸੇਵਕ ਦੇ ਮਨ ਦੇ ਭਾਵ ਇਹ ਹਨ : ਸ਼ੁਕਰਾਨਾ, ਸਤਿਕਾਰ, ਉਪਾਸਨਾ, ਨਿਮਰਤਾ, ਨਿਰਭਰਤਾ, ਨੁਕਸਾਨ ਤੋਂ ਸੁਰੱਖਿਆ, ਆਤਮ-ਨਿਰਥਕਤਾ, ਆਕਰਸ਼ਣ, ਵਿਸ਼ਵਾਸ, ਵਫ਼ਾਦਾਰੀ, ਸੰਤੋਖ, ਸ਼ਾਂਤੀ, ਪ੍ਰਸੰਨਤਾ, ਉਮੀਦ, ਆਸ਼ਾਵਾਦ, ਨਿਰਭਉ (ਨਿਡਰਤਾ), ਸਾਂਝ, ਉਪਯੁਕਤ ਕੇਂਦਰੀਕਰਣ, ਨੇੜਤਾ,

ਪ੍ਰਮਾਤਮਾ ਹਾਜ਼ਰ-ਨਾਜ਼ਰ ਹੈ, ਪ੍ਰਮਾਤਮਾ ਮਨੁੱਖ ਦਾ ਆਪਣਾ ਹੈ, ਆਗਿਆਕਾਰੀ, ਪ੍ਰੇਮ, ਪਿਆਰ, ਗੁਲਾਮੀ, ਅੰਦਰ ਸਮਾ ਜਾਣਾ, ਸਾਂਝੀਵਾਲਤਾ ਨਿਯਮ ਅਨੁਸਾਰ, ਸਿਹਤਯਾਬੀ, ਸਿਮਰਨ, ਸੇਵਾ, ਨੇਕ ਵਿਚਾਰ ਅਤੇ ਨੇਕ ਕਰਮ, ਭਰੋਸਾ, ਦ੍ਰਿੜ੍ਹਤਾ, ਪ੍ਰਮਾਤਮਾ ਨਾਲ ਸਦਭਾਵਨਾ, ਸੰਤੁਸ਼ਟੀ, ਮਾਨਸਿਕ ਸ਼ਾਂਤੀ, ਸੰਤੁਲਨ, ਪ੍ਰਮਾਤਮਾ ਨਾਲ ਇਕ-ਮਿੱਕਤਾ, ਗਿਆਨ, ਵੱਡੇ ਭਾਗ, ਸਹਿਜ ਦਾ ਆਨੰਦ ਮਾਨਣ ਵਾਲਿਆਂ ਪ੍ਰਤੀ ਸਤਿਕਾਰ, ਪੰਜ ਵਿਕਾਰਾਂ ਤੋਂ ਮੁਕਤੀ, ਮਿੱਤਰਤਾ, ਨਜ਼ਦੀਕੀ (ਨੇੜਤਾ), ਹੈਰਾਨੀ, ਸ਼ਰਧਾ, ਪ੍ਰਸੰਸਾ, ਪੂਰਤੀ, ਸਬਰ, ਪ੍ਰਸੰਨਤਾ, ਨਤਮਸਤਕ ਹੋਣਾ, ਪੂਜਾ, ਨਿੱਘ, ਸਾਰਥਕਤਾ, ਮੁਕਤੀ, ਆਜ਼ਾਦੀ, ਸੁਰੱਖਿਆ, ਬੰਧਨਾਂ ਤੋਂ ਮੁਕਤੀ, ਵਾਹ-ਵਾਹ।

316. ਮਨ ਦੀਆਂ ਖਾਹਿਸ਼ਾਂ, ਤਮੰਨਾਵਾਂ ਅਤੇ ਚਾਹਤਾਂ ਉੱਤੇ ਕੇਂਦਰੀ ਕਰਣ, ਗੁਰਸ਼ਬਦ ਉੱਪਰ ਕੇਂਦਰੀ ਕਰਨ ਤੋਂ ਬਿਲਕੁਲ ਭਿੰਨ ਹੈ ਅਤੇ ਇਹਨਾਂ ਨੂੰ ਜੀਵਨ ਵਿਚ ਇਸਦੀ ਸਿੱਖਿਆਵਾਂ ਅਤੇ ਸਿਧਾਂਤ 'ਤੇ ਚੱਲਣ ਦੇਣਾ ਚਾਹੀਦਾ ਹੈ।

317. ਜੇ ਮਨੁੱਖ ਦੇ ਪ੍ਰਮਾਤਮਾ ਨਾਲ ਬੌਧਿਕ ਅਤੇ ਭਾਵਨਾਤਮਿਕ ਸੰਬੰਧ ਮਜ਼ਬੂਤ ਹੋਣ ਅਤੇ ਉਹ ਮਨੁੱਖ ਹਾਲੇ ਮਨ ਦੀ ਸਹਿਜ ਅਵੱਸਥਾ ਤੱਕ ਨਾ ਪਹੁੰਚਿਆ ਹੋਵੇ, ਤਾਂ ਫਿਰ ਉਹ ਪ੍ਰਮਾਤਮਾ ਤੋਂ ਵਿਛੋੜੇ ਦੇ ਦੁੱਖ ਮਹਿਸੂਸ ਕਰਨ ਲੱਗਦਾ ਹੈ—ਜੋ ਇਕ ਕੁਦਰਤੀ ਨਤੀਜਾ ਹੈ। ਅਜਿਹਾ ਇਸ ਲਈ ਹੁੰਦਾ ਹੈ, ਕਿਉਂਕਿ ਇਕ ਪਾਸੇ ਪ੍ਰਮਾਤਮਾ ਨਾਲ ਜੁੜਨ ਦੀ ਇੱਛਾ ਹੁੰਦੀ ਹੈ ਅਤੇ ਦੂਜੇ ਪਾਸੇ, ਮਨੁੱਖ ਪ੍ਰਮਾਤਮਾ ਤੋਂ ਵਿਛੜਿਆ ਹੁੰਦਾ ਹੈ।

318. ਪ੍ਰਮਾਤਮਾ ਦੀ ਮਿਹਰ ਉਦੋਂ ਹੁੰਦੀ ਹੈ, ਜਦੋਂ ਮਨੁੱਖ ਗੁਰੂ ਅਤੇ ਪ੍ਰਮਾਤਮਾ ਨਾਲ ਜੁੜਦਾ ਹੈ। ਅਜਿਹਾ ਪ੍ਰਮਾਤਮਾ ਦੇ ਉਹਨਾਂ ਗੁਣਾਂ ਕਰਕੇ ਹੁੰਦਾ ਹੈ ਜੋ ਸੇਵਕ ਦੇ ਮਨ ਵਿਚ ਪ੍ਰਮਾਤਮਾ ਦਾ ਸਤਿਕਾਰ ਅਤੇ ਉਸ ਨਾਲ ਪ੍ਰੇਮ ਵਾਲੀਆਂ ਤਬਦੀਲੀਆਂ ਲਿਆਉਂਦਾ ਹੈ।

319. ਪ੍ਰਮਾਤਮਾ ਦਾ ਭਾਣਾ ਸਭ ਤੋਂ ਉੱਚਾ ਹੈ। ਉਹ ਸਾਰਿਆਂ ਦਾ ਸਿਰਜਣਹਾਰ ਹੈ। ਜੀਵਨ ਵਿਚ ਕੀਤੇ ਸਾਰੇ ਕਾਰਜ ਵਾਹਿਗੁਰੂ ਦੇ ਦਰਬਾਰ ਵਿਚ ਪਰਖੇ ਜਾਂਦੇ ਹਨ।

320. ਜਾਗਰੁਕਤਾ ਦੀ ਸਹਿਜ ਅਵੱਸਥਾ, ਸਿੱਖ ਨੂੰ ਪ੍ਰਮਾਤਮਾ ਦੀ ਸੁੰਦਰਤਾ ਅਤੇ ਵਡਿਆਈ ਨੂੰ ਦੇਖਣ ਅਤੇ ਮਹਿਸੂਸ ਕਰਨ ਦੇ ਕਾਬਿਲ ਬਣਾਉਂਦੀ ਹੈ।

321. ਸੇਵਕ ਦੀ ਪ੍ਰਮਾਤਮਾ ਨਾਲ ਸਾਂਝ, ਗੁਰੂ ਦੀ ਪ੍ਰਮਾਤਮਾ ਪ੍ਰਤੀ ਜਾਗਰੁਕਤਾ ਦੇ ਵਿਸਥਾਰ ਦੇ ਨਤੀਜੇ ਵਜੋਂ ਹੁੰਦੀ ਹੈ।

322. ਪ੍ਰਮਾਤਮਾ ਦੇ ਗੁਣਾਂ ਤੋਂ ਅਗਿਆਨਤਾ, ਪ੍ਰਮਾਤਮਾ ਤੋਂ ਵਿਛੜਨ ਦਾ ਕਾਰਣ ਹੈ ਅਤੇ ਇਸੇ ਕਰਕੇ ਮਨੁੱਖ ਇਹ ਜਨਮ ਅਤੇ ਅਗਲੇ ਜਨਮ ਵਿਚ ਦੁੱਖ ਹੀ ਪਾਉਂਦਾ ਹੈ।

323. ਪ੍ਰਮਾਤਮਾ ਦੇ ਸੇਵਕ ਦਾ ਇਹ ਵਿਸ਼ਵਾਸ ਹੁੰਦਾ ਹੈ ਕਿ, ਸੇਵਕ ਦੀ ਕੋਈ ਨਿੱਜੀ ਖ਼ਾਸੀਅਤ (ਗੁਣ) ਨਹੀਂ, ਬਲਕਿ ਪ੍ਰਮਾਤਮਾ ਦੀ ਮਿਹਰ ਸਦਕਾ ਹੀ ਪ੍ਰਮਾਤਮਾ, ਉਸ ਮਨੁੱਖ ਨੂੰ ਸੁਰੱਖਿਆ ਦੇ ਨਾਲ-ਨਾਲ ਉਹਨਾਂ ਸੰਤਾਂ ਦੀ ਸੰਗਤ ਬਖਸ਼ਦਾ ਹੈ ਜੋ ਪ੍ਰਮਾਤਮਾ ਨਾਲ ਜੁੜੇ ਹੁੰਦੇ ਹਨ।

324. ਪ੍ਰਮਾਤਮਾ ਨਾਲ ਮਿਲਾਪ ਦਾ ਅਨੁਭਵ ਉਹਨਾਂ ਸਾਰੇ ਅਨੁਭਵਾਂ ਨਾਲੋਂ ਕਿਤੇ ਜ਼ਿਆਦਾ ਵੱਧ ਗੁਣਵੱਤਾ ਵਾਲਾ ਹੁੰਦਾ ਹੈ। ਜਿੰਨ੍ਹਾਂ ਦਾ ਮਨੁੱਖ, ਪ੍ਰਮਾਤਮਾ ਤੋਂ ਵਿਛੜਨ ਤੋਂ ਮਗਰੋਂ ਪਿੱਛਾ ਕਰਦਾ ਹੈ। ਪ੍ਰਮਾਤਮਾ ਨਾਲ ਸਦੀਵੀ ਪਿਆਰ ਬੰਧਨ (ਨਾਤੇ) ਦੀ ਸਥਿਤੀ ਵਿਚ, ਸੇਵਕ ਪ੍ਰਮਾਤਮਾ ਨਾਲੋਂ ਵਿਛੜ ਕੇ ਕਿਸੇ ਵੀ ਹੋਰ ਪ੍ਰਾਪਤੀ ਜਾਂ ਪ੍ਰਸੰਨਤਾ ਨੂੰ ਤਰਜੀਹ ਨਹੀਂ ਦੇ ਸਕਦਾ।

325. ਪ੍ਰਮਾਤਮਾ ਨਾਲ ਇਕ-ਮਿੱਕਤਾ ਹੋਣ 'ਤੇ, ਸੇਵਕ ਦੇ ਸਾਰੇ ਸ਼ੰਕੇ ਸੱਚਾਈ ਕੀ ਹੈ ਅਤੇ ਨੇਕੀ ਕੀ ਹੈ, ਖ਼ਤਮ ਹੋਣ ਲੱਗਦੇ ਹਨ।

326. ਪ੍ਰਮਾਤਮਾ ਨੂੰ ਮਹਿਸੂਸ ਕਰਨ ਲਈ ਮਨ ਨੂੰ ਦੁਨੀਆਂਦਾਰੀ ਤੋਂ ਹਟਾ ਕੇ ਪ੍ਰਮਾਤਮਾ ਦੀ ਭਗਤੀ ਕਰੋ ਅਤੇ ਇਕ ਪਲਕ ਝਪਕਦਿਆਂ ਹੀ ਸੰਭਵ ਹੈ।

327. ਸਤਿਕਾਰ ਸਹਿਤ ਉਹਨਾਂ ਨੂੰ ਯਾਦ ਕਰੋ, ਜਿੰਨਾਂ ਨੇ ਉਪਰੋਕਤ ਕਰ ਦਿਖਾਇਆ ਹੈ।

328. ਗੁਰੂ ਅਤੇ ਗੁਰੂਆਂ (ਸੰਤਾਂ) ਦੇ ਸੇਵਕ ਉਹ ਲੋਕ ਹਨ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਮਹਿਸੂਸ ਕੀਤਾ ਹੈ।

329. ਪ੍ਰਮਾਤਮਾ ਦੇ ਬੇਅੰਤ ਗੁਣਾਂ ਵਿਚੋਂ ਸਤਿਗੁਰੂ ਇਕ ਗੁਣ ਹੈ।

330. ਉਹ ਮਨੁੱਖ, ਜਿਸ ਉੱਪਰ ਪ੍ਰਮਾਤਮਾ ਸਤਿਗੁਰੂ ਦੇ ਗੁਣ ਦੀ ਬਖ਼ਸ਼ਿਸ਼ ਕਰਦਾ ਹੈ, ਸਤਿਗੁਰੂ ਬਣ ਜਾਂਦਾ ਹੈ।

331. ਜਦੋਂ ਇਕ ਸਾਧਾਰਣ ਮਨੁੱਖ ਸਤਿਗੁਰੂ ਨਾਲ ਸ਼ਰਧਾ ਅਤੇ ਪ੍ਰੇਮ ਨਾਲ ਨਾਤਾ ਜੋੜਦਾ ਹੈ ਤਾਂ ਉਹ ਸਾਧਾਰਣ ਆਦਮੀ ਵੀ ਸਾਧੂ ਬਣ ਜਾਂਦਾ ਹੈ।

332. ਉਹ ਮਨੁੱਖ, ਜਿਸਨੂੰ ਸਾਧੂ ਦੀ ਸੰਗਤ ਦੀ ਦਾਤ ਮਿਲਦੀ ਹੈ, ਉਸਦਾ ਮਨ ਪਿਆਰ ਅਤੇ ਸ਼ਰਧਾ ਨਾਲ ਪ੍ਰਮਾਤਮਾ ਨਾਲ ਜੁੜਿਆ ਰਹਿੰਦਾ ਹੈ। ਅਜਿਹਾ ਵਿਅਕਤੀ ਅੰਮ੍ਰਿਤਮਈ ਨਾਮ ਪ੍ਰਮਾਤਮਾ ਨਾਲ ਮਿਲਾਪ ਪ੍ਰਾਪਤ ਕਰਦਾ ਹੈ।

333. ਗੁਰੂ ਗੋਬਿੰਦ ਸਿੰਘ ਜੀ ਨੇ ਹੇਠਲੇ ਵਰਨਣ ਕੀਤੇ ਸਾਧੂ ਦਾ ਨਾਮ ਖ਼ਾਲਸਾ ਰੱਖਿਆ।

334. ਖ਼ਾਲਸਾ, ਸਾਧੂ, ਬ੍ਰਹਮ ਗਿਆਨੀ, ਫ਼ਕੀਰ ਰਬਾਨਾ, ਭਗਤ ਆਦਿ ਉਸ ਮਨੁੱਖ ਦੇ ਹੀ ਨਾਮ ਹਨ।

335. ਸਿੱਖ ਗੁਰੂ ਸਾਧੂ ਨੂੰ ਬੜੀ ਉੱਚ ਸ਼੍ਰੇਣੀ ਵਿਚ ਰੱਖਦੇ ਹਨ।

336. ਸਾਧੂ ਜਾਂ ਖ਼ਾਲਸਾ ਅਤੇ ਗੁਰੂ ਅਭਿੰਨ ਹਨ, ਕਿਉਂਕਿ ਗੁਰੂ ਆਪਣੀ ਓਟ ਵਿਚ ਸਾਧੂ ਬਣਾਉਂਦਾ ਹੈ।

337. ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

338. ਮਨਮੁਖ ਦਾ ਮਨ, ਆਤਮਾ ਅਤੇ ਪ੍ਰਮਾਤਮਾ ਤੋਂ ਦੂਰ ਸਾਰੇ ਪਾਸੇ ਭਟਕਦਾ ਹੈ।

339. ਗੁਰਮੁਖ ਦਾ ਮਨ, ਆਤਮਾ ਅਤੇ ਪ੍ਰਮਾਤਮਾ ਵਿਚ ਜੁੜਿਆ ਹੁੰਦਾ ਹੈ।

340. ੧ਓ ਸਤਿਗੁਰ ਪ੍ਰਸਾਦਿ॥

341. ਪ੍ਰਮਾਤਮਾ ਦੇ ਚਰਨਾਂ ਵਿਚ ਜੁੜਣ ਲਈ ਉਸ ਦੀ ਸ੍ਰਿਸ਼ਟੀ ਰਚਨਾ ਉੱਤੇ ਸੰਪੂਰਨ ਸੱਤਾ ਨੂੰ ਮੰਨੋ।

342. ਪ੍ਰਮਾਤਮਾ ਦੀ ਉਸਦੀ ਰਚਨਾ ਉੱਤੇ ਸਰਵਉੱਚਤਾ ਨੂੰ ਸਵੀਕਾਰ ਕੇ ਹੀ ਹੰਕਾਰ ਤੇ ਕਾਬੂ ਪਾਇਆ ਜਾ ਸਕਦਾ ਹੈ।

343. ਪ੍ਰਮਾਤਮਾ ਦੇ ਹੁਕਮ ਅੰਦਰ ਹੀ ਸਭ ਹੁੰਦਾ ਹੈ।

344. ਪ੍ਰਮਾਤਮਾ ਪਿਆਰ ਦੀ ਭਾਸ਼ਾ ਨਾਲ ਹੀ ਸੰਵਾਦ ਕਰਦਾ ਹੈ।

345. ਪ੍ਰਮਾਤਮਾ ਆਪਣੇ ਆਪ ਪ੍ਰਗਟ ਹੋਇਆ ਹੈ। ਉਹ ਆਪਣੇ ਆਪ ਦੇ ਕਾਰਣ ਹੀ ਹੋਂਦ ਵਿਚ ਹੈ।

346. ਪ੍ਰਮਾਤਮਾ ਸਤਿਗੁਰੂ ਅਤੇ ਉਸਦੇ ਸਿੱਖਾਂ ਨੂੰ ਮਾਣ ਬਖਸ਼ਦਾ ਹੈ।

347. ਪ੍ਰਮਾਤਮਾ ਦੀ ਮਿਹਰ ਸਦਕਾ ਹੀ ਮਨੁੱਖ ਦਾ ਸਤਿਗੁਰੂ ਨਾਲ ਮੇਲ ਹੁੰਦਾ ਹੈ।

348. ਪ੍ਰਮਾਤਮਾ ਮਨੁੱਖ ਦੀਆਂ ਦੁਨਿਆਵੀਂ ਵਿਸ਼ੇਸ਼ਤਾਵਾਂ ਤੋਂ ਪ੍ਰਭਾਵਿਤ ਨਹੀਂ ਹੁੰਦਾ।

349. ਗੁਰੂ ਆਪਣੇ ਸਿੱਖ ਨੂੰ ਨੇਕੀ ਦੇ ਕਈ ਸਬਕ ਸਿਖਾਉਂਦਾ ਹੈ।

350. ਪ੍ਰਮਾਤਮਾ ਪ੍ਰਤੀ ਪਿਆਰ, ਸੇਵਕ ਵਿਚ ਕਈ ਸਨਮਾਨ ਯੋਗ ਤਬਦੀਲੀਆਂ ਲਿਆਂਦਾ ਹੈ।

351. ਪ੍ਰਮਾਤਮਾ ਆਪਣੇ ਸੇਵਕਾਂ ਨੂੰ ਉੱਪਰ ਚੁੱਕਦਾ ਹੈ।

352. ਪ੍ਰਮਾਤਮਾ ਨੇ ਇਕ ਹੁਕਮ ਦੁਆਰਾ ਹੀ ਆਪਣੀ ਰਚਨਾ ਹੋਂਦ ਵਿਚ ਲਿਆਂਦੀ। ਪ੍ਰਮਾਤਮਾ ਦੇ ਹੁਕਮਾਂ ਨੂੰ ਕੋਈ ਨਹੀਂ ਟਾਲ ਸਕਦਾ।

353. ਪ੍ਰਮਾਤਮਾ ਦੀ ਮਿਹਰ ਸਦਕਾ ਹੀ ਮਨ ਦੇ ਪਾਪ ਸਾਫ਼ ਹੁੰਦੇ ਹਨ।

354. ਪ੍ਰਮਾਤਮਾ ਦੀ ਮਿਹਰ ਹੀ ਮਨੁੱਖ ਨੂੰ ਉਸਦੀ ਭਗਤੀ ਦੇ ਯੋਗ ਬਣਾਉਂਦੀ ਹੈ।

355. ਪ੍ਰਮਾਤਮਾ ਦੀ ਉਤਪਤੀ ਬਾਰੇ ਕੋਈ ਨਹੀਂ ਜਾਣਦਾ।

356. ਪ੍ਰਮਾਤਮਾ ਦੀ ਰਚਨਾ ਵਿਚ ਬ੍ਰਹਿਮੰਡ ਉੱਪਰ ਵੀ ਬ੍ਰਹਿਮੰਡ ਹਨ।

357. ਪ੍ਰਮਾਤਮਾ ਨਿਮਾਣਿਆਂ ਦਾ ਮਾਣ ਕਰਦਾ ਹੈ।

358. ਪ੍ਰਮਾਤਮਾ ਦੀ ਮਹਾਨਤਾ ਨੂੰ ਕਦੀ ਵੀ, ਕੋਈ ਵੀ ਨਹੀਂ ਜਾਣ ਸਕਦਾ।

359. ਪ੍ਰਮਾਤਮਾ ਦੀ ਮਿਹਰ ਬੇਅੰਤ ਹੈ।

360. ਉਹ ਹਰ ਚੀਜ਼ ਅਨਮੋਲ ਅਤੇ ਵਿਲੱਖਣ ਹੈ, ਜੋ ਪ੍ਰਮਾਤਮਾ ਨਾਲ ਜੋੜਦੀ ਹੈ।

361. ਪ੍ਰਮਾਤਮਾ ਦੀ ਸਦੀਵੀ ਸ਼ਕਤੀ ਦਾ ਸਥਾਨ ਇਕ ਭੇਦ ਹੈ। ਅਨਗਿਣਤ ਲੋਕ ਉਸ ਦੀ ਵਡਿਆਈ ਗਾਉਂਦੇ ਹਨ।

362. ਬ੍ਰਹਮ ਗਿਆਨ ਵਿਲੱਖਣ ਹੈ।

363. ਧਰਮ ਬ੍ਰਹਮ ਗਿਆਨ, ਦਇਆ ਅਤੇ ਪ੍ਰਮਾਤਮਾ ਦੀ ਸਰਵਉੱਚਤਾ ਦਾ ਉਪਦੇਸ਼ ਦਿੰਦਾ ਹੈ।

364. ਪ੍ਰਮਾਤਮਾ ਦੇ ਸਾਰੇ ਕਾਰਜ ਪਵਿਤ੍ਰ ਹੈ।

365. ਪ੍ਰਮਾਤਮਾ ਦੀ ਮਿਹਰ ਸਦਕਾ ਹੀ ਸੇਵਕ ਦਾ ਪ੍ਰਮਾਤਮਾ ਨਾਲ ਮੇਲ ਹੁੰਦਾ ਹੈ।

366. ਪ੍ਰਮਾਤਮਾ ਹੀ ਸਭ ਕਾਰਣਾਂ ਦਾ ਕਾਰਣ-ਮਹਾਨ ਕਾਰਣ ਹੈ।

367. ਪ੍ਰਮਾਤਮਾ ਸਗੁਣ ਸਰੂਪ ਵਿਚ ਆਪਣੀ ਰਚਨਾ ਨਾਲ ਰੁਝਿਆ ਹੋਇਆ ਹੈ।

368. ਜੀਵਨ ਦਾ ਸਾਰ, ਪ੍ਰਮਾਤਮਾ ਦੇ ਨਾਮ ਦਾ ਅੰਮ੍ਰਿਤ ਗ੍ਰਹਿਣ ਕਰਨਾ ਹੈ।

369. ਸਭ ਤੋਂ ਉੱਚਾ ਕਰਮ ਮਨ ਜੋੜ ਕੇ ਪ੍ਰਮਾਤਮਾ ਦਾ ਨਾਮ ਧਿਆਉਣਾ ਹੈ।

370. ਪ੍ਰਮਾਤਮਾ ਦੀ ਹੋਂਦ ਹੈ। ਬਾਕੀ ਸਭ ਕੁਝ ਵੀ ਪ੍ਰਮਾਤਮਾ ਤੋਂ ਹੀ ਹੋਂਦ ਵਿਚ ਆਇਆ ਹੈ।

371. ਪ੍ਰਮਾਤਮਾ ਦੀ ਸਦੀਵੀ ਸ਼ਕਤੀ ਦਾ ਸਥਾਨ ਇਕ ਰਹੱਸ ਹੈ।

372. ਕਿਸੇ ਵੀ ਮਨੁੱਖ ਵਿਚ ਪ੍ਰਮਾਤਮਾ ਦੀ ਮਹਾਨਤਾ ਨੂੰ ਮਾਪਣ ਦੀ ਬੁੱਧੀ ਨਹੀਂ ਹੈ।

373. ਸ਼ਾਂਤੀ ਅਤੇ ਪ੍ਰਸੰਨਤਾ ਦਾ ਅਨੁਭਵ, ਪ੍ਰਮਾਤਮਾ ਦਾ ਨਾਮ ਧਿਆ ਕੇ ਆਉਂਦਾ ਹੈ।

374. ਝੂਠ ਦੇ ਫਾਹੇ ਤੋਂ ਬਚਣ ਦਾ ਕੇਵਲ ਇਕੋ ਇਕ ਮਾਰਗ, ਪ੍ਰਮਾਤਮਾ ਦੇ ਸੰਤਾਂ-ਭਗਤਾਂ ਤੋਂ ਸਿੱਖਿਆ ਗ੍ਰਹਿਣ ਕਰਨਾ ਹੈ।

375. ਮੌਤ ਅਟੱਲ ਹੈ।

376. ਕੇਵਲ ਸਤਿਗੁਰੂ ਹੀ ਸਤਿ ਦਾ ਗਿਆਨ ਦਿੰਦਾ ਹੈ।

377. ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦੀ ਵਡਿਆਈ ਗਾਉਂਦੀ ਹੈ।

378. ਪ੍ਰਮਾਤਮਾ ਨੂੰ ਭੁੱਲਣਾ, ਮਨੁੱਖ ਨੂੰ ਘਾਟੇ ਅਤੇ ਦੁੱਖਾਂ ਵੱਲ ਲੈ ਜਾਂਦਾ ਹੈ।

379. ਜ਼ਿੰਦਗੀ ਦਾ ਨਿਸ਼ਾਨਾ-ਪ੍ਰਮਾਤਮਾ ਦੀ ਭਗਤੀ ਅਤੇ ਅੰਦਰੂਨੀ ਸਾਂਝ ਹੋਣਾ ਚਾਹੀਦਾ ਹੈ।

380. ਜੀਵਨ ਦੇ ਸਾਰੇ ਕਰਮ ਪ੍ਰਮਾਤਮਾ ਵੱਲੋਂ ਪਰਖੇ ਜਾਂਦੇ ਹਨ।

381. ਕੇਵਲ ਉਹੀ ਵਿਚਾਰ ਅਤੇ ਕਰਮ ਨੇਕ ਹਨ, ਜਿਨ੍ਹਾਂ ਤੋਂ ਪ੍ਰਮਾਤਮਾ ਪ੍ਰਸੰਨ ਹੁੰਦਾ ਹੈ।

382. ਪ੍ਰਮਾਤਮਾ ਨੂੰ ਭੁੱਲਣਾ, ਝੂਠ ਦੇ ਫੰਦੇ ਵੱਲ ਲਿਜਾਂਦਾ ਹੈ।

383. ਗੁਰੂ ਦੀਆਂ ਸਿੱਖਿਆਵਾਂ ਸਾਰੇ ਝੂਠਾਂ ਨੂੰ ਨਸ਼ਟ ਕਰ ਦਿੰਦੀਆਂ ਹਨ।

384. ਆਤਮ-ਆਨੰਦਤਾ ਮਨੁੱਖ ਨੂੰ ਪ੍ਰਮਾਤਮਾ ਦੇ ਧਿਆਨ ਤੋਂ ਪਰ੍ਹੇ ਲੈ ਜਾਂਦੀ ਹੈ।

385. ਨਕਲੀ (ਝੂਠੀ) ਸਿੱਖਿਆ ਪ੍ਰਮਾਤਮਾ ਦੇ ਧਿਆਨ ਤੋਂ ਪਰ੍ਹੇ ਹੈ।

386. ਗੁਰੂ ਆਪਣੇ ਸਿੱਖਾਂ ਨੂੰ ਪ੍ਰਮਾਤਮਾ ਨਾਲ ਮਿਲਾਉਂਦਾ ਹੈ।

387. ਗੁਰੂ ਆਪਣੇ ਸਿੱਖਾਂ ਨੂੰ ਸਾਧਸੰਗਤ ਕਰਨ ਅਤੇ ਪ੍ਰਮਾਤਮਾ ਦੀ ਵਡਿਆਈ ਸੁਨਾਉਣ ਦੀ ਸਲਾਹ ਦਿੰਦਾ ਹੈ।

388. ਨਿਰਭਉ ਦਾ ਭਉ, ਸਾਰੇ ਖੌਫਾਂ ਨੂੰ ਖ਼ਤਮ ਕਰਦਾ ਹੈ।

389. ਸੰਤ ਉਹ ਹਨ, ਜੋ ਗੁਰੂ ਦੀਆਂ ਸਿੱਖਿਆਵਾਂ ਤੇ ਚੱਲਦੇ ਹਨ।

390. ਪ੍ਰਮਾਤਮਾ ਤੋਂ ਵਿਛੜ ਕੇ ਸ਼ਾਂਤੀ ਅਤੇ ਪ੍ਰਸੰਨਤਾ ਸੰਭਵ ਨਹੀਂ ਹੈ।

391. ਮੌਤ ਸਭਨਾਂ ਨੂੰ ਆਉਂਦੀ ਹੈ। ਮਨੁੱਖ ਨੂੰ ਗੁਰੂ ਦੀਆਂ ਸਿੱਖਿਆਵਾਂ 'ਤੇ ਚੱਲਦਿਆਂ, ਨੇਕ ਜੀਵਨ ਜਿਉਣਾ ਚਾਹੀਦਾ ਹੈ।

392. ਗੁਰੂ ਦੀਆਂ ਸਿੱਖਿਆਵਾਂ ਮਾੜੇ ਵਿਚਾਰ ਅਤੇ ਮਾੜੇ ਕਰਮਾਂ ਤੋਂ ਧਿਆਨ ਪਰ੍ਹੇ ਹਟਾਉਂਦੀਆਂ ਹਨ।

393. ਗੁਰੂ ਦੀਆਂ ਸਿੱਖਿਆਵਾਂ ਉਹ ਬੇੜੀ ਹਨ, ਜਿਸ ਵਿਚ ਸਵਾਰ ਹੋ ਕੇ ਮਨੁੱਖ ਜੀਵਨ ਦੇ ਭਵ-ਸਾਗਰ ਨੂੰ ਪਾਰ ਕਰ ਜਾਂਦਾ ਹੈ।

394. ਗੁਰੂ, ਸਮਾਂ ਬਰਬਾਦ ਨਾ ਕਰਨ ਅਤੇ ਪ੍ਰਮਾਤਮਾ ਨੂੰ ਸਿਮਰਨ ਦਾ ਉਪਦੇਸ਼ ਦਿੰਦਾ ਹੈ।

395. ਜੀਵਨ ਦਾ ਮੁੱਖ ਉਦੇਸ਼ ਗੁਰੂ ਤੋਂ ਸਿੱਖਿਆ ਗ੍ਰਹਿਣ ਕਰਨਾ ਹੈ।

396. ਮੂਰਖ ਬਿਨਸਣਹਾਰ ਪਦਾਰਥਾਂ ਅਤੇ ਮਾਇਆ ਦੀ ਭਾਲ ਕਰਦੇ ਹਨ।

397. ਪ੍ਰਮਾਤਮਾ ਉਹਨਾਂ ਦਾ ਮਾਣ ਕਰਦਾ ਹੈ ਜੋ ਉਸਨੂੰ ਇਕ ਪਲ ਲਈ ਵੀ ਨਹੀਂ ਭੁਲਾਉਂਦੇ।

398. ਉਸ ਇਕ ਪ੍ਰਭੂ ਨੂੰ, ਜੋ ਸਮਝ ਤੋਂ ਪਰ੍ਹੇ ਅਤੇ ਜੋ ਸਰਵ-ਵਿਆਪਕ ਹੈ, ਨੂੰ ਪਿਆਰ

ਕਰਨ ਲਈ ਗੁਰੂ ਦੀਆਂ ਸਿੱਖਿਆਵਾਂ ਤੇ ਚੱਲੋ।

399. ਸਤਿਗੁਰੂ ਦੀ ਸਿੱਖਿਆ ਮਨੁੱਖ ਨੂੰ ਆਪਣੀ ਤ੍ਰਿਸ਼ਨਾ ਦੀ ਅੱਗ 'ਤੇ ਕਾਬੂ ਪਾਉਣ ਵਿਚ ਮਦਦ ਕਰਦੀ ਹੈ।

400. ਪ੍ਰਮਾਤਮਾ ਨੂੰ ਧਿਆਉਣਾ ਸਭ ਤੋਂ ਵੱਧ ਲਾਭਕਾਰੀ ਕੰਮ ਵਿਚ ਰੁਝਣਾ ਹੈ।

401. ਮਨੁੱਖ ਨੂੰ, ਇਸ ਛੋਟੇ ਜਿਹੇ ਜੀਵਨ ਵਿਚ, ਪ੍ਰਮਾਤਮਾ ਦੀ ਭਗਤੀ ਕਰਕੇ, ਇਸ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ।

402. ਪ੍ਰਮਾਤਮਾ ਅਨੇਕਾਂ ਖੇਡਾਂ ਰਚਦਾ ਹੈ।

403. ਸੰਸਾਰੀ ਬੰਧਨ ਪ੍ਰਮਾਤਮਾ ਨਾਲ ਮਿਲਾਪ ਵਿਚ ਰੁਕਾਵਟ ਹਨ।

404. ਸੱਚਾ ਧਰਮ, ਮਨੁੱਖ ਨੂੰ ਸਵਰਗ ਅਤੇ ਨਰਕ ਵਿਚ ਫਰਕ ਸਮਝਣ ਦੇ ਕਾਬਿਲ ਬਣਾਉਂਦਾ ਹੈ।

405. ਪ੍ਰਮਾਤਮਾ ਨਾਲ ਪਿਆਰ, ਕਰਮ-ਕਾਂਡਾਂ ਦੀ ਪਾਲਣਾ ਨਾਲੋਂ ਭਿੰਨ ਹੁੰਦਾ ਹੈ।

406. ਮਨਮੁਖ, ਅਯੋਗ ਅਤੇ ਅਨੈਤਿਕ ਵਿਵਹਾਰ ਤੋਂ ਬਚ ਨਹੀਂ ਸਕਦੇ।

407. ਹਰ ਮਨੁੱਖ, ਜੀਵਨ ਦੇ ਨਕਸ਼ੇ ਦੇ ਨਾਲ ਜਨਮ ਲੈਂਦਾ ਹੈ।

408. ਪ੍ਰਮਾਤਮਾ ਦੀ ਮਹਾਨਤਾ ਨੂੰ ਮਾਪਿਆ ਨਹੀਂ ਜਾ ਸਕਦਾ।

409. ਪ੍ਰਮਾਤਮਾ ਦੀ ਮਿਹਰ ਸਦਕਾ ਹੀ ਮਨੁੱਖ ਮੁਕਤੀ ਪ੍ਰਾਪਤ ਕਰਦਾ ਹੈ।

410. ਸੰਸਾਰ ਦੇ ਮੋਹ ਗੁਰੂ ਦੇ ਸਿੱਖਾਂ ਤੋਂ ਇਲਾਵਾ, ਬਾਕੀ ਸਭ ਨੂੰ ਆਪਣੇ ਜਾਲ ਵਿਚ ਫਸਾ ਲੈਂਦੇ ਹਨ।

411. ਪ੍ਰਮਾਤਮਾ ਬਾਰੇ ਅਟਕਲ ਬਾਜ਼ੀਆਂ ਕਦੀ ਵੀ ਉਸ ਬਾਰੇ (ਪ੍ਰਮਾਤਮਾ ਬਾਰੇ) ਸਹੀ ਵਿਆਖਿਆ ਨਹੀਂ ਕਰ ਸਕਦੇ।

412. ਸੱਚਾ ਸੇਵਕ ਪ੍ਰਮਾਤਮਾ ਨੂੰ ਪਿਆਰ ਕਰਦਾ ਹੈ।

413. ਪ੍ਰਮਾਤਮਾ ਦੇ ਆਪਣੇ, ਆਪ ਤੋਂ ਇਲਾਵਾ, ਹੋਰ ਕੋਈ ਵੀ ਉਸਦੇ ਗੁਣਾਂ ਦੀ ਸੀਮਾ ਨਹੀਂ ਜਾਣਦਾ।

414. ਮਾੜੇ-ਵਿਚਾਰਾਂ ਅਤੇ ਮਾੜੇ ਕਰਮਾਂ ਤੋਂ ਬਚਣ ਲਈ, ਮਨੁੱਖ ਨੂੰ ਪ੍ਰਮਾਤਮਾ ਬਾਰੇ, ਗੁਰੂ ਦੀ ਸਿੱਖਿਆ ਤੇ ਤੁਰਨਾ ਚਾਹੀਦਾ ਹੈ।

415. ਝੂਠੀ ਜ਼ਿੰਦਗੀ ਜੀਣ ਨਾਲ, ਮਨੁੱਖ ਦਾ ਸਾਰਾ ਜੀਵਨ ਹੀ ਅਪਵਿਤ੍ਰ ਹੋ ਜਾਂਦਾ ਹੈ। ਸੱਚਾਈ ਦਾ ਜੀਵਨ ਜਿਊਣ ਨਾਲ ਮਨੁੱਖ ਦਾ ਸਾਰਾ ਆਪਾ ਹੀ ਸ਼ੁੱਧ ਹੋ ਜਾਂਦਾ ਹੈ।

416. ਜੇਹਾ ਬੀਜੋਗੇ, ਤੇਹਾ ਕੱਟੋਗੇ। ਪ੍ਰਮਾਤਮਾ ਦਾ ਨਾਮ ਬੀਜੋ, ਸ਼ਾਂਤੀ ਅਤੇ ਪ੍ਰਸੰਨਤਾ ਦੀ

ਫ਼ਸਲ ਕੱਟੋ।

417. ਪ੍ਰਮਾਤਮਾ ਦੇ ਸਿਮਰਨ ਤੋਂ ਬਗੈਰ, ਕਦੇ ਵੀ ਕਿਸੇ ਨੇ ਵੀ ਆਪਣੀਆਂ ਕਮੀਆਂ ਤੋਂ ਛੁਟਕਾਰਾ ਨਹੀਂ ਪਾਇਆ ਹੈ।

418. ਸੱਚਾ ਖ਼ਜ਼ਾਨਾ, ਪ੍ਰਮਾਤਮਾ ਦਾ ਨਾਮ ਹੈ। ਇਹ ਗੁਰੂ ਦੀ ਸਿੱਖਿਆ ਦੁਆਰਾ ਹੀ ਪਾਇਆ ਜਾਂਦਾ ਹੈ।

419. ਪ੍ਰਮਾਤਮਾ ਪ੍ਰਤੀ ਸੱਚਾ ਪਿਆਰ ਓਹੀ ਹੈ ਜਿਸਨੂੰ ਉਹ (ਪ੍ਰਮਾਤਮਾ) ਸਭ ਤੋਂ ਵੱਧ ਅਹਿਮੀਅਤ ਦਿੰਦਾ ਹੈ।

420. ਸਤਿਗੁਰੂ ਦੀ ਸਿੱਖਿਆ ਦੀ ਡੂੰਘੀ ਸਮਝ ਹੀ ਮਨੁੱਖ ਨੂੰ ਉਸ ਪ੍ਰਮਾਤਮਾ ਨਾਲ ਜੋੜਦੀ ਹੈ, ਜੋ ਆਪਣੀ ਰਚਨਾ ਨੂੰ ਪਿਆਰ ਕਰਦਾ ਹੈ।

421. ਪ੍ਰਮਾਤਮਾ ਪ੍ਰਤੀ ਸੱਚਾ ਪਿਆਰ ਸਦੀਵੀ ਹੈ ਅਤੇ ਉਹ, ਗੁਰੂ ਦਾ ਸਿੱਖ ਬਣ ਕੇ ਹੀ ਮਿਲਦਾ ਹੈ।

422. ਮਨਮੁਖ ਸਹੀ ਮਾਰਗ ਤੋਂ ਭਟਕਿਆ ਹੁੰਦਾ ਹੈ ਅਤੇ ਬੇਸਹਾਰਾ ਹੁੰਦਾ ਹੈ।

423. ਸਤਿਗੁਰੂ ਦੇ ਸਿੱਖ ਤੋਂ ਇਲਾਵਾ, ਬਾਕੀ ਸਾਰੇ ਤ੍ਰਿਸ਼ਨਾ ਦੀ ਦਲਦਲ ਵਿਚ ਫਸੇ ਹੋਏ ਹਨ।

424. ਗੁਰੂ ਦੇ ਉਪਦੇਸ਼ ਮਨੁੱਖ ਦੇ ਮਨ ਨੂੰ ਪ੍ਰਮਾਤਮਾ ਨਾਲ ਜੋੜਦੇ ਹਨ। ਫਿਰ ਮਨੁੱਖ, ਸਦੀਵੀ ਸ਼ਾਂਤੀ ਅਤੇ ਪ੍ਰਸੰਨਤਾ ਦੀ ਦਾਤ ਹਾਸਿਲ ਕਰਦਾ ਹੈ।

425. ਪ੍ਰਮਾਤਮਾ ਪ੍ਰਤੀ ਪਿਆਰ ਤੋਂ ਬਿਨਾਂ ਸੰਸਾਰੀ ਜਗਮਗਾਹਟ ਵਿਅਰਥ ਹੈ। ਗੁਰੂ ਦਾ ਸਿੱਖ, ਪ੍ਰਮਾਤਮਾ ਦੀ ਭਗਤੀ ਕਰਦਾ ਹੈ ਅਤੇ ਫਿਰ ਉਸ ਤੋਂ ਪ੍ਰਾਪਤ ਵਿਲੱਖਣ ਪ੍ਰਸੰਨਤਾ ਦਾ ਆਨੰਦ ਮਾਣਦਾ ਹੈ।

426. ਗੁਰੂ ਦਾ ਸਿੱਖ, ਪ੍ਰਮਾਤਮਾ ਨੂੰ ਆਪਣੇ ਦਿਲ ਅੰਦਰ ਪਾਉਂਦਾ ਹੈ ਅਤੇ ਫਿਰ ਸਾਰੇ ਖੌਫਾਂ ਅਤੇ ਦੁਨਿਆਵੀਂ ਪ੍ਰਲੋਭਨਾਂ 'ਤੇ ਕਾਬੂ ਪਾ ਲੈਂਦਾ ਹੈ।

427. ਸਥਾਈ ਦਾ ਭਰਮ ਅਸਥਾਈ ਦੀ ਸੱਚਾਈ ਨੂੰ ਲੁਕੋ ਦਿੰਦਾ ਹੈ।

428. ਪ੍ਰਮਾਤਮਾ ਸੰਨਿਆਸੀ ਅੰਦਰ ਵੀ ਉਂਝ ਹੀ ਬਿਰਾਜਮਾਨ ਹੈ, ਜਿਵੇਂ ਉਹ ਆਤਮ-ਭੋਗੀ ਅੰਦਰ ਬਿਰਾਜਮਾਨ ਹੈ। ਸਤਿਗੁਰੂ, ਅਦ੍ਰਿਸ਼ਟ ਤੇ ਅਕੱਥ ਪ੍ਰਮਾਤਮਾ ਦੀ ਪ੍ਰਾਪਤੀ ਦਾ ਉਪਦੇਸ਼ ਬਖਸ਼ਦਾ ਹੈ।

429. ਸੰਸਾਰ ਮਾਇਆ ਕਰਕੇ ਉਤਪੰਨ ਭਰਮ ਭੁਲੇਖਿਆ ਦੀ ਮਾਇਆ ਵਿਚ ਭਟਕਿਆ ਹੋਇਆ ਹੈ।

430. ਪ੍ਰਮਾਤਮਾ ਦੀ ਮਿਹਰ, ਮਨੁੱਖ ਨੂੰ ਸਤਿਗੁਰੂ ਦੇ ਕੋਲ ਲੈ ਆਉਂਦੀ ਹੈ, ਜੋ ਉਸਨੂੰ

ਅਹੰਕਾਰ ਤੋਂ ਮੁਕਤੀ ਦਿਲਾਉਂਦਾ ਹੈ।

431. ਪ੍ਰਮਾਤਮਾ ਦਾ ਭਗਤ ਪ੍ਰਮਾਤਮਾ ਦੀ ਮਿਹਰ ਨਾਲ ਇਸ ਦੁਨੀਆਂ ਵਿਚ ਆਉਂਦਾ ਹੈ।

432. ਪ੍ਰਮਾਤਮਾ ਤੋਂ ਇਲਾਵਾ ਇਥੇ ਜੋ ਕੁਝ ਵੀ ਹੈ ਉਸਦੀ ਹੋਂਦ ਦਾ ਇਕੋ-ਇਕ ਅਤੇ ਸਭ ਤੋਂ ਵੱਡਾ ਕਾਰਣ ਪ੍ਰਮਾਤਮਾ ਹੀ ਹੈ।

433. ਪ੍ਰਮਾਤਮਾ ਅੱਗੇ ਸੱਚੀ ਅਰਜ਼ੋਈ, ਉਸ ਕੋਲੋਂ ਉਸ ਦਾਤ ਦੀ ਮੰਗ ਕਰਨੀ ਹੈ ਜੋ, ਮਨੁੱਖ ਨੂੰ ਉਸਦੀ (ਪ੍ਰਮਾਤਮਾ) ਸਿਫ਼ਤ ਸਲਾਹ ਕਰਨ ਦੇ ਯੋਗ ਬਣਾਉਂਦੀ ਹੈ।

434. ਗੁਰੂ ਦੇ ਬ੍ਰਹਮ ਗਿਆਨ ਨੂੰ ਅਣਗੌਲਿਆਂ ਕਰਨਾ, ਮਨੁੱਖਾਂ ਜਨਮ ਪ੍ਰਾਪਤ ਹੋਣ ਦੇ ਵੱਡੇ ਭਾਗ ਨੂੰ ਡੁਬਾਉਣ ਵਾਂਗ ਹੈ।

435. ਸੰਸਾਰ ਦਾ ਸਰੂਪ, ਧੁੰਏ ਦੇ ਬਣੇ ਸਫੈਦ, ਬੁਲੰਦ ਆਕਾਰ ਵਾਂਗ ਆਰਜ਼ੀ ਹੈ।

436. ਪ੍ਰਮਾਤਮਾ ਦੇ ਸੱਚੇ ਸੇਵਕਾਂ ਦੀ ਜਿੰਨੀ ਵੀ ਪ੍ਰਸੰਸਾ ਕੀਤੀ ਜਾਵੇ ਉਨੀ ਹੀ ਥੋੜ੍ਹੀ ਹੈ।

437. ਅਸੀਂ ਆਪਣੇ ਸਿਰਜਣਹਾਰ ਅਤੇ ਪਾਲਣਹਾਰ ਦੀ ਭਗਤੀ ਕਰਨ ਲਈ ਵਚਨਬੱਧ ਹਾਂ।

438. ਆਪਣੇ ਨਾਲ ਮਿਲਾਪ ਜਾਂ ਵਿਛੋੜੇ ਦੀ ਪ੍ਰਵਾਨਗੀ ਪ੍ਰਮਾਤਮਾ ਹੀ ਦਿੰਦਾ ਹੈ।

439. ਕੇਵਲ ਪ੍ਰਮਾਤਮਾ ਹੀ ਅਜਿਹਾ ਹੈ, ਜੋ ਸਦੀਵੀ ਹੈ। ਰਚਨਾ ਦੇ ਖੇਲ ਦਾ ਇਕੋ-ਇਕ ਉਹ ਆਪ ਹੀ ਕਾਰਣ ਹੈ। ਪ੍ਰਮਾਤਮਾ ਨੂੰ ਪਿਆਰ ਕਰਨਾ, ਸਭ ਤੋਂ ਉੱਤਮ ਗੁਣ ਦਾ ਅਭਿਆਸ ਕਰਨਾ ਹੈ।

440. ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਅਪਣਾਏ ਗਏ ਕਰਮ ਕਾਂਡ, ਮਨੁੱਖ ਦੇ ਮਨ ਦੀਆਂ ਅਸ਼ੁੱਧੀਆਂ ਦੂਰ ਨਹੀਂ ਕਰ ਸਕਦੇ।

441. ਪ੍ਰਮਾਤਮਾ, ਸਰੀਰ ਅਤੇ ਆਤਮਾ ਦਾ ਸੁਮੇਲ ਕਰਾਉਂਦਾ ਹੈ।

442. ਮਨੁੱਖ ਦੀਆਂ ਆਪਣੇ ਆਪ ਨੂੰ ਭੈਅ-ਮੁਕਤ ਕਰਨ ਦੀਆਂ ਸਾਰੀਆਂ ਕੋਸ਼ਿਸ਼ਾਂ ਵਿਚੋਂ ਪ੍ਰਮਾਤਮਾ ਦੀ ਭਗਤੀ ਸ੍ਰੇਸ਼ਟ ਹੈ।

443. ਸ਼ਰਧਾ ਹੀ ਪ੍ਰਮਾਤਮਾ ਦੀ ਭਗਤੀ ਦੀ ਨੀਂਹ ਹੈ।

444. ਪ੍ਰਮਾਤਮਾ ਨਾਲ ਮਿਲਣ ਦਾ ਇਕ ਖ਼ਾਸ ਮਾਰਗ ਹੈ। ਇਸ ਖ਼ਾਸ ਮਾਰਗ ਵਿਚ ਨਿਮਰਤਾ, ਸਤਿਕਾਰ, ਪਿਆਰ ਅਤੇ ਪ੍ਰਮਾਤਮਾ ਦਾ ਸ਼ੁਕਰਾਨਾ ਸ਼ਾਮਿਲ ਹੈ।

445. ਪ੍ਰਮਾਤਮਾ ਨੂੰ ਸ਼ਰਧਾ ਅਤੇ ਪਿਆਰ ਨਾਲ ਧਿਆਉਣਾ ਹੀ ਸੱਚਾ ਧਨ ਹੈ।

446. ਮੁਸਲਮਾਨ ਕਹਾਉਣ ਦੇ ਕਾਬਿਲ ਹੋਣਾ ਮੁਸ਼ਕਿਲ ਹੈ।

447. ਇਸ ਸੰਸਾਰ ਵਿਚ ਹਰੇਕ ਮਨੁੱਖ ਅਤੇ ਹਰੇਕ ਚੀਜ਼ ਖਿਨ ਭੰਗੁਰ ਹੈ।

448. ਪ੍ਰਮਾਤਮਾ ਦਾ ਸੱਚਾ ਭਗਤ, ਉਸਦੀ ਮਿਹਰ ਸਦਕਾ, ਹਰ ਤਰ੍ਹਾਂ ਦੇ ਹਾਲਾਤਾਂ ਵਿਚ ਉਸ ਪ੍ਰਤੀ ਵਫ਼ਾਦਾਰ ਰਹਿੰਦਾ ਹੈ।

449. ਗੁਰੂ ਦੀਆਂ ਸਿੱਖਿਆਵਾਂ ਦੁਆਰਾ ਰੁਸ਼ਨਾਇਆ ਸਹੀ ਵਤੀਰੇ (ਵਿਵਹਾਰ) ਦਾ ਮਾਰਗ, ਜੀਵਨ ਵਿਚ ਸੱਚੀ ਸਫ਼ਲਤਾ ਵੱਲ ਲਿਜਾਂਦਾ ਹੈ।

450. ਪ੍ਰਮਾਤਮਾ ਨਾਲ ਸਾਂਝ ਮਨੁੱਖ ਨੂੰ ਕਸ਼ਟਾਂ ਅਤੇ ਦੁੱਖਾਂ ਤੋਂ ਬਚਾਉਂਦੀ ਹੈ।

451. ਮੌਜੂਦਾ ਜੀਵਨ ਦੀਆਂ ਅਧੂਰੀਆਂ ਖਾਹਿਸ਼ਾਂ ਦੇ ਕਾਰਣ ਜਨਮ ਅਤੇ ਮਰਨ ਦਾ ਚੱਕਰ ਪੈਂਦਾ ਹੈ।

452. ਮੂਰਖ ਵਿਅਕਤੀ ਹਮੇਸ਼ਾਂ ਉਹੀ ਬੋਲਦਾ ਹੈ, ਜਿਸਦਾ ਕੋਈ ਮੁੱਲ ਨਹੀਂ ਹੁੰਦਾ ਹੈ।

453. ਪ੍ਰਮਾਤਮਾ ਦੀ ਭਗਤੀ, ਉਸ ਨਾਲ ਮਿਲਾਪ ਦਾ ਸਾਧਨ ਹੈ।

454. ਪ੍ਰਮਾਤਮਾ ਹੀ ਇਸ ਗੱਲ ਦਾ ਫੈਸਲਾ ਕਰਦਾ ਹੈ ਕਿ ਕੌਣ ਖਰ੍ਹਾ ਹੈ ਅਤੇ ਕੌਣ ਖੋਟਾ?

455. ਕੇਵਲ ਪ੍ਰਮਾਤਮਾ ਹੀ ਅਬਿਨਾਸੀ ਹੈ। ਉਹ ਹੀ ਆਪਣੀ ਰਚਨਾ ਦਾ ਪਾਲਣਹਾਰ ਹੈ।

456. ਪ੍ਰਮਾਤਮਾ ਦੀ ਆਪਣੀ ਰਚਨਾ 'ਤੇ ਹਕੂਮਤ ਸਦੀਵੀ ਹੈ।

457. ਪ੍ਰਮਾਤਮਾ ਦੀ ਸ਼ਕਤੀ ਸੰਭਵਤਾ ਦੇ ਖੇਤਰ ਤੋਂ ਅੱਗੇ ਲੈ ਜਾਂਦੀ ਹੈ।

458. ਪ੍ਰਮਾਤਮਾ ਅਟੱਲ ਹੈ। ਉਹ ਦਿਆਲੂ-ਕ੍ਰਿਪਾਲੂ ਹੈ।

459. ਪ੍ਰਮਾਤਮਾ ਦੀ ਮਿਹਰ ਸਦਕਾ ਹੀ ਮਨੁੱਖ ਗੁਰੂ ਦੀਆਂ ਸਿੱਖਿਆਵਾਂ 'ਤੇ ਤੁਰਦਾ ਹੈ।

460. ਉਹੋ ਹੀ ਹੁੰਦਾ ਹੈ, ਜੋ ਉਸਨੂੰ (ਪ੍ਰਮਾਤਮਾ ਨੂੰ) ਭਾਉਂਦਾ ਹੈ।

461. ਸਾਰੀ ਰਚਨਾ ਪ੍ਰਮਾਤਮਾ ਦੇ ਹੁਕਮ ਅੰਦਰ ਹੈ।

462. ਮਨੁੱਖ ਨੂੰ ਗੁਰੂ ਦੀਆਂ ਸਿੱਖਿਆਵਾਂ ਸਾਦਗੀ ਨਾਲ ਸਵੀਕਾਰ ਕਰਨੀਆਂ ਚਾਹੀਦੀਆਂ ਹਨ, ਕਿਉਂਕਿ ਸਤਿਗੁਰੂ, ਸੱਚ ਤੋਂ ਇਲਾਵਾ ਹੋਰ ਕੁਝ ਨਹੀਂ ਸਿਖਾਉਂਦਾ।

463. ਜ਼ੁਲਮ, ਭ੍ਰਿਸ਼ਟਾਚਾਰ ਅਤੇ ਅਗਿਆਨਤਾ ਦੀ ਪਹੇਲੀ ਤੋਂ ਬਾਹਰ ਨਿਕਲਣ ਦਾ ਇਕੋ ਇਕ ਮਾਰਗ, ਪ੍ਰਮਾਤਮਾ ਦੀ ਭਗਤੀ ਹੈ।

464. ਗੁਰੂ ਦੇ ਸਿੱਖਾਂ ਅਤੇ ਗੁਰੂ ਦੇ ਬ੍ਰਹਮ ਗਿਆਨ ਤੋਂ ਬੇਮੁਖਾਂ ਵਿਚ ਕੱਟੜ ਵਿਰੋਧੀ ਵੱਖਰੇਵੇਂ ਹਨ।

465. ਸਫ਼ਲ ਵਪਾਰੀ ਉਹ ਹਨ, ਜੋ ਪ੍ਰਮਾਤਮਾ ਦੇ ਨਾਮ ਦਾ ਵਪਾਰ ਕਰਦੇ ਹਨ। ਪ੍ਰਮਾਤਮਾ ਦੀ ਭਗਤੀ ਦੇ ਲਾਭਾਂ ਅੱਗੇ, ਪਵਿੱਤਰ ਨਦੀਆਂ ਉੱਤੇ ਇਸ਼ਨਾਨਾਂ ਦੇ ਲਾਭ ਵਿਅਰਥ ਹਨ।

466. ਪ੍ਰਮਾਤਮਾ ਤੋਂ ਵਿਛੜਣ ਦਾ ਕਾਰਣ, ਮਨੁੱਖ ਦੇ ਮਨ ਦੀ ਨਿਰਦਇਅਤਾ

(ਬੇਰਹਿਮੀ) ਹੈ।

467. ਗੁਰੂ ਦਾ ਬ੍ਰਹਮ ਗਿਆਨ, ਮਨੁੱਖ ਨੂੰ ਹਰ ਪਾਸੇ ਪ੍ਰਮਾਤਮਾ ਦੀ ਸਰਬ-ਵਿਆਪਕਤਾ ਦਾ ਅਨੁਭਵ ਕਰਾਉਂਦਾ ਹੈ।

468. ਪ੍ਰਮਾਤਮਾ ਦੀ ਸਭ ਤੋਂ ਵੱਡੀ ਦਾਤ, ਉਸਦੀ ਮਿਹਰ ਹੈ ਜੋ ਮਨੁੱਖ ਦੇ ਮਨ ਵਿਚ ਉਸਦੀ ਭਗਤੀ ਪੈਦਾ ਕਰਦੀ ਹੈ।

469. ਤ੍ਰਿਸ਼ਨਾ ਦੀ ਅੱਗ ਕੇਵਲ ਪ੍ਰਮਾਤਮਾ ਦੇ ਨਾਮ ਨਾਲ ਹੀ ਬੁੱਝ ਸਕਦੀ ਹੈ।

470. ਗੁਰੂ, ਸੰਤੋਖ ਦਾ ਰੁੱਖ ਹੈ, ਜਿਸ ਉੱਪਰ ਧਰਮ ਦੇ ਫੁੱਲ ਅਤੇ ਬ੍ਰਹਮ ਗਿਆਨ ਦੇ ਫਲ ਲੱਗਦੇ ਹਨ।

471. ਗੁਰੂ ਦੇ ਬ੍ਰਹਮ ਗਿਆਨ ਦੇ ਸ਼ਬਦ ਸ੍ਰੋਸ਼ਟ ਹੁੰਦੇ ਹਨ।

472. ਸੱਚਾ ਸਿੱਖ ਕਦੀ ਵੀ ਤ੍ਰਿਸ਼ਨਾ ਦਾ ਸ਼ਿਕਾਰ ਨਹੀਂ ਹੁੰਦਾ।

473. ਪ੍ਰਮਾਤਮਾ ਤੋਂ ਵਿਛੋੜਾ ਈਰਖਾਲੂ ਸੁਭਾਅ ਬਣਾ ਦੇਂਦਾ ਹੈ।

474. ਜੀਵ ਦਾ ਸੁਭਾਅ ਚੰਚਲ ਹੈ ਪ੍ਰੰਤੂ, ਪ੍ਰਮਾਤਮਾ ਦੀ ਇੱਛਾ ਦੇ ਅਧੀਨ ਹੈ।

475. ਵਿੱਦਵਤਾ (ਗਿਆਨੀ ਹੋਣਾ), ਸੰਪ੍ਰਦਾਇਕ ਕੱਟਰਵਾਦ ਮਨੁੱਖ ਦਾ ਪ੍ਰਭੂ ਨਾਲ ਮਿਲਾਪ ਨਹੀਂ ਕਰਾਉਂਦੇ।

476. ਮਨੁੱਖ ਦਾ ਪ੍ਰਮਾਤਮਾ ਨਾਲ ਸੱਚਾ ਪਿਆਰ ਅਟੱਲ ਅਤੇ ਕਦੇ ਨਾ ਖ਼ਤਮ ਹੋਣ ਵਾਲਾ ਹੁੰਦਾ ਹੈ।

477. ਸੇਵਕ ਦੀ ਪ੍ਰਮਾਤਮਾ ਨੂੰ ਧਿਆਉਣ ਦੀ ਪਿਆਸ ਸੁਭਾਵਿਕ ਅਤੇ ਕਦੇ ਨਾ ਸ਼ਾਂਤ ਹੋਣ ਵਾਲੀ ਹੈ।

478. ਢਾਡੀ-ਪ੍ਰਮਾਤਮਾ ਦੀ ਪ੍ਰਸੰਸਾ ਗਾਉਣ ਵਾਲਾ ਪ੍ਰਮਾਤਮਾ ਦੀ ਹਜ਼ੂਰੀ ਵਿਚ ਗਾਉਂਦਾ ਹੈ। ਉਹ ਪ੍ਰਮਾਤਮਾ ਵਿਚ ਜੁੜਿਆ ਹੁੰਦਾ ਹੈ।

479. ਗ਼ਲਤ ਮਨੁੱਖ ਕਦੇ ਅੱਖੋਂ-ਪਰੋਖੇ ਨਹੀਂ ਹੋ ਸਕਦਾ, ਉਹ ਜਾਂ ਤਾਂ ਸੁਧਾਰਿਆ ਜਾ ਸਕਦਾ ਹੈ ਜਾਂ ਫਿਰ ਮੁਆਫ਼ ਕੀਤਾ ਜਾ ਸਕਦਾ ਹੈ।

480. ਦੁਖ ਅਤੇ ਸੁਖ ਸਰੀਰਕ ਜਾਂ ਮਾਨਸਿਕ-ਪ੍ਰਮਾਤਮਾ ਵੱਲੋਂ ਹੀ ਨਿਰਧਾਰਿਤ ਕੀਤੇ ਜਾਂਦੇ ਹਨ।

481. ਪ੍ਰਮਾਤਮਾ ਤੋਂ ਵਿਛੜ ਕੇ ਲੋਕ ਭੈ-ਭੀਤ ਅਤੇ ਆਤਮ-ਘਾਤੀ ਬਣ ਜਾਂਦੇ ਹਨ।

482. ਸਤਿਗੁਰੂ ਦੀ ਕ੍ਰਿਪਾ ਸਿੱਖ ਉੱਪਰ ਮਿਹਰਾਂ ਬਰਸਾਉਂਦੀ ਹੈ।

483. ਧਾਰਮਿਕ ਕਰਮ-ਕਾਂਡ ਭਾਵੇਂ ਕਿੰਨੇ ਵੀ ਠਾਠ ਵਾਲੇ ਕਿਉਂ ਨਾ ਹੋਣ, ਉਹਨਾਂ ਦੀ

ਪਾਲਣਾ ਕਰਨ ਵਾਲਿਆਂ ਨੂੰ ਉਹਨਾਂ ਦਾ ਕੋਈ ਵੀ ਆਤਮਿਕ ਜਾਂ ਨੈਤਿਕ ਲਾਭ ਪ੍ਰਾਪਤ ਨਹੀਂ ਹੁੰਦਾ।

484. ਸਤਿਗੁਰੂ ਸਦਾ ਅਬਿਨਾਸ਼ੀ ਤੇ ਅਲੱਖ ਪ੍ਰਮਾਤਮਾ ਦੀ ਸਿਫਤਿ-ਸਾਲਾਹ ਕਰਦਾ ਹੈ।

485. ਪ੍ਰਮਾਤਮਾ ਦੀ ਮਿਹਰ ਨਾਲ ਈਰਖਾ, ਵਫ਼ਾਦਾਰੀ ਵਿਚ ਤਬਦੀਲ ਹੋ ਜਾਂਦੀ ਹੈ।

486. ਸਤਿਗੁਰੂ ਦਾ ਕਰਮ, ਪ੍ਰਮਾਤਮਾ ਦੀ ਪ੍ਰਸੰਸਾ ਦਾ ਗਾਣ ਕਰਨਾ ਹੈ, ਇਹ ਕਰਮ, ਸਤਿਗੁਰੂ ਨੂੰ ਪ੍ਰਮਾਤਮਾ ਵੱਲੋਂ ਆਪ ਸੌਂਪਿਆ ਜਾਂਦਾ ਹੈ।

487. ਡਰ ਦੀ ਬੀਮਾਰੀ ਤੇ ਜਿੱਤ ਪ੍ਰਾਪਤ ਕਰਨ ਲਈ, ਪ੍ਰਮਾਤਮਾ ਪ੍ਰਤੀ ਨਿਮਰ ਵਿਵਹਾਰ ਜ਼ਰੂਰੀ ਹੈ।

488. ਪ੍ਰਮਾਤਮਾ ਨਾਲ ਮਿਲਾਪ ਤੋਂ ਪਹਿਲਾਂ, ਪੂਰਵ ਸੂਚਕ ਮਿਲਦੇ ਹਨ।

489. ਅਨਮੋਲ ਗਹਿਣਾ—ਅਬਿਨਾਸੀ ਆਤਮਾ ਸਰੀਰ ਦੇ ਅੰਦਰ ਨਿਵਾਸ ਕਰਦੀ ਹੈ।

490. ਪ੍ਰਮਾਤਮਾ ਆਪਣੀ ਭਗਤੀ ਦੇ ਵਪਾਰ ਵਿਚ ਰੁੱਝਾ ਹੋਇਆ ਹੈ।

491. ਪ੍ਰਮਾਤਮਾ ਦੀ ਸਹਾਇਤਾ ਤੋਂ ਬਗੈਰ, ਮਨੁੱਖ, ਪਾਪ ਵਿਕਾਰਾਂ ਤੋਂ ਨਹੀਂ ਬਚ ਸਕਦਾ।

492. ਮਨੁੱਖ ਪ੍ਰਮਾਤਮਾ ਦੇ ਨਾਮ ਅੰਮ੍ਰਿਤ ਦਾ ਆਨੰਦ ਉਦੋਂ ਮਾਣਦਾ ਹੈ, ਜਦੋਂ ਉਸਦਾ ਮਨ, ਗੁਰੂ ਦੀ ਸ਼ਰਨ ਵਿਚ, ਹੌਲੀ-ਹੌਲੀ, ਪ੍ਰਮਾਤਮਾ ਵਿਚ ਜੁੜਦਾ ਹੈ।

493. ਅਹੰਕਾਰ ਤੇ ਜਿੱਤ ਪ੍ਰਾਪਤ ਕਰਨਾ ਪ੍ਰਮਾਤਮਾ ਨਾਲ ਮਿਲਾਪ ਹਾਸਿਲ ਕਰਨਾ ਹੈ।

494. ਸਰੀਰ ਅਤੇ ਮਨ ਦੀ ਸ਼ੁੱਧੀ (ਪਵਿੱਤਰਤਾ) ਪ੍ਰਮਾਤਮਾ ਨਾਲ ਸਾਂਝ ਪ੍ਰਾਪਤ ਕਰਕੇ ਹੀ ਹਾਸਿਲ ਹੁੰਦੀ ਹੈ।

495. ਪ੍ਰਮਾਤਮਾ ਜੋ ਕਿ ਅਕੱਥ ਹੈ, ਗੁਰੂ ਦੁਆਰਾ ਹੀ ਆਪਣੇ ਬਾਰੇ ਗਿਆਨ ਕਰਾਉਂਦਾ ਹੈ। ਉਹ ਆਪਣੇ ਸੇਵਕ ਨੂੰ ਆਪਣੇ ਨਾਮ ਦਾ ਅੰਮ੍ਰਿਤ ਬਖਸ਼ਦਾ ਹੈ।

496. ਪ੍ਰਮਾਤਮਾ ਨਾਲ ਮਿਲਾਪ-ਨੈਤਿਕਤਾ, ਧਨ, ਦੁਨਿਆਵੀਂ ਸਫ਼ਲਤਾ ਅਤੇ ਮੁਕਤੀ ਤੋਂ ਪਰ੍ਹੇ ਹੈ।

497. ਪ੍ਰਮਾਤਮਾ ਦਾ ਨਾਮ ਅੰਮ੍ਰਿਤ, ਮਨੁੱਖ ਨੂੰ ਸਿਹਤਮੰਦ ਰੱਖਦਾ ਹੈ। ਵਰਨਾ, ਸਰੀਰ ਹਰ ਤਰ੍ਹਾਂ ਦੀਆਂ ਬੁਰਾਈਆਂ ਦਾ ਸਾਧਨ ਬਣ ਜਾਂਦਾ ਹੈ।

498. ਹਰ ਕੋਈ, ਪੰਜ ਅਸਾਧ ਵਿਕਾਰਾਂ ਨਾਲ ਗ੍ਰਸਿਆ ਹੋਇਆ ਹੈ। ਇਹਨਾਂ ਇੱਛਾਵਾਂ ਉੱਪਰ ਕਾਬੂ ਪਾਉਣ ਦਾ ਇਕੋ-ਇਕ ਮਾਰਗ, ਪ੍ਰਮਾਤਮਾ ਦੀ ਭਗਤੀ ਹੈ।

499. ਮਨ ਦੀ ਪਵਿੱਤਰਤਾ ਤੋਂ ਬਗੈਰ, ਧਾਰਮਿਕ ਕਰਮ ਕਾਂਡਾਂ ਵਾਲਾ ਸੰਨਿਆਸ, ਬੇਅਰਥ ਹੈ।

500. ਰੋਗ-ਨਿਵਾਰਕ ਸ਼ਕਤੀ ਜਾਂ ਭਗਤੀ ਦੇ ਉਦੇਸ਼ਾਂ ਵਜੋਂ, ਪ੍ਰਮਾਤਮਾ ਦੇ ਨਾਮ ਤੋਂ ਉੱਪਰ ਕੁਝ ਨਹੀਂ ਹੈ।

501. ਜਨਮ ਅਤੇ ਮਰਨ ਦਾ ਚੱਕਰ, ਪ੍ਰਮਾਤਮਾ ਤੋਂ ਵਿਛੋੜੇ ਅਤੇ ਪਾਪਾਂ ਭਰੇ ਕਰਮਾਂ ਦੇ ਕਾਰਣ ਹੁੰਦਾ ਹੈ।

502. ਮਨੁੱਖ ਜੀਵਨ ਰੂਪੀ ਅਨਮੋਲ ਦਾਤ ਨੂੰ ਵਿਅਰਥ ਹੀ ਗੁਆ ਦਿੰਦਾ ਹੈ—ਕੌੜੀ (ਪੈਸਾ) ਦੀ ਖਾਤਿਰ, ਹੀਰਾ ਗੁਆ ਦਿੰਦਾ ਹੈ।

503. ਗੁਰੂ ਦੇ ਸਿੱਖ ਦਾ ਪ੍ਰਮਾਤਮਾ ਨਾਲ ਪਿਆਰ, ਸੁਭਾਵਿਕ ਅਤੇ ਸਰਲ ਹੈ।

504. ਇਸ ਸੰਸਾਰ ਵਿਚ ਹਰ ਇਕ ਮਨੁੱਖ ਦੇ ਦਿਨ ਗਿਣਤੀ ਦੇ ਹਨ। ਪ੍ਰਮਾਤਮਾ ਨਾਲ ਮਿਲਾਪ ਦੀ ਤਾਂਘ ਕਰੋ।

505. ਗੁਰੂ ਦਾ ਗਿਆਨ, ਮਨੁੱਖ ਦਾ ਦ੍ਰਿਸ਼ਟੀਕੋਣ ਅਤੇ ਚਰਿੱਤਰ ਬਦਲ ਦਿੰਦਾ ਹੈ।

506. ਚੰਚਲ ਮਨ, ਜੰਗਲ ਦੇ ਹਾਥੀ ਦੀ ਤਰ੍ਹਾਂ ਹੈ।

507. ਮਨ ਨੂੰ ਭ੍ਰਿਸ਼ਟ ਕਰਨ ਵਾਲੀਆਂ ਇੱਛਾਵਾਂ ਤੇ ਕਾਬੂ ਪਾਏ ਬਗੈਰ, ਸ਼ਾਂਤੀ, ਪ੍ਰਸੰਨਤਾ ਅਤੇ ਪ੍ਰਮਾਤਮਾ ਦੀ ਭਗਤੀ ਹਾਸਿਲ ਨਹੀਂ ਕੀਤੀ ਜਾ ਸਕਦੀ।

508. ਜੀਵਨ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਾਪਤੀ ਦਾ ਕੇਵਲ ਇਕੋ-ਇਕ ਮਾਰਗ ਪ੍ਰਮਾਤਮਾ ਦੀ ਭਗਤੀ ਹੈ।

509. ਪ੍ਰਮਾਤਮਾ ਦਾ ਬੋਲਬਾਲਾਂ ਅਗਿਆਨੀ ਅਤੇ ਗਿਆਨੀ ਦੋਨਾਂ ਉੱਪਰ ਹੈ।

510. ਝੂਠ ਦਾ ਪਿੱਛਾ ਕਰਨਾ ਵਾਲਾ ਕਦੀ ਮੁਕਤ ਨਹੀਂ ਹੋ ਸਕਦਾ। ਕੇਵਲ ਸਤਿ ਹੀ ਮਨੁੱਖ ਨੂੰ ਮੁਕਤ ਕਰਾਉਂਦਾ ਹੈ।

511. ਜੋਗੀ, ਉਹ ਜੋ ਪ੍ਰਮਾਤਮਾ ਨਾਲ ਮਿਲਾਪ ਵਿਚ ਹੁੰਦਾ ਹੈ, ਸਤਿਗੁਰੂ ਕੋਲੋਂ ਸਿੱਖਿਆ ਲੈਂਦਾ ਹੈ ਅਤੇ ਉਸ ਦੀ ਸੇਵਾ ਵਿਚ ਜੁੜਦਾ ਹੈ।

512. ਪ੍ਰਮਾਤਮਾ ਦੀ ਭਗਤੀ ਵਿਚ ਲੀਨ ਮਨੁੱਖ 'ਤੇ ਗੁਰੂ ਪ੍ਰਸੰਨ ਹੁੰਦਾ ਹੈ।

513. ਪ੍ਰਮਾਤਮਾ ਅਹੰਕਾਰ ਦਾ ਵਿਰੋਧੀ ਹੈ। ਉਹ ਅਹੰਕਾਰੀ ਦਾ ਵਿਨਾਸ ਕਰਦਾ ਹੈ।

514. ਪ੍ਰਮਾਤਮਾ ਦੀ ਭਗਤੀ ਬਾਕੀ ਸਾਰੀਆਂ ਕੋਸ਼ਿਸ਼ਾਵਾਂ ਅਤੇ ਪ੍ਰਾਪਤੀਆਂ ਨਾਲੋਂ ਮੂਹਰੇ ਹੈ।

515. ਪ੍ਰਮਾਤਮਾ ਦਾ ਭਗਤ, ਪ੍ਰਮਾਤਮਾ ਦੀ ਭਗਤੀ ਨਾਲ ਹਾਸਿਲ ਹੋਈ ਪ੍ਰਸੰਨਤਾ ਦਾ ਅਨੁਭਵ ਕਰਕੇ ਹੀ ਸੰਤੁਸ਼ਟ ਹੁੰਦਾ ਹੈ।

516. ਉਸ ਗੁਰੂ ਨੂੰ ਵਾਹ-ਵਾਹ ਕਰੋ, ਜੋ ਸਿੱਖ ਦਾ ਪ੍ਰਭੂ ਨਾਲ ਮਿਲਾਪ ਕਰਾਉਂਦਾ ਹੈ।

517. ਅਹੰਕਾਰ ਪ੍ਰਮਾਤਮਾ ਤੋਂ ਵਿਛੋੜਦਾ ਹੈ। ਪ੍ਰਮਾਤਮਾ ਤੋਂ ਵਿਛੋੜਾ ਜਨਮ ਅਤੇ ਮਰਨ ਦੇ

ਚੱਕਰ ਦਾ ਕਾਰਣ ਬਣਦਾ ਹੈ।

518. ਪ੍ਰਮਾਤਮਾ ਦੀ ਰਚਨਾ ਵਿਚ, ਭਗਤ ਦੀ ਪ੍ਰਮਾਤਮਾ ਦੀ ਭਗਤੀ ਤੋਂ ਇਲਾਵਾ, ਹੋਰ ਕੁਝ ਵੀ ਸਦੀਵੀ ਨਹੀਂ ਹੈ।

519. ਗੁਰੂ ਦੇ ਸਿੱਖ ਦਾ ਮੁੱਖ-ਉਦੇਸ਼, ਸੱਚਾਈ ਉੱਪਰ ਹੁੰਦਾ ਹੈ। ਸਿੱਖ ਕਦੀ ਵੀ ਝੂਠ ਅਤੇ ਬੁਰੇ ਕਰਮਾਂ ਵਿਚ ਨਹੀਂ ਉਲਝਦਾ।

520. ਪਾਪੀ ਵੀ ਪ੍ਰਮਾਤਮਾ ਦੀ ਮਿਹਰ ਨਾਲ, ਪਾਪਾਂ ਤੋਂ ਛੁਟਕਾਰਾ ਹਾਸਿਲ ਕਰ ਸਕਦਾ ਹੈ।

521. ਪ੍ਰਮਾਤਮਾ ਦੀ ਮਿਹਰ, ਆਪਣੇ ਗੁਣਾਂ ਦੇ ਪ੍ਰਭਾਵ ਨਾਲ ਸੇਵਕ ਦੇ ਮਨ ਨੂੰ ਆਪਣਾ ਬਣਾ ਲੈਂਦੀ ਹੈ।

522. ਕੇਵਲ ਗੁਰੂ ਦਾ ਗਿਆਨ ਹੀ ਸਾਨੂੰ ਅਗਿਆਨਤਾ ਅਤੇ ਝੂਠ ਦੇ ਜੰਜਾਲ ਤੋਂ ਮੁਕਤ ਕਰਾ ਸਕਦਾ ਹੈ।

525. ਗੁਰੂ ਦੇ ਗਿਆਨ ਦੀ ਸਵੀਕਾਰਤਾ ਪ੍ਰਸੰਨਤਾ ਅਤੇ ਸੰਤੁਸ਼ਟੀ ਵੱਲ ਲੈ ਜਾਂਦੀ ਹੈ।

526. ਪ੍ਰਮਾਤਮਾ ਨਾਲ ਮਿਲਾਪ ਸੱਚਾ ਸੁਖ ਅਤੇ ਪ੍ਰਸੰਨਤਾ ਉਤਪੰਨ ਕਰਦਾ ਹੈ।

527. ਪ੍ਰਮਾਤਮਾ ਉਸ ਮਨੁੱਖ ਨੂੰ ਪਿਆਰਦਾ ਹੈ, ਜੋ ਗੁਰੂ ਦੀਆਂ ਸਿੱਖਿਆਵਾਂ ਨਾਲ ਉਸਦੇ ਪਿਆਰ ਦੇ ਕਾਬਿਲ ਬਣਦਾ ਹੈ।

528. ਗੁਰੂ ਪ੍ਰਤੀ ਡੂੰਘਾ ਪਿਆਰ, ਸੇਵਕ ਨੂੰ ਝੂਠ ਦੇ ਫੰਦਿਆਂ ਤੋਂ ਮੁਕਤ ਕਰਦਾ ਹੈ।

529. ਸਤਿਗੁਰੂ ਸਿੱਖ ਨੂੰ ਪ੍ਰਮਾਤਮਾ ਨਾਲ ਮਿਲਾਉਂਦਾ ਹੈ, ਸੁਖ-ਸ਼ਾਂਤੀ ਬਖਸ਼ਦਾ ਹੈ ਤੇ ਚਿੰਤਾ ਦਾ ਨਾਸ਼ ਕਰਦਾ ਹੈ।

530. ਝੂਠ ਤੋਂ ਮੁਕਤੀ ਦਾ ਕੇਵਲ ਇਕੋ ਇਕ ਮਾਰਗ ਪ੍ਰਮਾਤਮਾ ਦਾ ਆਸਰਾ ਹੈ ਅਤੇ ਇਹੋ ਹੀ ਜਨਮ ਅਤੇ ਮਰਨ ਦੇ ਚੱਕਰ ਤੋਂ ਮੁਕਤ ਕਰਾ ਸਕਦਾ ਹੈ।

531. ਕੇਵਲ ਪ੍ਰਮਾਤਮਾ ਦੀ ਭਗਤੀ ਨਾਲ ਹੀ ਮਿਥਿਆ ਮੋਹ ਉੱਤੇ ਕਾਬੂ ਪਾਇਆ ਜਾ ਸਕਦਾ ਹੈ।

532. ਪ੍ਰਮਾਤਮਾ ਪਾਲਣਹਾਰ ਹੈ। ਉਸ ਦਿਆਲੂ ਪ੍ਰਭੂ ਦੀ ਭਗਤੀ ਮਨੁੱਖ ਨੂੰ ਹਰੇਕ ਚਿੰਤਾ ਤੋਂ ਮੁਕਤ ਕਰਦੀ ਹੈ।

533. ਮਨੁੱਖਾ ਜੀਵਨ ਦਾ ਉਦੇਸ਼ ਪ੍ਰਮਾਤਮਾ ਦੀ ਭਗਤੀ ਤੋਂ ਇਲਾਵਾ ਕੋਈ ਹੋਰ ਨਹੀਂ ਹੋਣਾ ਚਾਹੀਦਾ।

534. ਸਤਿਗੁਰੂ ਦਾ ਬ੍ਰਹਮ ਗਿਆਨ, ਸਿੱਖ ਦੇ ਚਰਿੱਤਰ ਨੂੰ ਤਬਦੀਲ ਕਰ ਦਿੰਦਾ ਹੈ।

535. ਸਤਿਗੁਰੂ ਦਾ ਗਿਆਨ ਸਿੱਖ ਨੂੰ ਕਈ ਲਾਭ ਪਹੁੰਚਾਉਂਦਾ ਹੈ ਅਤੇ ਉਸਨੂੰ ਨੁਕਸਾਨ ਤੋਂ ਬਚਾਉਂਦਾ ਹੈ।

536. ਪ੍ਰਮਾਤਮਾ ਨੂੰ ਪਾਉਣ ਦੀ ਇੱਛਾ, ਕੇਵਲ ਉਸ ਨਾਲ ਮਿਲਾਪ ਕਰਕੇ ਹੀ ਪੂਰੀ ਹੋ ਸਕਦੀ ਹੈ।

537. ਸੰਸਾਰੀ ਮੋਹ-ਮਾਇਆ ਵਿਚ ਫਸ ਕੇ ਪ੍ਰਮਾਤਮਾ ਦੀ ਭਗਤੀ ਨੂੰ ਨਾ ਵਿਸਾਰੋ।

538. ਪ੍ਰਮਾਤਮਾ ਇਕ ਵਿਲੱਖਣ ਅਤੇ ਅਨਮੋਲ ਹੀਰੇ ਦੀ ਤਰ੍ਹਾਂ ਹੈ, ਜਿਸ ਦੀ ਸਹੀ ਕੀਮਤ ਸਤਿਗੁਰੂ ਹੀ ਦੱਸ ਸਕਦਾ ਹੈ।

539. ਸਿਰਫ ਧਾਰਮਿਕ ਪੁਸਤਕਾਂ ਬਾਰੇ ਵਿਚਾਰ ਵਟਾਂਦਰਾ ਕਰਨ ਨਾਲ ਹੀ ਜੀਵਨ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਾਪਤ ਨਹੀਂ ਹੁੰਦੀ।

540. ਪ੍ਰਮਾਤਮਾ ਦਾ ਸਿਮਰਨ ਛੱਡ ਕੇ ਬੇਮੁਖ ਹੋਣਾ, ਬਹੁਤ ਨੁਕਸਾਨ ਕਰਦਾ ਹੈ।

541. ਮਨੁੱਖ ਦਾ ਪ੍ਰਭੂ ਨਾਲ ਮਿਲਾਪ ਉਦੋਂ ਹੁੰਦਾ ਹੈ, ਜਦ ਉਹ ਸਹਿਜ ਸੁਭਾਵਕ ਪ੍ਰਭੂ ਨੂੰ ਸਿਮਰਦਾ ਹੈ।

542. ਪ੍ਰਮਾਤਮਾ ਨਾਲ ਮਿਲਾਪ ਦਾ ਮਾਰਗ, ਨਿਮਰਤਾ ਅਤੇ ਪ੍ਰਮਾਤਮਾ ਦੀ ਮਿਹਰ ਨਾਲ ਪ੍ਰਾਪਤ ਹੁੰਦਾ ਹੈ।

543. ਪ੍ਰਮਾਤਮਾ ਦਾ ਸਿਮਰਨ ਸ਼ਰਧਾ ਤੇ ਪ੍ਰੇਮ ਦੀ ਭਾਵਨਾ ਨਾਲ ਹੁੰਦਾ ਹੈ।

544. ਸੇਵਕ, ਪ੍ਰਮਾਤਮਾ ਦੇ ਦਰਸ਼ਨ ਜਾਂ ਅਨੁਭਵ ਕਰਨ ਲਈ ਸਭ ਕੁਝ ਤਿਆਗਣ ਲਈ ਤਿਆਰ ਹੁੰਦਾ ਹੈ।

545. ਮਨੁੱਖ ਦਾ ਪ੍ਰਮਾਤਮਾ ਨਾਲ ਮੇਲ ਉਦੋਂ ਹੀ ਹੁੰਦਾ ਹੈ ਜਦੋਂ ਪ੍ਰਮਾਤਮਾ ਦਾ ਹੁਕਮ ਹੁੰਦਾ ਹੈ, ਵਰਨਾ, ਮਨੁੱਖ, ਦੁੱਖ ਭੋਗਣ ਲਈ ਜਨਮ ਅਤੇ ਮਰਨ ਦੇ ਚੱਕਰ ਨਾਲ ਬੱਝਾ ਰਹਿੰਦਾ ਹੈ।

546. ਪ੍ਰਮਾਤਮਾ ਦੀ ਭਗਤੀ, ਮਨੁੱਖ ਦਾ ਚਰਿੱਤਰ, ਕਲਪਨਾ ਤੋਂ ਪਰ੍ਹੇ ਬਦਲ ਦਿੰਦੀ ਹੈ।

547. ਪ੍ਰਮਾਤਮਾ ਉਹਨਾਂ ਦਾ ਸਨਮਾਨ ਕਰਦਾ ਹੈ, ਜੋ ਉਸ ਅੱਗੇ ਨਿਮਾਣੇ ਹੁੰਦੇ ਹਨ।

548. ਮਨੁੱਖ ਨੂੰ ਮੋਹ-ਮਾਇਆ ਦਾ ਤਿਆਗ ਕਰਕੇ ਸਿਮਰਨ ਦੀ ਲੋੜ ਹੈ।

549. ਜੇ ਪ੍ਰਮਾਤਮਾ ਆਪਣੀ ਕ੍ਰਿਪਾ ਦ੍ਰਿਸ਼ਟੀ ਕਰੇ, ਤਾਂ ਫਿਰ ਸੇਵਕ, ਸਹਜ ਸੁਭਾਵਕ ਹੀ ਉਸਦੀ ਭਗਤੀ ਕਰਦਾ ਹੈ। ਫਿਰ ਸੇਵਕ ਦਾ ਪ੍ਰਮਾਤਮਾ ਨਾਲ ਮਿਲਾਪ ਹੁੰਦਾ ਹੈ।

550. ਸਤਿਗੁਰੂ ਦੇ ਗਿਆਨ ਦੀ ਕੀਮਤ ਜਾਣੇ ਬਗੈਰ, ਅੰਦਰੂਨੀ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ।

551. ਪ੍ਰਮਾਤਮਾ ਦਾ ਸਿਮਰਨ ਪੂਰਾ ਹੋਣਾ ਚਾਹੀਦਾ ਹੈ।

552. ਪ੍ਰਮਾਤਮਾ ਬਖਸ਼ਣਹਾਰ ਹੈ। ਉਹ ਬਿਨਾਂ ਸ਼ਰਤ ਸਭ ਨੂੰ ਮੁਆਫ਼ ਕਰਦਾ ਹੈ।

553. ਪ੍ਰਮਾਤਮਾ ਨਾਲ ਮਿਲਾਪ ਜਾਂ ਵਿਛੋੜਾ, ਉਸਦੇ ਹੁਕਮ ਅਨੁਸਾਰ ਹੀ ਹੁੰਦਾ ਹੈ।

554. ਪ੍ਰਮਾਤਮਾ ਦਾ ਸਿਮਰਨ, ਸਾਰੇ ਦੁੱਖਾਂ ਦਾ ਅੰਤ ਕਰ ਦਿੰਦਾ ਹੈ।

555. ਪ੍ਰਮਾਤਮਾ ਆਪਣੇ ਭਗਤ ਦੇ ਮਨ ਵਿਚ ਵੱਸਦਾ ਹੈ। ਸੱਚਾ ਭਗਤ ਅਤੇ ਪ੍ਰਮਾਤਮਾ– ਦੋਨਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ।

556. ਪ੍ਰਮਾਤਮਾ ਦੀ ਭਗਤੀ ਸਾਰੇ ਕਰਮਾਂ ਤੋਂ ਸ੍ਰੇਸ਼ਟ ਹੈ।

557. ਪ੍ਰਮਾਤਮਾ ਦਾ ਭਗਤ ਅਜਿਹੀ ਮਿਹਰ ਦੀ ਕਾਮਨਾ ਕਰਦਾ ਹੈ ਜੋ ਉਸਨੂੰ ਪ੍ਰਮਾਤਮਾ ਦੇ ਬਾਕੀ ਸੇਵਕਾਂ ਅੱਗੇ ਨਿਮਾਣੇ ਤੋਂ ਵੀ ਨਿਮਾਣਾ ਬਣਾ ਦੇਵੇ।

558. ਪ੍ਰਮਾਤਮਾ ਨਾਲ ਅੰਦਰੂਨੀ ਸਾਂਝ ਹੀ ਇਕ ਐਸੀ ਅਵੱਸਥਾ ਹੈ, ਜਦੋਂ ਸ਼ਾਂਤੀ ਅਤੇ ਸੰਤੋਖ ਦਾ ਅਨੁਭਵ ਹੁੰਦਾ ਹੈ।

559. ਉਹ ਮਨੁੱਖ ਜਿਸਨੂੰ ਪ੍ਰਮਾਤਮਾ ਵੱਲੋਂ ਮੁਕਤੀ ਪ੍ਰਾਪਤ ਹੋ ਜਾਦੀ ਹੈ, ਉਹ ਪ੍ਰਮਾਤਮਾ ਪ੍ਰਤੀ ਨਿਮਾਣਾ ਹੁੰਦਾ ਹੈ ਅਤੇ ਹੋਰ ਕਿਸੇ ਦੇ ਅਧੀਨ ਨਹੀਂ ਹੁੰਦਾ।

560. ਉਸ ਪੂਰਨ ਪ੍ਰਮਾਤਮਾ ਦਾ ਹਰ ਕਾਰਜ ਪੂਰਨ ਹੈ।

561. ਗੁਰੂ ਪ੍ਰਤੀ ਸਤਿਕਾਰ, ਸਿੱਖ ਨੂੰ ਅੰਦਰੂਨੀ ਸ਼ਾਂਤੀ ਪ੍ਰਦਾਨ ਕਰਦਾ ਹੈ ਅਤੇ ਦੁਸ਼ਟ ਅਤੇ ਘਮੰਡੀ ਵਿਅਕਤੀ ਨੂੰ ਆਪਣੀਆਂ ਹੀ ਨਜ਼ਰਾਂ ਵਿਚ ਗਿਰਾ ਦਿੰਦਾ ਹੈ।

562. ਉਸ ਸੱਚੇ ਪ੍ਰਮਾਤਮਾ ਦੀ ਭਗਤੀ ਕਰੋ। ਇਸ ਭਗਤੀ ਦੀ ਉੱਤਮਤਾ ਦੇ ਬਰਾਬਰ ਹੋਰ ਕੁਝ ਵੀ ਨਹੀਂ ਹੈ।

563. ਪ੍ਰਮਾਤਮਾ ਦੀ ਭਗਤੀ ਦੇ ਬੇਅੰਤ ਲਾਭ ਪ੍ਰਾਪਤ ਹੁੰਦੇ ਹਨ।

564. ਉਸ ਮਨੁੱਖ ਦੀਆਂ ਸਾਰੀਆਂ ਇੱਛਾਵਾਂ ਪੂਰਨ ਹੁੰਦੀਆਂ ਹਨ, ਜਿਸ ਉੱਪਰ ਪ੍ਰਮਾਤਮਾ ਆਪਣੀ ਮਿਹਰ ਕਰਦਾ ਹੈ।

565. ਪ੍ਰਮਾਤਮਾ ਨਿਮਾਣਿਆਂ 'ਤੇ ਮਿਹਰਬਾਨ ਹੁੰਦਾ ਹੈ ਅਤੇ ਅਹੰਕਾਰੀਆਂ ਦੇ ਵਿਰੁੱਧ ਹੁੰਦਾ ਹੈ।

566. ਪ੍ਰਮਾਤਮਾ ਸਭਨਾਂ ਨੂੰ ਮੁਆਫ਼ ਕਰਨ ਵਾਲਾ ਹੈ। ਉਹ ਆਪਣੇ ਸੇਵਕ ਨੂੰ ਸਹੀ ਮਾਰਗ ਤੇ ਲਿਆਉਣ ਲਈ ਕਈ ਤਰੀਕੇ ਵਰਤਦਾ ਹੈ

567. ਗੁਰੂ ਦਾ ਸਿੱਖ ਪ੍ਰਭੂ ਦੇ ਅੰਮ੍ਰਿਤਮਈ ਨਾਮ ਦਾ ਆਨੰਦ ਮਾਣਦਿਆਂ ਸ਼ਾਂਤ ਅਤੇ ਸੰਤੁਸ਼ਟ ਹੁੰਦਾ ਹੈ।

568. ਮਨੁੱਖ ਪ੍ਰਭੂ ਦੀ ਭਗਤੀ ਵਿਚ ਜੁੜ ਕੇ ਪ੍ਰਮਾਤਮਾ ਵਿਚ ਵਿਲੀਨ ਹੋ ਜਾਂਦਾ ਹੈ।

569. ਪ੍ਰਮਾਤਮਾ 'ਤੇ ਵਿਸ਼ਵਾਸ ਕਰਕੇ ਪ੍ਰਮਾਤਮਾ ਦੀ ਓਟ ਅਤੇ ਉਸਦੀ ਮਿਹਰ ਪ੍ਰਾਪਤ ਹੁੰਦੀ ਹੈ।

570. ਸਤਿਗੁਰੂ ਦੀ ਖੁਸ਼ੀ ਨਾਲ ਹੀ ਪ੍ਰਮਾਤਮਾ ਨਾਲ ਮਿਲਾਪ ਹੁੰਦਾ ਹੈ।

571. ਪ੍ਰਮਾਤਮਾ ਦੀ ਓਟ ਵਿਚ, ਮਨੁੱਖ ਸਾਰੀਆਂ ਬੁਰਾਈਆਂ ਤੋਂ ਮੁਕਤ ਰਹਿੰਦਾ ਹੈ।

572. ਜੋ ਪ੍ਰਮਾਤਮਾ ਨੂੰ ਭਾਵੇ ਤਾਂ ਹੀ ਕੋਈ ਵੀ ਵਿਚਾਰ ਅਤੇ ਉਸਦੇ ਵਿਚਾਰਕ ਜਾਂ ਕੋਈ ਵੀ ਕਾਰਜ ਅਤੇ ਉਸਦੇ ਕਰਤਾ ਦੀ ਤਦ ਹੀ ਕਦਰ ਹੁੰਦੀ ਹੈ।

573. ਗੁਰੂ ਪ੍ਰਮਾਤਮਾ ਦੀ ਵਡਿਆਈ ਕਰਦਾ ਹੈ। ਗੁਰੂ ਪ੍ਰਮਾਤਮਾ ਨੂੰ ਸਿਮਰਦਾ ਹੈ।

574. ਪ੍ਰਮਾਤਮਾ ਦੇ ਭਗਤ ਦਾ ਉਸ ਨਾਲ ਸਪੱਸ਼ਟ ਅਤੇ ਨਜ਼ਦੀਕੀ ਨਾਤਾ ਹੁੰਦਾ ਹੈ।

575. ਗੁਰੂ ਦੇ ਗਿਆਨ ਦਾ ਸਰਵੋਤਮ ਨਿਯਮ, ਪ੍ਰਮਾਤਮਾ ਦੀ ਭਗਤੀ ਹੈ, ਕਿਉਂਕਿ ਇਹੋ ਹੀ ਸਭ ਤੋਂ ਅਧਿਕ ਪਵਿੱਤਰ ਸੱਚਾਈ ਹੈ।

576. ਸਾਰੀ ਰਚਨਾ ਉੱਤੇ ਪ੍ਰਮਾਤਮਾ ਦੀ ਪ੍ਰਭੂਸੱਤਾ ਨੂੰ ਸਵੀਕਾਰਣ 'ਤੇ ਹੀ, ਉਸਦੀ ਭਗਤੀ ਸੰਭਵ ਹੈ।

577. ਪ੍ਰਮਾਤਮਾ ਦਾ ਪਿਆਰ, ਸੇਵਕ ਦੇ ਮਨ ਵਿਚ ਕਈ ਸਤਿਕਾਰਯੋਗ ਤਬਦੀਲੀਆਂ ਲਿਆਉਂਦਾ ਹੇ।

578. ਗੁਰੂ ਦੀ ਮਿਹਰ ਅਤੇ ਉਸਦਾ ਗਿਆਨ, ਮਨ ਵਿਚ ਪ੍ਰਮਾਤਮਾ ਦੇ ਅੰਮ੍ਰਿਤਮਈ ਨਾਮ ਵਸਾਉਂਦਾ ਹੈ ਅਤੇ ਇਸਨੂੰ ਪਵਿੱਤਰ ਕਰਦਾ ਹੈ।

579. ਗੁਰਮੁਖ ਅਤੇ ਮਨਮੁਖ ਸਾਰੇ ਹੀ ਪ੍ਰਮਾਤਮਾ ਦੇ ਅਗਿਆਕਾਰੀ ਅਤੇ ਉਸਦੇ ਅਧੀਨ ਹੁੰਦੇ ਹਨ।

580. ਪ੍ਰਮਾਤਮਾ ਪ੍ਰਤੀ ਨਿਮਾਣਾਪਨ, ਮਨੁੱਖ ਨੂੰ ਉਸਦੇ ਕੋਲ ਲੈ ਆਉਂਦਾ ਹੈ, ਅਹੰਕਾਰ ਮਨੁੱਖ ਨੂੰ ਉਸ ਤੋਂ ਦੂਰ ਕਰਦਾ ਹੈ।

581. ਜੀਵਨ ਵਿਚ ਸੰਸਾਰ ਨਾਲ ਮੋਹ-ਪਿਆਰ, ਜੀਵਨ ਦੇ ਅੰਤ ਵਿਚ ਪਛਤਾਵੇ ਤੇ ਸਮਾਪਤ ਹੁੰਦਾ ਹੈ।

582. ਸੱਚੀ ਭਗਤੀ, ਭਗਤ ਦਾ ਪ੍ਰਮਾਤਮਾ ਨਾਲ ਮੇਲ ਕਰਾਉਂਦੀ ਹੈ।

583. ਪ੍ਰਮਾਤਮਾ ਦੀ ਭਗਤੀ ਨਾਲ ਗੁਰੂ ਦੇ ਸਿੱਖ ਨੂੰ ਸਦੀਵੀ ਕਾਇਮ ਰਹਿਣ ਵਾਲੀ ਦੌਲਤ ਦੀ ਦਾਤ ਮਿਲਦੀ ਹੈ।

584. ਪ੍ਰਮਾਤਮਾ ਤੋਂ ਵਿਛੜਿਆਂ ਜੀਵਨ ਹਮੇਸ਼ਾਂ ਦੁਖਦਾਈ ਹੁੰਦਾ ਹੈ।

585. ਪ੍ਰਮਾਤਮਾ ਨਾਲ ਮਿਲਾਪ ਦਾ ਪ੍ਰਮੁੱਖ ਮਾਰਗ ਪ੍ਰਮਾਤਮਾ ਦੇ ਭਗਤ ਦੀ ਸੰਗਤ ਹੈ।

586. ਭਗਤ ਪ੍ਰਮਾਤਮਾ ਦੀ ਭਗਤੀ ਕਰਦਾ ਹੈ। ਉਸਨੂੰ ਪਿਆਰਦਾ ਅਤੇ ਸਤਿਕਾਰਦਾ ਹੈ; ਉਸ ਕੋਲੋਂ ਮਾਰਗ-ਦਰਸ਼ਨ ਲੈਂਦਾ ਹੈ। ਉਸ ਉੱਤੇ ਭਰੋਸਾ ਕਰਦਾ ਹੈ, ਉਸ ਤੋਂ ਬਿਨਾਂ ਰਹਿ ਨਹੀਂ ਸਕਦਾ, ਉਸ ਨਾਲ ਮਿਲਾਪ ਵਿਚ ਹੁੰਦਾ ਹੈ।

587. ਜੇ ਸੇਵਕ ਦੀ ਪ੍ਰਮਾਤਮਾ ਦੀ ਪੂਜਾ ਸੁਭਾਵਿਕ, ਅੰਦਰੂਨੀ, ਕੁਦਰਤੀ ਅਤੇ ਨਿਰੰਤਰ ਹੈ, ਤਾਂ ਫਿਰ ਉਹ ਪ੍ਰਮਾਤਮਾ ਨਾਲ ਮਿਲਾਪ ਵਿਚ ਹੈ।

588. ਇਹ ਸੰਸਾਰ ਪ੍ਰਮਾਤਮਾ ਦਾ ਘਰ ਹੈ। ਉਹ ਇਸ ਵਿਚ ਰਹਿੰਦਾ ਹੈ ਅਤੇ ਉਹ ਸਭਨਾਂ ਦੇ ਕਰਮਾਂ ਦੀ ਜਾਂਚ ਕਰਦਾ ਹੈ।

589. ਪ੍ਰਮਾਤਮਾ ਦੀ ਮਿਹਰ ਨਾਲ, ਗੁਰੂ ਦੀਆਂ ਸਿੱਖਿਆਵਾਂ ਪ੍ਰਤੀ ਵਚਨਬੱਧਤਾ ਵਿਚ ਹੀ ਅਹੰਕਾਰ ਦਾ ਸਮਾਧਾਨ ਹੈ।

590. ਉਹ ਸਿਰਜਣਹਾਰ ਆਪਣੀ ਸ੍ਰਿਸ਼ਟੀ ਰਚਨਾ ਨੂੰ ਤਿਵੇਂ ਸੰਭਾਲਦਾ ਹੈ, ਜਿਵੇਂ ਉਸ ਦੀ ਰਜ਼ਾ ਹੁੰਦੀ ਹੈ।

591. ਸ੍ਰਿਸ਼ਟੀ ਵਿਚ ਹਰ ਕੋਈ ਅਤੇ ਹਰ ਚੀਜ਼ ਪੂਰੀ ਤਰ੍ਹਾਂ ਸਿਰਜਣਹਾਰ ਦੇ ਵੱਸ ਵਿਚ ਹੈ। (ਉਹ ਅਜਿਹਾ ਕੰਟਰੋਲ ਕਿਸੇ ਵੀ ਤਰ੍ਹਾਂ ਦੀ ਗੜਬੜ ਨੂੰ ਰੋਕਣ ਲਈ ਕਰਦਾ ਹੈ)

592. ਗੁਰੂ ਦੀ ਪ੍ਰਮਾਤਮਾ ਅੱਗੇ ਉਸ ਉੱਪਰ ਅਜਿਹੀ ਮਿਹਰ ਕਰਨ ਦੀ ਅਰਜ਼ੋਈ ਹੁੰਦੀ ਹੈ ਕਿ ਉਹ ਹਮੇਸ਼ਾ ਉਸਨੂੰ ਪਿਆਰ ਕਰਦਾ ਰਹੇ ਅਤੇ ਉਸਦਾ ਸਤਿਕਾਰ ਕਰਦਾ ਰਹੇ।

593. ਪ੍ਰਮਾਤਮਾ ਦੇ ਗੁਣ ਵਿਲੱਖਣ ਅਤੇ ਅਦਭੁਤ ਹਨ।

594. ਮੌਤ ਅਤੇ ਮੌਤ ਤੋਂ ਬਾਅਦ ਦੀ ਭਿਆਨਕ ਸਥਿਤੀ ਤੋਂ ਬਚਣ ਦਾ ਇਕੋ ਇਕ ਮਾਰਗ ਪ੍ਰਮਾਤਮਾ ਦੀ ਭਗਤੀ ਹੈ।

595. ਸਤਿਗੁਰੂ ਦੇ ਗਿਆਨ ਤੋਂ ਬਗੈਰ, ਜਨਮ ਅਤੇ ਮਰਨ ਦਾ ਚੱਕਰ ਚੱਲਦਾ ਰਹਿੰਦਾ ਹੈ।

596. ਉਹ ਮਨੁੱਖ ਜੋ ਪ੍ਰਮਾਤਮਾ ਨੂੰ ਸ਼ਰਧਾ ਅਤੇ ਪ੍ਰੇਮ ਨਾਲ ਸਿਮਰਦੇ ਹਨ, ਉਹੋ ਹੀ ਉਸਦੇ ਸੱਚੇ ਸੇਵਕ ਹਨ।

597. ਅਧਰਮੀ ਕਰਮ ਕਰਦੇ ਹੋਏ, ਪਵਿੱਤਰ ਬਨਣ ਦਾ ਦਿਖਾਵਾ ਜਾਂ ਨਾਟਕ ਮਨੁੱਖ ਨੂੰ ਪ੍ਰਮਾਤਮਾ ਦਾ ਪਿਆਰਾ ਨਹੀਂ ਬਣਾਉਂਦਾ।

598. ਪ੍ਰਮਾਤਮਾ ਦੀ ਭਗਤੀ ਜੀਵ ਨੂੰ ਪ੍ਰਮਾਤਮਾ ਨਾਲ ਇਸ ਤਰ੍ਹਾਂ ਮਿਲਾ ਦਿੰਦੀ ਹੈ, ਜਿਵੇਂ ਪਾਣੀ ਪਾਣੀ ਵਿਚ ਮਿਲ ਜਾਂਦਾ ਹੈ।

599. ਗੁਰੂ ਦੀ ਮਿਹਰ, ਮਨੁੱਖ ਨੂੰ ਸੰਸਾਰ ਦੇ ਬੰਧਨਾਂ ਤੋਂ ਮੁਕਤ ਕਰਾਉਂਦੀ ਹੈ।

600. ਪ੍ਰਮਾਤਮਾ ਦਾ ਸੇਵਕ ਸੱਚਾ ਆਨੰਦ ਮਾਣਦਾ ਹੈ।

601. ਪ੍ਰਮਾਤਮਾ ਸਰਬ-ਵਿਆਪਕ ਹੈ। ਉਸਨੂੰ ਆਪਣੇ ਅੰਦਰ ਪਛਾਣੋ। ਉਹ ਇਸ ਵਿਚ

ਹਾਜ਼ਰ ਹੈ।

602. ਪ੍ਰਮਾਤਮਾ ਆਪਣੇ ਭਗਤਾਂ ਦੀਆਂ ਅਰਜ਼ੋਈਆਂ ਦਾ ਉੱਤਰ ਦਿੰਦਾ ਹੈ।

603. ਗੁਰੂ ਦਾ ਗਿਆਨ, ਸਿੱਖ ਦੇ ਮਨ ਨੂੰ ਪ੍ਰਮਾਤਮਾ ਦੇ ਸਿਮਰਨ ਵਿਚ ਜੋੜਦਾ ਹੈ।

604. ਪ੍ਰਮਾਤਮਾ ਦੀ ਭਗਤੀ ਅਤੇ ਮਨੁੱਖਤਾ ਨਾਲ ਪਿਆਰ ਤੋਂ ਬਗੈਰ ਪੁਰਾਣ ਦੇ ਪਾਠ ਨੂੰ ਸੁਨਣ ਦਾ ਕੋਈ ਲਾਭ ਨਹੀਂ।

605. ਪ੍ਰਮਾਤਮਾ ਜਿਸ ਮਨੁੱਖ ਨੂੰ ਆਪਣਾ ਬਣਾ ਲੈਂਦਾ ਹੈ, ਫਿਰ ਕਦੀ ਉਸ ਤੋਂ ਵੱਖ ਨਹੀਂ ਹੁੰਦਾ।

606. ਜੇ ਭਗਤ ਦੀ ਪ੍ਰਮਾਤਮਾ ਨੂੰ ਪਾਉਣ ਦੀ ਇੱਛਾ ਤੀਬਰ ਹੈ ਤਾਂ ਫਿਰ ਉਹ (ਪ੍ਰਮਾਤਮਾ) ਉਸ ਭਗਤ ਅੱਗੇ ਪ੍ਰਗਟ ਹੁੰਦਾ ਹੈ।

607. ਗੁਰੂ ਦੇ ਗਿਆਨ ਤੋਂ ਬਿਨਾਂ ਮਨੁੱਖ ਦਾ ਜੀਵਨ ਵਿਅਰਥ ਹੈ।

608. ਮਨੁੱਖ ਨੂੰ ਉਹਨਾਂ ਮਨਮੁਖਾਂ ਤੋਂ ਵੱਖ ਹੋ ਜਾਣਾ ਚਾਹੀਦਾ ਹੈ, ਜੋ ਪ੍ਰਮਾਤਮਾ ਦੀ ਭਗਤੀ ਨਹੀਂ ਕਰਦੇ।

609. ਸਤਿਗੁਰੂ ਦੇ ਸੱਚੇ ਬਚਨ, ਅਧਿਆਤਮਿਕ ਖੇਤਰ ਵਿਚ ਓਨੇ ਹੀ ਸੱਚੇ ਹਨ ਜਿੰਨੇ ਸਰੀਰਿਕ ਸੰਸਾਰ ਦੇ ਸਿਧਾਂਤ। ਇਹਨਾਂ ਸਿਧਾਂਤਾਂ ਦੀ ਜਾਣ-ਬੁੱਝ ਕੇ ਕੀਤੀ ਨਾਫਰਮਾਨੀ ਜਾਂ ਉਹਨਾਂ ਬਾਰੇ ਅਗਿਆਨਤਾ, ਮਨੁੱਖ ਨੂੰ ਝੂਠ ਦੇ ਪਿੱਛੇ ਲੱਗਣ ਵਾਲਾ ਜੀਵਨ ਬਤੀਤ ਕਰਾਉਂਦੀ ਹੈ। ਅਜਿਹਾ ਮਨੁੱਖ ਯਕੀਨੀ ਤੌਰ 'ਤੇ ਦੁੱਖ, ਤਕਲੀਫ ਅਤੇ ਡਰ ਸਹਿਨ ਕਰਦਾ ਹੈ। ਇਹ ਨਤੀਜਾ ਇਕੋ ਜਿਹਾ ਨਹੀਂ ਹੈ, ਉਦਾਹਰਣ ਵਜੋਂ, ਗੁਰੂਤਾ ਆਕਰਸ਼ਣ ਦੇ ਨਿਯਮ ਪ੍ਰਤੀ ਜਾਣ ਬੁੱਝ ਕੇ ਬੇਮੁਖ ਹੋਣਾ ਜਾਂ ਅਗਿਆਨੀ ਬਨਣਾ ਅਤੇ ਪਹਾੜ ਦੇ ਸਿਖ਼ਰ ਤੋਂ ਛਾਲ ਮਾਰ ਦੇਣ ਵਾਂਗ ਹੈ।

610. ਅਧਿਆਤਮਿਕ ਸਿਧਾਂਤ, ਬ੍ਰਹਮ ਗਿਆਨ ਦੇ ਖੇਤਰ ਨਾਲ ਸੰਬੰਧ ਰੱਖਦੇ ਹਨ। ਸਤਿਗੁਰੂ ਦਾ ਗਿਆਨ, ਬ੍ਰਹਮ ਗਿਆਨ ਹੈ। ਇਹ ਗਿਆਨ ਸਦੀਵੀ ਅਤੇ ਸ੍ਰੇਸ਼ਟ ਹੈ—ਇਹ ਸਾਰੇ ਮਨੁੱਖੀ ਜੀਵਾਂ ਉੱਪਰ ਲਾਗੂ ਹੁੰਦਾ ਹੈ। ਸਤਿਗੁਰੂ ਦੇ ਗਿਆਨ ਦੀ ਪ੍ਰਾਪਤੀ ਨਾਲ, ਅਹੰਕਾਰ ਦੇ ਸਮਾਪਤ ਹੋਣ ਨਾਲ, ਸਤਿਗੁਰੂ ਦਾ ਸਿੱਖ ਸੁਭਾਵਿਕ ਰੂਪ ਵਿਚ ਹੀ ਅਧਿਆਤਮਿਕ ਬਚਨ ਆਪਣੇ ਵਿਅੱਕਤਿੱਤਵ ਵਿਚ ਸ਼ਾਮਿਲ ਕਰਦਾ ਹੈ। ਸਿੱਖ ਦਾ ਵਿਅੱਕਤਿੱਤਵ, ਬ੍ਰਹਮ ਗਿਆਨੀ ਵਿਚ ਤਬਦੀਲ ਹੋ ਜਾਂਦਾ ਹੈ।

611. ਗੁਰੂ ਦੇ ਉਪਦੇਸ਼, ਮਨੁੱਖੀ ਜੀਵਨ ਬਾਰੇ ਆਪਣੇ ਸਿੱਖ ਦੇ ਵਿਚਾਰ ਅਤੇ ਭਾਵਨਾਵਾਂ ਦੋਨੋਂ ਹੀ ਬਦਲ ਦਿੰਦੇ ਹਨ। ਪਹਿਲਾਂ ਗੁਰੂ, ਆਪਣੀ ਸੱਚਾਈ ਵਿਚ ਝਾਤ ਮਾਰਨ ਦੀ ਸ਼ਕਤੀ ਨਾਲ ਆਪਣੇ ਸਿੱਖ ਨੂੰ ਇਹ ਦਿਖਾਉਂਦਾ ਹੈ ਕਿ ਉਸਦੇ ਜੀਵਨ ਨਾਲ ਸੰਬੰਧਿਤ ਵਿਚਾਰਾਂ ਅਤੇ ਭਾਵਨਾਵਾਂ ਵਿਚ ਕਿਹੜੀ ਖਾਮੀਆਂ ਹਨ। ਫਿਰ, ਗੁਰੂ

ਆਪਣੇ ਸਿੱਖ ਨੂੰ ਇਹ ਦੱਸਦਾ ਹੈ ਕਿ ਵਿਚਾਰਾਂ ਅਤੇ ਭਾਵਨਾਵਾਂ ਦੇ ਸਹੀ ਮਾਪਦੰਡ ਕਿਹੜੇ ਹਨ। ਜਿਉਂ ਹੀ ਸਿੱਖ ਇਹਨਾਂ ਵਿਚਾਰਾਂ ਅਤੇ ਭਾਵਨਾਵਾਂ ਨਾਲ ਜੁੜਦਾ ਹੈ। ਉਸਦਾ ਮਨ ਅਜਿਹੀ ਸਥਿਤੀ ਉੱਪਰ ਪਹੁੰਚ ਜਾਂਦਾ ਹੈ ਜਿਥੇ ਸ਼ਾਂਤੀ ਅਤੇ ਪ੍ਰਸੰਨਤਾ ਹੁੰਦੀ ਹੈ ਅਤੇ ਮਨ ਡਰ ਅਤੇ ਦੁੱਖਾਂ ਤੋਂ ਮੁਕਤ ਹੁੰਦਾ ਹੈ। ਕਿਉਂਕਿ ਗੁਰੂ ਦਾ ਗਿਆਨ, ਪ੍ਰਭੂ ਸਿਮਰਨ ਵਿਚ ਲੀਨ ਹੁੰਦਾ ਹੈ, ਸਿੱਖ ਦੇ ਵਿਚਾਰਾਂ ਅਤੇ ਭਾਵਨਾਵਾਂ ਵਿਚ ਵੀ ਉਹੀ ਪ੍ਰਗਤੀ ਆਉਂਦੀ ਹੈ ਜੋ ਪ੍ਰਭੂ ਪ੍ਰਤੀ ਸਤਿਕਾਰਯੋਗ ਅਤੇ ਸਨੇਹਪੂਰਨ ਹੁੰਦੀ ਹੈ। ਆਖਿਰਕਾਰ, ਸਿੱਖ, ਸੱਚੇ ਪ੍ਰਭੂ ਨਾਲ ਇਕਮਿੱਕ ਹੋ ਜਾਂਦਾ ਹੈ।

612. ਜੇ ਪ੍ਰਮਾਤਮਾ ਪ੍ਰਤੀ ਨਿਮਰਤਾ, ਪਿਆਰ, ਸਤਿਕਾਰ, ਸ਼ੁਕਰਾਨਾ, ਅਰਜ਼ੋਈ, ਖਾਹਿਸ਼ ਅਤੇ ਰਿਸ਼ਤਾ ਅਤੇ ਆਤਮਿਕਤਾ ਸ਼ਿਖਰ 'ਤੇ ਹੈ, ਤਾਂ ਫਿਰ ਮਨੁੱਖ ਪ੍ਰਭੂ ਨਾਲ ਮਿਲਾਪ ਵਿਚ ਹੁੰਦਾ ਹੈ।

613. ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਪੰਜ ਵਿਕਾਰ, ਕੇਵਲ ਸਤਿਗੁਰੂ ਅਤੇ ਉਸਦੇ ਸੱਚੇ ਸਿੱਖ ਨੂੰ ਛੱਡ ਕੇ, ਬਾਕੀ ਸਭ ਉੱਪਰ ਸਿਰ ਚੜ੍ਹ ਕੇ ਬੋਲਦੇ ਹਨ।

614. ਜੀਵਨ ਮਗਰੋਂ ਹਰ ਇਕ ਮਨੁੱਖ ਦੇ ਆਪਣੇ ਜੀਵਨ ਵਿਚ ਕੀਤੇ ਚੰਗੇ ਮਾੜੇ ਕਰਮਾਂ ਦਾ ਹਿਸਾਬ ਹੋਣਾ ਹੈ।

615. ਮਨੁੱਖ ਦੇ ਮਨ ਵਿਚ ਜੀਵਨ ਵਿਚ ਕੀਤੇ ਕਰਮਾਂ ਦੇ ਨਿਸ਼ਾਨ, ਜਨਮ ਅਤੇ ਮਰਨ ਦੇ ਚੱਕਰ ਦਾ ਕਾਰਣ ਬਣਦੇ ਹਨ।

616. ਕੁਦਰਤ-ਰਚਨਾ ਅਸੀਮ ਵਿਭਿੰਨ ਹੈ।

617. ਕੁਦਰਤ ਦਾ ਕੇਵਲ ਇਕ ਹੀ ਸਿਰਜਣਹਾਰ ਹੈ। ਉਹ ਕੋਈ ਕਾਲਪਨਿਕ ਹਸਤੀ ਨਹੀਂ ਹੈ। ਉਸਦੀ ਹੋਂਦ ਹੈ। ਉਹ ਸਦੀਵੀ ਕਾਇਮ ਰਹਿਣ ਵਾਲਾ ਹੈ।

618. ਸਿਰਜਣਹਾਰ ਦੇ ਅਨੰਤ ਗੁਣਾਂ ਦੇ ਨਾਲ-ਨਾਲ, ਉਸਦਾ ਇਹ ਵੀ ਇਕ ਗੁਣ ਹੈ ਕਿ ਕੇਵਲ ਉਹੋਜ ਹੀ ਅਜਿਹਾ ਹੈ ਜੋ ਸਦੀਵੀ ਕਾਇਮ ਰਹਿਣ ਵਾਲਾ ਹੈ ਅਤੇ ਉਸਦਾ ਆਪਣੀ ਰਚਨਾ 'ਤੇ ਸੰਪੂਰਨ ਕਾਬੂ ਹੈ।

619. ਸਿਰਜਣਹਾਰ ਤੋਂ ਇਲਾਵਾ ਹੋਰ ਕੋਈ ਨਹੀਂ ਜਾਣਦਾ ਕਿ ਉਸਨੇ ਕਦੋਂ ਅਤੇ ਕਿਉਂ ਰਚਨਾ ਕੀਤੀ।

620. ਪ੍ਰਮਾਤਮਾ ਸਭਨਾਂ ਨੂੰ ਸਮਾਨ ਦ੍ਰਿਸ਼ਟੀ ਨਾਲ ਵੇਖਦਾ ਹੈ।

621. ਪ੍ਰਮਾਤਮਾ ਨਿਰਭਉ ਹੈ।

622. ਪ੍ਰਮਾਤਮਾ ਲਈ ਮਰਦ ਅਤੇ ਔਰਤ ਸਭ ਬਰਾਬਰ ਹਨ।

623. ਜਨਮ, ਧਰਮ, ਜਾਤ, ਪਾਤ ਜਾਂ ਕਿਸੇ ਹੋਰ ਚੀਜ਼ ਦੇ ਕਾਰਨ ਕੋਈ ਵੀ ਮਨੁੱਖ ਕਿਸੇ ਦੂਸਰੇ ਤੋਂ ਸ੍ਰੇਸ਼ਟ ਨਹੀਂ ਹੈ।

624. ਉਹੀ ਮਨੁੱਖ ਸ੍ਰੇਸ਼ਟ ਹੈ, ਜੋ ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਅਗਿਆਨਤਾ ਦਾ ਤਿਆਗ ਕਰਦਾ ਹੈ, ਅਤੇ ਪਰਮਾਤਮਾ ਵਾਂਗ, ਨੈਤਿਕਤਾ ਅਤੇ ਗੁਣਵਾਨਾਂ ਵਾਂਗ ਵਤੀਰਾ ਕਰਦਾ ਹੈ।

625. ਪ੍ਰਮਾਤਮਾ ਨਾ ਤਾਂ ਜੰਮਦਾ ਹੈ ਅਤੇ ਨਾ ਹੀ ਮੌਤ ਦਾ ਦੁੱਖ ਭੋਗਦਾ ਹੈ।

626. ਪ੍ਰਮਾਤਮਾ ਨੂੰ ਜਿਵੇਂ ਭਾਉਂਦਾ ਹੈ, ਉਹ ਉਂਝ ਹੀ ਆਪਣੀ ਰਚਨਾ ਦੀ ਪਾਲਣਾ ਕਰਦਾ ਹੈ ਅਤੇ ਉਸਦਾ ਵਿਨਾਸ਼ ਕਰਦਾ ਹੈ।

627. ਸਤਿਗੁਰੂ ਦੇ ਅਨੁਸਾਰ, ਸ੍ਰਿਸ਼ਟੀ ਰਚਨਾ ਅਤੇ ਉਸਦੇ ਵਿਨਾਸ਼ ਦਾ ਕਾਰਜ ਅਨੇਕਾਂ ਵਾਰ ਹੋ ਚੁੱਕਾ ਹੈ।

628. ਪ੍ਰਮਾਤਮਾ, ਆਪ ਹੀ ਆਪਣੀ ਸਾਰੀ ਰਚਨਾ ਤੇ ਸੰਪੂਰਨ ਸੱਤਾ ਰੱਖਦਾ ਹੈ।

629. ਪ੍ਰਮਾਤਮਾ ਨਿਰਗੁਣ ਸਰੂਪ ਹੈ। ਇਹ ਉਸ ਦੀ ਵਡਿਆਈ ਹੈ ਕਿ ਉਸ ਵਰਗਾ, ਉਸ ਤੋਂ ਇਲਾਵਾ ਹੋਰ ਕੋਈ ਨਹੀਂ ਹੈ।

630. ਪ੍ਰਮਾਤਮਾ ਸਰਬ-ਵਿਆਪਕ ਹੈ—ਹਰੇਕ ਜਗ੍ਹਾ ਅਤੇ ਹਰੇਕ ਦੇ ਅੰਦਰ।

631. ਕੁਦਰਤ ਦੇ ਭੇਦਾਂ ਨੂੰ ਮਨੁੱਖ ਦੁਆਰਾ ਖੋਲ੍ਹਿਆ ਜਾ ਸਕਦਾ ਹੈ। ਲੇਕਿਨ ਸਿਰਜਣਹਾਰ ਦੇ ਭੇਦ, ਭਾਵੇਂ ਕਿੰਨੀ ਵੀ ਕੋਸ਼ਿਸ਼ ਕਰ ਲਉ, ਪ੍ਰਮਾਤਮਾ ਨਾਲ ਸਾਂਝ ਵਾਲੇ ਦੀ ਰਹਿਨੁਮਾਈ (ਮਾਰਗ ਦਰਸ਼ਨ) ਅਤੇ ਸਹਾਇਤਾ ਤੋਂ ਬਿਨਾਂ, ਨਹੀਂ ਖੋਲੇ ਜਾ ਸਕਦੇ। ਉਹ 'ਕੋਈ'—ਸਤਿਗੁਰੂ ਹੈ— ਜੋ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋ ਕੇ, ਗਿਆਰ੍ਹਵੇਂ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਮਾਪਤ ਹੁੰਦਾ ਹੈ।

632. ਮਨੁੱਖਾਂ ਜਨਮ, ਕਰਤਾਰ ਨਾਲ ਮਿਲਾਪ ਦਾ ਜਾਂ ਸਾਂਝ ਸਥਾਪਿਤ ਕਰਨ ਦਾ ਇਕ ਮੌਕਾ ਹੈ।

633. ਜਿਸ ਗਿਆਨ ਦੁਆਰਾ ਪ੍ਰਮਾਤਮਾ ਬਾਰੇ ਜਾਣਿਆ ਜਾਂਦਾ ਹੈ, ਉਸਨੂੰ ਬ੍ਰਹਮ ਗਿਆਨ ਕਹਿੰਦੇ ਹਨ।

634. ਉਹ, ਜੋ ਬ੍ਰਹਮ ਗਿਆਨ ਰੱਖਦਾ ਹੈ ਅਤੇ ਸਿਖਾਉਂਦਾ ਹੈ, ਉਸਨੂੰ ਸਤਿਗੁਰੂ ਕਹਿੰਦੇ ਹਨ।

635. ਸਤਿਗੁਰੂ, ਪ੍ਰਮਾਤਮਾ ਨਾਲ ਸਦੀਵੀ ਸਾਂਝ ਵਿਚ ਹੁੰਦਾ ਹੈ।

636. ਬ੍ਰਹਮ ਗਿਆਨ ਕੇਵਲ ਸਤਿਗੁਰੂ ਤੋਂ ਹੀ ਸਿੱਖਿਆ ਜਾ ਸਕਦਾ ਹੈ।

637. ਕੋਈ ਮਨੁੱਖ, ਸਤਿਗੁਰੂ ਦਾ ਸੱਚਾ ਸੇਵਕ ਕੇਵਲ ਤਾਂ ਹੀ ਬਣਦਾ ਹੈ, ਜੇ ਪ੍ਰਮਾਤਮਾ ਦੀ ਰਜ਼ਾ ਹੋਵੇ ਅਤੇ ਇਸ ਵਾਸਤੇ ਆਪਣੀ ਮਿਹਰ ਕਰਦਾ ਹੈ।

638. ਮਨੁੱਖ, ਕੇਵਲ ਸਤਿਗੁਰੂ ਦੀ ਮਦਦ ਨਾਲ ਹੀ ਪ੍ਰਮਾਤਮਾ ਨੂੰ ਪਾ ਸਕਦਾ ਹੈ।

639. ਪ੍ਰਮਾਤਮਾ ਨਾਲ ਸਾਂਝ ਤੋਂ ਬਗ਼ੈਰ, ਹਰ ਕੋਈ ਜਨਮ ਅਤੇ ਮਰਨ ਦੇ ਚੱਕਰ ਵਿਚ ਫਸਿਆ ਹੋਇਆ ਹੈ।

640. ਮਨੁੱਖ ਸਦੀਵੀ ਮੁਕਤੀ, ਸ਼ਾਂਤੀ ਅਤੇ ਪ੍ਰਸੰਨਤਾ ਦਾ ਆਨੰਦ ਕੇਵਲ ਪ੍ਰਮਾਤਮਾ ਦੇ ਮਿਲਾਪ ਵਿਚ ਹੀ ਪ੍ਰਾਪਤ ਕਰਦਾ ਹੈ।

641. ਪ੍ਰਮਾਤਮਾ ਨਾਲ ਮਿਲਾਪ ਕੇਵਲ ਉਦੋਂ ਹੀ ਹੁੰਦਾ ਹੈ, ਜਦੋਂ ਮਨੁੱਖ ਪ੍ਰਮਾਤਮਾ ਅਤੇ ਸਤਿਗੁਰੂ ਦੀ ਮਿਹਰ ਨਾਲ ਆਪਣੇ ਅਹੰਕਾਰ-ਦਵੈਤ ਦੀ ਭਾਵਨਾ-ਉੱਪਰ ਜਿੱਤ ਪ੍ਰਾਪਤ ਕਰਦਾ ਹੈ।

642. ਡਰ, ਦਰਦ ਅਤੇ ਦੁੱਖ, ਕੇਵਲ ਕਰਤਾਰ ਦੇ ਨਾਲ ਮਿਲਾਪ ਤੋਂ ਬਾਅਦ ਹੀ ਸਮਾਪਤ ਹੁੰਦਾ ਹੈ।

643. ਸਤਿਗੁਰੂ ਦੇ ਸੱਚੇ ਸੇਵਕਾਂ ਦੀ ਸੰਗਤ ਹੀ ਮਨੁੱਖ ਦੇ ਕਰਤਾਰ ਨਾਲ ਭਾਵਨਾਤਮਿਕ ਨਾਤੇ ਨੂੰ ਹੋਰ ਪ੍ਰਫੁੱਲਤ ਕਰਦਾ (ਵਧਾਉਂਦਾ) ਹੈ।

644. ਸਤਿਗੁਰੂ ਦੇ ਗਿਆਨ ਤੋਂ ਅਚੇਤ ਰਹਿ ਕੇ, ਮਨੁੱਖ ਨਾ ਤਾਂ ਆਪਣੇ ਆਲੇ-ਦੁਆਲੇ ਦੇ ਝੂਠੇ ਵਹਿਮਾਂ ਅਤੇ ਝੂਠੇ ਲਾਲਚਾਂ ਨੂੰ ਰੋਕ ਸਕਦਾ ਹੈ, ਅਤੇ ਨਾ ਹੀ ਉਹਨਾਂ ਉਪਰ ਕਾਬੂ ਪਾ ਸਕਦਾ ਹੈ।

645. ਪ੍ਰਮਾਤਮਾ ਦੀ ਭਗਤੀ ਪ੍ਰਮਾਤਮਾ ਦੀ ਦਾਤ ਹੈ, ਕੋਈ ਵਿਰਲਾ ਮਨੁੱਖ ਹੀ ਇਸ ਦਾਤ ਦੇ ਨਾਲ ਪੈਦਾ ਹੁੰਦੇ ਹਨ। ਬਾਕੀ ਸਾਰਿਆਂ ਨੂੰ ਇਹ ਦਾਤ, ਗੁਰੂ ਦੇ ਗਿਆਨ ਰਾਹੀਂ, ਅਧਿਆਤਮਿਕ ਰੂਪ ਵਿਚ ਪ੍ਰਗਤੀ ਕਰਨ ਦੇ ਲਈ ਹਾਸਿਲ ਹੁੰਦੀ ਹੈ।

646. ਪ੍ਰਮਾਤਮਾ ਦੀ ਭਗਤੀ ਦੀ ਦਾਤ ਦੇ ਨਾਲ, ਉਸਦੇ (ਪ੍ਰਮਾਤਮਾ) ਅੰਮ੍ਰਿਤਮਈ ਨਾਮ ਦੀ ਦਾਤ ਵੀ ਜੁੜੀ ਹੁੰਦੀ ਹੈ, ਅੰਮ੍ਰਿਤਮਈ ਨਾਮ-ਅਜਿਹੀ ਖ਼ੁਸ਼ੀ ਜਿਸਦਾ ਮੁਕਾਬਲਾ ਹੋਰ ਕੋਈ ਖ਼ੁਸ਼ੀ ਨਹੀਂ ਕਰ ਸਕਦੀ।

647. ਸਹਿਜ ਅਵੱਸਥਾ, ਮਨ ਦੀ ਅਜਿਹੀ ਅਵੱਸਥਾ ਹੁੰਦੀ ਹੈ ਜਦੋਂ ਕਰਤਾਰ ਦੀ ਭਗਤੀ ਪ੍ਰਮਾਤਮਾ ਦਾ ਸਿਮਰਨ ਸੁੱਤੇ ਸਿਧ, ਸੁਭਾਵਿਕ, ਦਿਨ-ਰਾਤ, ਕਿਸੇ ਵਿਆਕੁਲਤਾ ਤੋਂ ਨਾ ਪ੍ਰਭਾਵਿਤ, ਸ਼ੰਕਾ-ਰਹਿਤ, ਆਨੰਦਮਈ ਅਤੇ ਦਵੈਤ ਦੀ ਭਾਵਨਾ ਤੋਂ ਰਹਿਤ ਹੋਵੇ। ਸਹਿਜ ਅਵੱਸਥਾ ਉਦੋਂ ਆਉਂਦੀ ਹੈ, ਜਦੋਂ ਸੇਵਕ ਸਿਰਜਣਹਾਰ ਨਾਲ ਸਦੀਵੀ ਸਾਂਝ ਵਿਚ ਹੋਵੇ।

648. ਉਹ-ਜੋ ਸਿਰਜਣਹਾਰ, ਪਾਲਨਹਾਰ, ਨਾਸ਼ਕ ਅਤੇ ਜਿਸਦਾ ਸਰਵ-ਉੱਚ ਸ਼ਾਸਨ ਸਾਰੀ ਸ੍ਰਿਸ਼ਟੀ ਉੱਪਰ ਹੈ, ਉਹ ਦਇਆਵਾਨ, ਬਖਸ਼ਣਹਾਰ ਅਤੇ ਮੁਕਤੀਦਾਤਾ ਵੀ ਹੈ, ਉਹ ਜੇ ਚਾਹੇ, ਤਾਂ ਪਾਪੀਆਂ ਨੂੰ ਮੁਕਤੀ ਪ੍ਰਦਾਨ ਵੀ ਕਰਦਾ ਹੈ।

649. ਸਤਿਗੁਰੂ ਆਪਣੇ ਸਿੱਖ ਦੇ ਮਨ ਵਿਚ ਵਾਹਿਗੁਰੂ ਪ੍ਰਤੀ ਭਰੋਸਾ ਵੀ ਵਧਾਉਂਦਾ ਹੈ। ਉਹ

ਸਿੱਖ ਦੇ ਮਨ ਵਿਚਲੇ ਪ੍ਰਭੂ ਪ੍ਰਤੀ ਭਰੋਸੇ ਨੂੰ ਬਣਾਈ ਵੀ ਰੱਖਦਾ ਹੈ।

650. ਸਤਿਗੁਰੂ ਦੇ ਉਪਦੇਸ਼ ਗੁਰੂ ਨੂੰ ਮਜ਼ਬੂਤ ਕਰਦੇ ਹਨ ਕਿ ਉਹ ਆਪਣੇ ਸਿੱਖ ਨੂੰ ਉਪਦੇਸ਼ਾਂ ਦੀ ਵੈਧਤਾ ਦਾ ਪ੍ਰਦਰਸ਼ਨ ਕਰੇ। ਗੁਰੂ ਆਪਣੇ ਸਿੱਖ ਨੂੰ ਬ੍ਰਹਮ ਗਿਆਨ ਦੇ ਉਪਦੇਸ਼ਾਂ ਨੂੰ ਸਿੱਖਣ ਅਤੇ ਉਹਨਾਂ ਅਨੁਸਾਰ ਜੀਵਨ ਜੀਉਣ ਵਿਚ ਵੀ ਮਦਦ ਕਰਦੇ ਹਨ।

651. ਦੋ ਮੌਲਿਕ ਸੱਚਾਈਆਂ ਹਨ : 1. ਸਿਰਜਣਹਾਰ 2. ਸ੍ਰਿਸ਼ਟੀ ਰਚਨਾ। ਸਿਰਜਣਹਾਰ ਹਮੇਸ਼ਾਂ ਹੋਂਦ ਰੱਖਦਾ ਹੈ। ਰਚਨਾ ਹਮੇਸ਼ਾਂ ਕਾਇਮ ਨਹੀਂ ਰਹਿੰਦੀ। ਰਚਨਾ ਨੂੰ ਦੇਖਿਆ ਜਾ ਸਕਦਾ ਹੈ। ਸਿਰਜਣਹਾਰ ਨੂੰ ਦੇਖਿਆ ਨਹੀਂ ਜਾ ਸਕਦਾ। ਰਚਨਾ, ਸਿਰਜਣਹਾਰ ਦੇ ਕਾਰਣ ਹੋਂਦ ਵਿਚ ਹੈ। ਸਿਰਜਣਹਾਰ, ਕੇਵਲ ਆਪਣੇ ਆਪ ਦੇ ਕਾਰਣ ਹੋਂਦ ਵਿਚ ਹੈ।

652. ਸ੍ਰਿਸ਼ਟੀ ਵਿਚ ਕਿਸੇ ਲਈ ਵੀ ਇਹ ਸੰਭਵ ਨਹੀਂ ਹੈ ਕਿ ਉਹ ਪ੍ਰਮਾਤਮਾ ਦੀਆਂ ਸ੍ਰਿਸ਼ਟੀ ਨੂੰ ਚਲਾਉਣ ਵਾਲੀਆਂ ਤਾਕਤਾਂ ਤੋਂ ਬਚ ਸਕੇ। ਜੇ ਕੋਈ ਮਨੁੱਖ ਪ੍ਰਮਾਤਮਾ ਨਾਲ ਮਿਲਾਪ ਚਾਹੁੰਦਾ ਹੈ, ਤਾਂ ਫਿਰ ਉਸ ਨੂੰ ਪ੍ਰਮਾਤਮਾ ਦੀਆਂ ਉਹਨਾਂ ਸ਼ਕਤੀਆਂ ਅਤੇ ਉਸ ਦੇ ਹੁਕਮ ਨੂੰ ਮੰਨਣਾ ਪਵੇਗਾ।

653. ਕੋਈ ਵੀ ਮਨੁੱਖ ਮਦਦ ਤੋਂ ਬਗੈਰ, ਪ੍ਰਮਾਤਮਾ ਨਾਲ ਮਿਲਾਪ ਨਹੀਂ ਕਰ ਸਕਦਾ। ਇਸ ਬਾਰੇ ਇਕੋ-ਇਕ ਮਦਦਗਾਰ ਸਤਿਗੁਰੂ ਹੀ ਹੁੰਦਾ ਹੈ। ਪ੍ਰਮਾਤਮਾ ਹੀ ਸਤਿਗੁਰੂ ਨੂੰ ਪੈਦਾ ਕਰਦਾ ਹੈ। ਆਪਣੀ ਮਿਹਰ ਸਦਕਾ, ਪ੍ਰਮਾਤਮਾ, ਉਸ ਮਨੁੱਖ ਨੂੰ ਅਤੇ ਸਤਿਗੁਰੂ ਨੂੰ ਇਕ ਦੂਸਰੇ ਦੇ ਨੇੜੇ ਲੈ ਕੇ ਆਉਂਦਾ ਹੈ।

654. ਸਿਰਜਣਹਾਰ ਇਕ ਸਦੀਵੀ ਸਤਿ ਹੈ ਅਤੇ ਰਚਨਾ ਦੀ ਅਨੰਤ ਸੱਚਾਈ ਦਾ ਕਾਰਨ ਵੀ ਹੈ। ਗੁਰੂ ਸਦੀਵੀ ਸਤਿ ਅਤੇ ਉਹ ਆਪਣੇ ਸਿੱਖਾਂ ਨੂੰ ਸਿਰਜਣਹਾਰ ਨਾਲ ਮਿਲਾਉਣ ਅਤੇ ਸਿੱਖਾਂ ਨੂੰ ਸੰਤ ਬਨਾਉਣ ਵਾਲਾ ਹੈ।

655. ਸਿਰਜਣਹਾਰ ਅਤੇ ਸਤਿਗੁਰੂ ਆਪਣੇ ਸੰਪੂਰਨ ਗੁਣਾਂ ਸਮੇਤ ਹਰ ਪਾਸੇ ਮੌਜੂਦ ਹੈ। ਜਦੋਂ ਵੀ ਅਤੇ ਜਿਥੇ ਵੀ ਕਿਸੇ ਸੇਵਕ ਨੂੰ ਲੋੜ ਹੁੰਦੀ ਹੈ, ਸਿਰਜਣਹਾਰ ਉਥੇ ਹਾਜ਼ਰ ਹੁੰਦਾ ਹੈ। ਜਦੋਂ ਵੀ ਅਤੇ ਜਿਥੇ ਵੀ ਸਿੱਖ ਨੂੰ ਉਸਦੀ ਹਾਜ਼ਰੀ ਲੋੜੀਂਦੀ ਹੁੰਦੀ ਹੈ, ਸਤਿਗੁਰੂ ਉਥੇ ਹਾਜ਼ਰ ਹੁੰਦਾ ਹੈ।

656. ਸਭ ਤੋਂ ਪਹਿਲਾਂ ਤਾਂ ਮਨੁੱਖ ਉੱਪਰ ਪ੍ਰਮਾਤਮਾ ਨਾਲ ਮਿਲਾਪ ਦੀ ਮਿਹਰ ਹੋਣੀ ਚਾਹੀਦੀ ਹੈ। ਇਸ ਦਾ ਅਰਥ ਇਹ ਹੈ ਕਿ ਮਨੁੱਖ ਪ੍ਰਮਾਤਮਾ ਦੀ ਮਿਹਰ ਦੇ ਕਾਬਿਲ ਹੋਣ ਲਈ ਉਸ (ਪ੍ਰਮਾਤਮਾ) ਅੱਗੇ ਨਿਮਾਣਾ ਹੋਣਾ ਚਾਹੀਦਾ ਹੈ, ਦੂਸਰਾ, ਪ੍ਰਮਾਤਮਾ ਦੀ ਮਿਹਰ ਸਦਕਾ, ਉਹ ਮਨੁੱਖ ਜ਼ਰੂਰ ਸਤਿਗੁਰੂ ਦਾ ਸਿੱਖ ਹੋਣਾ ਚਾਹੀਦਾ ਹੈ। ਫਿਰ ਸਿੱਖ ਇਹ ਸਿੱਖਦਾ ਹੈ ਕਿ ਪ੍ਰਮਾਤਮਾ ਨਾਲ ਮਿਲਾਪ ਲਈ ਕੀ-ਕੀ ਲੋੜੀਂਦਾ ਹੈ।

ਸਿੱਖ ਹੁੰਦਿਆਂ ਹੋਇਆ, ਮਨੁੱਖ ਬ੍ਰਹਮ ਗਿਆਨ ਦੇ ਸਬਕ ਸਿੱਖਦਾ ਹੈ ਅਤੇ ਪ੍ਰਮਾਤਮਾ ਨਾਲ ਸਾਂਝ ਲਈ ਤਰਕਸ਼ੀਲ ਅਤੇ ਭਾਵਨਾਤਮਿਕ ਤੱਤਾਂ ਪ੍ਰਤੀ ਜਾਗਰੁਕਤਾ ਵਿਚ ਪ੍ਰਗਤੀ ਪ੍ਰਾਪਤ ਕਰਦਾ ਹੈ।

657. ਗੁਰਬਾਣੀ ਦੀਆਂ ਤੁਕਾਂ, ਪ੍ਰਮਾਤਮਾ ਪ੍ਰਤੀ ਗਹਿਰੇ ਸਤਿਕਾਰ ਅਤੇ ਪਿਆਰ ਭਰੇ ਮਨਾਂ ਤੋਂ ਨਿਕਲੀਆਂ ਹਨ। ਪ੍ਰਮਾਤਮਾ ਦਾ ਸੇਵਕ ਜਾਂ ਗੁਰੂ ਦਾ ਸਿੱਖ ਲਈ ਇਹ ਤੁਕਾਂ ਉਨੇ ਹੀ ਕਾਨੂੰਨ ਨਾਲ ਕਹਿਣੀਆਂ ਜਾਂ ਗਾਉਣੀਆਂ ਜ਼ਰੂਰੀ ਹਨ ਤਾਂ ਕਿ ਉਹ ਵੀ ਪ੍ਰਮਾਤਮਾ ਵਿਚ ਲੀਨ ਦਾ ਅਹਿਸਾਸ ਕਰ ਸਕੇ।

658. ਜਿਵੇਂ ਜਿਉਂ-ਜਿਉਂ ਕਿਸੇ ਭੌਤਿਕ ਪਦਾਰਥ ਦੀ ਇੱਛਾ, ਜਿਵੇਂ ਕਿ ਦੌਲਤ ਲਈ ਜੇ ਤਲਬ (ਖਾਹਿਸ਼) ਪ੍ਰਬਲ ਹੁੰਦੀ ਜਾਂਦੀ ਹੈ ਤਾਂ ਫਿਰ ਉਸ ਖਾਹਿਸ਼ ਦੀ ਪੂਰਤੀ ਲਈ ਕੋਸ਼ਿਸ਼ ਵਿਚ ਵਾਧਾ ਕੀਤਾ ਜਾਂਦਾ ਹੈ, ਠੀਕ ਉਸੇ ਤਰ੍ਹਾਂ ਪ੍ਰਮਾਤਮਾ ਗੁਰੂ ਅਤੇ ਸੰਤਾਂ ਨਾਲ ਸਾਂਝ (ਮਿਲਾਪ) ਦੀ ਪ੍ਰਬਲ ਇੱਛਾ ਨੂੰ ਪੂਰਾ ਕਰਨ ਲਈ, ਉਹਨਾਂ ਪ੍ਰਤੀ ਸ਼ਰਧਾ ਵਿਚ ਵਾਧਾ ਕੀਤਾ ਜਾਂਦਾ ਹੈ। ਆਖਿਰਕਾਰ ਇਹ ਭੁੱਖ ਜਾਂ ਇਹ ਲਾਲਸਾ ਏਨੀ ਪ੍ਰਬਲ ਹੋ ਜਾਂਦੀ ਹੈ ਕਿ ਮਨੁੱਖ ਦੇ ਆਪੇ ਨੂੰ ਖ਼ਤਮ ਕਰ ਦਿੰਦੀ ਹੈ।

659. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬ੍ਰਹਮ ਗਿਆਨ- 'ਗੁਰਮੱਤ' ਸਿੱਖ ਦੇ ਮਨ ਵਿਚ ਜ਼ਬਰਦਸਤ ਭਾਵਨਾਵਾਂ ਉਤਪੰਨ ਕਰਦਾ ਹੈ। ਇਹ ਭਾਵਨਾਵਾਂ, ਉਂਝ ਨਜ਼ਰ ਨਾ ਆਉਣ ਵਾਲੀਆਂ ਪ੍ਰੰਤੂ ਬਹੁਤ ਸ਼ਕਤੀਸ਼ਾਲੀ ਮਨਮੱਤ ਦੀਆਂ ਭਾਵਨਾਵਾਂ (ਗੁਰੂ ਦੇ ਬ੍ਰਹਮ ਗਿਆਨ ਤੋਂ ਅਨਜਾਣ ਦ੍ਰਿਸ਼ਟੀਕੋਣ) ਨੂੰ ਦਬਾ ਕੇ ਨਸ਼ਟ ਕਰ ਦਿੰਦੀਆਂ ਹਨ। ਇਸ ਤੋਂ ਮਗਰੋਂ ਸੇਵਕ ਦਾ ਮਨ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਹਮੇਸ਼ਾਂ ਸਤਿਕਾਰ ਦੀ ਭਾਵਨਾ ਰੱਖਦਾ ਹੈ। ਮਾਇਆ ਦਾ ਮੋਹ ਉਸਨੂੰ ਮੰਦੇ ਵਿਚਾਰ ਅਤੇ ਮੰਦੇ ਕਰਮਾਂ ਵੱਲ ਨਹੀਂ ਧੱਕਦੀਆਂ।

660. ਨਾਮ ਸਿਮਰਨ ਪ੍ਰਮਾਤਮਾ ਦੀ ਭਗਤੀ ਦਾ ਪ੍ਰਗਟਾਵਾ ਹੈ। ਇਹ ਗੁਰਬਾਣੀ ਨੂੰ ਸੁਣ ਕੇ, ਪੜ੍ਹ ਕੇ, ਜਪ ਕੇ, ਸਮਝ ਕੇ ਅਤੇ ਵਿਚਾਰ ਕੇ, ਸਭ ਤੋਂ ਵਧੀਆਂ ਤਰ੍ਹਾਂ ਕੀਤਾ ਜਾ ਸਕਦਾ ਹੈ। ਸ਼ਬਦ ਗਾਉਣਾ ਅਤੇ ਗੁਰਬਾਣੀ ਦਾ ਕੀਰਤਨ ਸੁਨਣਾ, ਨਾਮ ਸਿਮਰਨ ਦੇ ਸਭ ਤੋਂ ਵਧੀਆ ਤਰੀਕੇ ਹਨ।

661. ਗੁਰਬਾਣੀ ਦੇ ਹਰ ਸ਼ਬਦ ਦੇ ਪਿੱਛੇ ਬਹੁਤ ਉੱਚੀਆਂ ਭਾਵਨਾਵਾਂ ਹੁੰਦੀਆਂ ਹਨ, ਅਤੇ ਗੁਰਬਾਣੀ ਦੇ ਹਰੇਕ ਸ਼ਬਦ ਦਾ ਸਹੀ ਅਰਥ ਸਮਝਣ ਲਈ ਇਹਨਾਂ ਦੀ ਸ਼ਲਾਘਾ ਕਰਨੀ ਬਹੁਤ ਜ਼ਰੂਰੀ ਹੈ। ਅਜਿਹੀ ਸਮਝ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆਂ ਹੇ ਠ ਰੱਖਦਿਆਂ ਹੋਇਆਂ ਹੀ ਹਾਸਿਲ ਹੁੰਦੀ ਹੈ।

662. ਗੁਰੂ, ਬੇਅੰਤ ਗੁਣਾਂ ਵਾਲੇ ਪ੍ਰਮਾਤਮਾ ਨੂੰ ਸਿੱਧੇ ਤੌਰ 'ਤੇ ਜਾਣਦਾ ਹੈ।

663. ਪ੍ਰਮਾਤਮਾ ਨੂੰ ਜਾਨਣ ਵਿਚ ਗੁਰੂ ਆਪਣੇ ਸਿੱਖ ਦੀ ਸਹਾਇਤਾ ਕਰਦਾ ਹੈ।

664. ਮਨੁੱਖ ਨੂੰ ਪ੍ਰਮਾਤਮਾ ਦੀ ਸੱਚਾਈ ਬਾਰੇ ਜਾਣਕਾਰੀ ਅਤੇ ਅਹਿਸਾਸ, ਕੇਵਲ ਸਤਿਗੁਰੂ ਹੀ ਕਰਾ ਸਕਦਾ ਹੈ।

665. ਪ੍ਰਮਾਤਮਾ ਨਾਲ ਜੁੜਨ ਦਾ ਇੱਕੋ-ਇਕ ਰਾਹ ਬ੍ਰਹਮ ਗਿਆਨ ਹੈ।

666. ਪ੍ਰਮਾਤਮਾ ਦੀ ਮਿਹਰ ਨਾਲ ਜੁੜੇ ਉਸਦੇ ਗੁਣ (ਉਦਾਹਰਣ ਵਜੋਂ: ਖਿਮਾ, ਮੁਕਤੀ, ਦਇਆ, ਅਰਜ਼ੋਈ ਪ੍ਰਤੀ ਜਵਾਬਦੇਹੀ ਅਤੇ ਪਿਆਰ) ਸੇਵਕ ਨੂੰ ਉਸਦੇ (ਪ੍ਰਮਾਤਮਾ) ਨਜ਼ਦੀਕ ਲੈ ਜਾਂਦੇ ਹਨ।

667. ਗੁਰੂ ਦੀਆਂ ਸਿੱਖਿਆਵਾਂ, ਸਿੱਖ ਦੀ ਬੁੱਧੀ ਅਤੇ ਭਾਵਨਾਵਾਂ ਉੱਪਰ ਬਹੁਤ ਪ੍ਰਭਾਵ ਪਾਉਂਦੀਆਂ ਹਨ।

668. ਪ੍ਰਮਾਤਮਾ ਦਾ ਸੰਪੂਰਨ ਸ਼ਾਸਨ ਇਸ ਦੁਨੀਆਂ ਤੋ ਲੈ ਕੇ ਅਗਲੀ ਦੁਨੀਆਂ ਤੱਕ ਵੀ ਫੈਲਿਆ ਹੋਇਆ ਹੈ।

669. ਜਨਮ, ਮਰਨ ਅਤੇ ਪੁਨਰ ਜਨਮ ਦਾ ਚੱਕਰ ਸਤਿ ਹੈ।

670. ਪ੍ਰਮਾਤਮਾ ਹਰੇਕ ਦੇ ਚੰਗੇ-ਮਾੜੇ ਕਰਮਾਂ ਦਾ ਹਿਸਾਬ ਕਰਦਾ ਹੈ ਅਤੇ ਫਿਰ ਉਸੇ ਮੁਤਾਬਿਕ ਨਿਆਂ ਪ੍ਰਦਾਨ ਕਰਦਾ ਹੈ।

671. ਸੱਚਾਈਆਂ ਦੋ ਹਨ : ਇਕ ਆਰਜ਼ੀ ਅਤੇ ਦੂਸਰੀ ਸਥਾਈ। ਆਰਜ਼ੀ ਸੱਚਾਈ ਨਜ਼ਰ ਆਉਣ ਵਾਲੀ ਅਤੇ ਗਿਆਨ ਇੰਦ੍ਰੀਆਂ ਨਾਲ ਜਾਣੀ ਜਾਣ ਵਾਲੀ ਹੁੰਦੀ ਹੈ। ਸਦੀਵੀ ਸੱਚਾਈ ਕੇਵਲ ਸੰਤਾਂ ਨੂੰ ਨਜ਼ਰ ਆਉਂਦੀ ਹੈ। ਇਸਨੂੰ ਗਿਆਨ ਇੰਦ੍ਰੀਆਂ ਨਾਲ ਨਹੀਂ ਦੇਖਿਆ ਜਾ ਸਕਦਾ।

672. ਪ੍ਰਮਾਤਮਾ ਦਾ ਅਨੁਭਵ ਕੇਵਲ ਸੰਤਾਂ ਨੂੰ ਹੁੰਦਾ ਹੈ।

673. ਮਨ ਦੀ ਅਵਸਥਾ (ਧਿਆਨ, ਸੁਰਤਿ) ਨੂੰ ਵਾਹਿਗੁਰੂ ਦੇ ਕਿਸੇ ਇਕ ਗੁਣ ਤੇ ਕੇਂਦਰਿਤ ਕਰੋ। ਜੇ ਕੋਈ ਮਨੁੱਖ, ਸ਼ਰਧਾ ਨਾਲ ਨਤਮਸਤਕ ਹੋ ਕੇ ਅਤੇ ਪੂਰੇ ਸਤਿਕਾਰ ਸਹਿਤ ਅਜਿਹਾ ਕਰਦਾ ਹੈ, ਤਾਂ ਅਜਿਹੇ ਮਨੁੱਖ ਅੱਗੇ, ਪ੍ਰਮਾਤਮਾ ਉਸੇ ਵੇਲੇ ਹਾਜ਼ਰ ਹੋ ਜਾਂਦਾ ਹੈ। ਫਿਰ ਵੀ ਸ਼ਰਧਾ ਸਹਿਤ ਅਰਜ਼ੋਈ ਅਤੇ ਗਹਿਰੇ ਸਤਿਕਾਰ ਦੀਆਂ ਭਾਵਨਾਵਾਂ ਭਾਵੇਂ ਹੋਲੀ ਚੱਲਦੀਆਂ ਹਨ ਪ੍ਰੰਤੂ ਸਤਿਗੁਰੂ ਦੇ ਗਿਆਨ ਨਾਲ ਪੂਰੀ ਸਮਝ ਅਤੇ ਅੰਦਰੂਨੀਕਰਨ ਨਾਲ ਇਹ ਯਕੀਨੀ ਤੌਰ 'ਤੇ ਉਪਜਦੀਆਂ ਹਨ। ਗੁਰਬਾਣੀ, ਸਿੱਖ ਦੇ ਮਨ ਦੀਆਂ ਅਨੇਕਾਂ ਭਾਵਨਾਵਾਂ ਨੂੰ ਪੋਸ਼ਿਤ ਕਰਦੀ ਹੈ। ਸਮਾਂ ਪਾ ਕੇ, ਇਹ ਭਿੰਨ-ਭਿੰਨ ਭਾਵਨਾਵਾਂ ਘੁਲ-ਮਿਲ ਜਾਂਦੀਆਂ ਹਨ ਅਤੇ ਵਾਹਿਗੁਰੂ ਪ੍ਰਤੀ ਇਕ ਸਰਵਉੱਚ ਭਾਵਨਾ ਨੂੰ ਜਨਮ ਦਿੰਦੀਆਂ ਹਨ—ਵਾਹਿਗੁਰੂ ਪ੍ਰਤੀ ਦਿਲੀ ਸਤਿਕਾਰ ਦੀ ਭਾਵਨਾ। ਅਜਿਹੀ ਅਵਸਥਾ ਤੇ ਇਹ ਸੰਭਵ ਹੈ ਕਿ ਇਕ ਸਿੱਖ, ਵਾਹਿਗੁਰੂ ਦੇ ਨਾਲ ਸਾਂਝ ਦੀ ਅਟੁੱਟ ਲੜੀ ਸਥਾਪਿਤ ਕਰ ਲਵੇ ਅਤੇ ਉਸਦੀ ਮਿਹਰ

ਸਦਕਾ ਉਸਦੇ ਦਰਸ਼ਨ ਵੀ ਪਾ ਲਵੇ।

674. ਸਤਿਗੁਰੂ ਦਾ ਗਿਆਨ, ਇਸ ਗਿਆਨ ਦੇ ਵਿਦਿਆਰਥੀ ਨੂੰ ਵਿਸ਼ਾਲ ਮਨ ਅਤੇ ਵਿਸ਼ਾਲ ਹਿਰਦੇ ਵਾਲਾ ਬਣਾ ਦਿੰਦਾ ਹੈ। ਇਹ ਤੰਗ ਦਿਲੀ ਨੂੰ ਖ਼ਤਮ ਕਰਦਾ ਹੈ ਅਤੇ ਸਿੱਖ ਨੂੰ ਵਿਸ਼ਾਲ ਹਿਰਦੇ ਵਾਲਾ ਬਣਾਉਂਦਾ ਹੈ।

675. ਸਰਵਸ਼ਕਤੀਮਾਨ (ਪ੍ਰਮਾਤਮਾ) ਵਾਸਤੇ ਪਿਆਰ ਅਤੇ ਸਤਿਕਾਰ ਉਪਜਾਉਣ ਲਈ ਗੁਰਬਾਣੀ ਸਭ ਤੋਂ ਉੱਤਮ ਅਤੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਮਾਰਗ ਹੈ। ਸਤਿਗੁਰੂ ਦੇ ਸਿੱਖ ਬਣੋ ਅਤੇ ਆਖਿਰਕਾਰ ਵਾਹਿਗੁਰੂ ਨਾਲ ਸਾਂਝ ਪ੍ਰਾਪਤ ਕਰੋ। ਜੇ ਸਿੱਖ ਦੇ ਮਨ ਵਿਚ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਸਤਿਕਾਰ ਅਤੇ ਪਿਆਰ ਹੈ, ਤਾਂ ਫਿਰ ਉਹ ਸਿੱਖ ਵਾਹਿਗੁਰੂ ਦਾ ਸੇਵਕ ਬਣ ਜਾਂਦਾ ਹੈ, ਸੇਵਕ, ਵਾਹਿਗੁਰੂ ਪ੍ਰਤੀ ਸੱਚੇ ਪਿਆਰ ਅਤੇ ਸਤਿਕਾਰ ਦਾ ਅਨੁਭਵ ਕਰਦਾ ਹੈ। 'ਵਾਹਿਗੁਰੂ' ਸ਼ਬਦ ਦਾ ਜਾਪ ਜਾਂ ਚਿੰਤਨ ਸੇਵਕ ਦਾ ਮਨ, ਅਬਿਨਾਸੀ ਹਸਤੀ ਅਤੇ ਸਤਿਗੁਰੂ ਉੱਪਰ ਟਿਕ ਜਾਂਦਾ ਹੈ। ਇਸ ਲਈ ਸਤਿਗੁਰੂ ਅਤੇ ਵਾਹਿਗੁਰੂ ਨਾਲ ਜੁੜਣ ਲਈ ਇਕ ਇਕ ਖੂਬਸੂਰਤ ਸ਼ਬਦ ਹੈ।

676. ਵਾਹਿਗੁਰੂ ਸਰੀਰ ਅੰਦਰ ਨਿਵਾਸ ਕਰਦਾ ਹੈ ਪ੍ਰੰਤੂ ਇਕ ਅਨਜਾਣ (ਅਗਿਆਨੀ) ਮਨ ਇਸ ਨੂੰ ਜਾਣ ਵੀ ਨਹੀਂ ਸਕਦਾ ਅਤੇ ਇਸਦਾ ਅਨੁਭਵ ਵੀ ਨਹੀਂ ਕਰ ਸਕਦਾ। ਵਾਹਿਗੁਰੂ ਨੂੰ, ਸਤਿਗੁਰੂ ਦੇ ਉਪਦੇਸ਼ ਨਾਲ ਜਾਣਿਆ ਅਤੇ ਉਸਦਾ ਅਨੁਭਵ ਕੀਤਾ ਜਾ ਸਕਦਾ ਹੈ।

677. ਉਹ ਸਭ ਕੁਝ ਜੋ ਬਿਨਸਣਹਾਰ ਹੈ, ਉਹ ਝੂਠ ਹੈ। ਕੇਵਲ ਪ੍ਰਮਾਤਮਾ ਹੀ ਸਤਿ ਹੈ।

678. ਕੁਝ ਵੀ ਥਿਰ ਨਹੀਂ ਹੈ, ਕੇਵਲ ਪ੍ਰਮਾਤਮਾ ਹੈ। ਇਥੋਂ ਤੱਕ ਕਿ ਅਸਥਾਈ ਵੀ ਕੇਵਲ ਉਨੀ ਦੇਰ ਹੀ ਰਹਿੰਦਾ ਹੈ, ਜਦੋਂ ਤੱਕ ਉਹ, ਉਸਨੂੰ ਰਹਿਣ ਦਿੰਦਾ ਹੈ। ਉਸਨੂੰ ਪਛਾਣੋ। ਉਸ ਅੱਗੇ ਨਿਮਰ ਰਹੋ। ਜੋ ਲੋਕ ਪ੍ਰਮਾਤਮਾ ਪ੍ਰਤੀ ਪਿਆਰ ਅਤੇ ਸਤਿਕਾਰ ਪੈਦਾ ਕਰਾਉਣ ਯੋਗ ਹਨ, ਉਹਨਾਂ ਨੂੰ ਸਤਿਕਾਰ ਸਹਿਤ ਸੁਣੋ।

679. ਸੇਵਕ ਵਾਹਿਗੁਰੂ ਨਾਲ ਮਿਲਾਪ ਲਈ, ਭੁੱਖ-ਪਿਆਸ ਰੱਖਦਾ ਹੈ। ਜਿਵੇਂ ਪਾਣੀ, ਪਿਆਸ ਅਤੇ ਖਾਣਾ ਸਰੀਰ ਦੀ ਭੁੱਖ ਮਿਟਾਉਂਦਾ ਹੈ, ਠੀਕ ਉਸੇ ਤਰ੍ਹਾਂ ਵਾਹਿਗੁਰੂ, ਸੇਵਕ ਦੇ ਮਨ ਦੀ ਭੁੱਖ ਅਤੇ ਪਿਆਸ ਮਿਟਾਉਂਦਾ ਹੈ।

680. ਸਰੀਰ ਨੂੰ ਅੱਖਾਂ ਮਿਲੀਆਂ ਹੋਈਆਂ ਹਨ, ਮਨ ਕੋਲ ਵੀ ਅੱਖਾਂ ਹੁੰਦੀਆਂ ਹਨ, ਭਾਵੇਂ ਉਹ ਸਰੀਰਿਕ ਤੌਰ 'ਤੇ ਨਜ਼ਰ ਨਹੀਂ ਆਉਂਦੀਆਂ। ਜੋ ਮਨ ਦੀਆਂ ਅੱਖਾਂ ਦੇਖਦੀਆਂ ਹਨ, ਉਹ ਸਰੀਰ ਦੀਆਂ ਅੱਖਾਂ ਨਹੀਂ ਦੇਖ ਸਕਦੀਆਂ। ਉਦਾਹਰਣ ਵਜੋਂ, ਇਕ ਬੱਚਾ ਗੁਆਂਢੀ ਨੂੰ ਜਿਵੇਂ ਨਜ਼ਰ ਆਉਂਦਾ ਹੈ, ਮਾਂ ਨੂੰ ਉਹੀ ਬੱਚਾ ਉਂਝ ਹੀ ਦਿਖਾਈ ਨਹੀਂ ਦਿੰਦਾ। ਗੁਆਂਢੀ ਬੱਚੇ ਨੂੰ ਕੇਵਲ, ਸਰੀਰਕ ਅੱਖਾਂ ਨਾਲ ਦੇਖਦਾ ਹੈ, ਜਦੋਂ ਕਿ

ਮਾਂ, ਬੱਚੇ ਨੂੰ ਦੋਨੋਂ (ਸਰੀਰਿਕ ਅਤੇ ਮਾਨਸਿਕ) ਅੱਖਾਂ ਨਾਲ ਦੇਖਦੀ ਹੈ। ਠੀਕ ਏਸੇ ਤਰ੍ਹਾਂ ਵਾਹਿਗੁਰੂ ਦੇ ਸੇਵਕ ਦਾ ਮਨ ਵਾਹਿਗੁਰੂ ਨੂੰ ਮਨਮੁੱਖ ਨਾਲੋਂ ਵੱਖਰੀ ਤਰ੍ਹਾਂ ਦੇਖਦਾ ਹੈ।

681. ਵਾਹਿਗੁਰੂ ਹੀ ਸਭ ਕੁਝ ਦੇਵਣਹਾਰ ਅਤੇ ਲੈਣਹਾਰ ਹੈ।

682. ਸਤਿਗੁਰੂ ਦੇ ਕੋਲ, ਵਾਹਿਗੁਰੂ ਦੀ ਮਹਾਨਤਾ ਦਾ ਸਹੀ ਗਿਆਨ ਹੁੰਦਾ ਹੈ, ਕਿਉਂਕਿ ਉਸ ਨੂੰ ਉਸ (ਵਾਹਿਗੁਰੂ) ਦੇ ਮਨ ਅੰਦਰ ਵਿਚਾਰਨ ਦੀ ਦਾਤ ਹਾਸਿਲ ਹੋਈ ਹੁੰਦੀ ਹੈ।

683. ਵਾਹਿਗੁਰੂ ਦੀ ਸਰਵਉੱਚ ਸੱਤਾ ਅਧੀਨ, ਜਨਮ ਅਤੇ ਮੌਤ, ਲੋਪ ਅਤੇ ਅਲੋਪ ਹਰ ਪਾਸੇ ਚੱਲ ਰਿਹਾ ਹੈ। ਮਨੁੱਖ, ਕੇਵਲ ਵਾਹਿਗੁਰੂ ਦੇ ਬ੍ਰਹਮ ਗਿਆਨ ਦੁਆਰਾ ਹੀ ਵਾਹਿਗੁਰੂ ਨਾਲ ਸਹੀ ਤਰ੍ਹਾਂ ਨਾਤਾ ਜੋੜ ਸਕਦਾ ਹੈ।

684. ਗੁਰਬਾਣੀ ਸੰਪੂਰਨ ਰੂਪ ਵਿਚ ਸਤਿ ਹੈ, ਕਿਉਂਕਿ ਇਹ ਵਾਹਿਗੁਰੂ ਦੀ ਹਜ਼ੂਰੀ ਵਿਚ ਕਹੀ ਗਈ ਸੀ।

685. ਵਾਹਿਗੁਰੂ ਵਿਚ 'ਵਾਹਿ' ਸ਼ਬਦ ਪ੍ਰਮਾਤਮਾ ਨਾਲ ਸਤਿਕਾਰ, ਸ਼ਰਧਾ, ਨਿਮਰਤਾ, ਅਸਚਰਜ, ਪ੍ਰਸੰਸਾ, ਅਰਜ਼ੋਈ, ਨਤਮਸਤਕਤਾ ਅਤੇ ਖਾਹਿਸ਼ ਦਾ ਪ੍ਰਤੀਕ ਹੈ, ਵਾਹਿਗੁਰੂ ਵਿਚ 'ਗੁਰੂ ਸ਼ਬਦ ਸਤਿਗੁਰੂ (ਸਿੱਖ ਗੁਰੂਆਂ) ਅਤੇ ਆਪਣੀ ਮਿਹਰ ਸਦਕਾ ਅਗਿਆਨਤਾ ਦੂਰ ਕਰਨ ਵਾਲੇ ਪ੍ਰਮਾਤਮਾ ਦਾ ਪ੍ਰਤੀਕ ਹੈ।

686. ਜਦੋਂ ਕੋਈ ਮਨੁੱਖ, ਆਪਣੇ ਕਿਸੇ ਪਿਆਰੇ ਅਤੇ ਸਤਿਕਾਰਯੋਗ ਬਾਰੇ ਸੋਚਦਾ ਹੈ ਤਾਂ ਫਿਰ ਉਸ ਮਨੁੱਖ ਦਾ ਵਿਅੱਕਤਿੱਤਵ ਉਸ ਦੀਆਂ ਅੱਖਾਂ ਸਾਹਮਣੇ ਆ ਜਾਂਦਾ ਹੈ ਅਤੇ ਮਨੁੱਖ, ਉਸ ਵਿਅਕਤੀ ਨਾਲ ਉਸੇ ਵੇਲੇ ਭਾਵਨਾਤਮਿਕ ਸਾਂਝ ਅਨੁਭਵ ਕਰਦਾ ਹੈ। ਬਿਲਕੁਲ ਏਸੇ ਤਰ੍ਹਾਂ, ਜਦੋਂ ਕੋਈ ਸੇਵਕ ਸਭ ਤੋਂ ਅਧਿਕ ਸਤਿਕਾਰਯੋਗ ਅਤੇ ਸਭ ਤੋਂ ਅਧਿਕ ਪਿਆਰੇ ਵਾਹਿਗੁਰੂ ਬਾਰੇ ਸੋਚਦਾ ਹੈ ਤਾਂ ਫਿਰ, ਉਸ ਸੇਵਕ ਦੇ ਸਾਹਮਣੇ ਉਸ ਦਾ ਪਿਆਰਾ (ਪ੍ਰਮਾਤਮਾ) ਪ੍ਰਗਟ ਹੁੰਦਾ ਹੈ, ਅਤੇ ਸੇਵਕ ਨੂੰ ਵਾਹਿਗੁਰੂ ਨਾਲ ਇਕ ਭਾਵਨਾਤਮਿਕ ਸਾਂਝ ਦਾ ਅਹਿਸਾਸ ਹੁੰਦਾ ਹੈ। ਸੇਵਕ ਉਸਦੀ (ਪ੍ਰਮਾਤਮਾ ਦੀ) ਹਸਤੀ ਨੂੰ ਆਪਣੇ ਅੰਦਰ ਮਹਿਸੂਸ ਕਰਦਾ ਹੈ।

687. ਦੁਨੀਆਂ ਦੇ ਸਾਰੇ ਕਰਮ-ਕਾਂਡ ਭਾਵੇਂ ਕਿੰਨੇ ਵੀ ਵਿਸ਼ਾਲ ਜਾਂ ਵਿਸਤ੍ਰਿਤ ਕਿਉਂ ਨਾ ਹੋਣ ਜੇ ਉਹ, ਪ੍ਰਮਾਤਮਾ ਦੀ ਭਗਤੀ ਤੋਂ ਮਨੁੱਖ ਨੂੰ ਪਰ੍ਹੇ ਲੈ ਜਾਂਦੇ ਹਨ ਤਾਂ ਉਹ ਵਿਅਰਥ ਅਤੇ ਸਮੇਂ ਦੀ ਬਰਬਾਦੀ ਹਨ।

688. ਸੇਵਕ, ਪ੍ਰਮਾਤਮਾ ਦੇ ਚਰਨਾਂ ਨਾਲ ਤਦ ਜੁੜਦਾ ਹੈ, ਜਦੋਂ ਉਸ ਦੀ ਮਿਹਰ ਹੁੰਦੀ ਹੈ।

689. ਗੁਰੂ, ਵਾਹਿਗੁਰੂ ਦੀ ਵਡਿਆਈ ਨੂੰ ਸਮਝਦਾ ਹੈ। ਗੁਰਬਾਣੀ, ਗੁਰੂ ਦੇ ਸਿੱਖ ਦੇ ਮਨ ਵਿਚ, ਵਾਹਿਗੁਰੂ ਪ੍ਰਤੀ ਗਹਿਰੇ ਵਿਚਾਰ ਅਤੇ ਭਾਵਨਾਵਾਂ ਉਤਪੰਨ ਕਰਦੀ ਹੈ। ਸੱਚੇ ਵਿਚਾਰਾਂ ਅਤੇ ਗਹਿਰੀਆਂ ਭਾਵਨਾਵਾਂ ਦੇ ਨਾਲ ਸੇਵਕ, ਕਿਸੇ ਵੀ ਸਮੇਂ, ਆਪਣੇ ਅੰਤਰ ਮਨ ਨਾਲ ਪ੍ਰਮਾਤਮਾ ਦੀ ਝਲਕ ਪਾ ਸਕਦਾ ਹੈ।

690. ਜਦੋਂ ਲਿਵ (ਸੁਰਤ, ਧਿਆਨ, ਚਿੱਤ, ਚੇਤਨਾ) ਦਿਮਾਗ ਦੇ ਦਸਮ ਦੁਆਰ ਤੱਕ ਪਹੁੰਚਦੀ ਹੈ ਤਾਂ ਸੇਵਕ, ਸੁਭਾਵਿਕ ਤੌਰ 'ਤੇ ਹੀ ਸਹਿਜ ਅਵੱਸਥਾ ਦਾ ਅਨੁਭਵ ਕਰਦਾ ਹੈ। ਫਿਰ, ਮਨ ਸੁਭਾਵਿਕ ਤੌਰ ਤੇ ਹੀ ਵਾਹਿਗੁਰੂ ਦੀ ਭਗਤੀ ਕਰਨ ਲੱਗਦਾ ਹੈ। ਅਜਿਹੀ ਅਵੱਸਥਾ ਵਿਚ ਕਿਸੇ ਕੋਸ਼ਿਸ਼ ਦੀ ਲੋੜ ਨਹੀਂ ਹੁੰਦੀ।

691. ਗੁਰੂ ਕੋਲੋਂ ਕੋਈ ਸ਼ਬਦ ਜਾਂ ਕੋਈ ਤੁਕ ਲਵੋ, ਨਿਮਰਤਾ ਅਤੇ ਸਤਿਕਾਰ ਸਹਿਤ, ਇਸਨੂੰ ਆਪਣਾ ਜਾਣ ਕੇ ਵਿਚਾਰੋ, ਫਿਰ ਸਿੱਖ ਨੂੰ ਸ਼ਬਦ ਜਾਂ ਤੁੱਕ ਵਿਚ ਪ੍ਰਗਟਾਈ ਗੁਰੂ ਵਰਗੀ ਜਾਗਰੁਕਤਾ ਦਾ ਅਨੁਭਵ ਹੁੰਦਾ ਹੈ।

692. ਮਨ, ਸੁੱਤੇ ਸਿਧ ਹੀ, ਮਾਇਆ ਦੇ ਮੋਹ ਅਤੇ ਵਹਿਮਾਂ-ਭਰਮਾਂ ਦੇ ਪ੍ਰਭਾਵ ਹੇਠ ਆ ਜਾਂਦਾ ਹੈ। ਗੁਰਬਾਣੀ, ਮਨ ਨੂੰ ਸੱਚੇ ਪ੍ਰਭੂ ਦੀ ਸੂਝ ਬਖਸ਼ਦੀ ਹੈ। ਬੰਦਗੀ (ਪ੍ਰਮਾਤਮਾ ਦੀ ਭਗਤੀ) ਕਰਨਾ, ਜਿੰਨਾਂ ਸੰਭਵ ਹੋ ਸਕੇ, ਸੱਚੇ ਅਤੇ ਅਬਿਨਾਸੀ ਬਾਰੇ ਜਾਣੂ ਰਹਿਣਾ ਹੈ। ਸਮਾਂ ਪਾ ਕੇ ਬੰਦਗੀ ਨਾਲ ਇਹ ਸੂਝ ਸੁਭਾਵਿਕ ਅਤੇ ਸਰਲ ਬਣ ਜਾਂਦੀ ਹੈ। ਫਿਰ ਮਨੁੱਖ ਦਾ ਮਨ ਮਾਇਆ ਦੇ ਵਿਚ ਰਹਿੰਦਿਆਂ ਹੋਇਆਂ ਵੀ ਨਿਰੰਤਰ ਤੌਰ 'ਤੇ ਸੱਚੇ ਅਤੇ ਅਟੱਲ ਪ੍ਰਭੂ ਬਾਰੇ ਜਾਣੂ ਰਹਿੰਦਾ ਹੈ।

693. ਵੱਡੇ ਭਾਗ ਹੋਣ ਤਾਂ ਵਾਹਿਗੁਰੂ ਦੀ ਭਗਤੀ ਦੀ ਪਿਆਸ ਜਾਗਦੀ ਹੈ।

694. ਕੋਈ ਮਨੁੱਖ ਆਪਣੇ ਕਿਸੇ ਬਹੁਤ ਹੀ ਮਿਹਰਾਂ ਬਰਸਾਉਣ ਵਾਲੇ ਨਾਲ ਕਿਵੇਂ ਸਾਂਝ ਪਾ ਸਕਦਾ ਹੈ? ਇਸਦਾ ਉੱਤਰ ਹੈ:

ਜੇ ਪ੍ਰਾਪਤ ਕਰਤਾ ਭਾਵਨਾ ਰੱਖਦਾ ਹੈ, ਤਾਂ ਫਿਰ, ਵਿਅਕਤੀ, ਯਕੀਨਨ ਹੀ ਬਹੁਤ ਧੰਨਵਾਦੀ ਹੋਵੇਗਾ। ਸੱਚੇ ਸੇਵਕ ਦਾ ਵਾਹਿਗੁਰੂ ਨਾਲ ਅਜਿਹਾ ਰਿਸ਼ਤਾ ਹੈ।

695. ਵਾਹਿਗੁਰੂ ਦੇ ਵਿਅੱਕਤਿੱਤਵ ਦੇ ਬਾਰੇ, ਸਤਿਗੁਰੂ ਦੇ ਵਿਅੱਕਤਿੱਤਵ ਦੇ ਬਾਰੇ ਅਤੇ ਸਿੱਖ ਦੇ ਆਪਣੇ ਵਿਅੱਕਤਿੱਤਵ ਦੇ ਬਾਰੇ, ਗੁਰਬਾਣੀ ਵਿਚ ਦਰਜ ਸੱਚੇ ਕਥਨਾਂ ਉੱਪਰ ਬਾਰ-ਬਾਰ ਬੋਲਕੇ ਅਤੇ ਉਹਨਾਂ ਬਾਰੇ ਸੋਚ-ਵਿਚਾਰ ਕਰਕੇ ਸੇਵਕ, ਵਾਹਿਗੁਰੂ ਨਾਲ ਮਿੱਤਰਤਾ ਗੰਢਦਾ ਹੈ।

696. ਵਾਹਿਗੁਰੂ ਦੀ ਆਪਣੇ ਸੇਵਕ ਉੱਪਰ ਮਿਹਰ ਦੀ ਪ੍ਰਗਤੀ ਇਸ ਪ੍ਰਕਾਰ ਹੁੰਦੀ ਹੈ। ਸਤਿਗੁਰੂ ਦੇ ਗਿਆਨ ਤੇ ਭਰੋਸਾ, ਵਾਹਿਗੁਰੂ ਪ੍ਰਤੀ ਸ਼ੁਕਰਾਨੇ ਵਾਲੇ ਵਿਚਾਰ, ਅਤੇ ਭਾਵਨਾਵਾਂ, ਨਿਮਰਤਾ, ਮੱਥਾ ਟੇਕਣਾ, ਸਤਿਕਾਰ, ਨੇੜਤਾ ਵਾਲਾ ਵਤੀਰਾ, ਗੁਰੂ

ਦੀ ਸਹਾਇਤਾ ਨਾਲ ਇਹੋ ਜਿਹਾ ਬਣ ਜਾਣਾ ਜਿਹੋ ਜਿਹਾ ਗੁਰੂ ਨੂੰ ਪਸੰਦ ਹੋਵੇ ਅਤੇ ਗੁਰੂ ਅਤੇ ਵਾਹਿਗੁਰੂ ਵੱਲੋਂ ਆਪਣਾ ਜਾਣ ਕੇ ਦਰ ਤੇ ਪ੍ਰਵਾਨ ਹੋ ਜਾਣਾ।

697. ਪ੍ਰਮਾਤਮਾ ਅਣਥੱਕ ਹੈ। ਉਹ ਕਦੀ ਆਰਾਮ ਨਹੀਂ ਕਰਦਾ। ਉਹ ਕਦੀ ਨਹੀਂ ਸੌਂਦਾ। ਆਪਣੀ ਰਚਨਾ ਦੀ ਤਰ੍ਹਾਂ ਉਹ ਜਿੰਦਾ ਰਹਿਣ ਲਈ ਭੋਜਨ ਨਹੀਂ ਖਾਂਦਾ।

698. ਵਾਹਿਗੁਰੂ ਆਪਣੀਆਂ ਸ਼ਕਤੀਆਂ ਵਿਚ ਵਿਲੱਖਣ ਹੈ। ਉਸ ਨਾਲ ਨਾਤਾ ਜੋੜਨ ਦਾ ਕੇਵਲ ਇਕੋ ਇਕ ਮਾਰਗ ਉਸ ਵਿਚ ਸ਼ਰਧਾ-ਭਾਵਨਾ ਰੱਖਣਾ ਅਤੇ ਉਸ ਨਾਲ ਨੇੜਤਾ ਰੱਖਣੀ ਹੈ। ਇਹਨਾਂ ਭਾਵਨਾਵਾਂ ਨੂੰ ਹਾਸਿਲ ਕਰਨ ਦਾ ਇਕੋ ਇਕ ਤਰੀਕਾ, ਸਤਿਗੁਰੂ ਦਾ ਸਿੱਖ ਹੋਣਾ ਹੈ।

699. ਵਾਹਿਗੁਰੂ ਨੂੰ ਧੋਖਾ ਨਹੀਂ ਦਿੱਤਾ ਜਾ ਸਕਦਾ। ਉਸਨੂੰ ਭਟਕਾਇਆ ਨਹੀਂ ਜਾ ਸਕਦਾ। ਉਸਨੂੰ ਪ੍ਰਭਾਵਿਤ ਨਹੀਂ ਕੀਤਾ ਜਾ ਸਕਦਾ। ਕੇਵਲ ਮਨ ਦੀ ਪਵਿੱਤਰਤਾ ਹੀ ਉਸ ਨਾਲ ਸਾਂਝ ਸਥਾਪਿਤ ਕਰਨ ਅਤੇ ਉਸਦੀਆਂ ਦਾਤਾਂ ਦਾ ਆਨੰਦ ਮਾਨਣ ਵਿਚ ਮਦਦ ਕਰਦੀ ਹੈ।

700. ਜਦੋਂ ਵਾਹਿਗੁਰੂ, ਆਪਣੀ ਮਿਹਰ ਕਰਦਾ ਹੈ ਅਤੇ ਸੇਵਕ ਅੱਗੇ ਪ੍ਰਗਟ ਹੁੰਦਾ ਹੈ ਤਾਂ ਫਿਰ ਸਾਰੇ ਸ਼ੰਕੇ ਅਤੇ ਡਰ ਸਮਾਪਤ ਹੋ ਜਾਂਦੇ ਹਨ। ਕੇਵਲ ਪ੍ਰਮਾਤਮਾ ਦੀ ਕ੍ਰਿਪਾ ਹੀ ਸੇਵਕ ਨੂੰ ਪ੍ਰਮਾਤਮਾ ਨਾਲ ਮਿਲਾਉਂਦੀ ਹੈ।

701. ਸਤਿਗੁਰੂ ਦੇ ਗਿਆਨ ਦੀ ਸਹੀ ਸਮਝ ਉਦੋਂ ਆਉਂਦੀ ਹੈ, ਜਦੋਂ ਗੁਰੂ ਦਾ ਸਿੱਖ ਵੀ ਵਾਹਿਗੁਰੂ ਦੀ ਵਡਿਆਈ ਉੱਪਰ ਮੋਹਿਤ ਹੋਵੇ।

702. ਵਾਹਿਗੁਰੂ ਲਈ ਗੁਰੂ ਦਾ ਸੱਚਾ ਪਿਆਰ ਗੁਰਬਾਣੀ ਵਿਚ ਪ੍ਰਗਟਾਇਆ ਗਿਆ ਹੈ। ਵਾਹਿਗੁਰੂ ਨਾਲ ਪਿਆਰ, ਜਿਸ ਵਿਚੋਂ ਗੁਰੂ ਦਾ ਗਿਆਨ ਪੈਦਾ ਹੁੰਦਾ ਹੈ, ਦਾ ਸੁਆਦ ਉਦੋਂ ਹੀ ਚਖਿਆ ਜਾਂਦਾ ਹੈ ਜਦੋਂ ਗੁਰੂ ਦਾ ਸਿੱਖ, ਵਾਹਿਗੁਰੂ ਦੀ ਵਡਿਆਈ ਉੱਪਰ ਮੋਹਿਤ ਹੋਇਆ ਹੋਵੇ।

703. ਸਰੀਰ ਵਿਚ ਨਿਵਾਸ ਕਰਨ ਵਾਲੀ ਆਤਮਾ ਵਾਹਿਗੁਰੂ ਤੋਂ ਉਂਜ ਹੀ ਉਤਪੰਨ ਹੁੰਦੀ ਹੈ, ਜਿਵੇਂ ਸੂਰਜ ਤੋਂ ਕਿਰਨਾਂ ਪ੍ਰੰਤੂ ਸੂਰਜ ਦੀ ਕਿਰਨ ਦੇ ਉਲਟ, ਆਤਮਾ ਸਦੀਵੀ ਕਾਇਮ ਰਹਿੰਦੀ ਹੈ। ਸੂਰਜ ਦੀ ਕਿਰਨ ਦੇ ਉਲਟ, ਆਤਮਾ ਵਿਚ ਵੀ ਉਹੀ ਵਾਹਿਗੁਰੂ ਵਾਲੇ ਗੁਣ ਹੁੰਦੇ ਹਨ ਜਿਸ ਤੋਂ ਆਤਮਾ ਦੀ ਉਤਪਤੀ ਹੁੰਦੀ ਹੈ।

704. ਆਤਮਾ ਵਾਹਿਗੁਰੂ ਵਿਚ ਲੀਨ ਹੁੰਦੀ ਹੈ ਅਤੇ ਲਗਾਤਾਰ ਉਸਦੀ ਪ੍ਰਸੰਸਾ ਗਾਉਂਦੀ ਹੈ।

705. ਆਤਮਾ ਦਸਮ ਦੁਆਰ ਵਿਚ ਨਿਵਾਸ ਕਰਦੀ ਹੈ ਜੋ ਕਿ ਸਿਰ ਵਿਚ ਹੁੰਦਾ ਹੈ।

706. ਜਦੋਂ ਗੁਰਬਾਣੀ ਦੀ ਮਦਦ ਨਾਲ ਸਤਿਗੁਰੂ ਦੇ ਸਿੱਖ ਦੀ ਸੁਰਤਿ, ਦਸਮ ਦੁਆਰ

ਤੱਕ ਪਹੁੰਚ ਜਾਂਦੀ ਹੈ, ਫਿਰ ਸਿੱਖ ਦੀ ਸੁਰਤਿ ਆਤਮਾ ਦੇ ਨਾਲ ਮਿਲ ਕੇ ਵਾਹਿਗੁਰੂ ਦੀ ਚੱਲ ਰਹੀ ਪ੍ਰਸੰਸਾ ਵਿਚ ਉਸਦੇ ਨਾਲ ਹਿੱਸਾ ਲੈਂਦੀ ਹੈ। ਇਸ ਪ੍ਰਕਾਰ, ਗੁਰੂ ਦਾ ਸਿੱਖ ਵਾਹਿਗੁਰੂ ਦਾ ਸੇਵਕ ਜਾਗਰੁਕਤਾ ਦੀ ਅਵੱਸਥਾ, ਜਿਸਨੂੰ ਸਹਿਜ ਆਖਦੇ ਹਨ, ਦਾ ਅਨੁਭਵ ਕਰਦਾ ਹੈ।

707. ਕੋਈ ਵੀ, ਇਹ ਕਦੀ ਵੀ ਨਹੀਂ ਸਮਝ ਸਕੇਗਾ ਕਿ ਵਾਹਿਗੁਰੂ ਨੇ ਸ੍ਰਿਸ਼ਟੀ ਦੀ ਰਚਨਾ ਕਿਉਂ ਕੀਤੀ।

708. ਕੋਈ ਵੀ, ਇਹ ਕਦੀ ਵੀ ਨਹੀਂ ਸਮਝ ਸਕੇਗਾ ਕਿ ਕਿਉਂ ਪ੍ਰਮਾਤਮਾ ਜਿਵੇਂ ਚਾਹੇ ਆਪਣੀ ਰਚਨਾ ਨੂੰ ਚਲਾਉਂਦਾ ਜਾਂ ਇਸ ਉੱਪਰ ਰਾਜ ਕਰਦਾ ਹੈ।

709. ਮਨ ਦਾ ਅਸਥਿਰ (ਡਾਵਾਂ ਡੋਲ) ਅਤੇ ਅਸੰਤੁਸ਼ਟ ਸੁਭਾਅ, ਸਤਿਗੁਰੂ ਦੇ ਗਿਆਨ ਦੇ ਪ੍ਰਭਾਵ ਹੇਠ ਸੰਤੁਲਿਤ (ਸਥਿਰ) ਅਤੇ ਸੰਤੁਸ਼ਟ ਮਨ ਵਿਚ ਤਬਦੀਲ ਹੋ ਜਾਂਦਾ ਹੈ।

710. ਵਾਹਿਗੁਰੂ ਦਾ ਸੱਚਾ ਸੇਵਕ ਉਸ ਦੇ ਪਿਆਰ ਦੀ ਭਾਵਨਾ ਦਾ ਅਨੁਭਵ ਕਰਦਾ ਹੈ। ਇਹ ਪਿਆਰ ਬੜੀ ਤਾਕਤਵਾਲਾ ਹੁੰਦਾ ਹੈ ਅਤੇ ਇਹ ਵਾਹਿਗੁਰੂ ਨੂੰ ਉਂਜ ਹੀ ਕਰਨ ਲਈ ਮਜ਼ਬੂਰ ਕਰ ਦਿੰਦਾ ਹੈ, ਜਿਵੇਂ ਸੇਵਕ ਚਾਹੇ। ਬੇਸ਼ੱਕ, ਸੇਵਕ ਨੂੰ ਆਪਣੇ ਭਾਣੇ ਅਨੁਸਾਰ ਉਹੋ ਹੀ ਕਰਨ ਲਈ ਕਹਿੰਦਾ ਹੈ ਜੋ ਸੱਚ, ਨੇਕ ਅਤੇ ਉਸਦੇ ਨਾਲ ਇਕਸੁਰਤਾ ਵਿਚ ਹੋਵੇ।

711. ਸਤਿਗੁਰੂ ਦੀ ਸ਼ਰਨ ਆਉਣ ਦਾ ਅਰਥ ਹੈ, ਸਿੱਖ ਦੀ ਆਪਣੇ ਗੁਰੂ ਅੱਗੇ ਗੁਰ ਦੇ ਗਿਆਨ ਦੀ ਰੌਸ਼ਨੀ ਨਾਲ ਉਸਨੂੰ ਤਬਦੀਲ ਕਰਨ, ਉਸਦੇ ਵਿਚਾਰਾਂ ਅਤੇ ਭਾਵਨਾਵਾਂ ਅਤੇ ਨਾਲ-ਨਾਲ ਉਸਦੇ ਕਰਮਾਂ ਵਿਚ ਵੀ ਸੁਧਾਰ ਲਿਆਉਣ ਲਈ ਬੇਨਤੀ ਕਰਨੀ।

712. ਸੱਚਾ ਪਿਆਰ ਸਵੈ-ਬਲੀਦਾਨੀ ਹੁੰਦਾ ਹੈ।

713. ਸਰੀਰਿਕ ਮੌਤ ਤੋਂ ਬਾਅਦ, ਆਤਮਾ ਪਿਛਲੇ ਜਨਮ ਦੇ ਵਿਚਾਰਾਂ ਅਤੇ ਕਰਮਾਂ ਦੇ ਚਿੰਨ ਨਾਲ ਲੈ ਕੇ ਅਗਲੇ ਮੁਕਾਮ ਤੱਕ ਲੈ ਕੇ ਜਾਂਦੀ ਹੈ। ਫਿਰ ਆਤਮਾ, ਉਹੀ ਸਰੀਰ ਪ੍ਰਾਪਤ ਕਰਦੀ ਹੈ, ਜੋ ਉਸਦੇ ਪਿਛਲੇ ਵਿਚਾਰਾਂ ਅਤੇ ਕਰਮਾਂ ਮੁਤਾਬਿਕ ਉਸ ਲਈ ਸਹੀ ਹੋਵੇ। ਪ੍ਰੰਤੂ ਸਤਿਗੁਰੂ ਦੇ ਸੱਚੇ ਸਿੱਖ, ਇਸ ਪੁਨਰ-ਜਨਮ ਤੋਂ ਬਚ ਜਾਂਦੇ ਹਨ।

714. ਸਤਿਗੁਰੂ ਕੇਵਲ ਇਕ ਹੀ ਹੈ। ਸਤਿਗੁਰੂ ਭਾਵੇਂ ਵੱਖ-ਵੱਖ ਸਰੀਰ ਧਾਰਨ ਕਰ ਲਵੇ ਪ੍ਰੰਤੂ ਗਿਆਨ ਕਦੀ ਨਹੀਂ ਬਦਲਦਾ।

715. ਝੂਠ ਦੇ ਅਨੇਕਾਂ ਗੁਰੂ ਹੋ ਸਕਦੇ ਹਨ।

716. ਵਿਗਿਆਨਿਕ ਅਤੇ ਦਾਰਸ਼ਨਿਕ ਅਨੇਕਾਂ ਹਨ। ਉਹ ਦੁਨਿਆਵੀਂ ਮਾਮਲਿਆਂ ਦੇ ਗੁਰੂ ਹਨ।

717. ਅਧਿਆਤਮਿਕ ਗੁਰੂ ਜਾਂ ਸੱਚਾ ਮਾਰਗ-ਦਰਸ਼ਕ ਜੋ ਵਿਦਿਆਰਥੀ ਨੂੰ ਵਾਹਿਗੁਰੂ ਨਾਲ ਮਿਲਾਉਣ ਦੀ ਕਾਬਲੀਅਤ ਰੱਖਦਾ ਹੈ, ਉਹ ਕੇਵਲ ਇਕ ਹੀ ਹੈ।

718. ਕੇਵਲ ਸਤਿ ਹੀ ਸਤਿ ਨਾਲ ਮਿਲ ਸਕਦਾ ਹੈ।

719. ਸਤਿਗੁਰੂ, ਸੱਚੇ ਪਿਆਰ ਨਾਲ ਹਮੇਸ਼ਾ ਹੀ, ਸੰਪੂਰਨ ਰੂਪ ਵਿਚ ਵਾਹਿਗੁਰੂ ਨਾਲ ਮਿਲਿਆ ਹੁੰਦਾ ਹੈ।

720. ਵਾਹਿਗੁਰੂ ਦਾ ਸੱਚਾ ਸੇਵਕ ਉਸਦੇ ਦਰਸ਼ਨ ਉਦੋਂ ਪਾਉਂਦਾ ਹੈ, ਜਦੋਂ ਦੋਨਾਂ ਦਾ ਨਾਤਾ ਸਿਖ਼ਰ 'ਤੇ ਪਹੁੰਚ ਜਾਂਦਾ ਹੈ।

721. ਸਤਿਗੁਰੂ ਦੀ ਸਿੱਖ ਉੱਪਰ ਉਦੋਂ ਕ੍ਰਿਪਾ ਹੁੰਦੀ ਹੈ ਜਦੋਂ, ਸਿੱਖ ਦਾ ਧਿਆਨ ਹਰ ਵੇਲੇ ਸਤਿ ਤੇ ਲੱਗਾ ਰਹਿੰਦਾ ਹੈ, ਅਤੇ ਉਹ ਗੁਰੂ ਦਾ ਗਿਆਨ ਸਿੱਖਣ ਲਈ ਤੱਤਪਰ ਹੁੰਦਾ ਹੈ।

722. ਗੁਰਮਤਿ ਦੀ ਸਿੱਖਿਆ, ਜੋ ਸਫਲ ਸਿੱਖਿਆ ਗ੍ਰਹਿਣ ਤੇ ਸਮਾਪਤ ਹੁੰਦੀ ਹੈ, ਉਦੋਂ ਸ਼ੁਰੂ ਹੁੰਦੀ ਹੈ ਜਦੋਂ ਸਿੱਖ, ਸਤਿਗੁਰੂ ਨੂੰ ਆਪਣਾ ਗੁਰੂ ਮੰਨਦਾ ਹੈ ਅਤੇ ਸਤਿਗੁਰੂ, ਸਿੱਖ ਨੂੰ ਆਪਣਾ ਸਿੱਖ ਮੰਨਦਾ ਹੈ। ਦੋਨਾਂ ਵਿਚ, ਇਸ ਨਾਤੇ ਦੀ ਨਿਰੰਤਰਤਾ ਕਾਇਮ ਹੋਣ 'ਤੇ, ਸੇਵਕ ਦੇ ਵਿਚਾਰਾਂ, ਕਰਮਾਂ, ਦ੍ਰਿਸ਼ਟੀਕੋਣ ਅਤੇ ਕਰਮਾਂ ਦੇ ਵਿਚ ਸਤਿਗੁਰੂ ਦੇ ਗਿਆਨ ਦੀ ਅਨੁਕੂਲਤਾ ਅਨੁਸਾਰ ਤਬਦੀਲੀ ਆਉਣ ਲੱਗਦੀ ਹੈ।

723. ਸ਼ਬਦ 'ਆਹਾ' ਉਦੋਂ ਮੂੰਹ ਵਿਚੋਂ ਨਿਕਲਦਾ ਹੈ ਜਦੋਂ ਕੋਈ ਮਨੁੱਖ ਕਿਸੇ ਘਟਨਾ ਜਾ ਅਨੁਭਵ ਬਾਰੇ ਆਨੰਦ ਮਹਿਸੂਸ ਕਰਦਾ ਹੈ, 'ਹਾਏ' ਸ਼ਬਦ ਉਦੋਂ ਨਿਕਲਦਾ ਹੈ, ਜਦੋਂ ਮਨੁੱਖ ਦੁੱਖ ਅਨੁਭਵ ਕਰਦਾ ਹੈ। 'ਵਾਹ' ਸ਼ਬਦ ਉਦੋਂ ਨਿਕਲਦਾ ਹੈ, ਜਦੋਂ ਕੋਈ ਕਿਸੇ ਵਿਅਕਤੀ, ਕਿਸੇ ਘਟਨਾ ਜਾਂ ਅਨੁਭਵ ਤੋਂ ਅਤਿਅੰਤ ਪ੍ਰਭਾਵਿਤ ਹੁੰਦਾ ਹੈ।

724. ਜਦੋਂ 'ਵਾਹਿਗੁਰੂ' ਸ਼ਬਦ ਉਚਾਰਿਆ ਜਾਂਦਾ ਹੈ, ਤਾਂ ਇਸਦਾ ਅਰਥ ਹੁੰਦਾ ਹੈ ਕਿ ਸਿੱਖ, ਸਤਿਗੁਰੂ ਦੇ ਆਪਣੇ ਸਿੱਖ ਦੇ ਵਿਚਾਰਾਂ ਭਾਵਨਾਵਾਂ ਅਤੇ ਕਰਮਾਂ ਵਿਚ ਲਿਆਂਦੀ ਤਬਦੀਲੀ ਤੋਂ ਬਹੁਤ ਅਧਿਕ ਪ੍ਰਭਾਵਿਤ ਹੈ।

725. ਸਤਿਗੁਰੂ ਤੋਂ ਵਾਹਿਗੁਰੂ ਦੀ ਵਡਿਆਈ ਅਤੇ ਪਵਿੱਤਰ ਮਹਾਨਤਾ ਬਾਰੇ ਜਾਣੋ ਅਤੇ ਉਸਦੀ ਭਗਤੀ ਕਰੋ, ਉਸ ਵਾਸਤੇ ਸਭ ਤੋਂ ਵੱਧ ਸਤਿਕਾਰ ਰੱਖੋ। ਇਸ ਨਾਲ, ਯਕੀਨਨ, ਤੁਹਾਨੂੰ ਬਹੁਤ ਲਾਭ ਹੋਵੇਗਾ। ਜੇ ਤੁਸੀਂ ਵਾਹਿਗੁਰੂ ਤੋਂ ਬੇਮੁਖ ਹੁੰਦੇ ਹੋ ਤਾਂ ਫਿਰ ਯਕੀਨਨ, ਤੁਸੀਂ ਬਹੁਤ ਨੁਕਸਾਨ ਉਠਾਉਗੇ।

726. ਵਾਹਿਗੁਰੂ ਨਾਲ ਸੰਬੰਧ ਬਾਰੇ ਗੁਰਮੁਖ ਦੇ ਦ੍ਰਿਸ਼ਟੀਕੋਣ ਵਿਚ ਦੋਨੋਂ ਤਰਕਸੰਗਤ ਦੇ ਨਾਲ-ਨਾਲ ਭਾਵਨਾਤਮਿਕ ਤੱਤ ਵੀ ਸ਼ਾਮਿਲ ਹੁੰਦੇ ਹਨ। ਤਰਕਸੰਗਤ ਤੱਤ ਹਨ ਗੁਰੂ

ਦੇ ਸਿੱਖ ਨੂੰ ਦਿੱਤੇ ਉਹ ਉਪਦੇਸ਼ ਹੁੰਦੇ ਹਨ ਜਿਨ੍ਹਾਂ ਦੁਆਰਾ ਉਹ ਪ੍ਰਮਾਤਮਾ ਦੇ ਅਨੁਸਾਰ ਰਹਿਣ ਅਤੇ ਪ੍ਰਮਾਤਮਾ ਬਾਰੇ ਸੋਚਣਾ ਸਿਖਾਉਂਦਾ ਹੈ। ਭਾਵਨਾਤਮਿਕ ਤੱਤ, ਉਹ ਭਾਵਨਾਤਮਿਕ ਨਾਤੇ ਹਨ, ਜੋ ਗੁਰੂ ਆਪਣੇ ਸਿੱਖ ਅੰਦਰ ਭਰਦਾ ਹੈ ਤਾਂ ਕਿ ਉਹ ਵਾਹਿਗੁਰੂ ਬਾਰੇ ਮਹਿਸੂਸ ਕਰ ਸਕੇ ਅਤੇ ਉਸਦੇ ਨਾਲ ਸੰਵਾਦ ਕਰ ਸਕੇ।

727. ਵਾਹਿਗੁਰੂ ਹਰੇਕ ਚੀਜ਼ ਅਤੇ ਹਰੇਕ ਮਨੁੱਖ ਉੱਪਰ ਆਪਣੀ ਛਾਪ ਛੱਡਦਾ ਹੈ, ਉਹ ਭਾਵੇਂ ਲੋਕਾਂ ਵੱਲੋਂ ਪਛਾਣੀ ਜਾਵੇ ਭਾਵੇਂ ਨਾ ਪਛਾਣੀ ਜਾਵੇ। ਉਸਦੀ ਛਾਪ ਬੇਅੰਤ ਕਿਸਮਾਂ ਦੀਆਂ ਵਸਤੂਆਂ ਉੱਪਰ ਹੈ—ਉਹ ਭਾਵੇਂ ਦ੍ਰਿਸ਼ ਹੋਣ ਜਾਂ ਅਦ੍ਰਿਸ਼। ਜੇ ਸਰਵ-ਵਿਆਪਕ ਵਜੋਂ ਪਛਾਣਿਆ ਗਿਆ, ਤਾਂ ਫਿਰ ਉਸਦਾ ਦਰਸ਼ਨ ਜ਼ਰੂਰੀ ਹੈ। ਕਿੰਨੀ ਵਿਲੱਖਣ ਗੱਲ ਹੈ ਕਿ ਜੇ ਉਹ ਸਰਵ-ਵਿਆਪੀ ਦੀ ਤਰ੍ਹਾਂ ਜਾਣਿਆ ਜਾਂਦਾ ਹੈ ਤਾਂ ਉਸਦੇ ਦਰਸ਼ਨ ਅਟੱਲ ਹਨ।

728. ਰਚਨਾ ਵਿਚ ਹਰੇਕ ਚੀਜ਼ ਅਤੇ ਹਰੇਕ ਵਿਅਕਤੀ ਬਿਨਸਣਹਾਰ ਹੈ। ਕੇਵਲ ਵਾਹਿਗੁਰੂ ਦੇ ਅਤੇ ਉਸਦੇ ਸੇਵਕ ਵਿਚਲਾ ਸੰਬੰਧ (ਮਿਲਾਪ) ਸਦੀਵੀ ਹੈ।

729. ਜੇ ਇਕ ਸਿੱਖ ਸ਼ਰਧਾ ਨਾਲ ਗੁਰਬਾਣੀ ਵਿਚਾਰਦਾ ਜਾਂ ਗਾਉਂਦਾ ਹੈ ਤਾਂ ਉਹ, ਉਸੇ ਵੇਲੇ ਗੁਰੂ ਅਤੇ ਵਾਹਿਗੁਰੂ ਨਾਲ ਜੁੜ ਸਕਦਾ ਹੈ।

730. ਕੇਵਲ ਭਗਤ ਹੀ ਵਾਹਿਗੁਰੂ ਨਾਲ ਆਪਣੇ ਨਾਤੇ ਦੀ ਕਦਰ ਕਰਦਾ ਹੈ ਅਤੇ ਉਸਨੂੰ ਪਿਆਰ ਕਰਦਾ ਹੈ। ਪ੍ਰਮਾਤਮਾ ਆਪਣੇ ਭਗਤ ਪੈਦਾ ਕਰਦਾ ਹੈ ਜੋ ਉਸਨੂੰ ਪਿਆਰ ਕਰਦੇ ਹਨ ਅਤੇ ਉਸਨੂੰ ਪਿਆਰ ਕਰਨ ਵਿਚ ਦੂਸਰਿਆਂ ਦੀ ਵੀ ਸਹਾਇਤਾ ਕਰਦੇ ਹਨ।

731. ਸਤਿਗੁਰੂ (ਗਿਆਨਵਾਨ, ਅਤੇ ਅਗਿਆਨਤਾ ਦੂਰ ਕਰਨ ਵਾਲਾ) ਪ੍ਰਮਾਤਮਾ ਦਾ ਹੀ ਇਕ ਗੁਣ/ਵਿਸ਼ੇਸ਼ਣ ਹੈ।

732. ਵਾਹਿਗੁਰੂ ਵਿਚ 'ਵਾਹਿ' ਹਿੱਸਾ ਸਿੱਖ ਦੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਆਪਣੀਆਂ ਸਿੱਖਿਆਵਾਂ ਦੁਆਰਾ ਨਵਾਂ ਰੂਪ ਪ੍ਰਦਾਨ ਕਰਨ ਵਾਲੇ ਗੁਰੂ ਪ੍ਰਤੀ ਪ੍ਰਸੰਸਾ, ਸਨਮਾਨ, ਸ਼ਲਾਘਾ, ਸ਼ਰਧਾਂਜਲੀ, ਭਗਤੀ, ਜੈ-ਜੈ ਕਾਰ, ਉੱਚਿਆਂ ਕਰਦਾ ਅਤੇ ਉਸ ਪ੍ਰਤੀ ਸ਼ੁਕਰਾਨਾ ਪ੍ਰਗਟ ਕਰਦਾ ਹੈ। ਉਸਦੇ ਵਿਅੱਕਤਿੱਤਵ ਵਿਚ ਇਸ ਤਬਦੀਲੀ ਮਗਰੋਂ ਸਿੱਖ ਵਾਹਿਗੁਰੂ ਨੂੰ ਪਿਆਰ ਕਰਦਾ ਅਤੇ ਉਸਦਾ ਸਤਿਕਾਰ ਕਰਦਾ ਹੈ।

733. ਵਾਹਿਗੁਰੂ, ਸਤਿਗੁਰੂ ਦਾ ਗੁਰੂ ਹੈ।

734. ਗੁਰਸ਼ਬਦ ਨੂੰ ਬੜੇ ਧਿਆਨ ਨਾਲ ਸੁਣ ਕੇ, ਗੁਰ ਸ਼ਬਦ ਪੜ੍ਹ ਕੇ, ਕੀਰਤਨ ਕਰਕੇ ਅਤੇ ਕੀਰਤਨ ਸੁਣ ਕੇ, ਸਿੱਖ, ਗੁਰੂ ਦੀਆਂ ਵਾਹਿਗੁਰੂ ਸਦੀਵੀ ਕਾਇਮ ਰਹਿਣ ਵਾਲੇ ਗੁਰੂ, ਉਸਦੇ ਸੰਤਾਂ ਦੇ ਵਿਚਾਰਾਂ ਅਤੇ ਭਾਵਨਾਵਾਂ ਵਿਚ ਸ਼ਾਮਿਲ ਹੁੰਦਾ ਹੈ।

735. ਜੇ ਸਤਿਗੁਰੂ ਦਾ ਸਿੱਖ, ਵਾਹਿਗੁਰੂ ਨਾਲ ਮਿਲਾਪ ਤੋਂ ਬਾਅਦ ਹਾਸਿਲ ਹੋਣ ਵਾਲੀ ਜਾਗਰੁਕਤਾ ਦੀ ਦਾਤ ਤੇ ਵਿਚਾਰ ਕਰਦਾ ਹੈ, ਤਾਂ ਫਿਰ ਸਿੱਖ ਸੁਭਾਵਿਕ ਤੌਰ 'ਤੇ ਹੀ ਸੱਚਾ ਆਨੰਦ ਮਾਣਦਾ ਹੈ।

736. ਵਾਹਿਗੁਰੂ ਦੇ ਭਗਤ ਦੇ ਇਸ ਕਥਨ ਨੂੰ ਵਿਚਾਰੋ : ''ਵਾਹਿਗੁਰੂ ਮੈਂ ਤੇਰੇ ਬਗੈਰ ਅਧੂਰਾ ਹਾਂ, ਤੂੰ ਮੇਰੇ ਬਗੈਰ ਅਧੂਰਾ ਹੈਂ।''

737. ਸਤਿਗੁਰੂ ਦੇ ਗਿਆਨ ਦੇ ਪ੍ਰਭਾਵ ਵਜੋਂ, ਸਿੱਖ ਦਾ ਪੂਰੀ ਤਰ੍ਹਾਂ ਗਿਆਨਵਾਨ ਮਨ, ਵਾਹਿਗੁਰੂ ਦਾ ਨਿਰੰਤਰ ਦਰਸ਼ਨ ਪਾਉਂਦਾ ਹੈ। ਉਹ ਵਾਹਿਗੁਰੂ ਨਾਲ ਨਿਰੰਤਰ ਸਾਂਝ ਦਾ ਅਨੁਭਵ ਕਰਦਾ ਹੈ। ਸਿੱਖ ਦੇ ਮਨ ਅੰਦਰ ਇਹ ਧੁਨ ਉਸਨੂੰ 'ਅਨਹਦ ਸ਼ਬਦ ਅਤੇ ਅਨਹਦ ਨਾਦ' ਦਾ ਅਹਿਸਾਸ ਲਿਆਉਂਦੀ ਹੈ। ਇਸ ਧੁਨ ਨਾਲ ਸ਼ਾਂਤੀ ਅਤੇ ਪ੍ਰਸੰਨਤਾ ਵੀ ਪ੍ਰਾਪਤ ਹੁੰਦੀ ਹੈ।

738. ਮੌਲਿਕ ਸੱਚਾਈ ਇਹ ਹੈ ਕਿ ਜੀਵਨ ਤਾਂ ਵਾਹਿਗੁਰੂ ਦੀ ਆਰਜ਼ੀ ਦਾਤ ਹੈ। ਜਦੋਂ ਸਵਾਸ (ਸਾਹ) ਰੁਕ ਜਾਂਦੇ ਹਨ, ਜੀਵਨ ਰੁਕ ਜਾਂਦਾ ਹੈ। ਇਸ ਸੱਚਾਈ ਨੂੰ ਵਿਚਾਰ ਕੇ ਤੁਸੀਂ ਮਹਿਸੂਸ ਕਰੋਗੇ ਕਿ ਮਨੁੱਖ ਦਾ ਕੁਝ ਵੀ ਆਪਣਾ ਨਹੀਂ ਹੈ।

739. ਵਾਹਿਗੁਰੂ ਨੂੰ ਸਿਮਰਦੇ ਸਮੇਂ, ਜਿਵੇਂ ਸਤਿਗੁਰੂ ਦੇ ਵਾਕ ਸਪੱਸ਼ਟ, ਦਿਲੀ ਸੱਚੇ, ਸ਼ਰਧਾ ਭਰੇ, ਸਾਫ਼ ਅਤੇ ਸ਼ੰਕਾ-ਰਹਿਤ ਹੁੰਦੇ ਹਨ, ਸੇਵਕ ਦੇ ਵਾਹਿਗੁਰੂ ਪ੍ਰਤੀ ਭਾਵ ਵੀ ਇਸੇ ਤਰ੍ਹਾਂ ਸਪੱਸ਼ਟ, ਦਿਲੀ ਸੱਚੇ, ਸ਼ਰਧਾ ਭਰੇ, ਸਾਫ਼ ਅਤੇ ਸ਼ੰਕਾ-ਰਹਿਤ ਹੋਣੇ ਚਾਹੀਦੇ ਹਨ। ਜੇ ਅਜਿਹਾ ਹੁੰਦਾ ਹੈ ਤਾਂ ਫਿਰ ਵਾਹਿਗੁਰੂ, ਸੇਵਕ ਦੇ ਸਨਮੁੱਖ (ਸਾਹਮਣੇ), ਆਪਣੇ ਦਰਸ਼ਨ ਦੇ ਰਿਹਾ ਹੁੰਦਾ ਹੈ।

740. ਜੇ ਸੇਵਕ ਸੱਚ ਬੋਲਦਾ ਹੈ, ਸੱਚ ਹੀ ਸੋਚਦਾ ਹੈ, ਵਾਹਿਗੁਰੂ ਨੂੰ ਧਿਆਉਂਦਾ ਹੈ ਅਤੇ ਚਾਲਾਕੀ ਜਾਂ ਧੋਖਾ ਨਹੀਂ ਕਰਦਾ, ਤਾਂ ਫਿਰ ਉਹ ਵਾਹਿਗੁਰੂ ਨਾਲ ਸੁਮੇਲ ਦੇ ਆਪਣੇ ਨਿਸ਼ਾਨੇ ਵਿਚ ਪ੍ਰਗਤੀ ਕਰਦਾ ਹੈ। ਜੇ ਕੋਈ ਮਨੁੱਖ, ਇਸਦੇ ਉਲਟ ਵਰਤਾਉ ਕਰਦਾ ਹੈ ਤਾਂ ਫਿਰ ਉਹ ਕੋਈ ਪ੍ਰਗਤੀ ਨਹੀਂ ਕਰਦਾ। ਬਲਕਿ ਉਸਦਾ ਨਾਸ ਹੁੰਦਾ ਹੈ।

741. ਸਤਿਗੁਰ ਦੇ ਗਿਆਨ ਨੂੰ ਕਹਿਣ, ਪੜ੍ਹਨ, ਸੁਨਣ, ਵਿਚਾਰਨ ਦਾ ਮੁੱਖ ਉਦੇਸ਼ ਮਨ ਨੂੰ ਹਮੇਸ਼ਾਂ ਉਨੀ ਦੇਰ ਵਾਹਿਗੁਰੂ ਦੇ ਨਜ਼ਦੀਕ ਲਿਜਾਂਦੇ ਰਹਿਣਾ ਹੈ, ਜਦ ਤੱਕ ਮਨ, ਵਾਹਿਗੁਰੂ ਵਿਚ ਸਮਾ ਨਹੀਂ ਜਾਂਦਾ।

742. ਗੁਰਬਾਣੀ ਦੀ ਮਦਦ ਨਾਲ ਗੁਰੂ ਅਤੇ ਵਾਹਿਗੁਰੂ ਨਾਲ ਇੰਜ ਜੁੜੋ ਜਿਵੇਂ ਵਾਹਿਗੁਰੂ ਏਸੇ ਘੜੀ ਏਸੇ ਪਲ ਸਾਡੇ ਨਾਲ ਹੈ, ਸਮੇਂ ਅਤੇ ਜਗ੍ਹਾ ਦੀ ਕੋਈ ਦੂਰੀ ਨਹੀਂ ਹੈ।

743. ਪ੍ਰਮਾਤਮਾ ਦੀ ਭਗਤੀ ਨਾਲ ਆਤਮ ਆਨੰਦ ਪ੍ਰਾਪਤ ਹੁੰਦਾ ਹੈ ਤੇ ਸਾਰੀਆਂ ਚਿੰਤਾਵਾਂ, ਦੁੱਖ, ਤਕਲੀਫਾਂ ਅਤੇ ਸ਼ੰਕੇ ਦੂਰ ਹੁੰਦੇ ਹਨ।

744. ਆਤਮ ਆਨੰਦ ਪ੍ਰਾਪਤ ਕਰਨ ਦੀ ਸਮਰੱਥਾ ਹਰੇਕ ਦੇ ਅੰਦਰ ਮੌਜੂਦ ਹੈ। ਪ੍ਰੰਤੂ, ਜੇ ਮਨ ਮਾਇਆ ਦੇ ਮੋਹ ਵਿਚ ਫਸਿਆ ਹੈ, ਤਾਂ ਇਸ ਸਮਰੱਥਾ ਨੂੰ ਦੇਖ ਪਾਉਣਾ ਅਸੰਭਵ ਹੈ।

745. ਗੁਰੂ ਦਾ ਸਿੱਖ ਮਾਇਆ ਦੇ ਅਧੀਨ ਨਹੀਂ ਹੁੰਦਾ ਪ੍ਰੰਤੂ ਸਤਿਗੁਰੂ ਦੇ ਉਪਦੇਸ਼ਾਂ ਅਨੁਸਾਰ ਮਾਇਆ ਨਾਲ ਸੰਬੰਧ ਰੱਖਦਾ ਹੈ।

746. ਸਾਰਾ ਸੰਸਾਰ ਮਾਇਆ ਦੇ ਮੋਹ ਵਿਚ ਫਸਿਆ ਹੋਇਆ ਹੈ ਪਰ ਗੁਰੂ ਦਾ ਸਿੱਖ ਸੱਚੇ ਪ੍ਰਭੂ ਵਿਚ ਲੀਨ ਰਹਿੰਦਾ ਹੈ।

747. ਪ੍ਰਮਾਤਮਾ ਸੱਚਾ ਹੈ। ਸਦੀਵੀ ਸਤਿ ਪ੍ਰਮਾਤਮਾ ਹੈ।

748. ਚੰਗੇ-ਮਾੜੇ, ਹਰੇਕ ਵਕਤ ਦੌਰਾਨ, ਪ੍ਰਮਾਤਮਾ ਨਾਲ ਨੇੜਤਾ ਕਾਇਮ ਰੱਖਣੀ ਹੀ ਸੱਚੇ ਪਿਆਰ ਦੀ ਪਰਿਭਾਸ਼ਾ ਹੈ।

749. ਵਾਹਿਗੁਰੂ, ਸੰਪੂਰਨ ਤੌਰ 'ਤੇ ਸੁਤੰਤਰ ਹੈ। ਲੋਕਾਂ ਨੂੰ ਜਨਮ ਤੋਂ ਹੀ ਆਪਣੀ ਆਜ਼ਾਦੀ ਉੱਪਰ ਲੱਗੀਆਂ ਰੋਕਾਂ ਤੋਂ ਜਾਣੂ ਹੋਣਾ ਪੈਂਦਾ ਹੈ। ਇਸੇ ਕਾਰਣ, ਵਾਹਿਗੁਰੂ ਜੋ ਕਿ ਸਰਵ-ਵਿਆਪਕ, ਸਰਵ-ਗਿਆਨੀ, ਸਰਵ-ਸ਼ਕਤੀਮਾਨ, ਅਬਿਨਾਸੀ, ਸਭਨਾਂ ਦਾ ਸਿਰਜਣਹਾਰ, ਸਦੀਵੀ ਕਾਇਮ ਰਹਿਣ ਵਾਲਾ ਹੈ ਉਸ ਦੀ ਵਡਿਆਈ ਨੂੰ ਸਮਝ ਪਾਉਣਾ ਮੁਸ਼ਕਿਲ ਹੈ।

750. ਵਾਹਿਗੁਰੂ ਤੱਕ ਪਹੁੰਚਣ ਦੇ ਅਨੇਕਾਂ ਮਾਰਗਾਂ ਬਾਰੇ ਦਾਅਵੇ ਕੀਤੇ ਜਾਂਦੇ ਹਨ। ਪ੍ਰੰਤੂ ਵਾਸਤਵ ਵਿਚ, ਉਸ ਤੱਕ ਪਹੁੰਚਣ ਦਾ ਕੇਵਲ ਇਕ ਹੀ ਮਾਰਗ ਹੈ। ਇਹ ਮਾਰਗ, ਸਤਿਗੁਰੂ ਹੀ ਦਿਖਾਂਦਾ ਹੈ।

751. ਵਾਹਿਗੁਰੂ, ਸਤਿਗੁਰੂ ਦੇ ਗਿਆਨ ਦੁਆਰਾ, ਮਨੁੱਖ ਦੇ ਵਿਅਕਤਿੱਤਵ ਨੂੰ ਧਰਮ ਪੁਰਸ਼, ਗਿਆਨੀ ਪੁਰਸ਼, ਸੁੰਦਰ ਮਨ ਵਾਲਾ ਮਨੁੱਖ, ਸੰਤ ਸਿਪਾਹੀ, ਸੱਤ-ਪੁਰਸ਼ ਵਿਚ ਤਬਦੀਲ ਕਰ ਦਿੰਦਾ ਹੈ।

752. ਸ੍ਰਿਸ਼ਟੀ ਹੇਠਾਂ ਅਨਗਿਣਤ ਚੱਕਰ ਚੱਲ ਰਹੇ ਹਨ। ਉਦਾਹਰਣ ਵਜੋਂ : ਦਿਨ ਅਤੇ ਰਾਤ ਦਾ ਚੱਕਰ, ਮੌਸਮਾਂ ਦਾ ਚੱਕਰ, ਸੁੱਖ-ਦੁੱਖ ਦਾ ਚੱਕਰ, ਜਨਮ, ਮਰਨ ਅਤੇ ਪੁਨਰ-ਜਨਮ ਦਾ ਚੱਕਰ। ਜੇ ਕੋਈ ਵੱਡਭਾਗੀ ਮਨੁੱਖ ਵਾਹਿਗੁਰੂ ਨਾਲ ਮਿਲਾਪ ਹਾਸਿਲ ਕਰ ਲੈਂਦਾ ਹੈ ਤਾਂ ਫਿਰ, ਵਾਹਿਗੁਰੂ ਦੀ ਤਰ੍ਹਾਂ ਉਹ ਮਨੁੱਖ ਵੀ ਜਨਮ, ਮਰਨ ਅਤੇ ਪੁਨਰ ਜਨਮ ਦੇ ਚੱਕਰਾਂ ਵਿਚ ਨਹੀਂ ਫੱਸਦਾ।

753. ਸਤਿਗੁਰੂ ਦੇ ਸੱਚੇ ਸਿੱਖ ਬਣ ਕੇ ਹੀ ਵਾਹਿਗੁਰੂ ਨਾਲ ਸਦੀਵੀ ਸਾਂਝ ਸਥਾਪਿਤ ਕਰਨਾ ਸੰਭਵ ਹੈ।

754. ਪ੍ਰਮਾਤਮਾ ਦੀ ਰਚਨਾ ਵਿਚ, ਕੀੜੀ ਤੋਂ ਲੈ ਕੇ ਹਾਥੀ ਤੱਕ, ਘਾਹ ਦੇ ਤਿਨਕੇ ਤੋਂ ਲੈ

ਕੇ ਜੰਗਲ ਤੱਕ, ਹਰ ਕੋਈ ਅੰਤਿਮ ਪਲਾਂ ਬਾਰੇ ਜਾਣਦਿਆਂ ਹੋਇਆ ਵੀ ਆਪਣੇ ਮਿੱਥੇ ਸਮੇਂ ਵਿਚ ਰੁੱਝਾ ਹੋਇਆ ਅਤੇ ਸੁਖੀ ਜੀਵਨ ਬਤੀਤ ਕਰਦਾ ਹੋਇਆ ਪ੍ਰਤੀਤ ਹੁੰਦਾ ਹੈ।

756. ਪੰਜ ਵਿਕਾਰਾਂ ਦੀ ਲੜਾਈ ਦੇ ਵਿਰੁੱਧ, ਸਤਿਗੁਰੂ ਆਪਣੇ ਸਿੱਖ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਉੱਪਰ ਜਿੱਤ ਪ੍ਰਾਪਤ ਕਰਨ ਵਿਚ ਸਹਾਇਤਾ ਕਰਦਾ ਹੈ।

757. ਸਤਿਗੁਰੂ ਦਾ ਸਿੱਖ : ਗੁੱਸੇ 'ਤੇ ਕਾਬੂ ਪਾਉਂਦਾ ਹੈ ਪ੍ਰੰਤੂ ਅੱਤਿਆਚਾਰ ਦਾ ਵਿਰੋਧ ਕਰਦਾ ਹੈ; ਦਇਆਵਾਨ ਅਤੇ ਦਾਨੀ ਬਣਦਾ ਹੈ, ਮਾਇਆ ਦੇ ਮੁਕਾਬਲੇ ਸੱਚੇ ਪਿਆਰ ਨੂੰ ਚੁਣਦਾ ਹੈ ਅਤੇ ਜ਼ੁਲਮ ਦੀ ਜਗ੍ਹਾ ਨਿਮਰਤਾ ਨੂੰ ਤਰਜੀਹ ਦਿੰਦਾ ਹੈ।

758. ਸਤਿਗੁਰੂ ਦਾ ਸਿੱਖ, ਬਿਨਾਂ ਕਿਸੇ ਸ਼ੱਕ ਦੇ, ਇਸ ਸੱਚਾਈ ਬਾਰੇ ਯਕੀਨੀ ਹੈ ਕਿ ਉਸ ਦਾ ਜੀਵਨ ਦਾਤਾ, ਜੋ ਸਾਰੀ ਰਚਨਾ ਤੇ ਰਾਜ ਕਰਦਾ ਹੈ, ਉਸ ਦਾ ਆਸਰਾ ਹੈ ਅਤੇ ਉਸਦੀ ਰੱਖਿਆ ਕਰਦਾ ਹੈ। ਇਸ ਕਰਕੇ ਸਿੱਖ, ਸ਼ਾਂਤੀ ਅਤੇ ਪ੍ਰਸੰਨਤਾ ਦਾ ਆਨੰਦ ਮਾਣਦਾ ਹੈ ਅਤੇ ਹਰੇਕ ਭੈ ਅਤੇ ਚਿੰਤਾ ਤੋਂ ਮੁਕਤ ਹੈ।

759. ਜਿਵੇਂ ਲਾਲਚੀ ਆਦਮੀ ਦਾ ਸੁਭਾਅ ਲਾਲਚ ਕਰਨਾ ਅਤੇ ਦੌਲਤ ਇਕੱਠੀ ਕਰਨਾ ਹੁੰਦਾ ਹੈ, ਤਿਵੇਂ ਭਗਤ ਦਾ ਸੁਭਾਅ, ਭਗਤੀ ਵਿਚ ਲੀਨ ਰਹਿਣਾ ਹੁੰਦਾ ਹੈ।

760. ਲਾਲਚੀ ਆਦਮੀ ਨੂੰ ਲਾਲਚ ਕਰਨ ਲਈ ਸੋਚਣ, ਕੁਝ ਯਾਦ ਰੱਖਣ ਜਾਂ ਧਿਆਨ ਲਗਾਉਣ ਦੀ ਜ਼ਰੂਰਤ ਨਹੀਂ ਹੁੰਦੀ। ਉਹ ਪਹਿਲਾਂ ਹੀ ਸੱਚਮੁੱਚ ਲਾਲਚੀ ਹੁੰਦਾ ਹੈ। ਇਸੇ ਤਰ੍ਹਾਂ ਭਗਤ ਨੂੰ ਵੀ ਭਗਤ ਬਨਣ ਲਈ ਕੁਝ ਸੋਚਣ, ਯਾਦ ਰੱਖਣ ਜਾਂ ਵਾਹਿਗੁਰੂ ਨੂੰ ਧਿਆਉਣ ਦੀ ਜ਼ਰੂਰਤ ਨਹੀਂ ਹੁੰਦੀ। ਉਹ ਪਹਿਲਾਂ ਹੀ ਸੱਚਮੁੱਚ ਭਗਤ ਹੁੰਦਾ ਹੈ। ਉਸਦੇ ਮਨ ਦੀ ਬਿਰਤੀ (ਅਵੱਸਥਾ) ਪ੍ਰਮਾਤਮਾ ਨਾਲ ਪਹਿਲਾਂ ਹੀ ਸਦੀਵੀ ਸਾਂਝ ਨਾਲ ਜੁੜੀ ਹੁੰਦੀ ਹੈ।

761. ਜਿਸ ਤਰ੍ਹਾਂ ਪਿਆਸਾ ਵਿਅਕਤੀ ਸਹਿਜ ਸੁਭਾਵਕ ਹੀ ਪਾਣੀ ਦੀ ਭਾਲ ਕਰਦਾ ਹੈ ਅਤੇ ਸੁਤੇ ਸਿਧ ਹੀ ਉਸਦਾ ਧਿਆਨ ਪਾਣੀ ਵਿਚ ਰਹਿੰਦਾ ਹੈ, ਉਸੇ ਤਰ੍ਹਾਂ, ਵਾਹਿਗੁਰੂ ਨਾਲ ਮਨ ਦੀ ਸਦੀਵੀ ਸਾਂਝ ਮਨ ਦੀ ਜਾਗਰੁਕਤਾ ਕਾਰਣ ਹੁੰਦੀ ਹੈ ਜੋ ਸਹਿਜ ਸੁਭਾਵਕ ਹੀ ਵਾਹਿਗੁਰੂ ਨੂੰ ਭਾਲਦਾ ਹੈ ਅਤੇ ਵਾਹਿਗੁਰੂ ਨੂੰ ਧਿਆਉਂਦਾ ਹੈ।

762. ਵਾਹਿਗੁਰੂ, ਸਤਿਗੁਰੂ ਨੂੰ ਗੁਰੂ ਦੀ ਜੋਤ ਪ੍ਰਦਾਨ ਕਰਦਾ ਹੈ।

763. ਸਤਿਗੁਰੂ ਸਿੱਖ ਦਾ ਮਨ, ਬ੍ਰਹਮ ਗਿਆਨ ਨਾਲ ਨਿਵਾਜਦਾ ਹੈ।

764. ਵਾਹਿਗੁਰੂ ਅਤੇ ਸਤਿਗੁਰੂ, ਦੋਨੋਂ ਸੇਵਕ/ਸਿੱਖ ਨੂੰ ਬ੍ਰਹਮ ਗਿਆਨ ਦਾ ਉਪਦੇਸ਼ ਦਿੰਦੇ ਹਨ।

765. ਬ੍ਰਹਮ ਗਿਆਨ ਨਾਲ ਪੂਰੀ ਤਰ੍ਹਾਂ ਰੋਸ਼ਨ, ਸਿੱਖ ਦਾ ਮਨ-ਬ੍ਰਹਮ (ਵਾਹਿਗੁਰੂ),

ਆਤਮਾ, ਸਤਿਗੁਰੂ, ਅਤੇ ਸੰਤਾਂ ਦੇ ਹਰ ਪਲ ਨਿਰੰਤਰ ਦਰਸ਼ਨ ਕਰਦਾ ਹੈ।

766. ਬ੍ਰਹਮ ਗਿਆਨ ਨਾਲ ਪੂਰੀ ਤਰ੍ਹਾਂ ਰੌਸ਼ਨ ਸਿੱਖ ਦੀ ਸੁਰਤਿ, ਬਿਰਤੀ, ਸਿੱਖ ਦਾ ਚਿੱਤ, ਹਮੇਸ਼ਾਂ ਦਸਮ ਦੁਆਰ ਅੰਦਰ ਹੁੰਦਾ ਹੈ।

767. ਬ੍ਰਹਮ ਗਿਆਨ ਨਾਲ ਪੂਰੀ ਤਰ੍ਹਾਂ ਰੌਸ਼ਨ ਸਿੱਖ ਦੀ ਸੁਰਤਿ, ਸਿੱਖ ਦਾ ਹਿਰਦੇ, ਵਾਹਿਗੁਰੂ, ਗੁਰੂ, ਸੰਤਾਂ ਅਤੇ ਨਿਜ ਰੂਪ ਨਾਲ, ਮਿਲਾਪ ਵਿਚ ਹੁੰਦਾ ਹੈ। ਦੂਸਰੇ ਸ਼ਬਦਾਂ ਵਿਚ, ਵਾਹਿਗੁਰੂ, ਗੁਰੂ ਅਤੇ ਸੰਤ-ਤਿੰਨੋਂ ਸਤਿਗੁਰੂ ਦੇ ਸੁਧਰੇ ਹੋਏ ਸਿੱਖ ਦੀ ਸੁਰਤਿ, ਹਿਰਦੇ ਵਿਚ ਨਿਵਾਸ ਕਰਦਾ ਹੈ।

768. ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ, ਬ੍ਰਹਮ ਗਿਆਨ ਦੁਆਰਾ, ਧੰਨ ਧੰਨ ਅਤੇ ਪਿਆਰੇ ਵਾਹਿਗੁਰੂ ਬਾਰੇ ਸਿੱਖ ਨਾਲ ਗੱਲ ਕਰਦੇ ਹਨ।

769. ਗੁਰਬਾਣੀ ਪਰਮ-ਪਿਆਰੇ ਵਾਹਿਗੁਰੂ ਦੇ ਸੱਚੇ ਪਿਆਰ ਨਾਲ ਭਰੀ ਹੋਈ ਹੈ।

770. ਜੇ ਕੋਈ ਮਨੁੱਖ, ਬਿਨਾਂ ਕਿਸੇ ਸ਼ੰਕੇ ਦੇ, ਵਾਹਿਗੁਰੂ ਨੂੰ ਸਿਰਜਣਹਾਰ, ਪਾਲਣਹਾਰ ਅਤੇ ਨਾਸ਼ਕ ਮੰਨਦੇ ਹੋਏ, ਉਸਦੀ ਹੋਂਦ ਉੱਤੇ ਭਰੋਸਾ ਕਰਦਾ ਹੈ ਤਾਂ ਫਿਰ ਉਸਨੂੰ ਉਸਦੀ ਹੋਂਦ ਹਰ ਪਾਸੇ, ਹਰ ਇਕ ਚੀਜ਼ ਵਿਚ ਅਤੇ ਹਰੇਕ ਜੀਵ ਵਿਚ ਨਜ਼ਰ ਆਉਂਦੀ ਹੈ। ਤਰਕ ਸੰਗਤ ਨਾਲ ਗੱਲ ਕਰਦਿਆਂ, ਇਹ ਕਹਿ ਸਕਦੇ ਹਾਂ ਕਿ ਉਪਰੋਕਤ ਵਿਸ਼ਵਾਸ ਦਾ ਇਹੋ ਹੀ ਇਕੋ-ਇਕ ਨਤੀਜਾ ਨਿਕਲਦਾ ਹੈ।

771. ਮਨੁੱਖ ਇਹ ਕਿਵੇਂ ਜਾਣੇਗਾ ਕਿ ਪ੍ਰਮਾਤਮਾ ਉੱਪਰ ਉਪਰੋਕਤ ਦਰਸਾਇਆ ਭਰੋਸਾ ਕੇਵਲ ਇਕ ਕਲਪਨਾ ਜਾਂ ਅਨੁਮਾਨ ਨਹੀਂ ਹੈ? ਇਹ ਜਾਨਣ ਲਈ ਕਿ ਉਪਰੋਕਤ ਵਿਸ਼ਵਾਸ, ਕੇਵਲ ਕਲਪਨਾ ਮਾਤਰ ਨਹੀਂ ਬਲਕਿ, ਇਹ ਵਿਸ਼ਵਾਸ, ਸਦੀਵੀ ਕਾਇਮ ਰਹਿਣ ਵਾਲੀ ਸੱਚੀ ਸ਼ਖਸ਼ੀਅਤ ਨਾਲ ਸੰਬੰਧਿਤ ਹੈ, ਮਨੁੱਖ ਨੂੰ ਵਾਹਿਗੁਰੂ ਨਾਲ ਭਾਵਨਾਤਮਕ ਰਿਸ਼ਤੇ ਜੋੜਣੇ ਪੈਣਗੇ। ਇਹ ਭਾਵਨਾਤਮਕ ਰਿਸ਼ਤੇ, ਵਾਹਿਗੁਰੂ ਨਾਲ ਮਿਲਾਪ ਵਾਲੇ ਸਤਿਗੁਰੂ ਦੇ ਸਿੱਖ ਬਣ ਕੇ ਹਾਸਿਲ ਹੋ ਸਕਦੇ ਹਨ।

772. ਵਾਹਿਗੁਰੂ ਨਾਲ ਸ਼ਰਧਾ-ਭਾਵਨਾ ਦੀ ਪ੍ਰਾਪਤੀ ਲਈ, ਜਾਂ ਉਸਦੇ ਦਰਸ਼ਨ ਪਾਉਣ ਲਈ, ਇਹ ਜ਼ਰੂਰੀ ਹੈ ਕਿ ਮਨੁੱਖ, ਪ੍ਰਮਾਤਮਾ ਅਤੇ ਉਸਦੇ ਸੇਵਕ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ, ਪੂਰੀ ਤਰ੍ਹਾਂ ਵਫ਼ਾਦਾਰ, ਪੂਰੀ ਤਰ੍ਹਾਂ ਨਿਮਰ, ਪੂਰੀ ਤਰ੍ਹਾਂ ਸਤਿਕਾਰ ਦੇਣ ਵਾਲਾ, ਅਤੇ ਉਸ ਨਾਲ ਆਪਣੇ ਰਿਸ਼ਤੇ ਦੀ ਪੂਰੀ ਤਰ੍ਹਾਂ ਕੀਮਤ ਜਾਨਣ ਵਾਲਾ ਹੋਵੇ। ਅਗਰ ਅਜਿਹਾ ਹੈ, ਤਾਂ ਫਿਰ ਵਾਹਿਗੁਰੂ ਦੇ ਅੰਦਰੂਨੀ ਅਤੇ ਬਾਹਰੀ-ਦੋਨੋਂ ਤਰ੍ਹਾਂ, ਹਰ ਸਮੇਂ ਦਰਸ਼ਨ ਯਕੀਨੀ ਹਨ। ਜੇ ਮਨ, ਵਾਹਿਗੁਰੂ ਨਾਲ ਇਹਨਾਂ ਵਿਚੋਂ ਕੋਈ ਇਕ ਵੀ ਸ਼ਰਧਾ-ਭਾਵਨਾ ਵਾਲਾ ਰਿਸ਼ਤਾ ਰੱਖਦਾ ਹੈ ਤਾਂ, ਫਿਰ ਮਨ ਦੇ ਬਾਕੀ ਨਾਤੇ ਸੁਭਾਵਿਕ ਤੌਰ 'ਤੇ ਹੀ ਰਹਿੰਦੇ ਹਨ।

773. ਇਹ ਸਤਿ ਹੈ : ਸਤਿ ਵਿਚ ਵੀ ਸਤਿ ਹੈ। ਇਕ ਸਤਿ ਮਾਇਆ ਹੈ। ਦੂਸਰਾ ਸਤਿ ਵਾਹਿਗੁਰੂ ਹੈ। ਸਤਿ ਦੇ ਬੌਧਾਤਮਿਕ ਪ੍ਰਭਾਵ ਦੇ ਗੁਣਾਂ ਦੀ ਜਾਗਰੁਕਤਾ ਤੋਂ ਬਿਨਾਂ, ਮਾਇਆ ਦਾ ਸੰਪੂਰਨ ਤੌਰ 'ਤੇ ਮਨ ਉੱਪਰ ਕਾਬੂ ਰਹਿੰਦਾ ਹੈ।

774. ਜਿਸ ਤਰ੍ਹਾਂ ਮਨ ਵਿਚ, ਇਕ ਪਲ ਵਿਚ ਮਾਇਆ ਚੇਤੰਨ ਹੋਣ ਦੀ ਕਾਬਲੀਅਤ ਹੁੰਦੀ ਹੈ, ਠੀਕ ਉਸੇ ਪ੍ਰਕਾਰ, ਮਨ ਵਿਚ ਪ੍ਰਮਾਤਮਾ ਪ੍ਰਤੀ ਚੇਤੰਨਤਾ ਦੀ ਵੀ ਕਾਬਲੀਅਤ ਹੁੰਦੀ ਹੈ। ਮਨ ਵਿਚੋਂ ਇਕ ਨੂੰ ਉਖਾੜ ਸੁੱਟੋ, ਦੂਸਰੀ ਉਸੇ ਵੇਲੇ ਮਨ ਅੰਦਰ ਦਾਖ਼ਲ ਹੋ ਜਾਂਦੀ ਹੈ।

775. ਮਾਇਆ ਦੀ ਸੂਝ ਤੋਂ ਬਗੈਰ, ਮਨ ਵਿਚ ਮਾਇਆ ਪ੍ਰਤੀ ਸੂਝ ਅਤੇ ਇਸਦੇ ਪਰਿਣਾਮ ਸੁਭਾਵਿਕ ਅਤੇ ਅਟੱਲ ਹੁੰਦੇ ਹਨ।

776. ਵਾਹਿਗੁਰੂ ਦੀ ਸੂਝ ਤੋਂ ਬਗੈਰ, ਮਨ ਵਿਚ ਵਾਹਿਗੁਰੂ ਦੇ ਗੁਣਾਂ ਦੀ ਸੂਝ ਅਤੇ ਉਸਦੇ ਪਰਿਣਾਮ, ਸੁਭਾਵਿਕ ਅਤੇ ਅਟੱਲ ਹਨ।

777. ਪ੍ਰਮਾਤਮਾ ਦੀ ਸੂਝ ਇਕ ਪਲ ਵਿਚ ਹਾਸਿਲ ਕੀਤੀ ਜਾ ਸਕਦੀ ਹੈ। ਪ੍ਰੰਤੂ ਸਤਿਗੁਰੂ ਦੇ ਬ੍ਰਹਮ ਗਿਆਨ ਦੀ ਸੂਝ ਤੋਂ ਬਗ਼ੈਰ, ਇਹ ਸੂਝ ਵਧੇਰੇ ਸਮੇਂ ਤੱਕ ਨਹੀਂ ਚੱਲ ਸਕਦੀ।

778. ਥਿਰ ਅਤੇ ਚਿਰੰਜੀਵ ਹੋਣ ਤੋਂ ਪਹਿਲਾਂ, ਮਨ ਵਿਚ ਬ੍ਰਹਮ ਗਿਆਨ ਦੀ ਸਥਾਪਨਾ ਜ਼ਰੂਰੀ ਹੈ।

779. ਗੁਰੂ-ਜੋਤ ਉੱਪਰ ਮਨ ਨੂੰ ਜੋੜੋ ਅਤੇ ਫਿਰ ਮਨ, ਸਤਿਗੁਰੂ ਅਤੇ ਵਾਹਿਗੁਰੂ ਦੋਨਾਂ ਨਾਲ ਜੁੜ ਜਾਂਦਾ ਹੈ।

780. ਮਨ ਦੀ ਇਕ ਵਿਲੱਖਣ ਵਿਸ਼ੇਸ਼ਤਾ ਹੈ। ਜੇ ਮਨ ਕਿਸੇ ਚੀਜ਼ ਜਾਂ ਕਿਸੇ ਮਨੁੱਖ ਦੀ ਕਦਰ ਕਰਦਾ ਹੈ ਜਾਂ ਉਸਦੀ ਫ਼ਿਕਰ ਕਰਦਾ ਹੈ ਤਾਂ ਫਿਰ, ਉਹ ਉਸ ਚੀਜ਼ ਜਾਂ ਮਨੁੱਖ ਬਾਰੇ ਭਾਵਨਾ ਨਾਲ ਸੋਚਦਾ ਹੈ। ਜੇ ਮਨ ਕਿਸੇ ਦੀ ਤੀਬਰ ਭਾਵਨਾ ਨਾਲ ਫਿਕਰ ਕਰਦਾ ਹੈ ਤਾਂ ਫਿਰ ਉਹ ਉਸ ਬਾਰੇ ਪੂਰੀ ਭਾਵਨਾ ਨਾਲ ਸੋਚਦਾ ਹੈ।

781. ਜੇ ਮਨ, ਸੰਤਾਂ, ਸਤਿਗੁਰੂ ਅਤੇ ਵਾਹਿਗੁਰੂ ਨਾਲ ਸੰਬੰਧ ਬਾਰੇ ਚਿੰਤਨ ਕਰਦਾ ਜਾਂ ਉਸਦੀ ਕਦਰ ਕਰਦਾ ਹੈ, ਤਾਂ ਫਿਰ ਮਨ, ਵਾਹਿਗੁਰੂ ਬਾਰੇ ਸੰਤਾਂ, ਗੁਰੂ ਅਤੇ ਵਾਹਿਗੁਰੂ ਬਾਰੇ ਪੂਰੀ ਭਾਵਨਾ ਨਾਲ ਸੋਚਦਾ ਹੈ। ਅਜਿਹੀ ਵਿਚਾਰਧਾਰਾ ਇਹਨਾਂ ਦੇ ਤਿੰਨਾਂ ਦੇ ਦਰਸ਼ਨ ਕਰਾ ਦਿੰਦੀ ਹੈ।

782. ਮਨ-ਸੰਤਾਂ, ਸਤਿਗੁਰੂ ਅਤੇ ਵਾਹਿਗੁਰੂ ਬਾਰੇ ਕਿਵੇਂ ਸੋਚਦਾ ਹੈ? ਇਸਦਾ ਉੱਤਰ ਹੈ: ਮਨ ਪੂਰੀ ਭਾਵਨਾ ਨਾਲ ਉਦੋਂ ਕਰਦਾ ਹੈ, ਜਦੋਂ ਸੰਤਾਂ, ਗੁਰੂ ਅਤੇ ਵਾਹਿਗੁਰੂ ਨਾਲ ਸ਼ਰਧਾ ਨਾਲ ਜੁੜਦਾ ਹੈ। ਅਜਿਹੇ ਭਾਵਨਾਤਮਕ ਨਾਤੇ, ਸਤਿਗੁਰੂ ਦੀ ਸਹਾਇਤਾ

ਨਾਲ ਸਿੱਖ ਦੇ ਮਨ ਵਿਚ ਵਿਕਸਤ ਹੁੰਦੇ ਹਨ।

783. ਬਿਨਸਣਹਾਰ ਪਦਾਰਥਾਂ ਨਾਲ ਮੋਹ, ਕਾਮ, ਕ੍ਰੋਧ, ਲੋਭ, ਮੋਹ, ਅੰਹਕਾਰ ਦਾ ਪ੍ਰਭਾਵ, ਮਨੁੱਖੀ ਮਨ ਨੂੰ ਕਠੋਰ ਬਣਾ ਦਿੰਦਾ ਹੈ। ਕਠੋਰ ਮਨ, ਸੰਤਾਂ, ਸਤਿਗੁਰੂ ਅਤੇ ਵਾਹਿਗੁਰੂ ਵਿਚ ਸ਼ਰਧਾ-ਭਾਵਨਾ ਅਨੁਭਵ ਕਰਨ ਦੇ ਅਯੋਗ ਹੁੰਦਾ ਹੈ।

784. ਗੁਰਬਾਣੀ ਦੁਆਰਾ ਹਾਸਿਲ, ਸਤਿਗੁਰੂ ਦੇ ਗਿਆਨ ਨਾਲ ਹੀ ਕਠੋਰ ਮਨ, ਨਰਮ ਖੀਵਾ ਹੋ ਸਕਦਾ ਹੈ।

785. ਦਿੱਖ (ਦ੍ਰਿਸ਼) ਅਤੇ ਅਦਿੱਖ (ਅਦ੍ਰਿਸ਼) ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਕਿਸਦੀ ਹੋਂਦ ਸੀ? ਇਸ ਪ੍ਰਸ਼ਨ ਦਾ ਉੱਤਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 1035 ਉੱਪਰ ਮਿਲਦਾ ਹੈ।

786. ਜੇ ਸਤਿਗੁਰੂ ਦਾ ਸਿੱਖ, ਬ੍ਰਹਮ ਗਿਆਨ ਦੇ ਉਪਦੇਸ਼, ਸਬਰ-ਸੰਤੋਖ ਨਾਲ ਗ੍ਰਹਿਣ ਕਰਦਾ ਹੈ ਤਾਂ ਫਿਰ ਸਮਾਂ ਪਾ ਕੇ, ਸਿੱਖ, ਪ੍ਰਮਾਤਮਾ ਤੋਂ ਪ੍ਰਾਪਤ ਦਾਤਾਂ ਦੇ ਆਨੰਦ ਤੋਂ ਜਾਣੂ ਹੋ ਜਾਂਦਾ ਹੈ। ਉਹ ਪ੍ਰਮਾਤਮਾ ਦਾ ਸ਼ੁਕਰਗੁਜ਼ਾਰ ਹੁੰਦਾ ਹੈ। ਉਸਦਾ ਮਨ ਖੀਵਾ ਹੋ ਜਾਂਦਾ ਹੈ। ਸ਼ੁਕਰਗੁਜ਼ਾਰੀ ਦੇ ਅਨੁਭਵ ਦਾ ਆਰੰਭ, ਅਸਲ ਵਿਚ ਵਾਹਿਗੁਰੂ ਦੀ ਮਿਹਰ ਭਰੀ ਨਜ਼ਰ ਨਾਲ ਹੁੰਦਾ ਹੈ। ਫਿਰ ਗੁਰੂ ਦਾ ਸਿੱਖ ਪ੍ਰਸੰਨਚਿਤ ਹੋ ਜਾਂਦਾ ਹੈ। ਉਹ ਗੁਰੂ ਅਤੇ ਵਾਹਿਗੁਰੂ ਦੀ ਵਡਿਆਈ ਕਰਦਾ ਹੈ ਅਤੇ ਉਸਨੂੰ ਪਿਆਰ ਕਰਦਾ ਹੈ। ਉਹ ਦੋਨਾਂ ਨੂੰ ਦਿਲ ਵਿਚ ਵਸਾਉਂਦਾ ਹੈ।

787. ਗੁਰੂ ਦਾ ਸਿੱਖ, ਪ੍ਰਮਾਤਮਾ ਦਾ ਭਗਤ ਹੇਠ ਲਿਖੇ ਅਨੁਭਵ ਦੇ ਤੱਤਾਂ ਬਾਰੇ ਦੱਸਦਾ ਹੈ ਜਿਹਨਾਂ ਨੂੰ ਬ੍ਰਹਮ ਅਨੁਭਵ ਵੀ ਕਿਹਾ ਜਾ ਸਕਦਾ ਹੈ:

ਬ੍ਰਹਮ ਅਨੁਭਵ ਦੇ ਤੱਤ

- ✲ ਜੀਵਨ ਦੀਆਂ ਚੁਣੌਤੀਆਂ, ਸਮੱਸਿਆਵਾਂ ਬਾਰੇ ਆਸਾਵਾਦੀ ਫੈਸਲੇ।
- ✲ ਅੰਦਰੂਨੀ ਸ਼ਾਂਤੀ
- ✲ ਸਰੀਰਿਕ ਅਤੇ ਮਾਨਸਿਕ ਤੰਦਰੁਸਤੀ
- ✲ ਪ੍ਰਸੰਨਤਾ
- ✲ ਨਾਕਾਰਾਤਮਕ ਭਾਵਨਾਵਾਂ ਉੱਪਰ ਕਾਬੂ
- ✲ ਨਾਕਾਰਾਤਮਕ ਵਿਚਾਰਾਂ, ਉੱਪਰ ਕਾਬੂ
- ✲ ਦਿਮਾਗ ਦੇ ਅੰਦਰ, ਅੱਖਾਂ ਦੇ ਪਿੱਛੇ ਅਤੇ ਖੋਪੜੀ ਦੇ ਵਿਚਕਾਰ, ਹੇਠਾਂ, ਜਾਗਰੁਕਤਾ।
- ✲ ਖੁਸ਼ੀ

- ✲ ਪ੍ਰਮਾਤਮਾ ਨੂੰ ਧਿਆਉਂਦੇ ਸਮੇਂ ਅੰਦਰੂਨੀ ਵਿਰੋਧ ਰੁਕਣਾ।
- ✲ ਪ੍ਰਮਾਤਮਾ ਨਾਲ ਜੁੜਨ ਲਈ ਕੋਸ਼ਿਸ਼ ਦੀ ਲੋੜ ਨਹੀਂ।
- ✲ ਸਾਂਝ ਸੁਭਾਵਿਕ ਅਤੇ ਆਪਣੇ ਆਪ ਹੁੰਦੀ ਹੈ।
- ✲ ਨਿਰਾਸ਼ਾਜਨਕ ਭਾਵਨਾਵਾਂ ਦੀ ਗੈਰ-ਹਾਜ਼ਰੀ
- ✲ ਇਹ ਭਰੋਸਾ ਹੋਣਾ ਕਿ ਜੀਵਨ ਦੀਆਂ ਸਮੱਸਿਆਵਾਂ ਪ੍ਰਤੀ ਅਨੁਕੂਲ ਹੱਲ ਲਈ ਪ੍ਰਮਾਤਮਾ ਮਾਰਗ-ਦਰਸ਼ਨ ਅਤੇ ਸਹਾਇਤਾ ਪ੍ਰਦਾਨ ਕਰਦਾ ਹੈ।
- ✲ ਘਬਰਾਹਟ ਦੀ ਘਾਟ
- ✲ ਉਲਝਣ ਨਾ ਹੋਣਾ।
- ✲ ਚਿੰਤਾ ਅਤੇ ਫ਼ਿਕਰ ਦਾ ਨਾ ਹੋਣਾ
- ✲ ਚੁਣਿੰਦਾ ਕੰਮਾਂ ਨੂੰ ਪੂਰੇ ਧਿਆਨ ਨਾਲ ਕਰਨ ਦੀ ਕਾਬਲੀਅਤ
- ✲ ਗੁਰਬਾਣੀ ਪੜ੍ਹਦੇ ਜਾਂ ਸੁਣਦੇ ਸਮੇਂ ਆਨੰਦ ਆਉਣਾ
- ✲ ਪ੍ਰਮਾਤਮਾ ਦੀ ਓਟ
- ✲ ਆਸ਼ਾਵਾਦੀ ਦ੍ਰਿਸ਼ਟੀਕੋਣ
- ✲ ਗੁਰਬਾਣੀ ਦੇ ਡੂੰਘਾਂ ਅਰਥਾਂ ਤੱਕ ਮਨ ਦੀ ਪਹੁੰਚ
- ✲ ਨੇਕ ਵਿਚਾਰਾਂ ਅਤੇ ਕਰਮਾਂ ਵਿਚ ਰੁਝਾਨ
- ✲ ਗੁਰਬਾਣੀ ਨਾਲ ਸੰਬੰਧਿਤ ਉੱਚਾ ਚੁੱਕਣ ਵਾਲੀ ਕਲਪਨਾ
- ✲ ਮਾਨਸਿਕ ਸੰਤੁਲਨ
- ✲ ਸੰਤੋਖ
- ✲ ਗੁਰੂ ਅਤੇ ਵਾਹਿਗੁਰੂ ਦੀ ਮਦਦ 'ਤੇ ਭਰੋਸਾ।
- ✲ ਸੰਤਾਂ ਦੀ ਸੰਗਤ
- ✲ ਸਰਬਤ ਦਾ ਭਲਾ
- ✲ ਸੱਚਾਈ, ਦਇਆ, ਸੰਤੋਖ, ਨੇਕੀ ਅਤੇ ਸਬਰ ਪ੍ਰਤੀ ਆਕਰਸ਼ਣ
- ✲ ਬ੍ਰਹਮ ਅਨੁਭਵ ਦੇ ਸਮਾਪਤ ਹੋਣ ਦਾ ਡਰ ਅਤੇ ਫ਼ਿਕਰ

788. ਸਤਿਗੁਰੂ ਦੀ ਰਹਿਨੁਮਾਈ ਅਤੇ ਮਿਹਰ ਨਾਲ ਮੂੰਹ ਮੰਗਿਆਂ ਮੁਰਾਦਾਂ ਦੀ ਪ੍ਰਾਪਤੀ ਹੁੰਦੀ ਹੈ।

789. ਵਾਹਿਗੁਰੂ ਸਭ ਦਾ ਸਿਰਜਣਹਾਰ, ਪਾਲਣਹਾਰ ਅਤੇ ਵਿਨਾਸ਼ਕ ਹੈ। ਉਸ ਤੋਂ

(ਪ੍ਰਮਾਤਮਾ ਤੋਂ) ਇਲਾਵਾ ਹੋਰ ਕੁਝ ਵੀ ਨਹੀਂ ਹੈ। ਜੇ ਮਨੁੱਖ ਦਾ ਮਨ, ਇਸ ਸੱਚਾਈ ਨੂੰ ਅਨੁਭਵ ਕਰ ਲੈਂਦਾ ਹੈ ਤਾਂ ਫਿਰ ਉਸ ਦੇ ਮਨ ਵਿਚ ਅਜਿਹਾ ਕੁਝ ਵੀ ਨਹੀਂ ਹੈ ਜੋ ਵਾਹਿਗੁਰੂ ਦੇ ਪ੍ਰਤੀਕੂਲ ਨਾ ਹੋਵੇ। ਮਾਇਆ– ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨਾਲ ਲਗਾਉ ਸਭ ਪ੍ਰਮਾਤਮਾ ਨਾਲ ਮਿਲਾਪ ਤੋਂ ਬਾਅਦ ਮਨੁੱਖ ਦੇ ਵੱਸ ਵਿਚ ਆ ਜਾਂਦੇ ਹਨ। ਅਜਿਹਾ ਅਨੁਭਵ, ਕੇਵਲ ਸਤਿਗੁਰੂ ਦੇ ਪੂਰਨ ਸਿੱਖ ਬਣ ਕੇ ਹੀ ਸੰਭਵ ਹੈ। ਫਿਰ ਗੁਰੂ ਅਤੇ ਵਾਹਿਗੁਰੂ, ਦੋਨੋਂ ਸੱਚ ਦੀ ਭਾਲ ਕਰਨ ਵਾਲੇ ਦੇ ਮਨ ਨੂੰ ਆਪਣਾ ਨਿਵਾਸ-ਅਸਥਾਨ ਬਣਾ ਲੈਂਦੇ ਹਨ।

790. ਨਾਮ ਸਿਮਰਨ ਦੀ ਹਲਕੀ ਹਲਕੀ ਨਦੀ ਉਦੋਂ ਵਗਣੀ ਸ਼ੁਰੂ ਹੁੰਦੀ ਹੈ ਜਦੋਂ ਗੁਰੂ, ਸਿਮਰਨ ਦੇ ਰਸਤੇ ਵਿਚ ਲੱਗੀਆਂ ਰੋਕਾਂ ਚੁੱਕ ਦਿੰਦਾ ਹੈ ਅਤੇ ਦਰਵਾਜ਼ੇ ਖੋਲ੍ਹ ਦਿੰਦਾ ਹੈ। ਫਿਰ ਚਿੱਤ, ਸੁਰਤ, ਮਨ ਦੀ ਚੇਤਨਾ, ਪ੍ਰਮਾਤਮਾ ਤੋਂ ਹੋਰ ਜ਼ਿਆਦਾ ਵੱਖ ਨਹੀਂ ਰਹਿੰਦੀ। ਵਾਹਿਗੁਰੂ ਤੋਂ ਪ੍ਰਾਪਤ ਅੰਮ੍ਰਿਤ, ਪਾਪੀ ਮਨ ਦੇ ਅਸ਼ੁਭ ਕਰਮਾਂ ਦੀ ਕਦੀ ਨਾ ਬੁੱਝਣ ਵਾਲੀ ਪਿਆਸ ਸ਼ਾਂਤ ਕਰਦਾ ਹੈ ਅਤੇ ਮਨ ਦੇ ਹੋਰ ਘ੍ਰਿਣਾਯੋਗ ਕਾਰਜ ਜਿਵੇਂ ਕਾਮ, ਕ੍ਰੋਧ, ਲੋਭ, ਮੋਹ, ਅੰਹਕਾਰ ਨਾਲ ਲਗਾਉ ਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ।

791. ਭੌਤਿਕ ਦੌਲਤ, ਭੌਤਿਕ ਮਹੱਤਤਾ ਵਾਲੀਆਂ ਚੀਜ਼ਾਂ ਦਾ ਸੰਗ੍ਰਹਿ ਹੈ। ਅਧਿਆਤਮਿਕ ਦੌਲਤ ਹੈ, ਜਿੰਨੀ ਵਾਰ ਪ੍ਰਮਾਤਮਾ ਨੂੰ ਗੁਰੂ ਦੇ ਸ਼ਬਦਾਂ ਨਾਲ ਸ਼ੁਕਰਗੁਜ਼ਾਰੀ ਨਾਲ, ਸਤਿਕਾਰ ਸਹਿਤ, ਪਿਆਰ ਨਾਲ ਅਤੇ ਨਿਮਰਤਾ ਨਾਲ ਸਿਮਰਨ ਕਰਨਾ। ਉਸਦੇ (ਵਾਹਿਗੁਰੂ ਦੇ) ਨਾਮ ਹਨ—ਵਾਹਿਗੁਰੂ, ਸਤਿਨਾਮ, ਰਾਮ, ਹਰ, ਹਰਿ, ਪ੍ਰਮਾਤਮਾ ਅਤੇ ਹੋਰ ਕਈ ਨਾਮ (ਹੋਰ ਨਾਵਾਂ ਲਈ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜਾਪ ਸਾਹਿਬ ਨੂੰ ਵਿਚਾਰੋ।) ਸੇਵਕ ਦੀ ਅਧਿਆਤਮਿਕ ਦੌਲਤ ਉਦੋਂ ਸ਼ਿਖਰ 'ਤੇ ਪਹੁੰਚ ਜਾਂਦੀ ਹੈ (ਮਾਲਾ-ਮਾਲ ਹੋ ਜਾਣਾ) ਜਦੋਂ ਉਸਨੂੰ (ਵਾਹਿਗੁਰੂ ਨੂੰ) ਜਾਗਰੁਕਤਾ ਦੀ ਸਹਿਜ ਅਵੱਸਥਾ ਵਿਚ, ਸਾਂਝ ਦੇ ਹੌਲੀ-ਹੌਲੀ ਪ੍ਰਵਾਹ ਨਾਲ ਧਿਆਇਆ ਜਾਵੇ।

792. ਮੂਲ ਮੰਤ੍ਰ ਦੇ ਆਖਰੀ ਸ਼ਬਦ 'ਜਪ' ਦੇ ਦੋ ਅਰਥ ਹਨ। 1. ਮੂਲ ਮੰਤਰ ਤੋਂ ਅਗੇਂਜ਼ੀ ਰਚਨਾ ਦਾ ਸਿਰਲੇਖ ਜਾਪ ਹੈ। 2. ਗੁਰੂ ਨਾਨਕ ਸਾਹਿਬ, ਆਪਣੇ ਵਿਦਿਆਰਥੀ ਨੂੰ ਪ੍ਰਮਾਤਮਾ ਦਾ ਜਾਪ/ਜਪ ਕਾਰਨ ਦਾ ਉਪਦੇਸ਼ ਦਿੰਦੇ ਹਨ।

793. 'ਵਾਹਿਗੁਰੂ' ਸ਼ਬਦ ਦੋ ਭਾਗਾਂ ਤੋਂ ਮਿਲ ਕੇ ਬਣਿਆ ਹੈ। 'ਵਾਹਿ' ਅਤੇ 'ਗੁਰੂ'। 'ਵਾਹਿ' ਦਾ ਅਰਥ ਹੈ ''ਮੈਂ ਤੁਹਾਡੇ ਤੋਂ ਬਹੁਤ ਅਧਿਕ ਪ੍ਰਭਾਵਿਤ ਹਾਂ ਜਾਂ ਮੈਂ ਤੁਹਾਡੇ ਤੇ ਹੈਰਾਨ ਹਾਂ, ਜਾਂ ਤੁਸੀਂ ਅਦਭੁੱਤ ਹੋ।'' ''ਗੁਰੂ'' ਦਾ ਅਰਥ ਹੈ—ਅਗਿਆਨਤਾ ਮਿਟਾਉਣ ਵਾਲਾ ਅਤੇ ਬ੍ਰਹਮ ਗਿਆਨ ਦੇਣ ਵਾਲਾ। ਦੋਨੋਂ ਹਿੱਸਿਆਂ ਨੂੰ ਇਕੱਠਾ ਮਿਲਾ ਦਿਉ ਤਾਂ ਇਸਦਾ ਅਰਥ ਨਿਕਲਦਾ ਹੈ ''ਮੈਂ ਤੁਹਾਡੇ ਤੋਂ ਬਹੁਤ ਅਧਿਕ ਪ੍ਰਭਾਵਿਤ ਹਾਂ ਜਾਂ

ਮੈਂ ਤੁਹਾਡੇ 'ਤੇ ਹੈਰਾਨ ਹਾਂ ਜਾਂ ਤੁਸੀਂ ਅਦਭੁੱਤ ਹੋ ਜੋ ਤੁਸੀਂ ਅਗਿਆਨਤਾ ਦੂਰ ਕਰਕੇ ਅਤੇ ਆਪਣੇ ਬਾਰੇ ਮੈਨੂੰ ਗਿਆਨ ਪ੍ਰਦਾਨ ਕੀਤਾ ਹੈ।'' ਵਾਹਿਗੁਰੂ ਸ਼ਬਦ ਦੇ ਨਾਲ ਸਿੱਖ ਗੁਰੂ ਨਾਨਕ ਸਾਹਿਬ ਅਤੇ ਵਾਹਿਗੁਰੂ ਦੋਨਾਂ ਉੱਪਰ ਨਾਲੋ-ਨਾਲ ਅਚੰਭਿਤ ਹੈ। ਦੋਨੋਂ ਹੀ ਇਕੋ ਬ੍ਰਹਮ ਗਿਆਨ ਪ੍ਰਦਾਨ ਕਰਨ ਵਾਲੇ ਹਨ। ਇਸਨੂੰ ਇਸ ਤਰ੍ਹਾਂ ਸਮਝੋ, ਵਾਹਿਗੁਰੂ ਸ਼ਬਦ ਨੂੰ ਇਕ ਰਸ ਜਪਣ ਨਾਲੋਂ ਵਾਹਿਗੁਰੂ ਸ਼ਬਦ ਦਾ ਬਾਰ-ਬਾਰ ਜਾਪ ਕਰਨ ਨਾਲ ਇਕ ਸਿੱਖ ਵਿਚ ਜਾਗਰੁਕਤਾ ਆਉਂਦੀ ਹੈ ਅਤੇ ਉਹ ਪ੍ਰਮਾਤਮਾ ਦੇ ਹੋਰ ਨੇੜੇ, ਹੋਰ ਨੇੜੇ ਆਉਂਦਾ ਜਾਂਦਾ ਹੈ।

794. 'ਨਾਮ' ਸ਼ਬਦ ਦਾ ਅਰਥ ਹੈ। ''ਹੋਂਦ'' (ਇੱਕੋ ਇਕ ਸਦਾ ਚੱਲਣ ਵਾਲੀ ਹੋਂਦ)। ਇਸ ਸ਼ਬਦ ਦਾ ਅਰਥ, ਪ੍ਰਮਾਤਮਾ ਦੇ ਸਾਰੇ ਗੁਣਾਂ ਦੇ ਸਮੂਹ ਤੋਂ ਵੀ ਹੈ। 'ਨਾਮ' ਸ਼ਬਦ ਪ੍ਰਮਾਤਮਾ ਦੇ ਇਕ ਖ਼ਾਸ ਨਾਮ ਲਈ ਵੀ ਹੈ, ਉਦਾਹਰਣ ਵਜੋਂ 'ਹਰਿ ਨਾਮ' ਵਿਚ 'ਹਰਿ', 'ਸਤਿਨਾਮ' ਵਿਚ 'ਸਤਿ', 'ਰਾਮ-ਨਾਮ' ਵਿਚ 'ਰਾਮ'।

795. ਜਦੋਂ ਕੋਈ ਮਨੁੱਖ ਕਿਸੇ ਵਿਅਕਤੀ ਬਾਰੇ ਸੋਚਦਾ ਹੈ ਜਾਂ ਉਸਨੂੰ ਸੰਬੋਧਿਤ ਕਰਦਾ ਹੈ, ਤਾਂ ਫਿਰ ਉਸਦੇ ਖ਼ਾਸ ਨਾਮ ਨਾਲ ਉਸ ਬਾਰੇ ਸੋਚਿਆ ਜਾਂਦਾ ਹੈ ਜਾਂ ਕਿਸੇ ਖ਼ਾਸ ਨਾਮ ਨਾਲ ਉਸਨੂੰ ਸੰਬੋਧਿਤ ਕੀਤਾ ਜਾਂਦਾ ਹੈ। ਬਿਲਕੁਲ ਇਸੇ ਤਰ੍ਹਾਂ ਜੇ ਕੋਈ ਸੇਵਕ ਪ੍ਰਮਾਤਮਾ ਨੂੰ ਸਿਮਰਦਾ ਹੈ ਜਾਂ ਪ੍ਰਮਾਤਮਾ ਨੂੰ ਜਪਦਾ ਹੈ ਤਾਂ ਫਿਰ ਉਹ ਪ੍ਰਮਾਤਮਾ ਦੇ ਖ਼ਾਸ ਨਾਵਾਂ ਦੀ ਵਰਤੋਂ ਕਰਦਾ ਹੈ, ਜਿਵੇਂ ਤੁਮ ਦਾਤੇ ਠਾਕੁਰ, ਪ੍ਰਿਤਪਾਲਕ, ਨਾਇਕ ਖਸਮ ਹਮਾਰੇ।'

796. 'ਰਾਮ ਨਾਮ' ਦਾ ਕੀ ਅਰਥ ਹੈ? ਇਸਦਾ ਅਰਥ ਹੈ—ਉਹ, ਜਿਸਦਾ ਨਾਮ ਰਾਮ ਹੈ। 'ਰਾਮ ਨਾਮ ਕੇ ਭਰ ਲਉ ਭੰਡਾਰ' ਦਾ ਕੀ ਅਰਥ ਹੈ? ਇਸਦਾ ਅਰਥ ਹੈ: ਉਸਨੂੰ ਧਿਆਉ (ਯਾਦ ਕਰੋ), ਜਿਸਦਾ ਨਾਮ ਰਾਮ ਹੈ, ਅਨੇਕਾਂ ਵਾਰ-ਇਕ ਰਸ ਉਸਨੂੰ ਧਿਆਉ। ਉਹ ਹਰ ਸਥਾਨ 'ਤੇ, ਹਰ ਚੀਜ਼ ਵਿਚ ਅਤੇ ਹਰੇਕ ਦੇ ਅੰਦਰ ਹੈ।

797. ਜੇ ਕੋਈ ਮਨੁੱਖ ਸਤਿਗੁਰੂ ਵੱਲੋਂ ਦਰਸਾਏ ਉਸਦੇ ਗੁਣਾਂ ਅਤੇ ਵਾਹਿਗੁਰੂ ਦੀ ਹੋਂਦ ਬਾਰੇ ਦ੍ਰਿੜ ਵਿਸ਼ਵਾਸ ਰੱਖਦਾ ਹੈ ਅਤੇ ਵਾਹਿਗੁਰੂ ਪ੍ਰਤੀ ਦਿਲੀ ਭਾਵਨਾਵਾਂ ਰੱਖਦਾ ਹੈ, ਤਾਂ ਫਿਰ ਉਹ ਮਨੁੱਖ ਸਦੀਵੀ, ਆਨੰਦ, ਸਦੀਵੀ ਪ੍ਰਸੰਨਤਾ ਅਤੇ ਸਦੀਵੀ ਸ਼ਾਂਤੀ ਦਾ ਆਨੰਦ ਮਾਣਦਾ ਹੈ।

798. ਇਹ ਸਤਿ ਹੈ: ਪ੍ਰਮਾਤਮਾ ਦੀ ਹੋਂਦ ਹੈ। ਪ੍ਰਮਾਤਮਾ ਦੇ ਗੁਣ ਵਿਲੱਖਣ ਹਨ। ਦ੍ਰਿਸ਼ ਅਤੇ ਅਦ੍ਰਿਸ਼ ਦੋਨੋਂ ਹੀ ਪ੍ਰਮਾਤਮਾ ਦੀ ਰਚਨਾ ਹਨ। ਪ੍ਰਮਾਤਮਾ ਦੇ ਅਨੰਤ ਗੁਣ ਹਨ। ਪ੍ਰਮਾਤਮਾ ਨੂੰ ਪੂਰੀ ਤਰ੍ਹਾਂ ਕੋਈ ਵੀ ਨਹੀਂ ਸਮਝ ਸਕਦਾ। ਰਚਨਾ (ਮਨੁੱਖ) ਦੇ ਕਰਮ, ਪ੍ਰਮਾਤਮਾ, ਜੀਵਨ ਮਗਰੋਂ ਪਰਖਦਾ ਹੈ। ਸੰਤਾਂ ਤੋਂ ਇਲਾਵਾ, ਹੋਰ ਕੋਈ ਵੀ ਮਨੁੱਖ, ਜਨਮ-ਮਰਨ ਦੇ ਚੱਕਰ ਤੋਂ ਬਚ ਨਹੀਂ ਸਕਦਾ। ਸੰਤ ਲਗਾਤਾਰ ਦਿਲੋਂ ਪ੍ਰਮਾਤਮਾ ਨੂੰ

ਧਿਆਉਂਦੇ ਰਹਿੰਦੇ ਹਨ। ਨਿਰੰਤਰ ਸ਼ਾਂਤੀ ਅਤੇ ਪ੍ਰਸੰਨਤਾ, ਕੇਵਲ ਪ੍ਰਮਾਤਮਾ ਨੂੰ ਸਿਮਰ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਮਨਮੁਖਤਾ ਨਾਲ ਦੁੱਖ-ਤਕਲੀਫਾਂ ਆਉਂਦੀਆਂ ਹਨ। ਮਾੜੇ ਵਿਚਾਰ ਅਤੇ ਮਾੜੇ ਕਰਮਾਂ ਦਾ ਤਿਆਗ ਕਰਨਾ ਚਾਹੀਦਾ ਹੈ। ਨੇਕ ਵਿਚਾਰ ਅਤੇ ਸ਼ੁਭ ਕਰਮਾਂ ਨੂੰ ਗਲੇ ਲਗਾਉਣਾ ਚਾਹੀਦਾ ਹੈ। ਪ੍ਰਮਾਤਮਾ ਨਾਲ ਮਿਲਾਪ ਲਈ, ਮਨੁੱਖ ਨੂੰ ਨਿਮਾਣਾ, ਸ਼ੁਕਰ-ਗੁਜ਼ਾਰ ਅਤੇ ਸਮਰਪਿਤ ਹੋਣਾ ਚਾਹੀਦਾ ਹੈ। ਪ੍ਰਮਾਤਮਾ ਪ੍ਰਤੀ ਸਤਿਕਾਰ ਨਾਲ ਅਜਿਹੀਆਂ ਸੰਵੇਦਨਾਵਾਂ ਉਤਪੰਨ ਹੁੰਦੀਆਂ ਹਨ ਜੋ ਮਨੁੱਖ ਨੂੰ ਪ੍ਰਮਾਤਮਾ ਨਾਲ ਮਿਲਾਉਂਦੀਆਂ ਹਨ। ਹਰ ਇਕ ਮਨੁੱਖ ਅੰਦਰ ਪ੍ਰਮਾਤਮਾ ਦੀ ਹੋਂਦ ਹੈ ਜੋ ਜੀਵਨ ਚਲਾਉਂਦੀ ਹੈ। ਜਦੋਂ ਮਨੁੱਖ ਦਾ ਮਨ, ਪ੍ਰਮਾਤਮਾ ਦਾ ਨਿਵਾਸ ਅਸਥਾਨ ਬਣ ਜਾਂਦਾ ਹੈ, ਉਦੋਂ ਪ੍ਰਮਾਤਮਾ ''ਏਸੇ ਘੜੀ, ਏਸੇ ਸਮੇਂ ਸਾਡੇ ਨਾਲ ਹੈ'' ਦਾ ਵਿਚਾਰ ਆਉਂਦਾ ਹੈ। ਗੁਰੂ, ਜਿਸਦਾ ਪ੍ਰਮਾਤਮਾ ਨਾਲ ਮਿਲਾਪ ਹੋਇਆ ਹੁੰਦਾ ਹੈ, ਕੇਵਲ ਉਹੋ ਹੀ ਇਕ ਅਜਿਹਾ ਅਧਿਆਪਕ ਹੈ ਜੋ ਮਨੁੱਖ ਨੂੰ ਪ੍ਰਮਾਤਮਾ ਨਾਲ ਮਿਲਾ ਸਕਦਾ ਹੈ। ਗੁਰੂ ਦੀਆਂ ਹਿਦਾਇਤਾਂ ਹੀ ਪ੍ਰਮਾਤਮਾ ਨਾਲ ਮਿਲਾਪ ਦਾ ਇਕੋ ਇਕ ਤਰੀਕਾ ਹੈ।

799. ਜੇ ਕੋਈ ਮਨੁੱਖ, ਪ੍ਰਮਾਤਮਾ ਨੂੰ ਭਾਲਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਹਰ ਜਗ੍ਹਾ ਹਰ ਪਾਸੇ ਉਸਨੂੰ ਲੱਭ ਰਿਹਾ ਹੈ ਅਤੇ ਉਸਨੂੰ ਲੱਭਣ ਦੇ ਹਰ ਹੀਲੇ-ਵਸੀਲੇ ਵਰਤ ਰਿਹਾ ਹੈ, ਪ੍ਰੰਤੂ ਫਿਰ ਵੀ ਉਸਨੂੰ ਭਾਲ ਨਹੀਂ ਪਾਉਂਦਾ, ਤਾਂ ਫਿਰ ਇਸਦਾ ਕੀ ਕਾਰਣ ਹੋ ਸਕਦਾ ਹੈ? ਇਸ ਦਾ ਕਾਰਣ ਇਹ ਹੈ ਕਿ ਉਹ ਮਨੁੱਖ, ਪ੍ਰਮਾਤਮਾ ਉਥੇ ਨਹੀਂ ਖੋਜ ਰਿਹਾ ਹੈ, ਜਿਥੇ ਪ੍ਰਮਾਤਮਾ ਅਸਲ ਵਿਚ ਹੈ, ਕਿਉਂਕਿ ਜਦੋਂ ਤੱਕ ਉਹ ਮਨੁੱਖ, ਕਿਸੇ ਉਸ ਵਿਅਕਤੀ ਤੋਂ ਗਿਆਨ ਪ੍ਰਾਪਤ ਨਹੀਂ ਕਰ ਲੈਂਦਾ, ਜੋ ਕਿ ਇਹ ਜਾਣਦਾ ਹੈ ਕਿ ਪ੍ਰਮਾਤਮਾ ਅਸਲ ਵਿਚ ਕਿਥੇ ਹੈ, ਉਸਨੂੰ ਸਮਝ ਨਹੀਂ ਆਉਂਦਾ ਕਿ ਉਹ ਆਪਣੀ ਖੋਜ ਲਈ ਆਪਣਾ ਧਿਆਨ ਕਿਥੇ ਜੋੜੇ। ਉਹ ਸਤਿਗੁਰੂ ਹੀ ਹੈ ਜੋ ਇਸ ਸੱਚਾਈ ਨੂੰ ਉਜਾਗਰ ਕਰਦਾ ਹੈ ਕਿ ਪ੍ਰਮਾਤਮਾ ਹਰ ਇਕ ਦੇ ਅੰਦਰ ਅਤੇ ਬਾਹਰ ਮੌਜੂਦ ਹੈ। ਪ੍ਰੰਤੂ ਇਸ ਸੱਚਾਈ ਨੂੰ ਤਰਕਸ਼ੀਲਤਾ ਅਤੇ ਭਾਵਨਾਤਮਕ ਤੌਰ 'ਤੇ ਹੋਰ ਚੰਗੀ ਤਰ੍ਹਾਂ ਸਮਝਣ ਲਈ ਗੁਰੂ ਦੇ ਗਿਆਨ ਦੀ ਜ਼ਰੂਰਤ ਹੈ।

800. ਪ੍ਰਮਾਤਮਾ ਦੇ ਨਾਮ ਤੋਂ ਵਿਛੜਣ ਦਾ ਕਾਰਣ, ਮਨੁੱਖ ਦੇ ਮਨ ਦੀ ਨਾਸਮਝੀ ਅਤੇ ਆਪਣੇ ਮਨ ਦੇ ਅਨੁਕੂਲ ਗੁਣਾਂ ਦੀ ਘਾਟ ਹੈ।

801. ਵਾਹਿਗੁਰੂ ਦੇ ਗੁਣਾਂ ਨੂੰ ਚੇਤੇ ਕਰ, ਉਸ ਦਾ ਸਿਮਰਨ ਕਰ। ਕਿਸ ਮੂਲ ਤੋਂ ਕੀ ਕਰ ਵਿਖਾਇਆ ਹੈ। ਵਾਹਿਗੁਰੂ ਨੇ ਰਚ ਕੇ ਸੁੰਦਰ ਅੰਗਾਂ ਨਾਲ ਸਜਾਇਆ, ਮਾਂ ਦੀ ਕੁੱਖ ਦੀ ਅੱਗ ਵਿਚ ਬਚਾਇਆ। ਬਾਲ ਉਮਰ ਵਿਚ ਮਾਂ ਦਾ ਦੁੱਧ ਪਿਆਇਆ। ਜਦੋਂ ਜਵਾਨ ਹੋਇਆ ਤਾਂ ਅੰਨ ਪਾਣੀ ਤੇ ਸੁਖ-ਸਹੂਲਤਾਂ ਬਖਸ਼ੀਆਂ। ਜਦੋਂ ਬੁੱਢਾ ਹੋ ਗਿਆ ਤਾਂ ਪੁੱਤਰ, ਧੀਆਂ ਸੇਵਾ-ਸੰਭਾਲ ਵਾਸਤੇ ਜੁੜ ਗਏ। ਗੁਣਹੀਨ ਮਨੁੱਖ ਨਿਰੰਕਾਰ ਦੇ

ਉਪਕਾਰਾਂ ਨੂੰ ਨਹੀਂ ਸਮਝਦਾ। ਜੀਵ ਦੀ ਮੁਕਤੀ ਵਾਹਿਗੁਰੂ ਦੀ ਮਿਹਰ ਸਦਕਾ ਹੋ ਸਕਦੀ ਹੈ।

802. ਵਾਹਿਗੁਰੂ ਦੀ ਮਿਹਰ ਸਦਕਾ ਹੀ ਮਨੁੱਖ ਸੁਖੀ ਜੀਵਨ ਬਤੀਤ ਕਰਦਾ ਹੈ। ਵਾਹਿਗੁਰੂ ਦੀ ਮਿਹਰ ਸਦਕਾ ਹੀ ਮਨੁੱਖ, ਆਪਣੇ ਸੰਬੰਧੀਆਂ ਦੇ ਸਾਥ ਦਾ ਆਨੰਦ ਮਾਣਦਾ ਹੈ। ਪਾਣੀ, ਹਵਾ ਅਤੇ ਅਗਨੀ (ਅੱਗ) ਸਭ, ਵਾਹਿਗੁਰੂ ਦੀਆਂ ਦਾਤਾ ਹਨ। ਵਾਹਿਗੁਰੂ ਦੀ ਮਿਹਰ ਸਦਕਾ ਹੀ ਮਨੁੱਖ ਸਾਰੇ ਆਨੰਦ ਮਾਣਦਾ ਹੈ। ਪ੍ਰਮਾਤਮਾ ਮਨੁੱਖ ਨੂੰ ਜੀਵਨ ਵਿਚ ਭਿੰਨ-ਭਿੰਨ ਤਰ੍ਹਾਂ ਦੀਆਂ ਜ਼ਰੂਰਤਾਂ ਅਤੇ ਸੁਖ ਪ੍ਰਦਾਨ ਕਰਦਾ ਹੈ। ਵਾਹਿਗੁਰੂ ਨੇ ਮਨੁੱਖ ਨੂੰ ਹੱਥ, ਪੈਰ, ਕੰਨ, ਅੱਖਾਂ ਅਤੇ ਜ਼ੁਬਾਨ ਦਿੱਤੀ। ਪਰ ਨਾ-ਸ਼ੁਕਰਾ ਮਨੁੱਖ ਵਾਹਿਗੁਰੂ ਨੂੰ ਵਿਸਾਰ ਕੇ ਦੁੱਖ ਭੋਗਦਾ ਹੈ। ਕੇਵਲ ਵਾਹਿਗੁਰੂ ਦੀ ਮਿਹਰ ਹੀ, ਮਨੁੱਖ ਨੂੰ ਅਜਿਹੀ ਮੁਸ਼ਕਿਲ ਸਥਿਤੀ ਤੋਂ ਬਚਾਉਂਦੀ ਹੈ।

803. ਮੂਰਖ ਮਨੁੱਖ ਉਸ ਪ੍ਰਭੂ ਦੀ ਭਗਤੀ ਵਿਚ ਨਹੀਂ ਜੁੜਦਾ, ਜੋ ਉਸਨੂੰ ਬਚਾਉਣ ਵਾਲਾ ਹੈ। ਕਮਲਾ ਮਨੁੱਖ, ਉਸ ਪਿਆਰੇ ਦਾ ਲੜ ਨਹੀਂ ਫੜਦਾ ਜਿਸਦੀਆਂ ਦਾਤਾਂ ਦਾ ਫਲ ਉਹ ਹਮੇਸ਼ਾਂ ਪ੍ਰਾਪਤ ਕਰਦਾ ਹੈ। ਅੰਨ੍ਹਾ ਮਨੁੱਖ, ਉਸ ਮਾਲਕ ਨੂੰ ਬਹੁਤ ਦੂਰ ਸਮਝਦਾ ਹੈ, ਜੋ ਕਿ ਵਾਸਤਵ ਵਿਚ ਹਮੇਸ਼ਾਂ ਹੀ ਨੇੜੇ ਰਹਿੰਦਾ ਹੈ। ਮੂਰਖ ਮਨੁੱਖ ਉਸ ਤੋਂ ਅਣਜਾਣ ਬਣਿਆ ਰਹਿੰਦਾ ਹੈ ਜਿਸ ਦੇ ਦਰਬਾਰ ਵਿਚ ਸਨਮਾਨ, ਉਸਦੀ ਸੇਵਾ ਕਰਕੇ ਹੀ ਪ੍ਰਾਪਤ ਕੀਤਾ ਜਾਂਦਾ ਹੈ। ਅਸੀਂ ਹਮੇਸ਼ਾਂ ਹੀ ਭੁੱਲਣਹਾਰ ਹਾਂ ਅਤੇ ਉਹ ਰੱਖਣਹਾਰਾ, ਸਦਾ ਹੀ ਬਖਸ਼ਣਹਾਰ ਹੈ।

804. ਪ੍ਰਮਾਤਮਾ ਦੇ ਨਾਮ ਤੋਂ ਸੱਖਣਾ ਰਹਿ ਕੇ, ਮਨੁੱਖ ਨਾਮ ਰਤਨ ਨੂੰ ਸੁੱਟ ਕੇ, ਮਾਇਆ ਨੂੰ ਸੰਭਾਲ ਕੇ ਰੱਖਦਾ ਹੈ। ਸੱਚੇ ਨੂੰ ਛੱਡ ਕੇ, ਝੂਠ ਨੂੰ ਕੋਲ ਰੱਖਦਾ ਹੈ। ਬਿਨਸਣਹਾਰ ਨੂੰ ਸਦੀਵੀ ਸਮਝਦਾ ਹੈ। ਜੋ ਵਾਹਿਗੁਰੂ ਨੇੜੇ ਹੈ ਉਸ ਨੂੰ ਦੂਰ ਸਮਝਦਾ ਹੈ। ਜੋ ਸਾਥ ਛੱਡਣ ਵਾਲਾ ਹੈ ਉਸਨੂੰ ਸਾਥ ਨਿਭਾਉਣ ਵਾਲਾ ਸਮਝਦਾ ਹੈ। ਉਹ ਵਾਹਿਗੁਰੂ ਜੋ ਹਮੇਸ਼ਾਂ ਮਦਦਗਾਰ ਹੈ, ਉਸ ਨੂੰ ਵਿਸਾਰ ਦਿੰਦਾ ਹੈ। ਇਸਨੂੰ ਗਧੇ ਦੀ ਉਸ ਉਦਾਹਰਣ ਨਾਲ ਸਮਝਿਆ ਜਾ ਸਕਦਾ ਹੈ ਜੋ ਮਿੱਟੀ-ਘੱਟੇ ਵਿਚ ਲੇਟਣੀਆਂ ਲੈਣੀਆਂ ਜ਼ਿਆਦਾ ਪਸੰਦ ਕਰਦਾ ਹੈ। ਬਜਾਏ ਏਸ ਗੱਲ ਦੀ ਪ੍ਰਵਾਹ ਕਰਦੇ ਹੋਏ ਕਿ ਉਹ ਆਪਣੀ ਚਮੜੀ ਉੱਪਰ ਸੰਦਲ ਦਾ ਖੁਸ਼ਬੋਦਾਰ ਘੋਲ ਲੱਗਾ ਸਕਦਾ ਹੈ। ਪਾਪਾਂ ਨਾਲ ਦੂਸ਼ਿਤ ਮਨੁੱਖ ਭਿਆਨਕ ਅੰਨ੍ਹੇ ਖੂਹ ਵਿਚ ਪਾਗਲਾਂ ਵਾਂਗ ਭਟਕਦਾ ਰਹਿੰਦਾ ਹੈ। ਪ੍ਰੰਤੂ, ਪ੍ਰਮਾਤਮਾ ਫਿਰ ਵੀ ਦਿਆਲੂ ਹੈ। ਉਹ ਮਨੁੱਖ ਨੂੰ ਇਸ ਸਭ ਵਿਚੋਂ ਬਾਹਰ ਕੱਢ ਲਿਆਉਂਦਾ ਹੈ।

805. ਜਾਤ ਮਨੁੱਖ ਦੀ ਹੈ, ਪਰ ਕਰਤੂਤਾਂ ਪਸ਼ੂ ਵਰਗੀਆਂ ਹਨ। ਦਿਨ ਰਾਤ, ਲੋਕਾਂ ਨੂੰ ਧੋਖਾ ਦੇਣ ਵਿਚ ਲੱਗਾ ਰਹਿੰਦਾ ਹੈ, ਤਿਆਗ ਦਾ ਦਿਖਾਵਾ ਕਰਦਾ ਹੈ ਜਦੋਂ ਕਿ, ਵਾਸਤਵ ਵਿਚ ਆਪ ਮਾਇਆ ਦਾ ਗੁਲਾਮ ਹੈ। ਦਿਖਾਵਾ ਕਰਨ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਦੇ

ਬਾਵਜੂਦ ਦਿਖਾਵਾ ਕਰਦਾ ਹੈ, ਗਿਆਨ, ਨੇਕ ਵਿਚਾਰਾਂ ਅਤੇ ਪਵਿੱਤਰ ਇਸ਼ਨਾਨ ਬਾਰੇ ਪ੍ਰਚਾਰ ਕਰਦਾ ਹੈ, ਜਦੋਂ ਕਿ ਵਾਸਤਵ ਵਿਚ, ਇਹਨਾਂ ਸਭ ਦੇ ਪਿੱਛੇ ਅਸਲ ਮਕਸਦ ਲਾਲਚ ਹੁੰਦਾ ਹੈ। ਪਾਖੰਡ ਢੋਂਗ ਕਰਕੇ ਸਰੀਰ ਉੱਪਰ ਸੁਆਹ ਮਲਦਾ ਹੈ (ਇਕ ਵਿਸ਼ੇਸ਼ ਹਿੰਦੂ ਤਬਕੇ ਵਿਚ ਰਿਵਾਇਤ) ਜਦੋਂ ਕਿ ਮਨ ਵਿਚ ਪ੍ਰਮਾਤਮਾ ਤੋਂ ਵਿਛੋੜੇ ਦੀ ਅੱਗ ਭੜਕਦੀ ਰਹਿੰਦੀ ਹੈ, ਗਰਦਨ ਵਿਚ ਵੱਡਾ ਪੱਥਰ ਲਟਕਾ ਕੇ, ਅਥਾਹ ਸਮੁੰਦਰ ਵਿਚ ਤੈਰਨ ਦੀ ਕੋਸ਼ਿਸ਼ ਕਰਦਾ ਹੈ, ਪ੍ਰੰਤੂ ਸਭ ਵਿਆਰਥ ਜਾਣੋ। ਮਨੁੱਖ ਪ੍ਰਮਾਤਮਾ ਦੇ ਨਾਮ ਸਿਮਰਨ ਦਾ ਉਦੋਂ ਹੀ ਆਨੰਦ ਮਾਣਦਾ ਹੈ ਜੇ ਪ੍ਰਮਾਤਮਾ ਨੇ ਉਸਦੇ ਮਨ ਵਿਚ ਨਿਵਾਸ ਕੀਤਾ ਹੋਵੇ।

806. ਜ਼ੁਬਾਨੀ ਮਾਰਗ-ਦਰਸ਼ਨ, ਅੰਨ੍ਹੇ ਆਦਮੀ ਦੇ ਕੰਮ ਨਹੀਂ ਆਉਂਦਾ। ਉਸਦਾ ਹੱਥ ਪਕੜ ਕੇ ਹੀ ਉਸਨੂੰ ਸਹੀ ਮਾਰਗ 'ਤੇ ਚਲਾਇਆ ਜਾ ਸਕਦਾ ਹੈ। ਇਕ ਬੋਲਾ ਆਦਮੀ ਜ਼ੁਬਾਨੀ ਵੇਰਵੇ ਨਾਲ ਕਿਸੇ ਬੁਝਾਰਤ ਨੂੰ ਹੱਲ ਨਹੀਂ ਕਰ ਸਕਦਾ। ਜੇ ਕੋਈ ਮਨੁੱਖ ਕਿਸੇ ਬੋਲੇ ਵਿਅਕਤੀ ਨੂੰ ਕਹੇ ਕਿ ਇਹ ਰਾਤ ਦਾ ਸਮਾਂ ਹੈ ਹੋ ਸਕਦਾ ਹੈ ਉਹ ਸਮਝੇ ਇਹ ਸਵੇਰ ਹੈ। ਇਕ ਗੂੰਗਾ ਆਦਮੀ, ਜੋ ਬੋਲ ਨਹੀਂ ਸਕਦਾ, ਜੇ ਕੋਈ ਛੰਦ ਗਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਉਹ ਸੰਗੀਤ ਦਾ ਸੱਤਿਆਨਾਸ ਕਰ ਦਿੰਦਾ ਹੈ। ਅਪਾਹਜ ਵਿਅਕਤੀ ਪਹਾੜਾਂ ਦੀ ਸੈਰ ਨਹੀਂ ਕਰ ਸਕਦਾ। ਇਹ ਕੇਵਲ ਪ੍ਰਮਾਤਮਾ ਦੀ ਮਿਹਰ ਹੀ ਹੁੰਦੀ ਹੈ ਕਿ ਮਨੁੱਖ ਸੰਸਾਰ ਸਾਗਰ ਵਿਚ ਬਚ ਨਿਕਲਦਾ ਹੈ।

807. ਮੂਰਖ ਵਿਅਕਤੀ ਬੁਰਾਈ ਨੂੰ ਅਪਣਾਉਂਦਾ ਹੈ ਅਤੇ ਪ੍ਰਮਾਤਮਾ ਨੂੰ ਵਿਸਾਰਦਾ ਹੈ ਜੋ ਕਿ ਹਮੇਸ਼ਾਂ ਹੀ ਉਸਦੀ ਰੱਖਿਆ ਕਰਨ ਵਾਲਾ ਹੈ; ਰੇਤ ਦੇ ਘਰ ਵਿਚ ਰਹਿੰਦਾ ਹੈ ਪ੍ਰੰਤੂ ਇਸ ਸੱਚਾਈ ਤੋਂ ਅਨਜਾਣ ਜੀਵਨ ਦੀਆਂ ਮੌਜ-ਮਸਤੀਆਂ ਵਿਚ ਰੁਝਿਆ ਹੋਇਆ ਹੈ। ਅਟੱਲ ਮੌਤ ਨੂੰ ਭੁਲਾਈ ਰੱਖਦਾ ਹੈ, ਬਦਲੇ, ਦੁਸ਼ਮਣੀ, ਕਾਮ, ਕ੍ਰੋਧ, ਮੋਹ, ਝੂਠ, ਬਹੁਤ ਅਧਿਕ ਲਾਲਚ ਅਤੇ ਧੋਖੇ ਵਿਚ ਹਮੇਸ਼ਾ ਉਲਝਿਆ ਰਹਿੰਦਾ ਹੈ, ਇਸ ਪ੍ਰਕਾਰ ਅਨੇਕਾਂ ਵਾਰੀ ਪੁਨਰ ਜਨਮ ਲੈਂਦਾ ਹੈ। ਕੇਵਲ, ਦਇਆਵਾਨ ਪ੍ਰਮਾਤਮਾ ਹੀ ਮਨੁੱਖ ਨੂੰ ਅਜਿਹੀ ਦੁਰਦਸ਼ਾ ਤੋਂ ਬਚਾਉਂਦਾ ਹੈ।

808. ਮਨੁੱਖ ਆਪਣਾ ਜੀਵਨ ਵਿਅਰਥ ਹੀ ਗੁਆਉਂਦਾ ਹੈ ਅਤੇ ਪ੍ਰਮਾਤਮਾ ਦੀ ਭਗਤੀ ਨਾ ਕਰਕੇ, ਆਪਣਾ ਮਾਨ-ਸਨਮਾਨ ਵੀ ਤਾਰ-ਤਾਰ ਕਰਦਾ ਹੈ। ਸੰਸਾਰੀ ਮੋਹ ਵਿਚ ਫਸਿਆ ਮਨੁੱਖ ਸਿਰਜਣਹਾਰ ਅਕਾਲ ਪੁਰਖ ਨੂੰ ਵਿਸਾਰ ਕੇ ਇਹ ਫਲ ਭੋਗਦਾ ਹੈ।

809. ਮੂਰਖ ਕਿਸੇ ਇਕ ਚੀਜ਼ ਦੇ ਨਾ ਮਿਲਣ 'ਤੇ ਸ਼ਿਕਾਇਤ ਕਰਦਾ ਹੈ, ਜਦੋਂ ਕਿ ਪ੍ਰਮਾਤਮਾਂ ਦੀਆਂ ਦਿੱਤੀਆਂ ਬਾਕੀ ਦਾਤਾਂ ਪ੍ਰਤੀ ਨਾਸ਼ੁਕਰਾ ਹੋ ਕੇ ਉਸਨੂੰ ਅਣਗੌਲਿਆਂ ਕਰਦਾ ਹੈ। ਜੇ ਪ੍ਰਮਾਤਮਾ, ਉਸਨੂੰ ਉਸਦੀ ਮੰਗੀ ਦਾਤ ਨਾ ਦੇ ਕੇ, ਬਾਕੀ ਸਭ ਵੀ ਉਸ ਕੋਲੋਂ ਵਾਪਿਸ ਖੋਹ ਲਵੇ, ਤਾਂ ਮੂਰਖ ਮਨੁੱਖ ਕੀ ਕਰ ਸਕੇਗਾ? ਮਨੁੱਖ ਨੂੰ ਸੈਂਕੜੇ

ਵਾਰੀ, ਉਸ ਮਾਲਕ ਅੱਗੇ ਸਿਰ ਨਿਵਾਉਣਾ ਚਾਹੀਦਾ ਹੈ, ਜਿਸ ਨਾਲ ਮੁਕਾਬਲਾ ਕਰਕੇ ਕੁਝ ਵੀ ਹਾਸਿਲ ਨਹੀਂ ਹੋਣਾ। ਕੇਵਲ ਉਹੀ ਮਨੁੱਖ, ਜੋ ਦਿਲੋਂ ਪ੍ਰੇਮ ਨਾਲ ਪ੍ਰਮਾਤਮਾ ਦੀ ਭਗਤੀ ਪੂਜਾ ਕਰਦਾ ਹੈ, ਮੂੰਹ ਮੰਗੀਆਂ ਦਾਤਾਂ ਪਾਉਂਦਾ ਹੈ। ਉਹ ਮਨੁੱਖ, ਜਿਸ ਨੂੰ ਪ੍ਰਮਾਤਮਾ ਆਪਣੇ ਹੁਕਮ ਨਾਲ ਨਿਵਾਜ਼ਦਾ ਹੈ, ਉਸ ਨੂੰ ਸਾਰੀਆਂ ਦਾਤਾਂ ਬਖਸ਼ਦਾ ਹੈ।

810. ਪ੍ਰਮਾਤਮਾ, ਜੋ ਬੇਅੰਤ ਦਾਤਾਂ ਦੇਣ ਵਾਲਾ ਹੈ, ਆਪਣੀ ਰਚਨਾ ਉੱਪਰ ਆਪਣੀਆਂ ਦਾਤਾਂ ਦੀ ਮਿਹਰ ਕਰਦਾ ਰਹਿੰਦਾ ਹੈ। ਸਾਰੀ ਦੁਨੀਆ ਖਾਂਦੀ, ਪੀਂਦੀ, ਉਸਦੀਆਂ ਦਾਤਾਂ ਦਾ ਇਸਤੇਮਾਲ ਕਰਦੀ ਅਤੇ ਆਨੰਦ ਮਾਣਦੀ ਹੈ। ਜੇ ਦਾਤਾਰ, ਮਨੁੱਖ ਕੋਲੋਂ ਕੁਝ ਦਾਤਾਂ ਵਾਪਸ ਲੈ ਲੈਂਦਾ ਹੈ ਤਾਂ, ਉਹ ਮੂਰਖ ਮਨੁੱਖ ਇਸ ਦੀ ਸ਼ਿਕਾਇਤ ਕਰਦਾ ਹੈ, ਇਸ 'ਤੇ ਝੂਰਦਾ ਹੈ। ਇੰਝ ਮੂਰਖ ਇਨਸਾਨ, ਪ੍ਰਮਾਤਮਾ ਉੱਪਰ ਆਪਣਾ ਵਿਸ਼ਵਾਸ ਗੁਆ ਲੈਂਦਾ ਹੈ। ਪ੍ਰਮਾਤਮਾ, ਦਾਤਾਰ ਦੇ ਹੁਕਮਾਂ ਨੂੰ ਸਵੀਕਾਰ ਕਰਨਾ ਹੀ ਠੀਕ ਹੁੰਦਾ ਹੈ। ਫਿਰ, ਹਮੇਸ਼ਾ ਮਿਹਰਬਾਨ, ਵਾਹਿਗੁਰੂ ਉਸ ਮਨੁੱਖ ਉੱਪਰ ਚਾਰ-ਗੁਣਾਂ ਵੱਧ ਦਾਤਾਂ ਦੀ ਬਖ਼ਸ਼ਿਸ਼ ਕਰਦਾ ਹੈ।

811. ਮਾਇਆ ਮਨੁੱਖ ਨੂੰ ਅਣਗਿਣਤ ਸੰਸਾਰੀ ਪਦਾਰਥਾਂ ਨਾਲ ਲੁਭਾਉਂਦੀ ਹੈ। ਅਜਿਹੇ ਪਦਾਰਥਾਂ ਨਾਲ ਜੁੜਨ ਦਾ ਅਰਥ ਹੈ, ਕਿਸੇ ਦਰੱਖਤ ਦੀ ਛਾਂ ਦਾ ਆਨੰਦ ਲੈਣਾ। ਮਨੁੱਖ ਨੂੰ ਛਾਂ ਦੇ ਜਾਣ ਤੋਂ ਬਾਅਦ ਉਸਦੀ ਮਹੱਤਤਾ ਦਾ ਪਤਾ ਲੱਗਦਾ ਹੈ। ਉਹ ਸਭ ਕੁਝ, ਜੋ ਦਿਖਾਈ ਦਿੰਦਾ ਹੈ, ਨਸ਼ਟ ਹੋਣ ਵਾਲਾ ਹੈ। ਅੰਨ੍ਹੇ ਹੋ ਕੇ, ਅਜਿਹੀਆਂ ਆਰਜ਼ੀ ਵਸਤਾਂ ਨਾਲ ਕਿਉਂ ਜੁੜਨਾ? ਰਾਹਗੀਰ ਨਾਲ ਨਾਤਾ ਗੰਢ ਕੇ, ਕੁਝ ਵੀ ਹਾਸਿਲ ਨਹੀਂ ਹੁੰਦਾ। ਕੇਵਲ ਪ੍ਰੇਮ ਨਾਲ ਧਿਆਇਆ, ਪ੍ਰਮਾਤਮਾ ਦਾ ਨਾਮ ਹੀ, ਮਨੁੱਖ ਨੂੰ ਸਦੀਵੀ ਪ੍ਰਸੰਨਤਾ ਪ੍ਰਦਾਨ ਕਰਦਾ ਹੈ। ਅਜਿਹੀ ਭਗਤੀ, ਸਦਾ ਦਿਆਲੂ ਵਾਹਿਗੁਰੂ ਦੀ ਪ੍ਰਤੱਖ ਦਾਤ ਹੈ।

812. ਬਿਨਸਣਹਾਰ ਹੈ, ਮਨੁੱਖ ਦਾ ਸਰੀਰ, ਉਸਦੀ ਦੌਲਤ ਅਤੇ ਉਸਦਾ ਪਰਿਵਾਰ। ਬਿਨਸਣਹਾਰ ਹੈ ਮਨੁੱਖ ਦਾ ਅਭਿਮਾਨ ਅਤੇ ਮਾਇਆ ਨਾਲ ਮੋਹ, ਬਿਨਸਣਹਾਰ ਹੈ ਰਾਜ, ਜੁਆਨੀ ਅਤੇ ਦੌਲਤ। ਬਿਨਸਣਹਾਰ ਹੈ ਕਾਮ ਅਤੇ ਕ੍ਰੋਧ, ਬਿਨਸਣਹਾਰ ਹਨ ਰੱਥ, ਹਾਥੀ, ਘੋੜੇ, ਕੀਮਤੀ ਵਸਤਰ (ਕੱਪੜੇ), ਬਿਨਸਣਹਾਰ ਹਨ ਮਾਇਆ ਦੇ ਮਜ਼ੇ (ਦੁਨਿਆਵੀਂ ਵਸਤੂਆਂ), ਬਿਨਸਣਹਾਰ ਹਨ ਧੋਖਾ, ਦੁਨਿਆਵੀ ਪਿਆਰ ਅਤੇ ਅਹੰਕਾਰ, ਪ੍ਰੰਤੂ, ਪ੍ਰਮਾਤਮਾ ਦਾ ਪਿਆਰ ਸਥਿਰ ਹੈ। ਪ੍ਰਮਾਤਮਾ ਦੇ ਸੰਤਾਂ ਦੀ ਸੰਗਤ ਅਤੇ ਓਟ ਵਿਚ ਪ੍ਰਮਾਤਮਾ ਦੀ ਭਗਤੀ ਵਾਲਾ ਜੀਵਨ ਬਿਤਾਓ।

813. ਦੂਸਰਿਆਂ ਦੀ ਨਿੰਦਾ ਸੁਨਣਾ, ਦੂਸਰਿਆਂ ਦੀ ਜਾਇਦਾਦ ਹਥਿਆਉਣਾ (ਚੁਰਾਉਣਾ), ਦੂਸਰੇ ਦੀ ਪਤਨੀ ਨੂੰ ਬੁਰੀ ਨਜ਼ਰ ਨਾਲ ਦੇਖਣਾ, ਖਾਣ ਵਿਚ ਹੀ

ਲੱਗੇ ਰਹਿਣਾ, ਬੁਰੇ ਕਰਮ ਕਰਨਾ, ਲਾਲਚ ਨੂੰ ਆਪਣੇ ਉੱਪਰ ਹਾਵੀ ਹੋਣ ਦੇਣਾ, ਦੂਸਰਿਆਂ ਦੀ ਲੋੜ ਵੇਲੇ ਮਦਦ ਨਾ ਕਰਨਾ, ਬੁਰੇ ਵਿਚਾਰਾਂ ਨੂੰ ਪਾਲਣਾ, ਇਹ ਸਭ ਝੂਠ ਹੈ। ਪ੍ਰਮਾਤਮਾ ਦੇ ਨਾਮ ਪ੍ਰਤੀ ਪਿਆਰ ਤੋਂ ਬਗੈਰ ਸਭ ਝੂਠ ਹੈ। ਉਹੀ ਸਰੀਰ ਸਫਲ ਹੈ ਜੋ ਪ੍ਰਮਾਤਮਾ ਨੂੰ ਧਿਆਉਂਦਾ ਹੈ।

814. ਉਹ ਮਨੁੱਖ ਮਨਮੁਖ ਹੈ, ਜੋ ਪ੍ਰਮਾਤਮਾ ਤੋਂ ਵਿਛੜ ਕੇ ਆਪਣਾ ਜੀਵਨ ਵਿਅਰਥ ਗੁਆਉਂਦਾ ਹੈ। ਸੱਚੇ ਨਾਮ ਤੋਂ ਬਗੈਰ ਮਨ ਦੀ ਸ਼ੁੱਧਤਾ ਪ੍ਰਾਪਤ ਨਹੀਂ ਹੁੰਦੀ।

815. ਪ੍ਰਮਾਤਮਾ ਦਾ ਨਾਮ ਨਿਮਾਣਿਆਂ ਦਾ ਖ਼ਜ਼ਾਨਾ ਹੈ। ਪ੍ਰਮਾਤਮਾ ਦਾ ਨਾਮ ਨਿਆਸਰਿਆਂ ਦਾ ਆਸਰਾ ਹੈ। ਨਿਮਾਣਾ ਵਿਅਕਤੀ ਪ੍ਰਮਾਤਮਾ ਦਾ ਨਾਮ ਲੈਣ ਵਿਚ ਹੀ ਮਾਣ ਮਹਿਸੂਸ ਕਰਦਾ ਹੈ। ਪ੍ਰਮਾਤਮਾ ਸਭਨਾਂ ਨੂੰ ਦੇਵਣਹਾਰ ਹੈ। ਪ੍ਰਮਾਤਮਾ ਜੀਵਨ ਦਿੰਦਾ ਹੈ, ਉਹੋ ਹੀ ਸਾਰੇ ਕਰਮਾਂ ਦਾ ਕਾਰਣ ਹੈ। ਪ੍ਰਮਾਤਮਾ ਸਭ ਕੁਝ ਜਾਨਣਹਾਰ ਹੈ। ਕੇਵਲ ਪ੍ਰਮਾਤਮਾ ਹੀ ਆਪਣੀ ਵਡਿਆਈ ਜਾਣਦਾ ਹੈ। ਪ੍ਰਮਾਤਮਾ ਦੀ ਸੱਚੀ ਸਿਫ਼ਤ ਕੇਵਲ ਪ੍ਰਮਾਤਮਾ ਜਾਂ ਪ੍ਰਮਾਤਮਾ ਦੀ ਮਿਹਰ ਪ੍ਰਾਪਤ ਕੀਤਾ ਮਨੁੱਖ ਹੀ ਕਰ ਸਕਦਾ ਹੈ। ਕੋਈ ਹੋਰ ਉਸਦੀ ਪ੍ਰਸੰਸਾ ਨਹੀਂ ਜਾਣ ਸਕਦਾ।

816. ਪ੍ਰਮਾਤਮਾ ਦਾ ਨਾਮ ਸਿਮਰਨ ਸਭ ਤੋਂ ਸ੍ਰੇਸ਼ਟ ਤੇ ਪਵਿਤ੍ਰ ਹੈ। ਸੰਤਾਂ ਦੀ ਸੰਗਤ ਵਿਚ ਰਹਿ ਕੇ ਆਪਣੇ ਆਪ ਨੂੰ ਮਾੜੀਆਂ ਆਦਤਾਂ ਤੋਂ ਬਚਾ ਕੇ ਰੱਖਣਾ ਹੀ ਜੀਵਨ ਜੀਊਣ ਦਾ ਸੱਚਾ ਮਾਰਗ ਹੈ। ਪ੍ਰਮਾਤਮਾ ਨੂੰ ਪਿਆਰ ਨਾਲ ਅਤੇ ਹਮੇਸ਼ਾਂ ਧਿਆਉਂਦੇ ਰਹਿਣਾ ਹੀ ਸਾਰੇ ਕਾਰਜਾਂ ਵਿਚੋਂ ਸਭ ਤੋਂ ਵਧੀਆ ਕਾਰਜ ਹੈ। ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਅਤੇ ਪ੍ਰਮਾਤਮਾ ਦਾ ਨਾਮ ਸੁਨਣਾ ਸਭ ਤੋਂ ਵਧੀਆ ਕਰਮ ਹੈ। (ਸਿੱਖਾਂ ਦੇ ਲਈ, ਇਹ ਵਿਚਾਰ ਹੋਰ ਕੁਝ ਨਹੀਂ ਸੀ ਪ੍ਰੰਤੂ ਗੁਰੂ ਗ੍ਰੰਥ ਸਾਹਿਬ ਅਨੁਸਾਰ ਪ੍ਰਮਾਤਮਾ ਦੇ ਨਾਮ ਬਾਰੇ ਚਰਚਾ ਹੈ) ਪ੍ਰਮਾਤਮਾ ਦਾ ਨਾਮ ਧਿਆਉਣ ਦਾ ਸਥਾਨ, ਸਭ ਪਵਿੱਤਰ ਸਥਾਨਾਂ ਵਿਚੋਂ ਸਭ ਤੋਂ ਵੱਧ ਪਵਿੱਤਰ ਸਥਾਨ ਹੈ।

817. ਫਜ਼ੂਲ ਦੇ ਕੰਮ ਮਨੁੱਖ ਦਾ ਪ੍ਰਮਾਤਮਾ ਨਾਲੋਂ ਵਿਛੋੜਾ ਖ਼ਤਮ ਨਹੀਂ ਕਰਦੇ। ਮਨੁੱਖ ਦੇ ਕਰਮਾਂ ਦਾ ਫੈਸਲਾ ਪ੍ਰਮਾਤਮਾ ਦੇ ਦਰਬਾਰ ਵਿਚ ਹੁੰਦਾ ਹੈ। ਉਥੇ ਆਪਣੇ ਜੀਵਨ ਦੇ ਦੌਰਾਨ, ਪ੍ਰਮਾਤਮਾ ਦਾ ਪਿਆਰ ਨਾਲ ਧਿਆਇਆ ਨਾਮ ਹੀ ਮਨੁੱਖ ਨੂੰ ਸਜਾ ਤੋਂ ਬਚਾਉਂਦਾ ਹੈ। ਬਾਕੀ ਕਾਰਜ ਮਨੁੱਖ ਨੂੰ ਮਾਇਆ ਦੇ ਪੰਜਿਆਂ ਅਤੇ ਅਜਿਹੀਆਂ ਉਲਝਨਾਂ ਤੋਂ ਛੁਟਕਾਰਾ ਨਹੀਂ ਦਿਲਾ ਸਕਦੇ।

818. ਪ੍ਰਮਾਤਮਾ ਦੇ ਅਨਮੋਲ ਨਾਮ ਦਾ ਸਿਮਰਨ, ਸ਼ਾਸਤਰਾਂ ਅਤੇ ਸਿਮ੍ਰਤੀਆਂ ਤੋਂ ਵੀ ਉੱਚਾ ਹੈ। ਸੰਸਾਰ ਦੇ ਬੰਧਨਾਂ ਤੋਂ ਛੁਟਕਾਰਾ ਪ੍ਰਭੂ ਦੇ ਨਾਮ ਸਿਮਰਨ ਨਾਲ ਹੋ ਸਕਦਾ ਹੈ। ਪ੍ਰਭੂ ਦਾ ਸਿਮਰਨ ਕਰਨ ਨਾਲ ਜਪ, ਤਪ ਤੇ ਪੂਜਾ-ਪਾਠ ਦਾ ਫਲ ਪ੍ਰਾਪਤ ਹੋ ਜਾਂਦਾ ਹੈ। ਪ੍ਰਮਾਤਮਾ ਦੇ ਨਾਮ ਸਿਮਰਨ ਤੋਂ ਬਿਨਾ ਸੰਸਾਰ ਦੇ ਮੋਹ ਵਿਚ ਫਸਿਆ

ਵਿਦਵਾਨ ਵੀ ਮੌਤ ਦੇ ਡਰ ਤੋਂ ਬਚ ਨਹੀਂ ਸਕਦਾ। ਪ੍ਰਮਾਤਮਾ ਦੇ ਨਾਮ ਸਿਮਰਨ ਤੋਂ ਬਿਨਾ ਹੋਰ ਕਿਸੇ ਵੀ ਤਰੀਕੇ ਨਾਲ, ਮਨ ਦੀ ਤ੍ਰਿਸ਼ਨਾ ਦੂਰ ਨਹੀਂ ਹੋ ਸਕਦੀ। ਤ੍ਰਿਸ਼ਨਾ ਦੀ ਅਗਨੀ ਧਾਰਮਿਕ ਚੋਲਿਆਂ ਨਾਲ ਨਹੀਂ ਬੁਝ ਸਕਦੀ। ਪ੍ਰਮਾਤਮਾ ਦੇ ਦਰਬਾਰ 'ਤੇ ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਜੀਵ ਪਰਵਾਨ ਨਹੀਂ ਹੁੰਦਾ। ਉਲਟੇ ਲਟਕ ਕੇ ਮਨੁੱਖ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ। ਮਾਇਆ ਦੇ ਜਾਲ ਵਿਚ ਫਸ ਕੇ, ਮਨੁੱਖ ਮਾਇਆ ਦੇ ਪਿੱਛੇ ਭਟਕਦਾ ਰਹਿੰਦਾ ਹੈ।

819. ਇਸ ਸੰਸਾਰ ਵਿਚ ਕੀਤੇ ਅਸ਼ੁਭ ਅਤੇ ਸ਼ੁਭ ਕਰਮਾਂ ਦਾ ਅਗਲੇ ਜਨਮ ਵਿਚ ਫੈਸਲਾ ਹੋਵੇਗਾ ਅਤੇ ਉਸਦੇ ਮਾੜੇ ਕਰਮਾਂ ਲਈ ਸਜ਼ਾ ਵੀ ਮਿਲੇਗੀ। ਸਜਾ ਤੋਂ ਕੋਈ ਬਚਾਅ ਨਹੀਂ ਹੋ ਸਕੇਗਾ। ਜੀਵਨ ਵਿਚ ਕੀਤਾ ਕੇਵਲ ਪ੍ਰਮਾਤਮਾ ਦਾ ਨਾਮ ਸਿਮਰਨ ਹੀ, ਮਨੁੱਖ ਨੂੰ ਸਜਾ ਤੋਂ ਬਚਾ ਸਕੇਗਾ। ਇਹ ਸੱਚ ਹੈ ਕਿ, ਇਸ ਜਨਮ ਵਿਚ ਪਿਆਰ ਨਾਲ ਧਿਆਇਆ ਪ੍ਰਮਾਤਮਾ ਦਾ ਨਾਮ ਹੀ ਦੁੱਖਾਂ ਨੂੰ ਦੂਰ ਕਰ ਸਕਦਾ ਹੈ।

820. ਸੰਤਾਂ ਦੀ ਸੰਗਤ ਵਿਚ ਸਭ ਬੁਰਾਈਆਂ ਖ਼ਤਮ ਹੋ ਜਾਂਦੀਆਂ ਹਨ। ਪ੍ਰਮਾਤਮਾ ਦਾ ਨਾਮ ਪਿਆਰ ਨਾਲ ਧਿਆਉਣਾ ਹੀ ਸਭ ਤੋਂ ਨੇਕ ਅਤੇ ਸਭ ਤੋਂ ਵੱਧ ਫਲਦਾਇਕ ਕਾਰਜ ਹੈ। ਅਜਿਹਾ ਨਾਮ ਸਿਮਰਨ ਕੇਵਲ ਉਹਨਾਂ ਸੰਤਾਂ ਦੀ ਸੰਗਤ ਵਿਚ ਹੀ ਸੰਭਵ ਹੈ, ਜੋ ਦਿਲੋਂ ਅਤੇ ਆਤਮਾ ਤੋਂ ਪ੍ਰਮਾਤਮਾ ਦੀ ਭਗਤੀ ਕਰਦੇ ਹਨ।

821. ਪ੍ਰਮਾਤਮਾ ਦੇ ਨਾਮ ਦਾ ਗੁਣਗਾਣ ਗਾ ਕੇ ਸਵਰਗ ਦੀਆਂ ਦਾਤਾਂ ਹਾਸਿਲ ਕੀਤੀਆਂ ਜਾ ਸਕਦੀਆਂ ਹਨ। ਸਾਰੇ ਉਪਦੇਸ਼ਾਂ ਵਿਚੋਂ ਸਭ ਤੋਂ ਉਤਮ ਉਪਦੇਸ਼-ਪ੍ਰਮਾਤਮਾ ਦਾ ਨਾਮ ਹੈ। ਉਹਨਾਂ ਦੇ ਹੀ ਦੁੱਖ ਦੂਰ ਹੁੰਦੇ ਹਨ ਜੋ ਪਿਆਰ ਨਾਲ ਪ੍ਰਮਾਤਮਾ ਦਾ ਨਾਮ ਜਪਦੇ ਹਨ। ਕੇਵਲ ਸੰਤ ਹੀ ਪ੍ਰਮਾਤਮਾ ਦੇ ਨਾਮ ਦੀ ਕੀਮਤ ਜਾਣਦੇ ਹਨ। ਸੰਤਾਂ ਦੀ ਸੰਗਤ ਵਿਚ, ਸਭ ਬੁਰਾਈਆਂ ਦੂਰ ਹੋ ਜਾਂਦੀਆਂ ਹਨ। ਸੰਤਾਂ ਦੀ ਸੰਗਤ ਵੱਡੇ ਭਾਗਾਂ ਨਾਲ ਮਿਲਦੀ ਹੈ। ਸੰਤ ਦੀ ਸੰਗਤ ਵਿਚ ਅਤੇ ਸੰਤ ਦੀ ਸੇਵਾ ਕਰਕੇ, ਮਨੁੱਖ ਪ੍ਰਮਾਤਮਾ ਦੇ ਨਾਮ ਰੰਗ ਵਿਚ ਰੰਗ ਜਾਂਦਾ ਹੈ। ਪ੍ਰਮਾਤਮਾ ਦੇ ਨਾਮ ਦਾ ਕੋਈ ਸਾਨੀ ਨਹੀਂ। ਪ੍ਰਮਾਤਮਾ ਦਾ ਨਾਮ ਸਿਮਰਨ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ ਅਤੇ ਉਹ ਵੀ ਕੇਵਲ ਸਤਿਗੁਰੂ ਦੇ ਗਿਆਨ ਤੇ ਚੱਲ ਕੇ।

822. ਸੰਤਾਂ ਦੀ ਸੇਵਾ ਕਰਕੇ ਮਨੁੱਖ ਮੂੰਹ ਮੰਗੀਆਂ ਦਾਤਾਂ ਪ੍ਰਾਪਤ ਕਰਦਾ ਹੈ। ਦੁਖਾਂ ਤੋਂ ਛੁਟਕਾਰਾ ਪਾਉਣ ਲਈ ਪ੍ਰਮਾਤਮਾ ਦਾ ਨਾਮ ਆਪਣੇ ਮਨ ਅੰਦਰ ਧਾਰੋ ਅਤੇ ਪ੍ਰਮਾਤਮਾ ਦੇ ਨਾਮ ਦੀ ਵਡਿਆਈ ਕਰੋ। ਲੋਕਾਂ ਦੀ ਸ਼ੋਭਾ ਪਾਉਣ ਲਈ, ਪ੍ਰਮਾਤਮਾ ਦੇ ਵਿਛੋੜੇ ਤੋਂ ਛੁਟਕਾਰਾ ਹਾਸਿਲ ਕਰੋ। ਪੁਨਰ-ਜਨਮ ਦੇ ਡਰ ਤੋਂ ਮੁਕਤ ਹੋਣ ਲਈ ਸੰਤਾਂ ਦਾ ਆਸਰਾ ਲਉ। ਉਹ ਮਨੁੱਖ ਧੰਨ ਧੰਨ ਹੈ ਜੋ ਪ੍ਰਮਾਤਮਾ ਨੂੰ ਆਪਣੇ ਮਨ ਵਿਚ ਸਿਮਰਦਾ ਹੈ।

823. ਸੰਤਾਂ ਦੀ ਸੰਗਤ ਵਿਚ ਪ੍ਰਮਾਤਮਾ ਤੋਂ ਵਿਛੋੜਾ ਦੂਰ ਕਰਕੇ, ਮਨੁੱਖ ਸੰਸਾਰ ਦੇ ਲੋਕਾਂ ਵਿਚ ਆਪਣੀ ਵੱਖਰੀ ਉੱਚੀ ਸ਼ਾਨ ਪ੍ਰਾਪਤ ਕਰਦਾ ਹੈ। ਪ੍ਰਮਾਤਮਾ ਉਸਨੂੰ ਹੀ ਸਭ ਤੋਂ ਉੱਤਮ ਮੰਨਦਾ ਹੈ ਜੋ ਆਪਣੇ ਆਪ ਨੂੰ ਸਭ ਤੋਂ ਵੱਧ ਨਿਮਾਣਾ ਸਮਝਦਾ ਹੈ। ਇਸ ਨਿਮਰਤਾ ਦੇ ਕਾਰਣ ਹੀ ਮਨੁੱਖ ਨੂੰ ਹਰ ਵਿਅਕਤੀ ਵਿਚ ਪ੍ਰਮਾਤਮਾ ਨਜ਼ਰ ਆਉਂਦਾ ਹੈ। ਪ੍ਰਮਾਤਮਾ ਦੇ ਸੰਤ ਲਈ ਇਹ ਜ਼ਰੂਰੀ ਹੈ ਕਿ ਉਹ ਕਿਸੇ ਬਾਰੇ ਨਾਕਾਰਾਤਮਕ ਨਾ ਸੋਚੇ, ਸਗੋਂ ਸਾਰਿਆਂ ਨੂੰ ਆਪਣਾ ਮਿੱਤਰ ਮੰਨੇ। ਸੰਤ ਦਾ ਪ੍ਰਮਾਤਮਾ ਨਾਲ ਪਿਆਰ ਕਿਸੇ ਦੁੱਖ ਜਾਂ ਸੁੱਖ ਦੇ ਕਾਰਣ ਨਹੀਂ ਡੋਲਦਾ। ਸੰਤ ਦੇ ਲਈ ਚੰਗਾ ਕਰਮ ਪ੍ਰਮਾਤਮਾ ਦੀ ਭਗਤੀ ਹੈ ਅਤੇ ਬੁਰਾ ਕਰਮ, ਪ੍ਰਮਾਤਮਾ ਦੀ ਭਗਤੀ ਨੂੰ ਅਣਗੋਲਿਆ ਕਰਨਾ ਹੈ।

824. ਪ੍ਰਮਾਤਮਾ ਨਿਮਰਤਾ ਦੀ ਕਦਰ ਕਰਦਾ ਹੈ। ਪ੍ਰਮਾਤਮਾ ਅੱਗੇ ਨਤਮਸਤਕ ਹੋਣ ਨਾਲ, ਉਸ ਨਾਲ ਸਾਂਝ ਦਾ ਨਾਤਾ ਜੁੜਦਾ ਹੈ। ਉਹ (ਪ੍ਰਮਾਤਮਾ) ਇਸਦਾ ਫਲ, ਆਪਣਾ ਨਾਮ ਧਿਆਉਣ ਜਾਂ ਆਪਣੇ ਮਿਲਾਪ ਦੇ ਰੂਪ ਵਿਚ ਬਖ਼ਸ਼ਦਾ ਹੈ।

825. ਸੇਵਕ ਉਸਦੀ ਹਜ਼ੂਰੀ ਵਿਚ, ਉਸਨੂੰ (ਪ੍ਰਮਾਤਮਾ ਨੂੰ) ਇੰਜ ਅਰਜ਼ੋਈ ਕਰਦਾ ਹੈ: ਸ੍ਰਿਸ਼ਟੀ ਦੇ ਮਾਲਕ, ਮੈਂ ਤੇਰੇ ਅੱਗੇ ਸਿਰ ਝੁਕਾਉਂਦਾ ਹਾਂ। ਮੇਰਾ ਸਰੀਰ ਅਤੇ ਆਤਮਾ ਤੇਰਾ ਹੀ ਹੈ। ਮੈਂ ਤੇਰਾ ਬੱਚਾ ਹਾਂ ਅਤੇ ਤੂੰ ਹੀ ਮੇਰਾ ਮਾਂ-ਬਾਪ ਹੈਂ। ਤੇਰੀ ਮਿਹਰ ਸਦਕਾ ਮੈਂ ਸਾਰੇ ਸੁੱਖ ਮਾਣਦਾ ਹਾਂ। ਤੇਰਾ ਅੰਤ ਕੋਈ ਨਹੀਂ ਜਾਣਦਾ। ਤੂੰ ਹੀ ਸਾਰਿਆਂ ਤੋਂ ਉੱਚਾ ਅਤੇ ਸਭ ਤੋਂ ਵੱਧ ਵਡਿਆਈ ਵਾਲਾ ਹੈਂ। ਸਾਰਾ ਜਗਤ ਤੇਰੇ ਹੁਕਮ ਅਧੀਨ ਹੈ। ਉਹ ਸਭ, ਜਿੰਨਾਂ ਦੀ ਤੂੰ ਰਚਨਾ ਕੀਤੀ ਹੈ, ਤੇਰੇ ਹੁਕਮਾਂ ਦੀ ਪਾਲਣਾ ਕਰਦੇ ਹਨ। ਆਪਣੇ ਆਪ ਨੂੰ ਤੂੰ ਹੀ ਜਾਣਦਾ ਹੈਂ। ਇਹ (ਮੈਂ) ਤੇਰਾ ਨਿਮਾਣਾ ਜਿਹਾ ਸੇਵਕ, ਹਮੇਸ਼ਾਂ ਤੇਰੇ ਤੇ ਬਲਿਹਾਰੇ ਜਾਂਦਾ ਹੈ।

826. ਵੱਡੇ ਭਾਗ ਹੀ ਮਨੁੱਖ ਨੂੰ ਪੂਰੀ ਨਿਮਰਤਾ ਸਹਿਤ ਸੰਤ ਦੇ ਦਰ ਤੇ ਲਿਆਉਂਦੇ ਹਨ। ਫਿਰ ਮਨੁੱਖ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਦਾ ਹੈ। ਸੰਤ ਦੀ ਸ਼ਰਨ, ਮਨੁੱਖ ਨੂੰ ਜੀਵਨ ਦੀਆਂ ਹਰ ਰੁਕਾਵਟਾਂ ਤੇ ਫਤਹਿ ਪਾਉਣ ਦੇ ਕਾਬਿਲ ਬਣਾਉਂਦੀ ਹੈ। ਮਨੁੱਖ ਅਣਗਿਣਤ ਖੁਸ਼ੀਆਂ ਮਾਣਦਾ ਹੈ। ਉਹ ਨਾਮ ਅੰਮ੍ਰਿਤ ਚੱਖਦਾ ਹੈ। ਇਹ ਉਦਾਰਤਾ ਗ੍ਰਹਿਣ ਕਰਕੇ ਮਨੁੱਖ ਸਥਿਰਤਾ ਪ੍ਰਾਪਤ ਕਰਦਾ ਹੈ।

827. ਪ੍ਰਮਾਤਮਾ ਉਹਨਾਂ ਉੱਪਰ ਬੇਅੰਤ ਦਾਤਾਂ ਦੀ ਮਿਹਰ ਕਰਦਾ ਹੈ, ਜੋ ਪ੍ਰੇਮ ਨਾਲ ਉਸਨੂੰ ਸਿਮਰਦੇ ਹਨ।

828. ਉਹ ਸਰਬ-ਵਿਆਪਕ ਅਤੇ ਸਰਬ-ਸ਼ਕਤੀਮਾਨ ਪ੍ਰਮਾਤਮਾ, ਉਹਨਾਂ ਦੇ ਜੀਵਨ ਦੀਆਂ ਬੁਰਾਈਆਂ ਦਾ ਅੰਤ ਕਰਦਾ ਹੈ, ਜੋ ਉਸਦੀ ਸ਼ਰਨ ਵਿਚ ਆਉਂਦੇ ਹਨ। ਉਹ ਜਿੰਨ੍ਹਾਂ ਦੀ ਰੱਖਿਆ ਕਰਦਾ ਹੈ, ਸਦੈਵ ਉਹਨਾਂ ਦੇ ਅੰਗ-ਸੰਗ ਰਹਿੰਦਾ ਹੈ।

829. ਪ੍ਰਮਾਤਮਾ ਦਾ ਨਾਮ, ਮਨੁੱਖ ਦੀ ਉਸ ਹਾਲਾਤ ਵਿਚ ਵੀ ਸਹਾਇਤਾ ਕਰਦਾ ਹੈ ਜਿਥੇ

ਸਾਰੇ ਭਾਈ ਬੰਧੂ ਸਾਥ ਛੱਡ ਜਾਂਦੇ ਹਨ। ਪ੍ਰਮਾਤਮਾ ਦਾ ਨਾਮ ਮਨੁੱਖ ਦਾ ਉਸ ਵੇਲੇ ਵੀ ਸਾਥ ਨਿਭਾਉਂਦਾ ਅਤੇ ਰੱਖਿਆ ਕਰਦਾ ਹੈ ਜਦੋਂ ਮੌਤ ਦੇ ਫਰਿਸ਼ਤੇ ਉਸਨੂੰ ਕਸ਼ਟ ਪਹੁੰਚਾਉਣ ਲਈ ਤਿਆਰ ਹੁੰਦੇ ਹਨ। ਜਦੋਂ ਮਨੁੱਖ ਕਿਸੇ ਵੱਡੀ ਮੁਸੀਬਤ ਦਾ ਸਾਹਮਣਾ ਕਰਦਾ ਹੈ, ਤਾਂ ਉਸ ਸਮੇਂ ਪ੍ਰਮਾਤਮਾ ਦਾ ਨਾਮ ਉਸੇ ਪਲ, ਉਸਨੂੰ ਸੁਖ ਪ੍ਰਦਾਨ ਕਰਦਾ ਹੈ। ਜਦੋਂ ਬਾਕੀ ਸਾਰੇ ਚੰਗੇ ਕਰਮ ਮਨੁੱਖ ਨੂੰ ਕੋਈ ਲਾਭ ਪਹੁੰਚਾਉਣ ਵਿਚ ਅਸਫਲ ਹੋ ਜਾਂਦੇ ਹਨ, ਫਿਰ ਪ੍ਰਮਾਤਮਾ ਦਾ ਨਾਮ ਮਨੁੱਖ ਨੂੰ ਭਿਆਨਕ ਪਾਪਾਂ ਭਰੇ ਕਰਮਾਂ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਉਂਦਾ ਹੈ। ਜਦੋਂ ਮਨੁੱਖ, ਗੁਰੂ ਦੇ ਗਿਆਨ ਦੀ ਸਹਾਇਤਾ ਨਾਲ ਪ੍ਰਮਾਤਮਾ ਦੇ ਨਾਮ ਦਾ ਆਸਰਾ ਲੈਂਦਾ ਹੈ, ਫਿਰ ਮਨੁੱਖ ਬੇਅੰਤ ਖ਼ੁਸ਼ੀਆਂ ਪ੍ਰਾਪਤ ਕਰਦਾ ਹੈ।

830. ਪ੍ਰਮਾਤਮਾ ਦਾ ਨਾਮ ਸਿਮਰਨ ਕਰਕੇ ਦੁਖੀ ਰਾਜਾ ਵੀ ਸ਼ਾਂਤੀ ਪ੍ਰਾਪਤ ਕਰਦਾ ਹੈ। ਪ੍ਰਮਾਤਮਾ ਦਾ ਨਾਮ ਸਿਮਰਨ ਕਰਨ ਨਾਲ ਮਨੁੱਖ ਅਣਗਿਣਤ ਮੁਸ਼ਕਲਾਂ 'ਤੇ ਕਾਬੂ ਪਾ ਲੈਂਦਾ ਹੈ। ਜਦੋਂ ਸੰਸਾਰ ਦੀਆਂ ਅਨੇਕਾਂ ਖ਼ੁਸ਼ੀਆਂ ਅਤੇ ਸੁਖ ਮਨੁੱਖ ਨੂੰ ਸ਼ਾਂਤੀ ਪ੍ਰਦਾਨ ਨਹੀਂ ਕਰਦੇ, ਉਸ ਸਮੇਂ ਪ੍ਰੇਮ ਨਾਲ ਪ੍ਰਮਾਤਮਾ ਦੇ ਨਾਮ ਸਿਮਰਨ ਕਰਨ ਨਾਲ ਮਨੁੱਖ ਬਹੁਤ ਅਧਿਕ ਸੰਤੋਖ ਪ੍ਰਾਪਤ ਕਰਦਾ ਹੈ। ਬਹੁਤ ਅਧਿਕ ਇਕੱਲਤਾ ਦੇ ਸਮੇਂ, ਪ੍ਰਮਾਤਮਾ ਦਾ ਨਾਮ ਇਕ ਮਿੱਤਰ ਦੀ ਤਰ੍ਹਾਂ ਹੈ। ਅਜਿਹੇ ਪ੍ਰਮਾਤਮਾ ਦੇ ਸੱਚੇ ਨਾਮ 'ਤੇ ਪ੍ਰੇਮ ਪੂਰਵਕ ਵਿਚਾਰ ਕਰਨ ਦੇ ਲਈ ਕਾਬਿਲ ਹੋਣਾ ਪੈਂਦਾ ਹੈ। ਗੁਰੂ ਦੀ ਰਜ਼ਾ 'ਤੇ ਚੱਲੋ, ਮੁਕਤੀ ਪ੍ਰਾਪਤ ਕਰੋ।

831. ਜਦੋਂ ਦੁਸ਼ਮਣ ਦੇ ਚੁੰਗਲ ਵਿਚੋਂ ਬਚਣਾ ਮੁਸ਼ਕਿਲ ਹੁੰਦਾ ਹੈ, ਉਦੋਂ ਪ੍ਰਮਾਤਮਾ ਦਾ ਨਾਮ ਮਨੁੱਖ ਨੂੰ ਬਚਾਉਂਦਾ ਹੈ। ਖ਼ਤਰਨਾਕ ਰੁਕਾਵਟਾਂ ਨਾਲ ਘਿਰੇ ਹੋਏ ਮਨੁੱਖ ਨੂੰ ਪ੍ਰਮਾਤਮਾ ਦਾ ਨਾਮ, ਉਸੇ ਪਲ ਚੈਨ ਦੁਆਉਂਦਾ ਹੈ। ਪ੍ਰੇਮ ਨਾਲ ਪ੍ਰਮਾਤਮਾ ਦਾ ਨਾਮ ਧਿਆਉਣ ਨਾਲ, ਮਨੁੱਖ ਕਦੀ ਨਾ ਖ਼ਤਮ ਹੋਣ ਵਾਲੇ ਜਨਮ ਅਤੇ ਮਰਨ ਦੇ ਚੱਕਰਾਂ ਤੋਂ ਬਚ ਜਾਂਦਾ ਹੈ। ਪ੍ਰਮਾਤਮਾ ਤੋਂ ਵਿਛੜ ਕੇ ਕੀਤੇ ਅਨੇਕਾਂ ਪਾਪਾਂ ਨੂੰ ਪ੍ਰਮਾਤਮਾ ਦਾ ਨਾਮ ਧੋ ਦਿੰਦਾ ਹੈ। ਮਨੁੱਖ ਨੂੰ ਅਜਿਹੇ ਨਾਮ ਨੂੰ ਪਿਆਰ ਨਾਲ ਮਨ ਵਿਚ ਵਸਾਉਣਾ ਚਾਹੀਦਾ ਹੈ। ਸੰਤ ਦੀ ਸੰਗਤ ਪ੍ਰਮਾਤਮਾ ਦੀ ਭਗਤੀ ਉਤਪੰਨ ਕਰਦੀ ਹੈ।

832. ਜਦੋਂ ਮਨੁੱਖ ਦੇ ਸਾਕ-ਸੰਬੰਧੀ ਉਸਦੀ ਸਹਾਇਤਾ ਕਰਨ ਦੇ ਸਮਰੱਥ ਨਹੀਂ ਹੁੰਦੇ, ਉਸ ਸਮੇਂ ਪ੍ਰਮਾਤਮਾ ਦਾ ਨਾਮ ਸਹਾਈ ਹੁੰਦਾ ਹੈ। ਪ੍ਰਮਾਤਮਾ ਦਾ ਨਾਮ ਮੌਤ ਦੇ ਭਿਆਨਕ ਪੰਜਿਆਂ ਤੋਂ ਮੁਕਤੀ ਦਿਲਾਉਂਦਾ ਹੈ। ਪ੍ਰਮਾਤਮਾ ਦਾ ਨਾਮ ਸਿਮਰਨ, ਪੂਰਨ ਲਾਚਾਰੀ ਦੀ ਅਵੱਸਥਾ ਵਿਚ ਉਸੇ ਪਲ ਸੁਧਾਰ ਕਰ ਦਿੰਦਾ ਹੈ। ਪ੍ਰਮਾਤਮਾ ਦਾ ਨਾਮ ਉਹਨਾਂ ਪਾਪੀਆਂ ਨੂੰ ਵੀ ਮੁਕਤੀ ਦਿਵਾਉਂਦਾ ਹੈ ਜੇ ਵੈਸੇ ਅਣਗਿਣਤ ਚੰਗੇ ਕਰਮ ਕਰਨ ਦੇ ਬਾਵਜੂਦ ਕਦੀ ਭੈੜੇ ਕਰਮ ਕਰਦੇ ਰਹਿੰਦੇ ਹਨ। ਗੁਰੂ ਦੇ ਗਿਆਨ 'ਤੇ ਭਰੋਸਾ ਰੱਖੋ। ਪ੍ਰਮਾਤਮਾ ਦਾ ਨਾਮ ਆਪਣੇ ਦਿਲ ਵਿਚ ਵਸਾਉ। ਪ੍ਰਮਾਤਮਾ ਦਾ

ਨਾਮ ਸਿਮਰਨ ਬੇਅੰਤ ਖ਼ੁਸ਼ੀਆਂ ਬਖਸ਼ਦਾ ਹੈ।

833. ਸਾਰੀ ਦੁਨੀਆਂ ਉੱਪਰ ਰਾਜ ਕਰਨ ਵਾਲਾ ਰਾਜਾ ਵੀ ਦੁੱਖਾਂ ਤੋਂ ਮੁਕਤ ਨਹੀਂ ਹੁੰਦਾ। ਪ੍ਰੰਤੂ ਪ੍ਰੇਮ ਨਾਲ ਪ੍ਰਮਾਤਮਾ ਦਾ ਨਾਮ ਧਿਆਉਣ 'ਤੇ ਅਜਿਹਾ ਰਾਜਾ ਵੀ ਦੁੱਖਾਂ ਤੋਂ ਮੁਕਤ ਹੋ ਜਾਂਦਾ ਹੈ। ਪ੍ਰਮਾਤਮਾ ਦਾ ਨਾਮ ਮਨੁੱਖ ਨੂੰ ਭਾਰੀ ਔਕੜਾਂ ਤੋਂ ਬਚਾ ਲੈਂਦਾ ਹੈ। ਜਦੋਂ ਅਨੇਕਾਂ ਦੁਨਿਆਵੀ ਸੁਖ ਅਤੇ ਐਸ਼ੋ-ਆਰਾਮ ਵੀ ਮਨੁੱਖ ਦੀ ਤ੍ਰਿਸ਼ਨਾ ਦੂਰ ਨਹੀਂ ਕਰ ਪਾਉਂਦੇ, ਉਸ ਵੇਲੇ ਪ੍ਰਮਾਤਮਾ ਦਾ ਨਾਮ ਸਬਰ-ਸੰਤੋਖ ਪ੍ਰਦਾਨ ਕਰਦਾ ਹੈ। ਜਦੋਂ ਮਨੁੱਖ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਹੈ, ਉਦੋਂ ਪ੍ਰਮਾਤਮਾ ਦਾ ਨਾਮ ਸਾਥੀ ਬਣਦਾ ਹੈ। ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰੋ, ਜੋ ਅਜਿਹੀਆਂ ਦਾਤਾਂ ਬਖਸ਼ਣ ਵਾਲਾ ਹੈ। ਗੁਰੂ ਦੇ ਗਿਆਨ ਨੂੰ ਅਪਣਾਉ। ਪ੍ਰਮਾਤਮਾ ਦੇ ਨਾਮ 'ਤੇ ਪ੍ਰੇਮ ਨਾਲ ਵਿਚਾਰ ਕਰੋ। ਮੁਕਤੀ ਦੇ ਰੂਪ ਵਿਚ ਸਰਵਉੱਚ ਦਾਤ ਦੀ ਪ੍ਰਾਪਤੀ ਹੋਵੇਗੀ।

834. ਜਦੋਂ ਕਿਸੇ ਮੁਸ਼ਕਿਲ ਸਥਿਤੀ ਵਿਚੋਂ ਬਚ ਕੇ ਨਿਕਲਣ ਦਾ ਕੋਈ ਮਾਰਗ ਲਹੀਂ ਮਿਲਦਾ, ਪ੍ਰਮਾਤਮਾ ਦਾ ਨਾਮ ਉਸ ਵੇਲੇ ਮਨੁੱਖ ਦਾ ਬਚਾਅ ਕਰਦਾ ਹੈ। ਅਣਗਿਣਤ ਭਾਰੀ ਔਕੜਾਂ ਵਿਚ ਘਿਰੇ ਮਨੁੱਖ ਨੂੰ ਪ੍ਰਮਾਤਮਾ ਦਾ ਨਾਮ ਸਿਮਰਨ ਉਸੇ ਪਲ ਸਕੂਨ ਪ੍ਰਦਾਨ ਕਰਦਾ ਹੈ। ਪ੍ਰਮਾਤਮਾ ਦਾ ਨਾਮ ਨਿਰੰਤਰ ਚੱਲ ਰਹੇ ਜਨਮ ਅਤੇ ਮਰਨ ਦੇ ਚੱਕਰ ਤੋਂ ਮੁਕਤ ਕਰਦਾ ਹੈ। ਪ੍ਰਮਾਤਮਾ ਦਾ ਨਾਮ, ਉਹਨਾ ਪਾਪਾਂ ਦਾ ਖ਼ਾਤਮਾ ਕਰਦਾ ਹੈ, ਜਿੰਨਾਂ ਨੂੰ ਹੋਰ ਕਿਸੇ ਵੀ ਤਰ੍ਹਾਂ ਮਿਟਾਇਆ ਨਹੀਂ ਜਾ ਸਕਦਾ। ਪ੍ਰੇਮ ਨਾਲ ਪ੍ਰਮਾਤਮਾ ਦਾ ਨਾਮ ਧਿਆਉਣ ਵਾਲਿਆਂ ਦੀ ਸੰਗਤ ਵਿਚ ਮਨੁੱਖ ਨੂੰ ਪ੍ਰਮਾਤਮਾ ਦਾ ਨਾਮ ਜਪਣ ਦੀ ਦਾਤ ਪ੍ਰਾਪਤ ਹੁੰਦੀ ਹੈ।

835. ਲੰਬੇ ਅਤੇ ਕਠਿਨ ਸਫ਼ਰ ਦੌਰਾਨ, ਪ੍ਰਮਾਤਮਾ ਦਾ ਨਾਮ ਸਹਾਈ ਹੁੰਦਾ ਹੈ। ਭਿਆਨਕ ਤੂਫ਼ਾਨ ਵਿਚ ਫਸੇ ਮਨੁੱਖ ਨੂੰ ਪ੍ਰਮਾਤਮਾ ਦਾ ਨਾਮ ਸਿਮਰਨ ਰੌਸ਼ਨੀ ਬਖਸ਼ਦਾ ਹੈ। ਅਜਨਬੀ ਧਰਤੀ ਉੱਪਰ, ਪ੍ਰਮਾਤਮਾ ਦਾ ਨਾਮ ਸਹਾਇਤਾ ਪ੍ਰਦਾਨ ਕਰਦਾ ਹੈ। ਅਸਹਿਣਯੋਗ ਤਪਸ਼ ਵਿਚ ਪ੍ਰਮਾਤਮਾ ਦਾ ਨਾਮ ਆਸਰਾ ਦਿੰਦਾ ਹੈ। ਜ਼ੋਰਦਾਰ ਪਿਆਸ ਵਿਚ, ਪ੍ਰਮਾਤਮਾ ਦਾ ਨਾਮ ਅੰਮ੍ਰਿਤ ਸਹਾਈ ਹੁੰਦਾ ਹੈ।

836. ਪ੍ਰਮਾਤਮਾ ਦਾ ਨਾਮ ਸੇਵਕ ਨੂੰ ਮੁਕਤੀ ਦਾ ਮਾਰਗ ਦਿਖਾਉਂਦਾ ਹੈ। ਪ੍ਰਮਾਤਮਾ ਦਾ ਨਾਮ ਸੇਵਕ ਨੂੰ ਸੰਤੋਖ ਬਖਸ਼ਦਾ ਹੈ। ਮਨੁੱਖ ਦੇ ਸਾਰੇ ਨਿੱਜੀ ਗੁਣ, ਪ੍ਰਮਾਤਮਾ ਦੀ ਹੀ ਮਿਹਰ ਹਨ। ਸੇਵਕ ਦੇ ਅਜਿਹੇ ਗੁਣਾਂ ਨੂੰ ਕੋਈ ਵੀ ਮਲੀਨ ਨਹੀਂ ਕਰ ਸਕਦਾ। ਮਨੁੱਖ ਦਾ ਉੱਚਾ ਮੁਕਾਮ ਅਤੇ ਪ੍ਰਸਿੱਧੀ ਵੀ ਪ੍ਰਮਾਤਮਾ ਦੀ ਹੀ ਦੇਣ ਹੈ। ਸੇਵਕ, ਪ੍ਰਮਾਤਮਾ ਪਾਸੋਂ-ਦੁਨਿਆਵੀਂ ਅਤੇ ਅਧਿਆਤਮਿਕ, ਦੋਨੋਂ ਤਰ੍ਹਾਂ ਦੇ ਲਾਭ ਪ੍ਰਾਪਤ ਕਰਦਾ ਹੈ। ਪ੍ਰਮਾਤਮਾ ਦੇ ਨਾਮ ਵਿਚ ਸਰਾਭੋਰ ਸੇਵਕ, ਕਿਸੇ ਵੀ ਪ੍ਰਕਾਰ ਦੇ ਵਿਛੋੜੇ ਦੇ ਦੁੱਖ ਨਹੀਂ ਸਹਿੰਦਾ। ਸੇਵਕ ਦੀ ਭਗਤੀ ਅਤੇ ਸੇਵਾ, ਪ੍ਰਮਾਤਮਾ ਦੇ ਨਾਮ ਵਿਚ ਜੁੜੀ ਹੁੰਦੀ ਹੈ।

837. ਸੇਵਕ ਦਾ ਖਜ਼ਾਨਾ, ਪ੍ਰਮਾਤਮਾ ਦਾ ਨਾਮ ਹੈ। ਇਹ ਨਾਮ ਨਿਧਾਨ ਪ੍ਰਮਾਤਮਾ ਆਪ ਸੇਵਕ ਨੂੰ ਬਖਸ਼ਦਾ ਹੈ। ਪ੍ਰਮਾਤਮਾ ਦਾ ਨਾਮ, ਸੇਵਕ ਦਾ ਰਾਖਾ ਹੈ। ਫਿਰ ਸੇਵਕ ਨੂੰ ਕਿਸੇ ਹੋਰ ਸੁਰੱਖਿਆ ਦੀ ਲੋੜ ਨਹੀਂ ਰਹਿੰਦੀ। ਸੇਵਕ ਪੂਰੀ ਤਰ੍ਹਾਂ ਪ੍ਰਮਾਤਮਾ ਦੇ ਨਾਮ ਵਿਚ ਲੀਨ ਹੋ ਕੇ ਆਨੰਦ ਮਾਣਦਾ ਹੈ। ਸੇਵਕ ਦਿਨ-ਰਾਤ ਪ੍ਰਮਾਤਮਾ ਦੇ ਨਾਮ ਦਾ ਰਸ ਮਾਣਦਾ ਹੈ। ਅਜਿਹਾ ਸੇਵਕ ਹਰ ਪਾਸੇ ਜਾਣਿਆ ਜਾਂਦਾ ਹੈ। ਸੇਵਕ ਦੂਜਿਆਂ ਨੂੰ ਵੀ ਪ੍ਰਮਾਤਮਾ ਦੇ ਨਾਮ ਨਾਲ ਜੋੜਦਾ ਹੈ ਅਤੇ ਇੰਜ ਉਹਨਾਂ ਨੂੰ ਵੀ ਜਨਮ ਮਰਨ ਦੇ ਚੱਕਰ ਦੇ ਭਿਆਨਕ ਦੁਖਾਂ ਤੋਂ ਬਚਾਉਂਦਾ ਹੈ।

838. ਪ੍ਰਮਾਤਮਾ ਦੇ ਨਾਮ ਦਾ ਕੋਈ ਸਾਨੀ ਨਹੀਂ। ਪ੍ਰਮਾਤਮਾ ਦਾ ਸਿਮਰਨ ਕੇਵਲ ਵਿਰਲੇ ਨੂੰ ਹੀ ਪ੍ਰਾਪਤ ਹੁੰਦਾ ਹੈ ਅਤੇ ਉਹ ਵੀ ਗੁਰੂ ਦੇ ਗਿਆਨ 'ਤੇ ਚੱਲ ਕੇ।

839. ਪ੍ਰਮਾਤਮਾ ਦੇ ਸੇਵਕ ਉਸ ਨੂੰ ਅੰਗ ਸੰਗ ਅਨੁਭਵ ਕਰਦੇ ਹਨ। ਪ੍ਰਮਾਤਮਾ, ਆਪਣੇ ਪੂਰੇ ਗੁਣਾਂ ਨਾਲ, ਸੇਵਕ ਦੇ ਮਨ ਵਿਚ ਵੱਸਿਆ ਰਹਿੰਦਾ ਹੈ।

840. ਸੰਤ ਦਾ ਨਿੱਤਨੇਮ ਪ੍ਰਮਾਤਮਾ ਦਾ ਪ੍ਰੇਮ ਪੂਰਵਕ ਨਾਮ ਧਿਆਉਣਾ ਹੈ। ਪ੍ਰਮਾਤਮਾ ਦਾ ਨਾਮ ਸੰਤ ਦੇ ਮਨ ਵਿਚ ਵੱਸਿਆ ਹੁੰਦਾ ਹੈ। ਪ੍ਰਮਾਤਮਾ ਦਾ ਨਾਮ ਸੰਤ ਨੂੰ ਹਰੇਕ ਦੁਖ ਤੋਂ ਬਚਾਉਂਦਾ ਹੈ। ਅਣਗਣਿਤ ਮਨੁੱਖਾਂ ਨੇ ਪ੍ਰਮਾਤਮਾ ਦੇ ਨਾਮ ਦੁਆਰਾ ਮੁਕਤੀ ਹਾਸਿਲ ਕੀਤੀ ਹੈ। ਸੰਤ ਦਿਨ-ਰਾਤ, ਪ੍ਰਮਾਤਮਾ ਦੀ ਸਿਫ਼ਤਿ ਸਾਲਾਹਿ ਵਿਚ ਜੁੜਿਆ ਰਹਿੰਦਾ ਹੈ। ਸੰਤ, ਪ੍ਰੇਮ ਪੂਰਵਕ ਪ੍ਰਮਾਤਮਾ ਦਾ ਨਾਮ ਜਪ ਕੇ ਰਾਮ ਬਾਣ ਸਭ ਬੀਮਾਰੀਆਂ ਦੇ ਇਲਾਜ ਦੀ ਪ੍ਰਾਪਤੀ ਕਰਦਾ ਹੈ। ਪ੍ਰਮਾਤਮਾ ਦਾ ਨਾਮ ਸੰਤ ਦਾ ਖਜ਼ਾਨਾ ਹੈ। ਪ੍ਰਮਾਤਮਾ ਇਸ ਖਜ਼ਾਨੇ ਦੀ ਸੰਤ ਉੱਪਰ ਬਖ਼ਸ਼ਿਸ਼ ਕਰਦਾ ਹੈ। ਸੰਤ ਨੂੰ ਬੁੱਧੀ ਦੀ ਦਾਤ ਮਿਲਦੀ ਹੈ।

ਨੋਟ : ਉਪਰੋਕਤ ਵਿਚਾਰਾਂ ਵਿਚੋਂ ਕਈ ਵਿਚਾਰ ਲੰਬੇ ਪੈਰ੍ਹਿਆਂ ਦੇ ਵਿਚ ਇਸ ਲਈ ਹਨ, ਕਿਉਂਕਿ ਉਹਨਾਂ ਵਿਚੋਂ ਕੁਝ ਸੁਖਮਨੀ ਸਾਹਿਬ ਦੀ ਬਾਣੀ (ਰਚਨਾ) ਦਾ ਅਨੁਵਾਦ ਹਨ।

841. ਪ੍ਰਮਾਤਮਾ ਸਰਬ ਵਿਆਪਕ ਹੈ ਅਤੇ ਉਹ ਸਦੀਵੀ ਕਾਇਮ ਰਹਿਣ ਵਾਲਾ ਹੈ।

842. ਸਤਿਗੁਰੂ, ਪ੍ਰਮਾਤਮਾ ਦੀ ਵਡਿਆਈ ਨੂੰ ਦਰਸਾਉਂਦਾ ਹੈ।

843. ਪ੍ਰਮਾਤਮਾ ਦੇ ਗੁਣਾਂ ਦਾ ਕੋਈ ਅੰਤ ਨਹੀਂ।

844. ਪ੍ਰਮਾਤਮਾ ਦਾ ਹਰੇਕ ਗੁਣ ਵਿਲੱਖਣ ਹੈ ਅਤੇ ਹੋਰ ਕੋਈ ਉਸਦੀ ਬਰਾਬਰੀ ਨਹੀਂ ਕਰ ਸਕਦਾ।

845. ਪ੍ਰਮਾਤਮਾ 'ਤੇ ਭਰੋਸਾ ਰੱਖੋ ਜੋ ਸਦਾ ਕਾਇਮ ਰਹਿਣ ਵਾਲਾ ਹੈ।

846. ਪ੍ਰਮਾਤਮਾ ਉੱਪਰ ਭਰੋਸੇ ਤੋਂ ਬਗੈਰ, ਸਾਰੇ ਜਨਮ-ਮਰਨ ਦੇ ਚੱਕਰ ਵਿਚ ਬੱਝੇ ਹੋਏ

ਹਨ।

847. ਕੇਵਲ ਸਤਿਗੁਰੂ ਹੀ ਪ੍ਰਮਾਤਮਾ ਵਿਚ ਅਜਿਹਾ ਵਿਸ਼ਵਾਸ ਉਤਪੰਨ ਕਰਵਾਉਣ ਵਿਚ ਮਦਦ ਕਰ ਸਕਦਾ ਹੈ।

848. ਸਤਿਗੁਰੂ ਦੇ ਗਿਆਨ ਤੋਂ ਬਿਨਾਂ, ਪ੍ਰਮਾਤਮਾ 'ਤੇ ਭਰੋਸਾ ਕਾਇਮ ਨਹੀਂ ਰੱਖਿਆ ਜਾ ਸਕਦਾ।

849. ਪ੍ਰਮਾਤਮਾ 'ਤੇ ਭਰੋਸੇ ਨੂੰ ਸਵੈ-ਵਾਸਤਵਿਕ ਨਹੀਂ ਕੀਤਾ ਜਾ ਸਕਦਾ, ਕੇਵਲ ਸਤਿਗੁਰੂ ਹੀ ਇਸਨੂੰ ਸਥਾਪਿਤ ਕਰ ਸਕਦਾ ਹੈ।

850. ਜੇ ਸਤਿਗੁਰੂ ਅਤੇ ਪ੍ਰਮਾਤਮਾ ਮਨੁੱਖ ਦੇ ਮਨ ਨਾਲ ਹਨ ਤਾਂ ਮਨੁੱਖ ਦਾ ਪ੍ਰਮਾਤਮਾ 'ਤੇ ਭਰੋਸਾ ਕਦੀ ਵੀ ਨਹੀਂ ਡੋਲ ਸਕਦਾ।

851. ਸਤਿਗੁਰੂ ਪ੍ਰਮਾਤਮਾ 'ਤੇ ਭਰੋਸੇ ਦੀ ਨੀਂਹ ਰੱਖਦਾ ਹੈ।

852. ਸਤਿਗੁਰੂ ਦੇ ਦੱਸੇ ਸ਼ਬਦਾਂ ਅਨੁਸਾਰ ਹੀ ਪ੍ਰਮਾਤਮਾ ਦਿੰਦਾ ਹੈ।

853. ਪ੍ਰਮਾਤਮਾ ਮਿਹਰਬਾਨ ਹੈ ਅਤੇ ਸੇਵਕ ਉੱਪਰ ਆਪਣੀ ਮਿਹਰ ਬਣਾਈ ਰੱਖਦਾ ਹੈ।

854. ਪ੍ਰਮਾਤਮਾ ਦੇ ਮਨੁੱਖ ਨਾਲ ਸੰਬੰਧਿਤ ਗੁਣ ਸੰਪੂਰਨ ਰੂਪ ਵਿਚ ਭਰੋਸੇਯੋਗ ਹਨ।

855. ਪ੍ਰਮਾਤਮਾ ਆਪਣੇ ਉੱਪਰ ਕੀਤੇ ਭਰੋਸੇ ਦਾ ਮਾਨ ਰੱਖਦਾ ਹੈ।

856. ਹਮੇਸ਼ਾਂ ਪ੍ਰਮਾਤਮਾ ਦਾ ਹੁਕਮ ਮੰਨਣ ਦੀ ਇੱਛਾ ਰੱਖੋ।

857. ਪ੍ਰਮਾਤਮਾ ਅੱਗੇ ਹੰਕਾਰ ਤੋਂ ਮੁਕਤੀ ਦੀ ਇੱਛਾ ਰੱਖੋ।

858. ਸਤਿ ਜਾਣੋ ਕਿ ਪ੍ਰਮਾਤਮਾ ਦੇ ਹੁਕਮ ਨਿਰਵਿਵਾਦ ਹਨ।

859. ਸਤਿ ਜਾਣੋ ਕਿ ਪ੍ਰਮਾਤਮਾ ਹੀ ਆਪਣੀ ਸੰਪੂਰਨ ਸ੍ਰਿਸ਼ਟੀ ਦਾ ਮਾਲਕ ਹੈ।

860. ਸਤਿ ਜਾਣੋ ਕਿ ਪ੍ਰਮਾਤਮਾ ਪ੍ਰਤੀ ਅਹੰਕਾਰ ਮਿਥਿਆ ਹੈ।

861. ਪ੍ਰਮਾਤਮਾ ਸਰਬ-ਸ਼ਕਤੀਮਾਨ ਅਤੇ ਬੇਅੰਤ ਹੈ।

862. ਪ੍ਰਮਾਤਮਾ ਦੀ ਰਚਨਾ ਬਿਆਨ ਤੋਂ ਪਰ੍ਹੇ ਹੈ।

863. ਪ੍ਰਮਾਤਮਾ ਦੇ ਗੁਣ ਬੇਅੰਤ ਹਨ।

864. ਪ੍ਰਮਾਤਮਾ ਦੀ ਰਚਨਾ ਦੀ ਸੁੰਦਰਤਾ ਅਤੇ ਵਿਵਸਥਾ ਲਾਸਾਨੀ ਹੈ।

865. ਪ੍ਰਮਾਤਮਾ ਦੀ ਰਚਨਾ ਬਹੁਤ ਅਧਿੱਕ ਵਿਭਿੰਨ ਹੈ।

866. ਪ੍ਰਮਾਤਮਾ ਸਮੇਂ ਤੋਂ ਵੀ ਪ੍ਰਾਚੀਨ ਹੈ।

867. ਪ੍ਰਮਾਤਮਾ ਅਚਰਜ ਰੂਪ ਹੈ ਪ੍ਰੰਤੂ ਫਿਰ ਵੀ ਅਦਿੱਖ ਹੈ। ਸਤਿਗੁਰੂ ਦੇ ਗਿਆਨ ਨਾਲ ਖੁੱਲੀ, ਕੇਵਲ ਮਨ ਦੀ ਅੱਖ ਨਾਲ ਹੀ ਉਸਨੂੰ ਦੇਖਿਆ ਜਾ ਸਕਦਾ ਹੈ।

868. ਪ੍ਰਮਾਤਮਾ ਦੇ ਹੁਕਮ ਨੂੰ ਬਦਲਿਆ ਨਹੀਂ ਜਾ ਸਕਦਾ।

869. ਪ੍ਰਮਾਤਮਾ ਉਤਪੰਨ ਕਰਨ, ਪਾਲਣਾ ਕਰਨ ਅਤੇ ਨਸ਼ਟ ਕਰਨ ਦੀ ਤਾਕਤ ਰੱਖਦਾ ਹੈ।

870. ਪ੍ਰਮਾਤਮਾ ਦੇ ਦੋ ਆਪੇ ਹਨ। ਇਕ ਨੂੰ ਉਹ ਆਪਣੀ ਰਚਨਾ ਵਿਚ ਦਰਸਾਉਂਦਾ ਹੈ। ਦੂਸਰਾ ਆਪਾ ਉਸਦੇ ਰਚਨਾ ਦੇ ਕਾਰਜ ਤੋਂ ਪਹਿਲਾਂ ਦਾ ਹੈ।

871. ਪ੍ਰਮਾਤਮਾ ਹਰ ਜਗ੍ਹਾ ਦੋਨੋਂ ਨੇੜੇ ਅਤੇ ਦੂਰ ਹਾਜ਼ਰ ਹੈ।

872. ਪ੍ਰਮਾਤਮਾ ਹਰ ਜੀਵ ਵਿਚ ਨਿਵਾਸ ਕਰਦਾ ਹੈ।

873. ਸੇਵਕ ਪ੍ਰਮਾਤਮਾ ਦੇ ਚਰਨਾਂ ਵਿਚ ਰਹਿਣ ਦੀ ਇੱਛਾ ਰੱਖਦਾ ਹੈ।

874. ਸੇਵਕ ਪ੍ਰਮਾਤਮਾ ਤੋਂ ਵਿਛੋੜੇ ਨੂੰ ਦੂਰ ਕਰਨ ਦੀ ਕੋਸ਼ਿਸ਼ ਵਿਚ ਲੱਗਾ ਰਹਿੰਦਾ ਹੈ।

875. ਸੇਵਕ ਪ੍ਰਮਾਤਮਾ ਨਾਲ ਨੇੜਤਾ ਲਈ ਮਦਦ ਦੀ ਭਾਲ ਵਿਚ ਰਹਿੰਦਾ ਹੈ।

876. ਜੇ ਸੇਵਕ ਪ੍ਰਮਾਤਮਾ ਨਾਲ ਸਾਂਝ ਸਥਾਪਿਤ ਕਰਨ ਤੋਂ ਅਸਮਰੱਥ ਹੁੰਦਾ ਹੈ ਤਾਂ ਫਿਰ ਉਹ ਵਿਛੋੜੇ ਦੇ ਦੁੱਖ ਭੋਗਦਾ ਹੈ।

877. ਸੇਵਕ ਦੀ ਪ੍ਰਮਾਤਮਾ ਨਾਲ ਮਿਲਾਪ ਦੀ ਖਾਹਿਸ਼ ਉਸਦੇ ਪ੍ਰਮਾਤਮਾ ਪ੍ਰਤੀ ਭਰੋਸੇ ਦਾ ਨਤੀਜਾ ਹੈ।

878. ਸਮੇਂ ਦੇ ਨਾਲ-ਨਾਲ, ਸੇਵਕ ਦੀ ਪ੍ਰਮਾਤਮਾ ਨਾਲ ਮਿਲਾਪ ਦੀ ਤਾਂਘ ਵੱਧਦੀ ਜਾਂਦੀ ਹੈ।

879. ਸੇਵਕ ਦੀ ਪ੍ਰਮਾਤਮਾ ਨਾਲ ਮਿਲਾਪ ਦੀ ਤਾਂਘ, ਆਖਿਰਕਾਰ ਪ੍ਰਮਾਤਮਾ ਨਾਲ ਮਿਲਾਪ ਵਿਚ ਤਬਦੀਲ ਹੋ ਜਾਂਦੀ ਹੈ।

880. ਸੇਵਕ ਗ੍ਰਹਿਸਤੀ ਵਾਂਗ ਜੀਵਨ ਜਿਉਂਦੇ ਹੋਏ ਵੀ ਪ੍ਰਮਾਤਮਾ ਨਾਲ ਮਿਲਾਪ ਦੀ ਇੱਛਾ ਰੱਖਦਾ ਹੈ।

881. ਪ੍ਰਮਾਤਮਾ ਕੋਲ ਕਿਸੇ ਚੀਜ਼ ਦਾ ਘਾਟਾ ਨਹੀਂ ਹੈ। ਉਸਦੀ ਸੇਵਾ ਕਰਨਾ ਹੀ, ਉਸ ਪ੍ਰਤੀ ਸ਼ਰਧਾ ਅਤੇ ਪ੍ਰੇਮ ਦੀ ਭਾਵਨਾ ਹੈ।

882. ਪ੍ਰਮਾਤਮਾ ਦੇ ਭਗਤਾਂ ਦੀ ਸੇਵਾ ਤੇ ਨੇਕ ਕਰਮ ਕਮਾਉਣਾ ਹੀ, ਪ੍ਰਮਾਤਮਾ ਦੀ ਸੇਵਾ ਹੈ।

883. ਸਤਿਗੁਰੂ ਦੇ ਸ਼ਬਦਾਂ ਦਾ ਆਦਾਨ-ਪ੍ਰਦਾਨ ਹੀ ਪ੍ਰਮਾਤਮਾ ਦੀ ਸੇਵਾ ਹੈ।

884. ਸਤਿਗੁਰੂ ਦੇ ਸ਼ਬਦਾਂ ਨੂੰ ਸਮਝਣ ਵਿਚ ਦੂਸਰਿਆਂ ਦੀ ਮਦਦ ਕਰਨਾ ਹੀ, ਪ੍ਰਮਾਤਮਾ ਦੀ ਸੇਵਾ ਹੈ।

885. ਬਿਨਾਂ ਕਿਸੇ ਇੱਛਾ ਦੇ, ਸ਼ੁਭ ਕਰਮ ਕਰਨਾ ਹੀ ਪ੍ਰਭੂ ਦੀ ਸੇਵਾ ਹੈ।

886. ਸੱਚੇ ਸੇਵਕ ਨੂੰ ਪ੍ਰਮਾਤਮਾ ਦੀਆਂ ਮਿਹਰਾਂ ਲਈ ਉਸਦਾ ਧੰਨਵਾਦੀ ਹੋਣਾ ਫੱਬਦਾ ਹੈ।

887. ਪ੍ਰਮਾਤਮਾ ਪ੍ਰਤੀ ਭਾਵਨਾ-ਪੂਰਵਕ ਧੰਨਵਾਦੀ ਹੋਣਾ, ਮਨੁੱਖ ਨੂੰ ਪ੍ਰਮਾਤਮਾ ਦੇ ਨੇੜੇ ਲੈ ਆਉਂਦਾ ਹੈ।

888. ਸੇਵਕ ਪ੍ਰਮਾਤਮਾ ਪ੍ਰਤੀ ਸ਼ੁਕਰਾਨੇ ਵਾਲਾ ਵਤੀਰਾ ਬਣਾਈ ਰੱਖਦਾ ਹੈ।

889. ਸੇਵਕ ਪ੍ਰਮਾਤਮਾ ਦੀਆਂ ਬਖ਼ਸ਼ੀਆਂ ਦਾਤਾਂ ਨੂੰ ਯਾਦ ਕਰਕੇ, ਉਸਦਾ ਸ਼ੁਕਰ ਪ੍ਰਗਟ ਕਰਦਾ ਹੈ।

890. ਸੇਵਕ ਦੀ ਪ੍ਰਮਾਤਮਾ ਦੀਆਂ ਦਿੱਤੀਆਂ ਦਾਤਾਂ ਦੀ ਸਵੀਕ੍ਰਿਤੀ ਨਿੱਜੀ ਵੀ ਹੋ ਸਕਦੀ ਹੈ ਅਤੇ ਜਨਤਕ ਵੀ।

891. ਪ੍ਰਮਾਤਮਾ ਦੀ ਸੰਪੂਰਨ ਮਹਾਨਤਾ ਅਤੇ ਉਸਦੇ ਵਿਅੱਕਤਿੱਤਵ ਦੀ ਸੰਪੂਰਨ ਸ਼ੁੱਧਤਾ ਸੇਵਕ ਦਾ ਮਾਨ ਸਨਮਾਨ ਕਰਨ ਲਈ ਹੈ।

892. ਸੇਵਕ ਕੇਵਲ ਸਤਿਗੁਰੂ ਤੋਂ ਹੀ ਸਿੱਖਦਾ ਹੈ ਕਿ ਉਸਨੇ ਕਿਵੇਂ ਭਾਵਨਾ ਸਹਿਤ ਪ੍ਰਮਾਤਮਾ ਦਾ ਸਤਿਕਾਰ ਕਰਨਾ ਹੈ।

893. ਨਿੱਜੀ ਤੌਰ 'ਤੇ ਸੇਵਕ ਆਪਣੇ ਵਿਚਾਰਾਂ ਵਿਚ ਪ੍ਰਮਾਤਮਾ ਦਾ ਮਾਣ-ਸਤਿਕਾਰ ਕਰਦਾ ਹੈ। ਜਨਤਕ ਤੌਰ 'ਤੇ, ਸੇਵਕ, ਪ੍ਰਮਾਤਮਾ ਦਾ ਸਤਿਕਾਰ, ਉਸਦੇ ਗੁਣਾਂ ਬਾਰੇ ਗੱਲਾਂ-ਬਾਤਾਂ ਕਰਕੇ ਅਤੇ ਉਸਦੀ ਸਿਫ਼ਤ-ਸਾਲਾਹਿ ਗਾ ਕੇ ਕਰਦਾ ਹੈ।

894. ਸੇਵਕ ਦਾ ਪ੍ਰਮਾਤਮਾ ਪ੍ਰਤੀ ਸਤਿਕਾਰ, ਜਿੰਨਾਂ ਗਹਿਰਾ ਹੋਵੇਗਾ, ਉਹ ਉਨਾਂ ਹੀ ਪ੍ਰਮਾਤਮਾ ਦੇ ਅੰਗ-ਸੰਗ ਹੋਵੇਗਾ।

895. ਸੇਵਕ ਪ੍ਰਮਾਤਮਾ ਨੂੰ ਧਿਆਉਂਦਾ ਹੈ। ਉਹ ਇਕ ਰਸ ਪ੍ਰਮਾਤਮਾ ਦੀ ਭਗਤੀ ਵਿਚ ਲੀਨ ਰਹਿੰਦਾ ਹੈ।

896. ਸੇਵਕ, ਪ੍ਰਮਾਤਮਾ ਉੱਪਰ ਆਪਣੇ ਵਿਸ਼ਵਾਸ 'ਤੇ ਦ੍ਰਿੜ੍ਹ ਹੁੰਦਾ ਹੈ।

897. ਸੇਵਕ ਬਿਨਾਂ ਕਿਸੇ ਲਾਭ ਜਾਂ ਫਲ ਦੇ, ਪ੍ਰਮਾਤਮਾ ਨੂੰ ਸਿਮਰਦਾ ਹੈ।

898. ਸੇਵਕ ਅਤੇ ਪ੍ਰਮਾਤਮਾ ਦੀ ਨਜ਼ਦੀਕੀ ਆਪਸੀ ਹੁੰਦੀ ਹੈ।

899. ਸਤਿਗੁਰੂ ਦੇ ਸ਼ਬਦ (ਉਪਦੇਸ਼) ਪ੍ਰਮਾਤਮਾ ਨਾਲ ਨੇੜਤਾ ਪੈਦਾ ਕਰਦੇ ਹਨ।

900. ਸੇਵਕ ਦੀ ਪ੍ਰਮਾਤਮਾ ਨਾਲ ਨੇੜਤਾ ਕਈ ਰੂਪ ਲੈਂਦੀ ਹੈ। ਜਿਵੇਂ ਕਿ ਮਾਂ-ਬਾਪ ਦੀ ਬੱਚੇ ਨਾਲ ਨੇੜਤਾ, ਪ੍ਰੇਮੀ ਦੀ ਪ੍ਰੇਮਿਕਾ ਨਾਲ ਨੇੜਤਾ, ਦਿਆਲੂ ਅਤੇ ਲਾਭ ਪ੍ਰਾਪਤ ਕਰਨ ਵਾਲੇ ਦੀ ਨੇੜਤਾ।

901. ਸੇਵਕ ਅਤੇ ਪ੍ਰਮਾਤਮਾ ਦੀ ਨੇੜਤਾ ਸਮੇਂ ਦੇ ਨਾਲ ਵੱਧਦੀ ਜਾਂਦੀ ਹੈ।

902. ਪ੍ਰਮਾਤਮਾ ਪ੍ਰਤੀ ਨਿੱਘੇ ਵਿਚਾਰ ਜਿਵੇਂ ਹੀ ਸਤਿਗੁਰੂ ਨੇ ਆਪਣੇ ਸ਼ਬਦਾਂ ਵਿਚ ਪ੍ਰਗਟਾਏ

ਹੁੰਦੇ ਹਨ, ਸੇਵਕ ਉਹਨਾਂ ਨੂੰ ਉਵੇਂ ਹੀ ਆਪਣੇ ਦਿਲ ਵਿਚ ਵਸਾ ਕੇ ਰੱਖਦਾ ਹੈ, ਜਨਤਕ ਤੌਰ 'ਤੇ, ਪ੍ਰਮਾਤਮਾ ਨਾਲ ਆਪਣੀ ਨੇੜਤਾ ਜ਼ਾਹਿਰ ਕਰਨ ਲਈ, ਉਹ ਸਤਿਗੁਰੂ ਦੇ ਸ਼ਬਦਾਂ ਦਾ ਹਵਾਲਾ ਦਿੰਦਾ ਹੈ।

903. ਸਤਿਗੁਰੂ ਦੇ ਸ਼ਬਦ, ਸਿੱਖ ਦੇ ਅਹੰਕਾਰ ਨੂੰ ਨਸ਼ਟ ਕਰ ਦਿੰਦੇ ਹਨ ਅਤੇ ਉਸਦੀ ਜਗ੍ਹਾ ਉਸਦੇ ਮਨ ਵਿਚ ਪ੍ਰਮਾਤਮਾ ਪ੍ਰਤੀ ਨਿਮਰਤਾ ਭਰ ਦਿੰਦੇ ਹਨ। ਸੇਵਕ ਪ੍ਰਮਾਤਮਾ ਦੀਆਂ ਸ਼ਕਤੀਆਂ ਅਤੇ ਵਡਿਆਈ ਅੱਗੇ ਆਪਣੀ ਤੁੱਛਤਾ (ਨਿਰਰਥਕਤਾ) ਨੂੰ ਮਹਿਸੂਸ ਕਰਦਾ ਹੈ।

904. ਸਤਿਗੁਰੂ ਦੇ ਉਪਦੇਸ਼ ਨਾਲ, ਪ੍ਰਮਾਤਮਾ ਅਤੇ ਮਨੁੱਖ ਵਿਚਲੇ ਮੂਲ ਅਸਾਧਾਰਣ ਅੰਤਰ ਦੀ ਜਦੋਂ ਸੇਵਕ ਨੂੰ ਸਮਝ ਆਉਂਦੀ ਹੈ ਤਾਂ ਫਿਰ ਉਹ ਨਿਮਰਤਾ ਸਹਿਤ ਪ੍ਰਮਾਤਮਾ ਵੱਲ ਮੁੜ ਪੈਂਦਾ ਹੈ।

905. ਸੇਵਕ, ਆਪਾ ਮਿਟਾ ਕੇ ਪ੍ਰਮਾਤਮਾ ਅੱਗੇ ਨਿਮਰਤਾ ਜ਼ਾਹਿਰ ਕਰਦਾ ਹੈ।

906. ਪ੍ਰਮਾਤਮਾ ਆਪਣੇ ਸੱਚੇ ਸੇਵਕ ਉੱਪਰ ਮਿਹਰਾਂ ਕਰਦਾ ਹੈ।

907. ਪ੍ਰਮਾਤਮਾ ਪ੍ਰਤੀ ਪੂਰਨ ਨਿਮਰਤਾ ਅੰਹਕਾਰ ਨੂੰ ਪੂਰੀ ਤਰ੍ਹਾਂ ਸਮਾਪਤ ਕਰ ਦਿੰਦੀ ਹੈ। ਬਦਲੇ ਵਿਚ, ਪ੍ਰਮਾਤਮਾ ਸੇਵਕ ਨੂੰ ਮਾਣ ਬਖ਼ਸ਼ਦਾ ਹੈ।

908. ਪ੍ਰਮਾਤਮਾ ਨੂੰ ਧਿਆਉਣ ਦਾ ਭਾਵ ਹੈ ਸੇਵਕ ਦੇ ਮਨ ਅੰਦਰ, ਪ੍ਰਮਾਤਮਾ ਦੇ ਗੁਣਾਂ ਦੁਆਰਾ, ਉਸਦੀ (ਪ੍ਰਮਾਤਮਾ) ਮਹਾਨਤਾ ਉੱਪਰ ਧਿਆਨ ਕੇਂਦਰਿਤ ਕਰਨਾ।

909. ਸਤਿਗੁਰੂ ਦੇ ਸ਼ਬਦਾਂ ਦੇ ਰਾਹੀਂ ਹੀ ਪ੍ਰਮਾਤਮਾ ਦਾ ਸਿਮਰਨ ਕਰੋ।

910. ਜਦੋਂ ਸਤਿਗੁਰੂ ਦੇ ਸ਼ਬਦ, ਸੇਵਕ ਦੀ ਸੁਰਤਿ ਨੂੰ ਗੁਰੂ ਦੀ ਸੁਰਤਿ ਦੇ ਪੱਧਰ ਤੱਕ ਲੈ ਆਉਂਦੇ ਹਨ, ਫਿਰ ਸੇਵਕ ਦਾ ਮਨ ਪ੍ਰਮਾਤਮਾ ਦੇ ਸਿਮਰਨ ਵਿਚ ਲੀਨ ਹੋ ਜਾਂਦਾ ਹੈ।

911. ਪ੍ਰਮਾਤਮਾ ਦਾ ਸਿਮਰਨ ਸੇਵਕ ਲਈ ਸ਼ਾਂਤੀ ਅਤੇ ਪ੍ਰਸੰਨਤਾ ਉਤਪੰਨ ਕਰਦਾ ਹੈ।

912. ਸਤਿਗੁਰੂ ਦੇ ਸ਼ਬਦਾਂ ਦੁਆਰਾ ਸਿਖਾਏ ਸਿਧਾਂਤਾਂ ਨੂੰ ਸੁਣ ਕੇ ਅਤੇ ਸਵੀਕਾਰ ਕੇ, ਪ੍ਰਮਾਤਮਾ ਦੇ ਸਿਮਰਨ ਵਿਚ ਆਸਾਨੀ ਹੁੰਦੀ ਹੈ। ਇਹ ਪ੍ਰਮਾਤਮਾ ਦੀ ਸਿਫ਼ਤ ਗਾਉਣ ਵਾਲੇ ਬਾਕੀ ਸੇਵਕਾਂ ਦੀ ਸੰਗਤ ਵਿਚ, ਉਹਨਾਂ ਨਾਲ ਪ੍ਰਮਾਤਮਾ ਦੀ ਸਿਫ਼ਤ ਗਾਉਣ ਨਾਲ ਵੀ ਆਸਾਨ ਹੁੰਦਾ ਹੈ।

913. ਸੇਵਕ ਦਾ ਪ੍ਰਮਾਤਮਾ ਨਾਲ ਨੇੜਤਾ ਭਰਿਆ ਸੰਬੰਧ, ਉਸਦੇ ਹੋਰ ਸਾਰੇ ਰਿਸ਼ਤਿਆਂ ਤੋਂ ਉਪਰ ਹੈ।

914. ਪ੍ਰਮਾਤਮਾ ਨਾਲ ਸੇਵਕ ਦੀ ਨੇੜਤਾ, ਬਖ਼ਸ਼ਿਸ਼ਾਂ ਅਤੇ ਮਾਣ ਬਖਸ਼ਦੀ ਹੈ।

915. ਸੇਵਕ ਦਾ ਪ੍ਰਮਾਤਮਾ ਨਾਲ ਨੇੜਤਾ ਵਾਲਾ ਸੰਬੰਧ ਪਹਿਲਾਂ ਤੋਂ ਹੀ ਨਿਰਧਾਰਿਤ ਹੁੰਦਾ ਹੈ।

916. ਸਤਿਗੁਰੂ ਦੁਆਰਾ, ਗੁਰੂ ਦੀਆਂ ਸਿੱਖਿਆਵਾਂ ਅਤੇ ਕ੍ਰਿਪਾ ਨਾਲ, ਸੇਵਕ ਦਾ ਪ੍ਰਮਾਤਮਾ ਨਾਲ ਨਜ਼ਦੀਕੀ ਨਾਤਾ ਪੈਦਾ ਹੁੰਦਾ ਹੈ।

917. ਪ੍ਰਮਾਤਮਾ ਦਾ ਸੇਵਕ ਆਪਣੇ ਸੰਗੀ ਸਾਥੀ ਮਨੁੱਖਾਂ ਨਾਲ ਦਇਆ ਅਤੇ ਸਤਿਕਾਰ ਨਾਲ ਵਰਤਾਉ ਕਰਦਾ ਹੈ।

918. ਪ੍ਰਮਾਤਮਾ ਦਾ ਸੇਵਕ ਆਪਣੇ ਨਾਲ ਦੇ ਮਨੁੱਖਾਂ ਨਾਲ ਵਰਤਾਉ ਵਿਚ ਸੱਚਾ-ਸੁੱਚਾ ਹੁੰਦਾ ਹੈ।

919. ਪ੍ਰਮਾਤਮਾ ਦੇ ਸੇਵਕ ਨੂੰ ਆਪਣੀਆਂ ਨਿੱਜੀ ਕਮੀਆਂ ਨੂੰ ਸਵੀਕਾਰਣ ਵਿਚ ਕੋਈ ਝਿਜਕ ਜਾਂ ਸ਼ਰਮ ਨਹੀਂ ਹੁੰਦੀ।

920. ਪ੍ਰਮਾਤਮਾ ਦਾ ਸੇਵਕ, ਸਤਿਗੁਰੂ ਵਲੋਂ ਬੋਲੇ ਪ੍ਰਮਾਤਮਾ ਦੇ ਸ਼ਬਦ ਨੂੰ ਸਵੀਕਾਰ ਕਰਦਾ ਹੈ।

921. ਪ੍ਰਮਾਤਮਾ ਦਾ ਸੇਵਕ, ਪ੍ਰਮਾਤਮਾ ਦੇ ਗੁਣਾਂ ਦਾ ਸਨਮਾਨ ਕਰਦਾ ਹੈ।

922. ਪ੍ਰਮਾਤਮਾ ਦਾ ਸੇਵਕ, ਪ੍ਰਮਾਤਮਾ ਦੇ ਹੋਰ ਸੇਵਕਾਂ ਦੀ ਸੇਵਾ ਕਰਨ ਦੇ ਮੌਕੇ ਨੂੰ, ਆਪਣੇ ਵੱਡੇ ਭਾਗ ਸਮਝਦਾ ਹੈ।

923. ਪ੍ਰਮਾਤਮਾ ਦਾ ਸੇਵਕ ਸੱਚੇ ਪ੍ਰਭੂ 'ਤੇ ਬਲਿਹਾਰੀ ਜਾਂਦਾ ਹੈ।

924. ਪ੍ਰਮਾਤਮਾ ਦਾ ਸੇਵਕ, ਆਪਣੇ ਜੀਵਨ ਜਿਉਣ ਵਿਚ ਪ੍ਰਮਾਤਮਾ ਦੀ ਵਡਿਆਈ ਨੂੰ ਸਵੀਕਾਰਦਾ ਹੈ।

925. ਪ੍ਰਮਾਤਮਾ ਦਾ ਸੇਵਕ, ਪ੍ਰਮਾਤਮਾ ਦੇ ਸਿਮਰਨ ਵਿਚ ਆਪਣਾ ਜੀਵਨ ਬਤੀਤ ਕਰਦਾ ਹੈ।

926. ਸੇਵਕ ਆਪਣੇ ਅਹੰਕਾਰ ਦਾ ਤਿਆਗ ਕਰਦਾ ਹੈ, ਜੋ ਪ੍ਰਮਾਤਮਾ ਤੋਂ ਵਿਛੋੜੇ ਦਾ ਕਾਰਣ ਹੈ।

927. ਸੇਵਕ ਆਪਣੀਆਂ ਗਲਤੀਆਂ ਲਈ ਪ੍ਰਮਾਤਮਾ ਤੋਂ ਮੁਆਫੀ ਮੰਗਦਾ ਹੈ।

928. ਸੇਵਕ ਪ੍ਰਮਾਤਮਾ ਨਾਲ ਮਿਲਾਪ ਲਈ ਉਸ (ਪ੍ਰਮਾਤਮਾ) ਅੱਗੇ ਅਰਜ਼ੋਈ ਕਰਦਾ ਹੈ।

229. ਸੇਵਕ ਪ੍ਰਮਾਤਮਾ ਅੱਗੇ, ਉਸ ਉੱਪਰ ਆਪਣਾ ਭਰੋਸਾ ਅਤੇ ਵਿਸ਼ਵਾਸ ਬਣਾਏ ਰੱਖਣ ਲਈ ਅਰਜ਼ੋਈ ਕਰਦਾ ਹੈ।

930. ਸੇਵਕ ਪ੍ਰਮਾਤਮਾ ਦੇ ਸ਼ਬਦ ਉੱਤੇ ਪੱਕਾ ਯਕੀਨ ਰੱਖਣ ਦੀ ਮਿਹਰ ਕਰਨ ਦੀ ਪ੍ਰਮਾਤਮਾ ਅੱਗੇ ਬੇਨਤੀ ਕਰਦਾ ਹੈ।

931. ਸੇਵਕ ਪ੍ਰਮਾਤਮਾ ਦੀ ਸਿਫ਼ਤ ਸਾਲਾਹਿ ਗਾਉਣ ਲਈ ਉਸਦੀ ਬਖ਼ਸ਼ਿਸ਼ ਦੀ ਬੇਨਤੀ ਕਰਦਾ ਹੈ।

932. ਸੇਵਕ ਪ੍ਰਮਾਤਮਾ ਅੱਗੇ ਉਸਦੀ ਮੁਕਤੀ ਅਤੇ ਉਸਦੇ ਕਲਿਆਣ ਲਈ ਅਰਜ਼ੋਈ ਕਰਦਾ ਹੈ।

933. ਸੇਵਕ ਪ੍ਰਮਾਤਮਾ ਤੋਂ ਵਿਛੋੜੇ ਨੂੰ ਨਫ਼ਰਤ ਕਰਦਾ ਹੈ।

934. ਸੇਵਕ ਸਤਿਗੁਰੂ ਦੇ ਗਿਆਨ ਨਾਲ ਪ੍ਰਾਪਤ ਹੋਈ ਸ਼ਾਂਤੀ ਅਤੇ ਪ੍ਰਸੰਨਤਾ ਦਾ ਆਨੰਦ ਮਾਣਦਾ ਹੈ।

935. ਸੇਵਕ ਦਾ ਆਪਣੀਆਂ ਇੱਛਾਵਾਂ ਉੱਪਰ ਕਾਬੂ ਹੁੰਦਾ ਹੈ। ਉਹ ਮਾੜੇ ਵਿਚਾਰ ਜਾਂ ਮਾੜੇ ਕਰਮਾਂ ਵਿਚ ਨਹੀਂ ਉਲਝਦਾ।

936. ਸੇਵਕ ਦੀ ਉਹਨਾਂ ਸੰਤਾਂ ਨਾਲ ਮਿੱਤਰਤਾ ਹੁੰਦੀ ਹੈ ਜੋ ਪ੍ਰਮਾਤਮਾ ਨੂੰ ਭਾਲਦੇ ਹਨ।

937. ਸੇਵਕ ਅਹੰਕਾਰ ਦਾ ਵਿਰੋਧੀ ਹੈ।

938. ਸੇਵਕ, ਚਿੰਤਾ ਤੋਂ ਮੁਕਤੀ, ਭੈਅ ਤੋਂ ਆਜ਼ਾਦੀ, ਦੂਜਿਆਂ ਨਾਲੋਂ ਘਟੀਆ ਹੋਣ ਦੀ ਭਾਵਨਾ ਤੋਂ ਮੁਕਤੀ, ਲਾਲਚ, ਲੋਭ, ਕ੍ਰੋਧ, ਬੁਰੇ ਵਿਚਾਰਾਂ ਅਤੇ ਬੁਰੇ ਕਰਮਾਂ ਤੋਂ ਮੁਕਤੀ ਦਾ ਅਨੁਭਵ ਕਰਦਾ ਹੈ।

939. ਬਦਲਦੇ ਹਾਲਤ ਜਾਂ ਕਿਸਮਤ ਦੇ ਬਦਲਣ ਨਾਲ, ਸੇਵਕ ਦੇ ਪ੍ਰਮਾਤਮਾ ਨਾਲ ਰਿਸ਼ਤੇ ਤੇ ਕੋਈ ਅਸਰ ਨਹੀਂ ਆਉਂਦਾ।

940. ਜੇ ਪ੍ਰਮਾਤਮਾ ਨਾਲ ਉਸਦਾ ਰਿਸ਼ਤਾ ਖ਼ਰਾਬ ਹੁੰਦਾ ਹੈ ਤਾਂ ਸੇਵਕ ਨੂੰ ਕਸ਼ਟ ਮਹਿਸੂਸ ਹੁੰਦਾ ਹੈ।

941. ਸੇਵਕ ਪ੍ਰਮਾਤਮਾ ਕੋਲੋਂ ਕੁਝ ਵੀ ਨਹੀਂ ਲੁਕਾਉਂਦਾ।

942. ਸੇਵਕ ਪ੍ਰਮਾਤਮਾ ਅੱਗੇ ਸਚਿਆਰਾ ਰਹਿੰਦਾ ਹੈ।

943. ਸੇਵਕ ਆਪਣੀਆਂ ਲੋੜਾਂ ਦੀ ਪੂਰਤੀ ਲਈ, ਪ੍ਰਮਾਤਮਾ ਕੋਲ ਅਰਜ਼ੋਈ ਕਰਦਾ ਹੈ।

944. ਸੇਵਕ ਦੇ ਪ੍ਰਮਾਤਮਾ ਨਾਲ ਰਿਸ਼ਤੇ ਵਿਚ ਰੱਤੀ ਭਰ ਵੀ ਧੋਖਾ ਨਹੀਂ ਹੁੰਦਾ।

945. ਸੇਵਕ ਪ੍ਰਮਾਤਮਾ ਅੱਗੇ ਉਸਦੀ ਦਇਆ ਅਤੇ ਦਿਆਲਤਾ (ਕ੍ਰਿਪਾ) ਲਈ ਬੇਨਤੀ ਕਰਦਾ ਹੈ।

946. ਸੇਵਕ ਉਸ ਪੂਰਨ ਪਰਮੇਸ਼ਰ ਵਿਚ ਲੀਨ ਹੋਇਆ ਮਹਿਸੂਸ ਕਰਦਾ ਹੈ।

947. ਸੇਵਕ, ਉਸ ਪਵਿੱਤਰ ਪਾਵਨ ਪ੍ਰਮਾਤਮਾ ਪ੍ਰਤੀ ਬਹੁਤ ਆਕਰਸ਼ਣ ਮਹਿਸੂਸ ਕਰਦਾ ਹੈ।

948. ਸੇਵਕ ਅਨੰਤ ਅਤੇ ਬੇਅੰਤ ਗੁਣਾਂ ਦੇ ਮਾਲਕ ਪ੍ਰਮਾਤਮਾ ਦੀ ਪ੍ਰਸੰਸਾ ਕਰਦਾ ਹੈ।

949. ਸੇਵਕ ਪ੍ਰਮਾਤਮਾ ਦੀ ਸਿਫ਼ਤ-ਸਾਲਾਹਿ ਕਰਦਾ ਹੈ, ਕਿਉਂਕਿ ਉਹ ਦਇਆਵਾਨ ਅਤੇ ਬਖਸ਼ਣਹਾਰ ਹੈ।

950. ਸੇਵਕ ਪ੍ਰਮਾਤਮਾ ਦੀ ਸਿਫ਼ਤ-ਸਾਲਾਹ ਕਰਦਾ ਹੈ, ਕਿਉਂਕਿ ਉਹ (ਪ੍ਰਮਾਤਮਾ) ਉਸਨੂੰ ਪਿਆਰ ਕਰਦਾ ਹੈ ਜੋ ਉਸਨੂੰ ਪਿਆਰ ਕਰਦਾ ਹੈ।

951. ਸੇਵਕ ਪ੍ਰਮਾਤਮਾ ਦੇ ਭਾਣੇ ਨੂੰ ਮੰਨਦਾ ਹੈ।

952. ਸੇਵਕ ਪ੍ਰਮਾਤਮਾ ਦੇ ਰਾਜ ਦੀ ਸਰਵਉੱਚਤਾ ਨੂੰ ਸਵੀਕਾਰਦਾ ਹੈ।

953. ਸੇਵਕ, ਪ੍ਰਮਾਤਮਾ ਨੂੰ ਉਸਦੇ ਪ੍ਰਤੀ ਆਗਿਆਕਾਰ ਬਨਾਉਣ ਲਈ ਉਸ ਦਾ ਧੰਨਵਾਦੀ ਹੁੰਦਾ ਹੈ।

954. ਸੇਵਕ, ਆਪਣੀ ਮਰਜ਼ੀ ਨੂੰ ਪ੍ਰਮਾਤਮਾ ਦੀ ਰਜ਼ਾ ਦੇ ਅਧੀਨ ਰੱਖਦਾ ਹੈ।

955. ਸੇਵਕ ਉਹਨਾਂ ਸਾਰੀਆਂ ਤਾਕਤਾਂ ਉੱਪਰ ਜਿੱਤ ਹਾਸਿਲ ਕਰਦਾ ਹੈ, ਜੋ ਉਸਨੂੰ ਪ੍ਰਮਾਤਮਾ ਤੋਂ ਵੱਖ ਕਰਦੀਆਂ ਹਨ।

956. ਸੇਵਕ, ਪ੍ਰਮਾਤਮਾ ਦਾ ਆਪਣੇ ਸੇਵਕ ਦੇ ਨਾਲ ਪਿਆਰ ਭਰਿਆ ਰਿਸ਼ਤਾ ਉਤਪੰਨ ਕਰਨ ਲਈ, ਉਸਦੀ ਦਿਆਲਤਾ ਦਾ ਹਮੇਸ਼ਾ ਰਿਣੀ ਰਹਿੰਦਾ ਹੈ। ਸੇਵਕ, ਪ੍ਰਮਾਤਮਾ ਨਾਲ ਹਮੇਸ਼ਾ ਅੰਦਰੂਨੀ ਸਾਂਝ ਵਿਚ ਰਹਿੰਦਾ ਹੈ।

957. ਸੇਵਕ ਪ੍ਰਮਾਤਮਾ ਦੀ ਸਿਫ਼ਤ ਅਤੇ ਉਸਦਾ ਸ਼ੁਕਰਾਨਾ ਕਰਦਾ ਕਦੀ ਵੀ ਨਹੀਂ ਥੱਕਦਾ।

958. ਸੇਵਕ, ਪ੍ਰਮਾਤਮਾ ਦੀਆਂ ਮਿਹਰਬਾਨੀਆਂ ਨੂੰ ਚੁਕਾਉਣ ਤੋਂ ਪੂਰਨ ਤੌਰ 'ਤੇ ਅਸਮਰਥ ਮਹਿਸੂਸ ਕਰਦਾ ਹੈ।

959. ਸੇਵਕ, ਸਤਿਗੁਰੂ ਦੇ ਸ਼ਬਦਾਂ ਰਾਹੀਂ ਪ੍ਰਮਾਤਮਾ ਬਾਰੇ ਸੱਚ ਹੀ ਬੋਲਦਾ ਅਤੇ ਸੱਚ ਹੀ ਵਿਚਾਰਦਾ ਹੈ।

960. ਪ੍ਰਮਾਤਮਾ ਦੀ ਸਿਫ਼ਤ ਸਾਲਾਹਿ ਸੇਵਕ ਦਾ ਅੰਤਹਕਰਨ ਵੀ ਪਵਿੱਤਰ ਕਰ ਦਿੰਦੀ ਹੈ।

961. ਸੇਵਕ, ਪ੍ਰਮਾਤਮਾ ਵੱਲੋਂ ਉਸਨੂੰ ਬਖ਼ਸ਼ੀਆਂ ਦਾਤਾਂ ਤੇ ਗੌਰ ਕਰਦਾ ਹੈ।

962. ਸੇਵਕ ਪ੍ਰਮਾਤਮਾ ਦੇ ਗੁਣਾਂ ਨੂੰ ਯਾਦ ਕਰਕੇ ਪ੍ਰਮਾਤਮਾ ਨੂੰ ਸਿਮਰਦਾ ਹੈ।

963. ਪ੍ਰਮਾਤਮਾ ਨੂੰ ਦਿਲੋਂ ਧਿਆਉਣਾ, ਸੇਵਕ ਦੀ ਆਤਮਾ ਦੀ ਖ਼ੁਰਾਕ ਹੈ।

964. ਪ੍ਰਮਾਤਮਾ ਦੀ ਓਟ ਲੈ ਕੇ, ਸੇਵਕ ਕਿਸੇ ਚੀਜ਼ ਤੋਂ ਨਹੀਂ ਡਰਦਾ।

965. ਸੇਵਕ ਹਰ ਮੁਸ਼ਕਿਲ ਹਾਲਾਤ ਵਿਚ ਵੀ ਹੌਂਸਲਾ ਨਹੀਂ ਹਾਰਦਾ ਅਤੇ ਆਪਣਾ ਵਿਸ਼ਵਾਸ ਬਣਾਈ ਰੱਖਦਾ ਹੈ।

966. ਪ੍ਰਮਾਤਮਾ ਦੀ ਓਟ ਹੋਰ ਕਿਸੇ ਵੀ ਆਸਰੇ ਤੋਂ ਉੱਪਰ ਹੈ।

967. ਪ੍ਰਮਾਤਮਾ ਦੀ ਓਟ ਵਿਚ ਆਉਣ ਦਾ ਅਰਥ ਹੈ, ਪ੍ਰਮਾਤਮਾ ਦੇ ਕਦੀ ਨਾ ਖ਼ਤਮ ਹੋਣ ਵਾਲੇ, ਅਨੰਤ ਖ਼ਜ਼ਾਨੇ ਤੱਕ ਪਹੁੰਚ।

968. ਸੇਵਕ ਆਪਣੇ ਪ੍ਰਮਾਤਮਾ ਨਾਲ ਉਂਝ ਹੀ ਜੁੜਿਆ ਰਹਿੰਦਾ ਹੈ, ਜਿਵੇਂ ਪਾਲਤੂ ਜਾਨਵਰ ਆਪਣੇ ਮਾਲਕ ਨਾਲ।

969. ਸੇਵਕ ਲਈ ਪ੍ਰਮਾਤਮਾ ਤੋਂ ਪ੍ਰਾਪਤ ਪਿਆਰ ਅਤੇ ਸਨੇਹ ਤੋਂ ਉੱਪਰ ਹੋਰ ਕੁਝ ਵੀ ਨਹੀਂ ਹੁੰਦਾ।

970. ਸੇਵਕ ਨੂੰ ਪ੍ਰਮਾਤਮਾ ਤੋਂ ਆਪਣੀ ਸ਼ਰਧਾ ਖ਼ਤਮ ਕਰਨ ਲਈ ਕੋਈ ਵੀ ਲੋਭ ਲੁਭਾ ਨਹੀਂ ਸਕਦਾ।

971. ਸੇਵਕ, ਪ੍ਰਮਾਤਮਾ ਦੇ ਭਗਤਾਂ ਪ੍ਰਤੀ ਬਹੁਤ ਅਧਿਕ ਸਤਿਕਾਰ ਦੀ ਭਾਵਨਾ ਰੱਖਦਾ ਹੈ।

972. ਵਾਹਿਗੁਰੂ ਦੇ ਦਰਸ਼ਨ, ਸੇਵਕ ਨੂੰ ਮੋਹ ਲੈਂਦੇ ਹਨ। ਇਸ ਵਰਗਾ ਹੋਰ ਕੁਝ ਵੀ ਨਹੀਂ ਹੋ ਸਕਦਾ।

973. ਸੇਵਕ ਪੂਰਨ ਸੰਤੋਖ ਅਨੁਭਵ ਕਰਦਾ ਹੈ।

974. ਸੇਵਕ ਈਰਖਾ ਦੀ ਭਾਵਨਾ ਤੋਂ ਮੁਕਤ ਹੁੰਦਾ ਹੈ।

975. ਸੇਵਕ ਪ੍ਰਮਾਤਮਾ ਦੇ ਦਰਸ਼ਨ ਵਿਚ ਮਗਨ ਰਹਿੰਦਾ ਹੈ।

976. ਸੇਵਕ ਪਰਮ-ਆਨੰਦ ਦਾ ਅਨੁਭਵ ਕਰਦਾ ਹੈ।

977. ਸੇਵਕ ਪ੍ਰਮਾਤਮਾ ਦੇ ਮਿਲਾਪ ਦੀ ਕਾਮਨਾ ਕਰਦਾ ਹੈ।

978. ਸੇਵਕ ਪ੍ਰਮਾਤਮਾ ਨਾਲ ਮਿਲਾਪ ਕਰਾਉਣ ਵਾਲੇ ਵਿਚਾਰਾਂ ਉੱਪਰ ਚਿੰਤਨ ਕਰਦਾ ਹੈ।

979. ਪ੍ਰਮਾਤਮਾ ਨੂੰ ਭੁਲਾ ਦੇਣਾ ਸੇਵਕ ਦੀ ਪ੍ਰਤੱਖ ਮੁਹਤਾਜੀ ਨੂੰ ਦਰਸਾਉਂਦਾ ਹੈ।

980. ਸੇਵਕ ਪ੍ਰਮਾਤਮਾ ਨਾਲ ਮਿਲਾਪ ਦੀ ਬੇਨਤੀ ਕਰਦਾ ਹੋਇਆ ਉਸ ਅੱਗੇ ਨਤਮਸਤਕ ਹੁੰਦਾ ਹੈ।

981. ਸੇਵਕ ਪ੍ਰਮਾਤਮਾ ਨਾਲੋਂ ਵਿਛੋੜੇ ਦੀ ਸਮਾਪਤੀ 'ਤੇ ਵੱਡਾ ਸੁਖ ਅਨੁਭਵ ਕਰਦਾ ਹੈ।

982. ਸੇਵਕ ਉਸ ਸਮੇਂ ਦੇ ਵਿਅਰਥ ਹੀ ਗੁਜ਼ਰ ਜਾਣ 'ਤੇ ਪਛਤਾਉਂਦਾ ਹੈ ਜੋ ਪ੍ਰਮਾਤਮਾ ਦੇ ਧਿਆਨ ਵਿਚ ਗੁਜ਼ਾਰਿਆ ਜਾ ਸਕਦਾ ਸੀ।

983. ਸੇਵਕ ਇਹ ਆਸ ਕਰਦਾ ਹੈ ਕਿ ਅਗਿਆਨਤਾ ਵਿਚ ਵਿਅਰਥ ਹੀ ਗੁਜ਼ਾਰੇ ਸਮੇਂ ਕਾਰਣ ਉਸ ਨਾਲੋਂ ਮਿਲੇ ਵਿਛੋੜੇ ਨੂੰ ਪ੍ਰਮਾਤਮਾ ਦੂਰ ਕਰੇਗਾ।

984. ਸੇਵਕ ਪ੍ਰਮਾਤਮਾ ਕੋਲੋਂ ਵਿਛੜੇ ਰਹਿਣ ਲਈ ਉਸ ਪਾਸੋਂ ਖਿਮਾ ਮੰਗਦਾ ਹੈ। ਉਹ ਪ੍ਰਮਾਤਮਾ ਅੱਗੇ ਅਰਜ਼ੋਈ ਕਰਦਾ ਹੈ ਕਿ ਅਜਿਹਾ ਦੁਬਾਰਾ ਕਦੀ ਵੀ ਨਾ ਹੋਵੇ।

985. ਸੇਵਕ ਪ੍ਰਮਾਤਮਾ ਦੀਆਂ ਦਿਆਲਤਾ ਭਰੀਆਂ ਮਿਹਰਾਂ ਲਈ ਬਹੁਤ ਪ੍ਰਸੰਨਚਿਤ ਮਹਿਸੂਸ ਕਰਦਾ ਹੈ।

986. ਪ੍ਰਮਾਤਮਾ ਦੀ ਮਿਹਰ ਨਾਲ ਪ੍ਰਾਪਤ ਹੋਈ ਪ੍ਰਸੰਨਤਾ ਦਾ ਮੁਕਾਬਲਾ ਕਰਨ ਵਾਲੀ, ਕਿਸੇ ਵੀ ਖਾਹਿਸ਼ ਦੀ ਤਾਂਘ ਨਹੀਂ ਹੁੰਦੀ।

987. ਸੇਵਕ ਭਲਾ ਬਨਣ, ਚੰਗੇ ਕਰਮ ਕਰਨ, ਨਿਆਂਪੂਰਨ ਬਨਣ ਅਤੇ ਗੁਣਵਾਨ ਬਨਣ ਲਈ ਚਾਹ ਕਰਦਾ ਹੈ।

988. ਸੇਵਕ ਨਾਸਤਿਕਤਾ, ਝੂਠ, ਪਰਾਈ ਨਿੰਦਾ-ਚੁਗ਼ਲੀ, ਬੁਰੇ ਕਰਮਾਂ, ਅਨਿਆਂ ਅਤੇ ਈਰਖਾ, ਦੂਜਿਆਂ ਦੀ ਬੁਰਾਈ ਨੂੰ ਨਫ਼ਰਤ ਕਰਦਾ ਹੈ।

989. ਸੇਵਕ ਪ੍ਰਮਾਤਮਾ ਅਤੇ ਮਹਾਪੁਰਖਾਂ ਨਾਲ ਨੇੜਤਾ ਦਾ ਅਨੁਭਵ ਕਰਦਾ ਹੈ।

990. ਸੇਵਕ ਆਪਣੀ ਨੀਚਤਾ ਦਾ ਤਿਆਗ ਕਰਦਾ ਹੈ। ਉਹ ਸਤਿਗੁਰੂ ਦੇ ਬ੍ਰਹਮ ਗਿਆਨ ਦੇ ਗੁਣਾਂ ਤੋਂ ਪ੍ਰੇਰਿਤ ਹੋ ਕੇ ਆਪਣੀ ਉੱਚਤਾ ਨਾਲ ਕਾਰਜ ਕਰਦਾ ਹੈ।

991. ਸੇਵਕ ਪ੍ਰਮਾਤਮਾ ਅਤੇ ਉਸਦੀ ਵਡਿਆਈ ਪ੍ਰਤੀ ਵਿਲੱਖਣ ਸਨਮਾਨ ਰੱਖਦਾ ਹੈ।

992. ਪ੍ਰਮਾਤਮਾ ਅਤੇ ਸਤਿਗੁਰੂ ਪ੍ਰਤੀ ਸਤਿਕਾਰ, ਸੇਵਕ ਨੂੰ ਨਿਡਰ ਅਤੇ ਸਵੈ-ਭਰੋਸੇ ਵਾਲਾ ਬਣਾਉਂਦਾ ਹੈ।

993. ਪ੍ਰਮਾਤਮਾ ਨਾਲ ਰਿਸ਼ਤਾ ਕਿਸੇ ਵੀ ਹਾਲਾਤ ਵਿਚ ਨਹੀਂ ਤੋੜਿਆ ਜਾਂਦਾ।

994. ਪ੍ਰਮਾਤਮਾ ਨਾਲ ਰਿਸ਼ਤਾ ਸਦੀਵੀ ਹੁੰਦਾ ਹੈ।

995. ਸੇਵਕ ਲਈ ਪ੍ਰਮਾਤਮਾ ਨਾਲ ਪਿਆਰ ਅਤੇ ਉਸ ਪ੍ਰਤੀ ਸਤਿਕਾਰ ਤੋਂ ਵੱਧ ਕੁਝ ਵੀ ਮਹੱਤਵਪੂਰਨ ਨਹੀਂ ਹੁੰਦਾ।

996. ਸੇਵਕ ਅੰਦਰ ਪ੍ਰਮਾਤਮਾ ਨੂੰ ਪ੍ਰਸੰਨ ਕਰਨ ਦੀ ਹਮੇਸ਼ਾਂ ਹੀ ਚਾਹ ਰਹਿੰਦੀ ਹੈ।

997. ਪ੍ਰਮਾਤਮਾ ਨਾਲ ਨਾਤਾ ਟੁੱਟਣ ਦੀ ਸੰਭਾਵਨਾ, ਸੇਵਕ ਦੇ ਮਨ ਅੰਦਰ ਬਹੁਤ ਅਧਿਕ ਭਾਵਨਾਤਮਕ ਉੱਥਲ-ਪੁੱਥਲ ਦਾ ਕਾਰਣ ਬਣਦੀ ਹੈ।

998. ਸੇਵਕ ਇਹ ਜਾਣ ਕੇ ਬੜਾ ਸੁਖ ਪਾਉਂਦਾ ਹੈ ਕਿ ਪ੍ਰਮਾਤਮਾ ਸਦਾ ਹੀ ਬਖਸ਼ਣਹਾਰ ਹੈ।

999. ਸੇਵਕ ਇਹ ਜਾਣ ਕੇ ਬੜਾ ਸੁਖ ਮਹਿਸੂਸ ਕਰਦਾ ਹੈ ਕਿ ਪ੍ਰਮਾਤਮਾ ਸਭ ਕੁਝ ਮੁਆਫ਼

ਕਰ ਦੇਣ ਵਾਲਾ ਹੈ।

1000. ਸੇਵਕ ਜਾਣਦਾ ਹੈ, ਕਿ ਸਤਿਗੁਰੂ ਦੇ ਉਪਦੇਸ਼ ਦੁਆਰਾ, ਕੇਵਲ ਪ੍ਰਮਾਤਮਾ ਦੀ ਮਿਹਰ ਨਾਲ ਹੀ ਮੋਹ-ਮਾਇਆ ਤੋਂ ਬਚਿਆ ਜਾ ਸਕਦਾ ਹੈ।

1001. ਸੇਵਕ ਜਾਣਦਾ ਹੈ ਕਿ, ਸਤਿਗੁਰੂ ਦੇ ਸ਼ਬਦਾਂ ਦੁਆਰਾ, ਕੇਵਲ ਪ੍ਰਮਾਤਮਾ ਦੀ ਮਿਹਰ ਨਾਲ ਹੀ ਅਧਿਆਤਮ ਦੇ ਮਾਰਗ ਤੇ ਅੱਗੇ ਵਧਿਆ ਜਾ ਸਕਦਾ ਹੈ।

1002. ਸੇਵਕ ਜਾਣਦਾ ਹੈ ਕਿ ਪ੍ਰਮਾਤਮਾ ਦੀ ਮਿਹਰ ਹੀ ਸਾਰੀਆਂ ਬੀਮਾਰੀਆਂ ਦਾ ਰਾਮ ਬਾਣ ਹੈ।

1003. ਸੇਵਕ ਜਾਣਦਾ ਹੈ ਕਿ ਪ੍ਰਮਾਤਮਾ ਦੀ ਮਿਹਰ ਸਦਕਾ ਹੀ, ਉਸਦੇ ਨਾਮ ਅੰਮ੍ਰਿਤ ਨੂੰ ਗ੍ਰਹਿਣ ਕੀਤਾ ਜਾ ਸਕਦਾ ਹੈ।

1004. ਸੇਵਕ ਜਾਣਦਾ ਹੈ ਕਿ ਕੇਵਲ ਪ੍ਰਮਾਤਮਾ ਦੀ ਬਖ਼ਸ਼ਿਸ਼ ਨਾਲ ਹੀ ਉਹ ਇਕ ਰਸ ਪ੍ਰਮਾਤਮਾ ਨੂੰ ਸਿਮਰ ਸਕਦਾ ਹੈ।

1005. ਪ੍ਰਮਾਤਮਾ ਦੀ ਨਦਰਿ (ਮਿਹਰ) ਹੀ ਕਿਸੇ ਵੀ ਮਨੁੱਖ ਨੂੰ ਉਸੇ ਪਲ ਪ੍ਰਮਾਤਮਾ ਨਾਲ ਮਿਲਾਉਣ ਵਾਲੀ ਹੈ।

1006. ਸੇਵਕ, ਪ੍ਰਮਾਤਮਾ ਦੀ ਆਪਣੀ ਸਾਰੀ ਸ੍ਰਿਸ਼ਟੀ ਉੱਪਰ ਸੱਤਾ ਨੂੰ ਸਵੀਕਾਰਦਾ ਹੈ।

1007. ਸੇਵਕ ਝੂਠ ਦੀਆਂ ਜ਼ੰਜੀਰਾਂ ਤੋਂ ਮੁਕਤ ਹੋ ਜਾਂਦਾ ਹੈ।

1008. ਜਿਵੇਂ ਪ੍ਰਮਾਤਮਾ ਆਪਣੀ ਸ੍ਰਿਸ਼ਟੀ 'ਤੇ ਹਕੂਮਤ ਕਰਦਾ ਹੈ, ਸੇਵਕ ਉਸ ਦੀ ਰਜ਼ਾ ਵਿਚ ਰਹਿੰਦਾ ਹੈ।

1009. ਸੇਵਕ ਦੀ ਪ੍ਰਮਾਤਮਾ ਦੇ ਸੰਪੂਰਨ ਹਕੂਮਤ ਦੀ ਸਵੀਕ੍ਰਿਤੀ ਹੀ, ਉਸਨੂੰ ਪ੍ਰਮਾਤਮਾ ਦਾ ਪਿਆਰਾ ਬਣਾਉਂਦੀ ਹੈ।

1010 ਪ੍ਰਮਾਤਮਾ ਆਪਣੇ ਨਾਮ ਅੰਮ੍ਰਿਤ ਦੀ ਸੇਵਕ ਉੱਪਰ ਮਿਹਰ ਕਰਦਾ ਹੈ।

1011. ਸੇਵਕ, ਪ੍ਰਮਾਤਮਾ ਵਲੋਂ ਨਿਰਧਾਰਿਤ ਆਪਣੀ ਕਿਸਮਤ ਨਾਲ ਆਪਣਾ ਜੀਵਨ ਜਿਉਂਦੇ ਹੋਏ, ਪ੍ਰਮਾਤਮਾ ਦੇ ਹੁਕਮ ਅੰਦਰ ਰਹਿੰਦਾ ਹੈ।

1012. ਪ੍ਰਮਾਤਮਾ ਜਿਸਦਾ ਚਾਹੇ ਸਨਮਾਨ ਕਰਦਾ ਹੈ।

1013. ਭਗਤੀ ਦੀ ਸ਼ਿਖਰ 'ਤੇ ਪਹੁੰਚ ਕੇ, ਸੇਵਕ ਪੂਰੀ ਤਰ੍ਹਾਂ ਅਹੰਕਾਰ ਤੋਂ ਮੁਕਤ, ਪ੍ਰਮਾਤਮਾ ਦੀ ਵਡਿਆਈ 'ਤੇ ਹੈਰਾਨਕੁੰਨ, ਪ੍ਰਮਾਤਮਾ ਦੇ ਹੁਕਮ ਅੱਗੇ ਸਿਰ ਝੁਕਾਉਣ ਲਈ ਉਤਸੁਕ, ਵੱਡੇ ਭਾਗਾਂ ਅਤੇ ਮੁਸੀਬਤ ਸਮੇਂ ਵੀ ਦ੍ਰਿੜ੍ਹ ਤੇ ਮਜ਼ਬੂਤ ਇਰਾਦੇ ਵਾਲਾ, ਪ੍ਰਮਾਤਮਾ ਨਾਲ ਮਿਲਾਪ ਵਿਚ ਅਤੇ ਬ੍ਰਹਮ ਗਿਆਨ ਦੁਆਰਾ ਗਿਆਨ ਪ੍ਰਾਪਤ ਕਰਦਾ ਹੈ।

1014. ਸੇਵਕ ਅਨੁਭਵ ਕਰਦਾ ਹੈ : ਇੱਛਾਵਾਂ ਤੋਂ ਮੁਕਤੀ, ਦੁੱਖਾਂ ਤੋਂ ਮੁਕਤੀ ਅਤੇ ਪ੍ਰਮਾਤਮਾ ਦੀਆਂ ਹਰੇਕ ਤਰ੍ਹਾਂ ਦੀਆਂ ਮਿਹਰ ਤੱਕ ਪਹੁੰਚ।

1015. ਸਤਿਗੁਰੂ ਦੇ ਗਿਆਨ ਦੇ ਉਪਦੇਸ਼ਾਂ ਦਾ ਹੇਠ ਲਿਖਿਆ ਸਾਰ, ਸੇਵਕ ਦੇ ਵਿਅੱਕਤਿੱਤਵ ਵਿਚ ਤਬਦੀਲੀ ਲਿਆਉਣ ਵਿਚ ਮਦਦਗਾਰ ਹੁੰਦਾ ਹੈ।

- ✲ ਨਿਮਰਤਾ, ਪ੍ਰੇਮ, ਸਤਿਕਾਰ, ਸ਼ੁਕਰਾਨਾ, ਨਤਮਸਤਕ ਹੋਣਾ, ਅਰਜ਼ੋਈ, ਖਾਹਿਸ਼, ਸਿਰਜਨਹਾਰ ਪ੍ਰਤੀ ਅਨੁਕੂਲਤਾ ਦੀਆਂ ਭਾਵਨਾਵਾਂ ਜਦੋਂ ਪੂਰੇ ਜੋਬਨ ਜਾਂ ਸ਼ਿਖਰ 'ਤੇ ਹੁੰਦੀਆਂ ਹਨ ਤਾਂ ਉਦੋਂ ਉਹ ਮਨੁੱਖ ਦਾ ਪ੍ਰਮਾਤਮਾ ਨਾਲ ਮਿਲਾਪ ਕਰਾਉਂਦੀਆਂ ਹਨ।
- ✲ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਸਤਿਗੁਰੂ ਅਤੇ ਉਸਦੇ ਸੱਚੇ ਸਿੱਖਾਂ ਨੂੰ ਛੱਡ ਕੇ ਬਾਕੀ ਸਭ ਉੱਪਰ ਹਕੂਮਤ ਕਰਦੇ ਹਨ।
- ✲ ਜੀਵਨ ਤੋਂ ਬਾਅਦ, ਹਰੇਕ ਇਨਸਾਨ ਨੂੰ, ਇਸ ਜਨਮ ਵਿਚੋਂ ਕੀਤੇ ਚੰਗੇ ਅਤੇ ਮਾੜੇ ਕਰਮਾਂ ਦਾ ਹਿਸਾਬ ਚੁਕਾਉਣਾ ਪਵੇਗਾ।
- ✲ ਇਸ ਜੀਵਨ ਵਿਚ ਕੀਤੇ ਕਰਮਾਂ ਦੇ ਮਨੁੱਖ ਦੇ ਮਨ ਉੱਪਰ ਛੱਡੇ ਚਿੰਨ੍ਹ, ਉਸਦੇ ਪੁਨਰ-ਜਨਮ ਅਤੇ ਮੌਤ ਦੇ ਚੱਕਰ ਦੇ ਕਾਰਣ ਬਣਦੇ ਹਨ।

1016. ਸਤਿਗੁਰੂ ਦੀ ਸ਼ਰਨ ਬਿਨਾ ਦੁਨਿਆਵੀਂ ਬੰਧਨ, ਪ੍ਰਮਾਤਮਾ ਨਾਲ ਮਿਲਾਪ ਤੋਂ ਰੋਕਦੇ ਹਨ।

1017. ਸੱਚਾ ਧਰਮ ਮਨੁੱਖ ਨੂੰ ਸਵਰਗ ਅਤੇ ਨਰਕ ਵਿਚ ਫਰਕ ਸਮਝਣ ਦੇ ਕਾਬਿਲ ਬਣਾਉਂਦਾ ਹੈ।

1018. ਪ੍ਰਮਾਤਮਾ ਦਾ ਪਿਆਰ, ਕਰਮ-ਕਾਂਡਾਂ ਤੋਂ ਭਿੰਨ ਹੁੰਦਾ ਹੈ।

1019. ਮਨਮੁਖ, ਅਯੋਗ ਅਤੇ ਅਨੈਤਿਕ ਵਿਵਹਾਰ ਤੋਂ ਬਚ ਨਹੀਂ ਸਕਦਾ।

1020. ਹਰੇਕ ਮਨੁੱਖ ਆਪਣੇ ਜੀਵਨ ਨਕਸ਼ੇ ਦੇ ਨਾਲ ਪੈਦਾ ਹੁੰਦਾ ਹੈ।

1021. ਮਨੁੱਖੀ ਜੀਵਨ ਦਾ ਸਮਾਂ ਚਾਰ ਪਹਿਰਾਂ ਤੋਂ ਮਿਲ ਕੇ ਬਣਿਆ ਹੈ—ਜਨਮ, ਬਾਲ ਅਵਸਥਾ, ਜੁਆਨੀ ਅਤੇ ਬੁਢੇਪਾ। ਪ੍ਰਮਾਤਮਾ ਦੀ ਭਗਤੀ ਹਰ ਅਵਸਥਾ ਵਿਚ ਹੋ ਸਕਦੀ ਹੈ।

1022. ਗੰਨੇ ਦੇ ਰਸ ਦਾ ਗੁੜ ਅਤੇ ਬ੍ਰਾਊਨ ਸ਼ੁਗਰ ਵਿਚ ਤਬਦੀਲੀ ਸਾਨੂੰ ਕੁਝ ਗਹਿਰਾ ਸਿਖਾਉਂਦੀ ਹੈ। ਉਸ ਸੱਚੇ ਵਾਹਿਗੁਰੂ ਦੀ ਖੋਜ ਵਿਚ ਸਮਰਪਿਤ ਜੀਵਨ ਨੂੰ ਕਈ ਮੁਸ਼ਕਿਲ ਸਮਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪ੍ਰੰਤੂ ਇਹ ਕੋਸ਼ਿਸ਼, ਸੱਚੇ ਵਾਹਿਗੁਰੂ ਨਾਲ ਮਿਲਾਪ 'ਤੇ ਹੀ ਸਮਾਪਤ ਹੁੰਦੀ ਹੈ।

1023. ਜੇ ਪ੍ਰਮਾਤਮਾ ਨਾਲ ਭਾਵਨਾਤਮਕ ਨਾਤਾ ਚਰਮ-ਸੀਮਾ ਤੇ ਹੈ—ਇਹ ਨਾਤਾ ਬਹੁਤ ਗਹਿਰਾਈ ਨਾਲ ਅਨੁਭਵ ਹੋਵੇ—ਤਾਂ ਫਿਰ ਸਮਝੋ ਪ੍ਰਮਾਤਮਾ ਆਪਣੇ ਸੇਵਕ ਦੇ ਹਿਰਦੇ ਵਿਚ ਵੱਸਦਾ ਹੈ, ਠੀਕ ਉਸੇ ਤਰ੍ਹਾਂ ਜਿਵੇਂ ਬੱਚਾ ਹਮੇਸ਼ਾਂ ਆਪਣੀ ਮਾਂ ਦੇ ਦਿਲ ਵਿਚ ਵੱਸਦਾ ਹੈ।

1024. ਸੇਵਕ ਦਾ ਰੂਹਾਨੀ ਪਿਆਰ ਅਤੇ ਪ੍ਰਮਾਤਮਾ ਨਾਲ ਸੱਚਾ ਪ੍ਰੇਮ, ਸੇਵਕ ਦੇ ਪ੍ਰਮਾਤਮਾ ਨਾਲ ਭਾਵਨਾਤਮਿਕ ਸੰਬੰਧਾਂ ਨੂੰ ਹੋਰ ਮਜਬੂਤੀ ਪ੍ਰਦਾਨ ਕਰਦਾ ਹੈ। ਇਹ ਸੰਬੰਧ ਜਦੋਂ ਸ਼ਿਖ਼ਰ 'ਤੇ ਪਹੁੰਚਦਾ ਹੈ ਤਾਂ ਪ੍ਰਮਾਤਮਾ ਆਪਣੇ ਸੇਵਕ ਦੇ ਹਿਰਦੇ ਵਿਚ ਵਾਸ ਕਰਦਾ ਹੈ।

1025. ਜਦੋਂ ਮਨ ਸਤਿਗੁਰੂ ਦੇ ਸ਼ਬਦਾਂ (ਗਿਆਨ) ਵਿਚ ਜੁੜਿਆ ਹੁੰਦਾ ਹੈ ਤਾਂ ਪ੍ਰਮਾਤਮਾ ਨਾਲ ਪ੍ਰੇਮ ਅਤੇ ਭਾਵਨਾਤਮਿਕ ਨਾਤਾ ਹੋਰ ਵੱਧਦਾ ਜਾਂਦਾ ਹੈ।

1026. ਸਤਿਗੁਰੂ ਦੇ ਗਿਆਨ ਉੱਤੇ ਧਿਆਨ ਕੇਂਦਰਿਤ ਕਰਨ ਲਈ, ਸੇਵਕ ਗੁਰਸ਼ਬਦਾਂ ਦੀਆਂ ਸਿੱਖਿਆਵਾਂ ਬੌਧਿਕ ਅਤੇ ਭਾਵਨਾਤਮਿਕ ਦੋਨੋਂ ਤਰ੍ਹਾਂ ਨਾਲ ਗ੍ਰਹਿਣ ਕਰਦਾ ਹੈ।

1027. ਸਤਿਗੁਰੂ ਦਾ ਮਾਰਗ, ਪ੍ਰਮਾਤਮਾ ਨਾਲ ਪ੍ਰੇਮ ਦਾ ਮਾਰਗ ਹੈ। ਗੁਰੂ, ਆਪਣੇ ਸੱਚੇ ਸਿੱਖ ਦੇ ਮਨ ਵਿਚ, ਸ਼ਬਦਾਂ ਦੁਆਰਾ ਇਹ ਪਿਆਰ ਉਤਪੰਨ ਕਰਦਾ ਹੈ।

1028. ਸੇਵਕ ਦਾ ਪ੍ਰਮਾਤਮਾ ਨਾਲ ਪਿਆਰ, ਉਸ ਦੀਆਂ ਕਈ ਸਰਵਉੱਤਮ ਭਾਵਨਾਵਾਂ ਤੋਂ ਉਤਪੰਨ ਹੁੰਦਾ ਹੈ।

1029. ਸੇਵਕ ਦਾ ਸੱਚਾ ਪ੍ਰੇਮ ਉਸਨੂੰ ਪ੍ਰਮਾਤਮਾ ਨਾਲ ਭਾਵਨਾਤਮਕ ਨਾਤਾ ਜੋੜਨ ਦੇ ਕਾਬਿਲ ਬਣਾਉਂਦਾ ਹੈ।

1030. ਬਿਨਾਂ ਕਿਸੇ ਭਾਵਨਾ ਦੇ, ਪ੍ਰਮਾਤਮਾ ਦਾ ਨਾਮ ਜਪਣਾ ਅਤੇ ਦਿਲੀ ਪਿਆਰ ਸ਼ਰਧਾ ਤੇ ਪ੍ਰੀਤ ਤੋਂ ਬਿਨਾ ਪ੍ਰਮਾਤਮਾ ਦਾ ਨਾਮ ਧਿਆਉਣਾ ਵਿਅਰਥ ਹੈ।

1031. ਜਦੋਂ ਸੇਵਕ ਸਤਿਗੁਰੂ ਦਾ ਗਿਆਨ ਨਿਰੰਤਰ ਸਿੱਖਦਾ ਰਹਿੰਦਾ ਹੈ, ਉਦੋਂ ਸਤਿਗੁਰੂ ਦੇ ਸਿੱਖ ਦਾ ਮਨ, ਪ੍ਰਮਾਤਮਾ ਨਾਲੋਂ ਭਾਵਨਾਤਮਕ ਸਾਂਝਾਂ ਦੀ ਕਮੀ ਵਿਚੋਂ ਉਭਰ ਕੇ ਬਾਹਰ ਆ ਜਾਂਦਾ ਹੈ ਅਤੇ ਆਖਿਰਕਾਰ ਡੂੰਘੀਆਂ ਭਾਵਨਾਵਾਂ ਨਾਲ ਪ੍ਰਮਾਤਮਾ ਨਾਲ ਨਾਤਾ ਜੁੜ ਜਾਂਦਾ ਹੈ।

1032. ਪ੍ਰਮਾਤਮਾ ਦਾ ਸੇਵਕ ਕਈ ਤਰ੍ਹਾਂ ਪ੍ਰਮਾਤਮਾ ਦੇ ਦਰਸ਼ਨ ਪਾ ਸਕਦਾ ਹੈ, ਜਿਵੇਂ ਕਿ:

- ✲ ਪ੍ਰਮਾਤਮਾ ਦਾ ਦਰਸ਼ਨ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਏ ਅਨੁਸਾਰ ਪ੍ਰਮਾਤਮਾ ਦੇ ਗੁਣਾਂ ਨੂੰ ਸਮਝ ਕੇ, ਪ੍ਰਮਾਤਮਾ ਦੇ ਦਰਸ਼ਨ ਕਰਨਾ।
- ✲ ਸੇਵਕ ਦੇ ਆਪਣੇ ਮਨ ਦੇ ਗੁਣਾਂ ਨਾਲ ਪ੍ਰਮਾਤਮਾ ਦੇ ਦਰਸ਼ਨ ਕਰਨਾ, ਜਿਵੇਂ

ਸੇਵਕ ਦੀ ਪ੍ਰਮਾਤਮਾ ਨਾਲ ਨਿਮਰਤਾ, ਪ੍ਰਮਾਤਮਾ ਦਾ ਸਤਿਕਾਰ ਅਤੇ ਪ੍ਰਮਾਤਮਾ ਨਾਲ ਪਿਆਰ।

- ✲ ਬ੍ਰਹਮ ਗਿਆਨ ਦੁਆਰਾ ਪ੍ਰਮਾਤਮਾ ਦੇ ਦਰਸ਼ਨ ਭਾਵ ਸੇਵਕ ਦੇ ਆਪਣੇ ਮਨ ਦੀ ਸੁਭਾਵਿਕ, ਕੁਦਰਤੀ ਅਤੇ ਆਨੰਦਮਈ ਸਥਿਤੀ ਕਾਰਣ ਪ੍ਰਮਾਤਮਾ ਨਾਲ ਸਾਂਝ ਦਾ ਅਨੁਭਵ।
- ✲ ਬ੍ਰਹਮ ਗਿਆਨ ਦੁਆਰਾ ਪ੍ਰਮਾਤਮਾ ਦਾ ਦਰਸ਼ਨ, ਭਾਵ ਪ੍ਰਮਾਤਮਾ ਨਾਲ ਮਨ ਦੀ ਸੁਭਾਵਿਕ, ਕੁਦਰਤੀ ਅਤੇ ਆਨੰਦਮਈ ਸਥਿਤੀ, ਜਿਸ ਨੂੰ ਮਨ ਦੀ ਸਹਿਜ ਅਵਸਥਾ ਵੀ ਕਿਹਾ ਜਾਂਦਾ ਹੈ, ਨਾਲ ਨਿਰੰਤਰ ਅਤੇ ਕਦੇ ਨਾ ਸਮਾਪਤ ਹੋਣ ਵਾਲੀ ਪ੍ਰਮਾਤਮਾ ਨਾਲ ਸਾਂਝ ਦਾ ਅਨੁਭਵ।
- ✲ 'ਸਿਖਰ ਦੇ ਅਨੁਭਵ' ਦੁਆਰਾ ਪ੍ਰਮਾਤਮਾ ਦਾ ਦਰਸ਼ਨ, ਭਾਵ, ਪ੍ਰਮਾਤਮਾ ਨਾਲ ਸੁਭਾਵਿਕ ਸਾਂਝ ਦਾ ਸਹਿਜ ਸੁਭਾਅ ਅਤੇ ਤੀਬਰ ਭਾਵਨਾਤਮਿਕ ਅਨੁਭਵ। ਇਸ ਅਨੁਭਵ ਦੌਰਾਨ ਅੱਥਰੂ ਵੀ ਨਿਕਲ ਸਕਦੇ ਹਨ।
- ✲ ਜਦੋਂ ਕੋਈ ਸਰੀਰਿਕ ਨੁਕਸਾਨ ਯਕੀਨੀ ਹੋਵੇ, ਪਰ ਭਾਰੀ ਸਰੀਰਿਕ ਨੁਕਸਾਨ ਤੋਂ ਬਚ ਕੇ ਅਨੁਭਵ ਕੀਤੇ ਪ੍ਰਮਾਤਮਾ ਦੇ ਦਰਸ਼ਨ।
- ✲ ਕਿਸੇ ਅਸੰਭਵ ਘਟਨਾ ਦੇ ਸੰਭਵ ਹੋਣ ਦੀ ਘਟਨਾ ਨੂੰ ਵਿਚਾਰਦਿਆਂ ਪ੍ਰਮਾਤਮਾ ਦੇ ਦਰਸ਼ਨ, ਉਦਾਹਰਣ ਵਜੋਂ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇਖਣਾ।
- ✲ ਜਦੋਂ ਕੋਈ ਸੇਵਕ ਪੂਰਨ ਸ਼ਰਧਾ ਨਾਲ ਪ੍ਰਮਾਤਮਾ ਅੱਗੇ ਨਤਮਸਤਕ ਹੋ ਕੇ ਉਸ ਦੀ ਵਡਿਆਈ ਕਰਦਾ ਹੈ, ਉਦੋਂ ਪ੍ਰਮਾਤਮਾ ਦੀ ਹਜ਼ੂਰੀ ਵਿਚ ਦਰਸ਼ਨ ਪਾਂਦਾ ਹੈ।
- ✲ ਮਨ ਦੀਆਂ ਅੱਖਾਂ ਨਾਲ ਸੱਚੇ, ਬੇਅੰਤ ਅਤੇ ਗੁਣਾਂ ਦੇ ਭੰਡਾਰ ਪ੍ਰਮਾਤਮਾ ਦੇ ਦਰਸ਼ਨ।
- ✲ ਮਨ ਦੀਆਂ ਅੱਖਾਂ ਨਾਲ ਹਰ ਥਾਂ ਹਾਜ਼ਰ-ਨਾਜ਼ਰ ਸਿਰਜਣਹਾਰ, ਪਾਲਣਹਾਰ ਅਤੇ ਵਿਨਾਸ਼ਕ ਦੇ ਦਰਸ਼ਨ।
- ✲ ਮਨ ਦੀਆਂ ਅੱਖਾਂ ਨਾਲ ਅੰਤਰਜਾਮੀ ਅਤੇ ਸਰੀਰ ਅੰਦਰ ਬਿਰਾਜਮਾਨ (ਪ੍ਰਮਾਤਮਾ) ਦੇ ਦਰਸ਼ਨ।
- ✲ ਸੇਵਕ ਜਦੋਂ ਮਨ ਦੀ ਸਹਿਜ ਅਵਸਥਾ ਵਿਚ ਪ੍ਰਮਾਤਮਾ ਨੂੰ ਹਾਜ਼ਰ ਪਾਉਂਦਾ ਹੈ, ਅਰਥਾਤ ਜਦੋਂ ਸੇਵਕ ਪ੍ਰਮਾਤਮਾ ਦੀ ਭਗਤੀ ਵਿਚ ਲੀਨ ਹੋਵੇ ਅਤੇ ਉਸਨੂੰ ਇੰਝ ਲੱਗੇ (ਅਨੁਭਵ ਹੋਵੇ) ਜਿਵੇਂ ਉਹ ਪ੍ਰਮਾਤਮਾ ਨਾਲ ਇਕ-ਮਿੱਕ ਹੋ ਗਿਆ ਹੋਵੇ।
- ✲ ਅਜਿਹਾ ਸੁਭਾਗਾ ਸਮਾਂ ਜਦੋਂ ਸੇਵਕ ਦਾ ਮਨ ਪੂਰੇ ਸਤਿਕਾਰ ਨਾਲ ਪ੍ਰਮਾਤਮਾ ਦੇ

ਦਰਸ਼ਨ ਕਰ ਰਿਹਾ ਹੋਵੇ ਅਤੇ ਮੱਥਾ, ਪੂਰੇ ਸਤਿਕਾਰ ਨਾਲ ਵਾਹਿਗੁਰੂ ਦੇ ਪਵਿੱਤਰ ਪੈਰਾਂ ਵਿਚ ਹੋਵੇ।

1033. ਸੇਵਕ 'ਆਨੰਦ' ਦਾ ਅਨੁਭਵ ਉਦੋਂ ਕਰਦਾ ਹੈ, ਜੇ ਸਤਿਗੁਰੂ ਦੇ ਗਿਆਨ ਦੁਆਰਾ ਪ੍ਰਮਾਤਮਾ ਅਜਿਹਾ ਚਾਹੇ।

1034. ਮਨ ਦੀ ਸਹਿਜ ਅਵਸਥਾ ਵਿਚ 'ਆਨੰਦ' ਦਾ ਅਨੁਭਵ ਨਿਰੰਤਰ ਹੁੰਦਾ ਹੈ।

1035. ਗੁਰੂ ਦੇ ਗਿਆਨ ਤੋਂ ਬਗੈਰ, ਮਨੁੱਖ ਦਾ ਜੀਵਨ ਬੜੇ ਨਿਚਲੇ ਸਤਰ ਦਾ ਹੁੰਦਾ ਹੈ।

1036. ਮਨੁੱਖ ਨੂੰ ਉਹਨਾਂ ਮਨਮੁਖਾਂ ਦੀ ਸੰਗਤ ਤੋਂ ਵੱਖ ਹੋ ਜਾਣਾ ਚਾਹੀਦਾ ਹੈ ਜੋ ਪ੍ਰਮਾਤਮਾ ਦੀ ਭਗਤੀ ਨਹੀਂ ਕਰਦੇ।

1037. ਮਨੁੱਖਾਂ ਦੇ ਮਾਮਲੇ ਵਿਚ, ਮੌਤ ਤੋਂ ਬਾਅਦ ਕੇਵਲ ਸਰੀਰ ਸਮਾਪਤ ਹੁੰਦਾ ਹੈ। ਮਨ ਅਤੇ ਆਤਮਾ, ਉਨੀ ਦੇਰ ਤੱਕ ਜਿੰਦਾ ਰਹਿੰਦੇ ਹਨ ਜਦੋਂ ਤੱਕ, ਆਤਮਾ ਵਾਪਸ ਪਰਮ ਆਤਮਾ (ਪ੍ਰਮਾਤਮਾ) ਨਾਲ ਵਾਪਸ ਨਹੀਂ ਜਾ ਮਿਲਦੀ। ਇਹ ਮਿਲਾਪ ਉਦੋਂ ਹੁੰਦਾ ਹੈ, ਜਦੋਂ ਸਤਿਗੁਰੂ ਦੇ ਗਿਆਨ ਨੂੰ ਪੂਰੀ ਤਰ੍ਹਾਂ ਸਿੱਖ ਕੇ, ਸਿੱਖ, ਪ੍ਰਮਾਤਮਾ ਦਾ ਸੱਚਾ ਸੇਵਕ ਬਣ ਜਾਂਦਾ ਹੈ।

1038. ਮਨ ਅਤੇ ਆਤਮਾ, ਮਨੁੱਖੀ ਸਰੀਰ ਵਿਚ ਵਾਪਸ ਆਉਣੀ ਚਾਹੀਦੀ ਹੈ। ਇਸ ਲਈ, ਬਹੁਤ ਥੋੜ੍ਹਾ ਜਾਂ ਬਹੁਤ ਅਧਿਕ ਸਮਾਂ ਵੀ ਲੱਗ ਸਕਦਾ ਹੈ। ਸਤਿਗੁਰੂ ਦੇ ਬ੍ਰਹਮ ਗਿਆਨ ਦੀ ਸਿੱਖਿਆ ਜ਼ਰੂਰ ਲੈਣੀ ਚਾਹੀਦੀ ਹੈ। ਇਸ ਸਿੱਖਿਆ ਪ੍ਰਾਪਤੀ ਦੇ ਕਾਰਜ ਦੀ ਸੰਪੂਰਨਤਾ ਤੋਂ ਬਾਅਦ, ਆਤਮਾ ਨੂੰ ਪਰਮ ਆਤਮਾ ਵਿਚ ਮਿਲਣ (ਵਿਲੀਨ ਹੋਣ) ਦਾ ਇਕ ਮੌਕਾ ਮਿਲੇਗਾ।

1039. ਸਿੱਖ ਗੁਰੂਆਂ ਅਤੇ ਭਗਤਾਂ (ਜਿਨ੍ਹਾਂ ਦੀਆਂ ਬਾਣੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ) ਦੇ ਕਹੇ ਸ਼ਬਦ, ਵਿਲੱਖਣ ਹਨ ਅਤੇ ਭੂਤ, ਵਰਤਮਾਨ ਅਤੇ ਭਵਿੱਖ ਵਿਚ ਸਦਾ ਸਤਿ ਹਨ। ਅਜਿਹਾ ਇਸ ਲਈ ਹੈ ਕਿਉਂਕਿ ਗੁਰੂਆਂ ਅਤੇ ਭਗਤਾਂ ਨੇ ਆਪਣੇ ਇਹ ਸ਼ਬਦ, ਪ੍ਰਮਾਤਮਾ ਦੀ ਭਗਤੀ ਵਿਚ ਲੀਨ ਹੋ ਕੇ ਅਤੇ ਪ੍ਰਮਾਤਮਾ ਵਿਚ ਇਕ-ਮਿੱਕ ਹੋਣ ਤੋਂ ਬਾਅਦ ਉਚਾਰੇ ਸਨ। ਪੈਗੰਬਰਾਂ, ਵਿਗਿਆਨਿਕਾਂ, ਵਿਚਾਰਕਾਂ ਅਤੇ ਦਾਰਸ਼ਨਿਕਾਂ-ਇਹਨਾਂ ਵਿਚੋਂ ਕੋਈ ਵੀ ਪ੍ਰਮਾਤਮਾ ਨਾਲ ਮਿਲਾਪ ਵਿਚ ਹੁੰਦਿਆਂ ਬਚਨ ਨਹੀਂ ਕਰਦੇ।

1040. ਮਨ ਦੀਆਂ ਦੋ ਅਵਸਥਾਵਾਂ ਹੁੰਦੀਆਂ ਹਨ। ਪਹਿਲੀ ਅਵਸਥਾ ਵਿਚ, ਦੁਨੀਆਂ ਅਤੇ ਸ੍ਰਿਸ਼ਟੀ ਦੇ ਬਾਰੇ ਪਹਿਲਾਂ ਸੋਚਣਾ ਅਤੇ ਫਿਰ ਦੁਨੀਆਂ ਅਤੇ ਸ੍ਰਿਸ਼ਟੀ ਬਣਾਉਣ ਵਾਲੇ ਬਾਰੇ ਸੋਚਣਾ। ਦੂਸਰੀ ਅਵਸਥਾ ਵਿਚ, ਦੁਨੀਆਂ ਅਤੇ ਸ੍ਰਿਸ਼ਟੀ ਬਨਾਉਣ ਵਾਲੇ ਬਾਰੇ ਪਹਿਲਾਂ ਸੋਚਣਾ ਅਤੇ ਫਿਰ ਦੁਨੀਆਂ ਅਤੇ ਸ੍ਰਿਸ਼ਟੀ ਬਾਰੇ ਸੋਚਣਾ ਇਹਨਾਂ ਦੋਨੋਂ ਤਰ੍ਹਾਂ

ਦੀ ਸੋਚਣੀ ਵਿਚ ਅੰਤਰ ਹੈ। ਪਹਿਲੇ ਵਿਚ ਕਰਨ ਬਾਰੇ ਪਹਿਲਾਂ ਅਤੇ ਕਾਰਣ ਬਾਰੇ ਬਾਅਦ ਵਿਚ ਸੋਚਣਾ। ਦੂਸਰੀ ਵਿਚ ਕਾਰਣ ਬਾਰੇ ਪਹਿਲਾਂ ਅਤੇ ਕਰਨ ਬਾਰੇ ਬਾਅਦ ਵਿਚ ਸੋਚਣਾ।

1041. ਜੇ ਵਿਚਾਰਕ, ਸਾਰੀ ਦੁਨੀਆਂ ਅਤੇ ਸ੍ਰਿਸ਼ਟੀ ਵਿਚ ਜੋ ਕੁਝ ਵੀ ਹੈ, ਉਸਦਾ ਕਾਰਣ, ਪ੍ਰਮਾਤਮਾ ਨੂੰ ਮੰਨਦਾ ਹੈ ਤਾਂ ਫਿਰ, ਪ੍ਰਮਾਤਮਾ ਬਾਰੇ ਸੋਚਣਾ, ਨਿਰੰਤਰ ਚੱਲਦਾ ਰਹਿੰਦਾ ਹੈ।

1042. ਪ੍ਰਮਾਤਮਾ ਦੇ ਭਗਤ ਮੁਤਾਬਿਕ, ਪ੍ਰਮਾਤਮਾ ਲਗਾਤਾਰ ਅਨੇਕਾਂ ਤਰ੍ਹਾਂ ਦੀਆਂ ਦਾਤਾਂ, ਬਖਸ਼ ਰਿਹਾ ਹੈ। ਇੰਜ, ਭਗਤ ਦਾ ਪ੍ਰਮਾਤਮਾ ਪ੍ਰਤੀ ਸ਼ੁਕਰਾਨਾ ਨਿਰੰਤਰ ਚੱਲਦਾ ਰਹਿੰਦਾ ਹੈ ਅਤੇ ਇਸ ਪ੍ਰਕਾਰ, ਭਗਤ ਸਦਾ ਪ੍ਰਮਾਤਮਾ ਨਾਲ ਜੁੜਿਆ ਰਹਿੰਦਾ ਹੈ। ਭਗਤ ਸਦਾ ਪ੍ਰਮਾਤਮਾ ਦੀ ਭਗਤੀ ਕਰਦਾ ਰਹਿੰਦਾ ਹੈ। ਉਹ ਮਨ ਦੀ ਸਹਿਜ ਅਵਸਥਾ ਵਿਚ ਹੁੰਦਾ ਹੈ।

1043. ਜੇ ਸੇਵਕ, ਪ੍ਰਮਾਤਮਾ ਨੂੰ ਧਿਆਉਂਦਾ ਹੈ ਅਤੇ ਅਜਿਹਾ ਮਹਿਸੂਸ ਕਰਦਾ ਹੈ ਕਿ ਉਸਦੇ ਅੰਦਰ ਜਾਂ ਬਾਹਰ, ਜੋ ਕੁਝ ਵੀ ਹੋ ਰਿਹਾ ਹੈ, ਉਹ ਸਭ ਉਸ ਪ੍ਰਮਾਤਮਾ ਦੇ ਕਾਰਨ ਹੋ ਰਿਹਾ ਹੈ ਤਾਂ ਫਿਰ ਉਹ ਪ੍ਰਮਾਤਮਾ ਵਿਚ ਲੀਨ ਹੈ।

1044. ਮਨ ਵਿਚ 'ਪ੍ਰਮਾਤਮਾ ਤੇ ਯਕੀਨ' ਦਾ ਬੀਜ ਬੀਜੋ। ਮਨ ਨੂੰ ਇਸ ਬੀਜ, ਦੀ ਪਾਲਣਾ ਕਰਕੇ ਇਸ ਬੂਟੇ ਅਤੇ ਬ੍ਰਿਛ ਨੂੰ ਸਤਿਗੁਰੂ ਦੇ ਗਿਆਨ ਨਾਲ ਦੇਖ-ਰੇਖ ਕਰਨ ਦਿਉ। ਆਖਿਰ ਵਿਚ ਮਨ ਆਪਣੇ ਆਪ ਨੂੰ ਪ੍ਰਮਾਤਮਾ ਨਾਲ ਮਿਲਾਪ ਵਿਚ ਪਾਵੇਗਾ।

1045. ਜੇ ਮਨੁੱਖ ਦਾ ਪ੍ਰਮਾਤਮਾ 'ਤੇ ਯਕੀਨ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਪਰ ਯਕੀਨ ਹੈ ਤਾਂ ਫਿਰ ਪ੍ਰਮਾਤਮਾ ਤੋਂ ਮਿਲਣ ਵਾਲੀਆਂ ਅਣਗਿਣਤ ਅਤੇ ਅਨਮੋਲ ਦਾਤਾਂ, ਉਸਨੂੰ, ਪ੍ਰਮਾਤਮਾ ਨੂੰ ਹਮੇਸ਼ਾਂ ਧਿਆਉਣ ਅਤੇ ਉਸਦੇ ਸ਼ੁਕਰਗੁਜ਼ਾਰ ਹੋਣ ਲਈ ਮਜ਼ਬੂਰ ਕਰ ਦੇਣਗੀਆਂ।

1046. ਮਨ ਦੇ ਪੰਜ ਮਹਾਂ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਅਤੇ ਇਹਨਾਂ ਵਿਕਾਰਾਂ ਨਾਲ ਸੰਬੰਧਿਤ ਅਣਗਿਣਤ ਉੱਪ ਵਿਕਾਰ, ਮਨ ਵਿਚ ਅਸੰਤੁਲਨ ਪੈਦਾ ਕਰ ਦਿੰਦੇ ਹਨ, ਇਹ ਵਿਕਾਰ ਮਨ ਨੂੰ ਭੈੜੇ, ਅਸਾਧਾਰਣ ਅਤੇ ਉਲਟ ਕਰਮ ਕਰਨ ਲਈ ਪ੍ਰੇਰਿਤ ਕਰਦੇ ਹਨ। ਸਿੱਟੇ ਵਜੋਂ, ਇਹ, ਅਜਿਹੇ ਕਰਮਾਂ ਨੂੰ ਕਰਨ ਵਾਲੇ ਮਨੁੱਖ ਨੂੰ ਬੀਮਾਰ, ਨਾ-ਖ਼ੁਸ਼, ਵਿਵਾਦ-ਗ੍ਰਸਤ ਅਤੇ ਅਪਵਿੱਤਰ ਬਣਾ ਦਿੰਦੇ ਹਨ। ਇਸ ਬੁਰਾਈ (ਬੀਮਾਰੀ) ਤੋਂ ਬਾਹਰ ਨਿਕਲਣ ਦਾ ਇੱਕੋ-ਇਕ ਮਾਰਗ, ਸਤਿਗੁਰੂ ਦੇ ਗਿਆਨ ਨਾਲ, ਗੁਰੂ ਦੇ ਸ਼ਬਦ (ਗਿਆਨ) ਨਾਲ ਮਨ (ਸੁਰਤ) ਨੂੰ ਜੋੜਨਾ ਹੈ। ਇਹ ਅਵਸਥਾ ਮਨ ਨੂੰ ਸੰਤੋਖ, ਸ਼ਾਂਤੀ ਅਤੇ ਪ੍ਰਸੰਨਤਾ ਪ੍ਰਦਾਨ ਕਰਦੀ ਹੈ, ਜਿਸ ਨੂੰ ਗੁਰਬਾਣੀ ਵਿਚ 'ਆਨੰਦ' ਕਿਹਾ ਗਿਆ ਹੈ।

1047. ਪ੍ਰਮਾਤਮਾ ਕਿੱਥੇ ਹੈ? ਪ੍ਰਮਾਤਮਾ ਹਰ ਜਿੰਦ ਜੀਵ ਦੇ ਅੰਦਰ ਅਤੇ ਉਸ ਦੇ ਬਾਹਰ ਵੀ ਹੈ। ਕੇਵਲ ਮਨੁੱਖ ਹੀ ਪ੍ਰਮਾਤਮਾ ਦੇ ਦਰਸ਼ਨ ਕਰ ਸਕਦੇ ਹਨ ਉਸਨੂੰ (ਪ੍ਰਮਾਤਮਾ) ਮਨ ਦੀ ਅੱਖ ਨਾਲ ਦੇਖ ਸਕਦੇ ਹਨ। ਉਸਨੂੰ (ਪ੍ਰਮਾਤਮਾ ਨੂੰ) ਦੇਖਣ ਦੇ ਲਈ ਪਹਿਲਾਂ ਮਨ ਵਿਚ ਕੁਛ ਵਿਸ਼ੇਸ਼ ਗੁਣ ਉਤਪੰਨ ਹੋਣੇ ਜ਼ਰੂਰੀ ਹਨ। ਉਹ ਵਿਸ਼ੇਸ਼ ਗੁਣ ਹਨ ਪ੍ਰਮਾਤਮਾ ਵਿਚ ਵਿਸ਼ਵਾਸ, ਪਿਆਰ, ਸਤਿਕਾਰ, ਨਿਮਰਤਾ, ਸ਼ੁਕਰਾਨਾ। ਜਦੋਂ ਇਹ ਵਿਸ਼ੇਸ਼ ਗੁਣ ਬਹੁਤ ਤੀਬਰ ਹੋ ਜਾਂਦੇ ਹਨ, ਤਾਂ ਫਿਰ ਪ੍ਰਮਾਤਮਾ ਉਸਦੀ ਪੂਰੀ ਮਹਿਮਾ ਸਹਿਤ ਮਨ ਦੇ ਅੰਦਰ ਅਤੇ ਹਰ ਪਾਸੇ ਬਾਹਰ ਵੀ ਦਿਖਾਈ ਦਿੰਦਾ ਹੈ। ਸਤਿਗੁਰੂ ਦਾ ਬ੍ਰਹਮ ਗਿਆਨ, ਸਿੱਖ ਦੇ ਮਨ ਵਿਚ ਇਹਨਾਂ ਵਿਸ਼ੇਸ਼ ਗੁਣਾਂ ਦਾ ਪੋਸ਼ਣ ਕਰਦਾ ਹੈ।

1048. ਪ੍ਰਸ਼ਨ ਇਹ ਨਹੀਂ ਹੋਣਾ ਚਾਹੀਦਾ ਕਿ ਪ੍ਰਮਾਤਮਾ ਕਿੱਥੇ ਹੈ, ਸਗੋਂ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਕਿਥੇ ਹਾਂ? ਪ੍ਰਮਾਤਮਾ ਹਰੇਕ ਮਨੁੱਖ ਦੇ ਅੰਦਰ ਬਿਰਾਜਮਾਨ ਹੈ। ਕੇਵਲ ਅਸੀਂ ਆਪ ਹੀ ਮਾਇਆ ਦੇ ਪਿੱਛੇ ਲੱਗ ਕੇ ਮਨਮੁਖ ਬਣੇ ਰਹਿੰਦੇ ਹਾਂ। ਸਤਿਗੁਰੂ ਦਾ ਗਿਆਨ ਸਾਨੂੰ ਸਾਡੇ ਅੰਦਰ ਉਸ ਮਹਾਨ ਹਜ਼ੂਰੀ ਦੇ ਹਜ਼ੂਰ ਵਿਚ ਲੈ ਕੇ ਆਉਂਦਾ ਹੈ। ਫਿਰ ਅਸੀਂ ਆਪਣੇ ਅੰਦਰ, ਪ੍ਰਮਾਤਮਾ ਦਾ ਅਨੁਭਵ ਕਰਦੇ ਹਾਂ ਅਤੇ ਉਸਨੂੰ (ਪ੍ਰਮਾਤਮਾ ਨੂੰ) ਆਪਣੇ ਮਨ ਦੀਆਂ ਅੱਖਾਂ ਨਾਲ ਦੇਖਦੇ ਹਾਂ।

1049. ਮਨੁੱਖ, ਭਿੰਨ-ਭਿੰਨ ਤਰ੍ਹਾਂ ਦੀਆਂ ਬਿਨਸਣਹਾਰ ਚੀਜ਼ਾਂ ਦੇ ਪਿੱਛੇ ਲੱਗ ਕੇ ਆਪਣਾ ਪੂਰਾ ਜੀਵਨ ਬਤੀਤ ਕਰ ਦਿੰਦਾ ਹੈ ਪ੍ਰੰਤੂ ਜੋ ਸਤਿ ਅਤੇ ਅਟਲ ਹੈ, ਉਸ ਪ੍ਰਮਾਤਮਾ ਨੂੰ ਵਿਸਾਰ ਦਿੰਦੇ ਹਾਂ, ਕਿੰਨੀ ਦੁਖ ਦੀ ਗੱਲ ਹੈ।

1050. ਇਥੋਂ ਤਕ ਕਿ ਭਗਤੀ ਦੇ ਸ਼ਿਖਰ 'ਤੇ ਪਹੁੰਚ ਕੇ ਵੀ ਸੇਵਕ ਪ੍ਰਮਾਤਮਾ ਪ੍ਰਤੀ ਆਪਣੇ ਪਿਆਰ, ਸਤਿਕਾਰ, ਨਿਮਰਤਾ ਅਤੇ ਸ਼ੁਕਰਾਨੇ ਨੂੰ ਖ਼ਾਸ ਹੱਦ ਤੱਕ ਪ੍ਰਗਟਾਉਣ ਤੋਂ ਅਸਮਰਥ ਮਹਿਸੂਸ ਕਰਦਾ ਹੈ। ਸੇਵਕ ਭਾਵੇਂ ਆਪਣੇ ਮਨ ਦੀਆਂ ਅੱਖਾਂ ਅੰਦਰ, ਪ੍ਰਮਾਤਮਾ ਦੀ ਮਹਾਨ ਹਜ਼ੂਰੀ ਨੂੰ ਅਨੁਭਵ ਕਰਦਾ ਹੈ, ਪ੍ਰੰਤੂ ਫਿਰ ਵੀ ਉਸਨੂੰ ਲੱਗਦਾ ਹੈ ਕਿ ਪ੍ਰਮਾਤਮਾ ਪ੍ਰਤੀ ਉਸ ਦੀਆਂ ਉਪਰੋਕਤ ਭਾਵਨਾਵਾਂ ਵਿਚ, ਹਾਲੇ ਹੋਰ ਤੀਬਰਤਾ ਲਿਆਉਣ ਦੀ ਲੋੜ ਹੈ।

1051. ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੱਕ ਸਾਰੇ ਸਿੱਖ ਗੁਰੂ 'ਕਮਾਲ ਮੁਰਸ਼ਦ', ਪੂਰਨ ਗੁਰੂ (ਸਤਿਗੁਰੂ) ਹੋਏ ਹਨ। ਇਹਨਾਂ ਸਾਰਿਆਂ ਵਿਚੋਂ, ਹਰੇਕ, ਬ੍ਰਹਮ ਗਿਆਨ ਦੀ ਧਾਰਨਾ ਦੇ ਉਹ ਮੂਲ ਤੱਤ ਜੋ ਸੇਵਕ ਨੂੰ ਬੌਧਿਕ ਅਤੇ ਭਾਵਨਾਤਮਕ ਦੋਨੋਂ ਤਰ੍ਹਾਂ ਨਾਲ ਮਨ ਦੀ ਸਹਿਜ ਅਵੱਸਥਾ ਤੱਕ ਲਿਜਾਉਣ ਲਈ ਲੋੜੀਂਦੇ ਹੁੰਦੇ ਹਨ, ਨੂੰ ਭਲੀ ਭਾਂਤੀ ਜਾਣਦੇ ਸਨ। ਉਹ ਸਾਰੇ ਇਸ ਬ੍ਰਹਮ ਗਿਆਨ ਨੂੰ ਸੇਵਕ ਤੱਕ ਪਹੁੰਚਾਉਣ ਦੇ ਉਸ ਤਰੀਕੇ ਤੋਂ ਵੀ ਭਲੀ ਭਾਂਤੀ ਜਾਣੂ ਸਨ ਜਿਸ ਨਾਲ

ਇਹ ਬ੍ਰਹਮ ਗਿਆਨ, ਸੇਵਕ ਦੇ ਵਿਅੱਕਤਿੱਤਵ, ਚਰਿੱਤਰ ਅਤੇ ਕਰਮਾਂ ਦਾ ਇਕ ਪ੍ਰਮੁੱਖ ਅੰਗ ਬਣ ਜਾਂਦਾ ਹੈ।

1052. ਅਗਰ ਕੋਈ ਸੇਵਕ ਸਤਿਗੁਰੂ ਦੇ ਸ਼ਬਦ ਦੁਆਰਾ, ਮਨ ਵਿਚ ਇਹ ਵਿਸ਼ਵਾਸ ਰੱਖ ਕੇ ਕਿ ਪ੍ਰਮਾਤਮਾ ਉਸਦੇ ਮਨ ਵਿਚ ਉਸਦੇ ਸਾਹਮਣੇ ਹਾਜ਼ਰ ਹੈ, ਵਾਹਿਗੁਰੂ ਨੂੰ ਪਿਆਰ ਅਤੇ ਸਤਿਕਾਰ ਨਾਲ ਜਪਦਾ ਹੈ ਤਾਂ ਵਾਹਿਗੁਰੂ, ਆਪਣੇ ਸੇਵਕ ਦੀਆਂ ਦਿਲੀ ਪਿਆਰ ਅਤੇ ਪ੍ਰਸੰਸਾ ਭਰੀਆਂ ਅਰਜ਼ੋਈਆਂ (ਬੇਨਤੀਆਂ) ਸੁਨਣ ਲਈ ਸੱਚਮੁੱਚ ਉਸਦੇ ਸਾਹਮਣੇ ਹਾਜ਼ਰ ਹੁੰਦਾ ਹੈ। ਵਾਹਿਗੁਰੂ ਆਪਣੇ ਸੇਵਕ ਦੀਆਂ ਅਰਜ਼ੋਈਆਂ (ਬੇਨਤੀਆਂ) ਸੁਣਦਾ ਹੈ ਅਤੇ ਉਸ ਉੱਪਰ ਆਪਣੀਆਂ ਮਿਹਰਾਂ ਬਰਸਾਉਂਦਾ ਹੈ।

1053. ਪਰਮ ਪਰਮੇਸ਼ਰ ਨੂੰ ਮਾਨਸਿਕ ਸੰਤੁਲਨ, ਸੰਤੋਖ, ਸ਼ਾਂਤੀ, ਪ੍ਰਸੰਨਤਾ, ਖ਼ੁਸ਼ੀ ਅਤੇ ਚਿੰਤਾ-ਮੁਕਤ ਹੋ ਕੇ ਦੇਖਿਆ ਅਤੇ ਉਸਦਾ ਅਨੁਭਵ ਕੀਤਾ ਜਾਂਦਾ ਹੈ।

1054. ਸਿਰਜਨਹਾਰ ਦੀ ਇੱਛਾ ਅਨੁਸਾਰ, ਰਚਨਾ ਦੇ ਮਾਰਗ ਵਿਚ ਅਣਗਿਣਤ ਚੱਕਰ ਹਨ। ਰਚਨਾ ਵਿਚ ਜਨਮ, ਮਰਨ, ਪੁਨਰ-ਜਨਮ ਅਤੇ 84 ਲੱਖ ਜੂਨਾਂ ਦਾ ਚੱਕਰ ਹੈ। ਅਗਰ ਕਿਸੇ ਮਨੁੱਖ ਦਾ ਪ੍ਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ ਤਾਂ ਫਿਰ ਉਹ ਇਸ ਚੱਕਰ ਦਾ ਹਿੱਸਾ ਨਹੀਂ ਹੁੰਦਾ। ਸਗੋਂ, ਉਹ ਇਸ ਚੱਕਰ ਤੋਂ ਬਚ ਜਾਂਦਾ ਹੈ ਅਤੇ ਸਿਰਜਨਹਾਰ ਦੀ ਤਰ੍ਹਾਂ ਸੰਪੂਰਨ ਤੌਰ 'ਤੇ ਮੁਕਤ ਹੋ ਜਾਂਦਾ ਹੈ। ਹਾਲਾਂਕਿ, ਇਹ ਮੁਕਤੀ ਸਤਿਗੁਰੂ ਦੇ ਸੱਚੇ ਸੇਵਕ ਬਣ ਕੇ ਹੀ ਪ੍ਰਾਪਤ ਕੀਤੀ ਜਾਂਦੀ ਹੈ।

1055. ਜਦੋਂ ਸੁਰਤਿ/ਧਿਆਨ/ਜਾਗਰੁਕਤਾ ਦਸਮ ਦੁਆਰ ਤੇ ਹੁੰਦੀ ਹੈ, ਤਾਂ ਉਸ ਸਮੇਂ ਸੇਵਕ ਪ੍ਰਮਾਤਮਾ ਦੀ ਹਜ਼ੂਰੀ ਵਿਚ ਹੁੰਦਾ ਹੈ। ਜਾਗਰੁਕਤਾ ਦੀ ਇਹ ਪ੍ਰਗਤੀ ਉਸ ਸ਼ਕਤੀ ਦੁਆਰਾ ਹੁੰਦੀ ਹੈ ਜੋ ਗੁਰਸ਼ਬਦ ਵਿਚ ਜਨਮ-ਜਾਤ ਹੀ ਹੁੰਦੀ ਹੈ, ਗੁਰਸ਼ਬਦ ਤੋਂ ਬਗੈਰ, ਨਿੱਜੀ ਕੋਸ਼ਿਸ਼ਾਂ ਦੁਆਰਾ ਇਸ ਜਾਗਰੁਕਤਾ ਨੂੰ ਕਦੀ ਵੀ ਮਹਿਸੂਸ ਨਹੀਂ ਕੀਤਾ ਜਾ ਸਕਦਾ। ਉਪਰੋਕਤ ਅਹਿਸਾਸ ਦਾ ਅਨੁਭਵ ਕੇਵਲ ਉਦੋਂ ਹੀ ਸੰਭਵ ਹੈ ਜਦੋਂ ਸਤਿਗੁਰੂ ਦੇ ਗਿਆਨ ਦੇ ਪ੍ਰਭਾਵ ਹੇਠ, ਸੇਵਕ ਦੇ ਮਨ ਵਿਚਲੇ ਵਿਚਾਰ ਅਤੇ ਭਾਵਨਾਵਾਂ ਪੂਰੀ ਤਰ੍ਹਾਂ ਸ਼ੁੱਧ ਹੋ ਜਾਣ।

1056. ਸਤਿਗੁਰੂ (ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੱਕ) ਦਾ ਆਪਣੇ ਸੱਚੇ ਸਿੱਖ ਪ੍ਰਤੀ ਬੜਾ ਗਹਿਰਾ ਸਤਿਕਾਰ ਹੁੰਦਾ ਹੈ ਅਤੇ ਉਹ ਉਸਦੀ ਸੰਗਤ ਭਾਲਦਾ ਹੈ। ਸਤਿਗੁਰੂ ਦੇ ਸੱਚੇ ਸਿੱਖ ਦੇ ਮਨ ਵਿਚ ਆਪਣੇ ਗੁਰੂ ਪ੍ਰਤੀ ਵੀ ਬੜਾ ਸਤਿਕਾਰ ਹੁੰਦਾ ਹੈ। ਸਿੱਖ ਵੀ ਆਪਣੇ ਗੁਰੂ ਦਾ ਸੰਗ ਭਾਲਦਾ ਹੈ। ਗੁਰੂ ਅਤੇ ਸਿੱਖ ਵਿਚਲਾ ਇਹ ਸਤਿਕਾਰ ਅਤੇ ਪਿਆਰ ਆਪਸੀ ਹੁੰਦਾ ਹੈ। ਇਹੋ ਗੱਲ, ਵਾਹਿਗੁਰੂ ਅਤੇ ਉਸਦੇ ਸੇ ਵਕ ਦੇ ਬਾਰੇ ਵੀ ਬਿਲਕੁਲ ਸੱਚੀ ਹੈ।

1057. ਜਦੋਂ ਕੋਈ ਸੇਵਕ, ਗੁਰੂ ਅਤੇ ਵਾਹਿਗੁਰੂ ਪ੍ਰਤੀ ਪਿਆਰ, ਨਿਮਰਤਾ, ਸਤਿਕਾਰ ਅਤੇ ਸ਼ੁਕਰਗੁਜ਼ਾਰੀ ਦੀ ਭਾਵਨਾ ਨਾਲ ਗੁਰਸ਼ਬਦ ਪੜ੍ਹਦਾ, ਸੁਣਦਾ ਜਾਂ ਗਾਉਂਦਾ ਹੈ ਤਾਂ ਫਿਰ ਉਸਨੂੰ ਗੁਰੂ ਅਤੇ ਵਾਹਿਗੁਰੂ ਦਾ ਆਪਣੇ ਮਨ ਵਿਚ ਹਾਜ਼ਰ ਹੋਣ ਦਾ ਅਨੁਭਵ ਹੁੰਦਾ ਹੈ।

1058. ਗੁਰੂ ਦੇ ਗਿਆਨ ਦੀ ਸਹੀ ਸਮਝ ਅਤੇ ਫਿਰ ਇਸ ਗਿਆਨ ਨੂੰ ਆਪਣੇ ਵਿਵਹਾਰ ਵਿਚ ਸ਼ਾਮਿਲ ਕਰਨ ਨਾਲ, ਵਾਹਿਗੁਰੂ ਪ੍ਰਤੀ ਨਿਮਰਤਾ, ਪਿਆਰ, ਸਤਿਕਾਰ ਅਤੇ ਸ਼ੁਕਰਾਨੇ ਦੀਆਂ ਭਾਵਨਾਵਾਂ ਵਿਚ ਬਹੁਤ ਤੀਬਰਤਾ ਆਉਂਦੀ ਹੈ। ਆਖਿਰਕਾਰ, ਇਹ ਭਾਵਨਾਵਾਂ ਸੇਵਕ ਨੂੰ, ਵਾਹਿਗੁਰੂ ਦੇ ਮਨ ਵਿਚ ਹਾਜ਼ਰ ਹੋਣ ਦਾ ਅਨੁਭਵ ਕਰਨ ਦੇ ਕਾਬਿਲ ਬਣਾਉਂਦੀਆਂ ਹਨ। ਮਨ ਵਿਚ ਵਾਹਿਗੁਰੂ ਦੀ ਹਜ਼ੂਰੀ ਅੰਦਰੂਨੀ ਸ਼ਾਂਤੀ, ਪ੍ਰਸੰਨਤਾ, ਸੰਤੋਖ, ਖੁਸ਼ੀ ਪ੍ਰਦਾਨ ਕਰਦੀ ਹੈ ਅਤੇ ਸਰੀਰਿਕ ਅਤੇ ਮਾਨਸਿਕ ਕਸ਼ਟਾਂ ਤੋਂ ਮੁਕਤ ਕਰਦੀ ਹੈ।

1059. ਪ੍ਰਮਾਤਮਾ ਪ੍ਰਤੀ ਨਿਮਰਤਾ, ਸਤਿਕਾਰ, ਪਿਆਰ ਅਤੇ ਸ਼ੁਕਰਾਨੇ ਵਰਗੀਆਂ ਭਾਵਨਾਵਾਂ ਨੂੰ ਉਤਪੰਨ ਕਰਨ ਤੋਂ ਇਲਾਵਾ, ਨਾ ਹੀ ਹੋਰ ਕਿਸੇ ਅਨੁਭਵ ਅਤੇ ਨਾ ਹੀ ਹੋਰ ਕਿਸੇ ਤਰੀਕੇ, ਚਾਹੇ ਕੋਈ ਵੀ ਕਿਉਂ ਨਾ ਹੋਵੇ, ਨਾਲ ਪ੍ਰਮਾਤਮਾ ਦੀ ਹੋਂਦ ਨੂੰ ਸਾਬਿਤ ਨਹੀਂ ਕੀਤਾ ਜਾ ਸਕਦਾ। ਸਤਿਗੁਰੂ ਦਾ ਗਿਆਨ, ਇਹਨਾਂ ਭਾਵਨਾਵਾਂ ਹਾਸਿਲ ਕਰਨ ਵਿਚ ਸੇਵਕ ਦੀ ਮਦਦ ਕਰਦਾ ਹੈ। ਭਾਵੇਂ ਸਰੀਰ ਅਤੇ ਮਨ ਦੇ ਵਿਭਿੰਨ-ਵਿਭਿੰਨ ਅਨੁਸ਼ਾਸਨ ਲੋਕਾਂ ਨੂੰ ਸ਼ਾਨਦਾਰ ਕਰਤੱਬ ਕਰਨ ਦੇ ਕਾਬਿਲ ਬਣਾ ਦੇਣ, ਪ੍ਰੰਤੂ ਪ੍ਰਮਾਤਮਾ ਦਾ ਅਨੁਭਵ ਹਮੇਸ਼ਾਂ ਹੀ ਉਹਨਾਂ ਲਈ ਲੁਭਾਵਣਾ ਬਣਿਆ ਰਹੇਗਾ। ਉਸ ਸਭ ਤੋਂ ਅਧਿਕ ਮਹਾਨ ਲੁਭਾਉਣੇ ਪ੍ਰਮਾਤਮਾ ਅੱਗੇ ਸਿਰ ਝੁਕਾਉ (ਮਨੋਂ)। ਅਜਿਹਾ ਕਰਨ ਨਾਲ, ਉਹ (ਪ੍ਰਮਾਤਮਾ) ਨਿਮਾਣੇ ਦੇ ਅੱਗੇ ਪ੍ਰਗਟ ਹੁੰਦਾ ਹੈ ਅਤੇ ਉਸ ਨਿਮਾਣੇ ਨੂੰ ਸ਼ਾਂਤੀ ਅਤੇ ਪ੍ਰਸੰਨਤਾ ਦੇ ਨਾਲ-ਨਾਲ ਦੁਨਿਆਵੀਂ ਸਫ਼ਲਤਾਵਾਂ ਦੀ ਵੀ ਬਖ਼ਸ਼ਿਸ਼ ਕਰਦਾ ਹੈ। ਇਹੀ ਪ੍ਰਮਾਤਮਾ ਦੀ ਹੋਂਦ ਦਾ ਸਬੂਤ ਹੈ।

1060. ਪ੍ਰਮਾਤਮਾ ਅੱਗੇ ਸਿਰ ਨਿਵਾਉਣਾ, ਮਨ ਵਿਚ ਪ੍ਰਮਾਤਮਾ ਦੀ ਹਜ਼ੂਰੀ ਨੂੰ ਸਵੀਕਾਰਣਾ ਹੈ। ਅਜਿਹਾ ਕਰਦੇ ਸਮੇਂ ਸ਼ਾਂਤੀ ਅਤੇ ਪ੍ਰਸੰਨਤਾ ਦਾ ਅਨੁਭਵ ਕਰਨਾ, ਮਨ ਵਿਚ ਪ੍ਰਮਾਤਮਾ ਦੀ ਹਜ਼ੂਰੀ ਦਾ ਅਨੁਭਵ ਕਰਨਾ ਹੈ।

1061. ਮਨੋਂ ਪ੍ਰਮਾਤਮਾ ਅੱਗੇ ਸੀਸ ਝੁਕਾਉਣਾ, ਤਾਂ ਕਿ ਇਹ ਕਾਰਜ ਦਿਲੀ ਨਿਮਰਤਾ ਦਰਸਾਏ ਤਾਂ ਹੀ ਸੰਭਵ ਹੈ ਜਦੋਂ ਮਨ, ਸਮੇਂ ਦੇ ਨਾਲ (ਸਾਲ ਜਾਂ ਕਈ ਜਨਮਾਂ ਦਾ) ਅਹੰਕਾਰ ਨਾਲ ਜਮ੍ਹਾਂ ਹੋਏ ਕੂੜਾ-ਕਰਕਟ ਦੇ ਆਖਰੀ ਚਿੰਨ੍ਹਾਂ (ਨਿਸ਼ਾਨਾਂ) ਤੋਂ ਵੀ ਸਾਫ਼ ਹੋ ਚੁੱਕਾ ਹੋਵੇ। ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਾਪਦੰਡਾਂ ਮੁਤਾਬਿਕ ਮਨ ਦੀ ਪਵਿਤ੍ਰਤਾ ਦੇ ਇਸ ਸੰਘਰਸ਼ ਵਿਚ ਹੋ ਸਕਦਾ ਹੈ ਕਾਫ਼ੀ ਲੰਬਾ ਸਮਾਂ ਲੱਗ ਜਾਵੇ।

1062. ਮਨੁੱਖ, ਇਹ ਵਿਸ਼ਵਾਸ ਕਰਕੇ ਕਿ ਪੂਰਨ ਗੁਰੂ ਆਪਣੀ ਗੁਰਬਾਣੀ ਵਿਚ ਕੇਵਲ ਸੱਚ ਅਤੇ ਸੱਚ ਤੋਂ ਇਲਾਵਾ ਹੋਰ ਕੁਝ ਨਹੀਂ ਬੋਲਦਾ, ਮਨੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬੁੱਧੀਮਾਨ ਵਿਦਿਆਰਥੀ ਬਣ ਜਾਂਦਾ ਹੈ। ਪੂਰਨ ਗੁਰੂ ਤੋਂ ਗਿਆਨ ਹਾਸਿਲ ਕਰਦਿਆਂ, ਵਿਦਿਆਰਥੀ ਦਾ ਨਿਮਰ ਅਤੇ ਖੁੱਲ੍ਹੇ ਮਨ ਵਾਲਾ, ਸਿੱਖਿਆ ਤੇ ਅਮਲ ਕਰਨ ਵਾਲਾ ਅਤੇ ਫਿਰ ਇਸਨੂੰ ਆਪਣੇ ਵਿਵਹਾਰ ਵਿਚ ਸ਼ਾਮਿਲ ਕਰਨ ਵਾਲਾ ਹੋਣਾ ਬਹੁਤ ਹੀ ਜ਼ਰੂਰੀ ਹੈ।

1063. ਜੇ ਗੁਰੂ ਅਤੇ ਵਾਹਿਗੁਰੂ ਨਾਲ ਭਾਵਨਾਤਮਿਕ ਨਾਤੇ ਮਨ ਵਿਚ ਪੱਕੀ ਤਰ੍ਹਾਂ ਵੱਸੇ ਹੋਏ ਅਤੇ ਮਨ ਦੇ ਵਿਚਾਰ ਪੂਰਨ ਗੁਰੂ ਦੇ ਗਿਆਨ ਨਾਲ ਪੂਰੀ ਤਰ੍ਹਾਂ ਇਕ ਸਾਰ ਹਨ, ਤਾਂ ਫਿਰ ਗੁਰੂ ਦਾ ਸਿੱਖ, ਵਾਹਿਗੁਰੂ ਦਾ ਸੇਵਕ ਗੁਰੂ ਅਤੇ ਵਾਹਿਗੁਰੂ ਨਾਲ ਪੂਰੀ ਤਰ੍ਹਾਂ ਇਕ ਹੋ ਸਕਦਾ ਹੈ। ਇਹ ਸੱਚਾਈ ਹਮੇਸ਼ਾਂ ਵਿਦਿਆਰਥੀ ਜਾਂ ਸੇਵਕ ਦੇ ਚੇਤੰਨ ਪੱਧਰ ਤੱਕ ਨਾ ਹੋਵੇ। ਪ੍ਰੰਤੂ ਫੇਰ ਵੀ ਪ੍ਰਮਾਤਮਾ ਨਾਲ ਇਕਮਿੱਕਤਾ ਦਾ ਇਹ ਤੱਤ ਮਨ ਵਿਚ ਬੁਨਿਆਦੀ ਪੱਧਰ ਤੇ ਸਦਾ ਲਈ ਬਰਕਰਾਰ ਰਹਿੰਦਾ ਹੈ।

1064. ਪ੍ਰਮਾਤਮਾ ਰੱਖਿਆ ਕਰਨ ਵਾਲਾ ਹੈ।

1065. ਪ੍ਰਮਾਤਮਾ ਆਪਣੀਆਂ ਦਾਤਾਂ ਦੇਣ ਵਾਲਾ ਹੈ।

1066. ਪ੍ਰਮਾਤਮਾ ਜਿਸ ਉਪਰ ਮਿਹਰ ਕਰਦਾ ਹੈ, ਉਸਨੂੰ ਪਿਆਰ ਕਰਨ ਦੀ ਇੱਛਾ ਅਤੇ ਕਾਬਲੀਅਤ ਰੱਖਦਾ ਹੈ।

1067. ਪ੍ਰਮਾਤਮਾ, ਮਨੁੱਖ ਨੂੰ, ਗੁਰਸ਼ਬਦ ਵਿਚ ਸ਼ਰਧਾ ਨਾਲ ਜੋੜਣ ਦੇ ਕਾਬਿਲ ਬਣਾਉਂਦਾ ਹੈ।

1068. ਪ੍ਰਮਾਤਮਾ ਮਨੁੱਖ ਨੂੰ ਉਸ ਨਾਲ (ਵਾਹਿਗੁਰੂ ਨਾਲ) ਮਿਲਾਪ ਦੇ ਕਾਬਿਲ ਬਣਾਉਂਦਾ ਹੈ।

1069. ਪ੍ਰਮਾਤਮਾ ਆਪਣੇ ਸੇਵਕ ਕੋਲੋਂ ਉਸਦੀ (ਵਾਹਿਗੁਰੂ ਦੀ) ਦਿਲੀ ਸਿਫ਼ਤ ਸਾਲਾਹ ਪਾਉਣ ਦੇ ਕਾਬਿਲ ਬਨਾਉਣ ਵਾਲਾ ਹੈ।

1070. ਪ੍ਰਮਾਤਮਾ ਦੇ ਹੁਣੇ ਅਤੇ ਏਸੇ ਘੜੀ ਹੋਣ ਦਾ ਅਨੁਭਵ ਮਨੁੱਖ ਲਈ ਕੇਵਲ ਤਾਂ ਹੀ ਸੰਭਵ ਹੈ ਜੇ ਉਹ ਉਸ ਮਨੁੱਖ ਉੱਪਰ ਅਜਿਹਾ ਕਰਨ ਦੀ ਮਿਹਰ ਕਰਦਾ ਹੈ।

1071. ਉਪਰੋਕਤ ਦਾਤ, ਪ੍ਰਮਾਤਮਾ ਦੀ ਮਿਹਰ ਹੈ, ਇਹ ਮਿਹਰ ਬੇਅੰਤ ਹੈ। ਠੀਕ ਇਸੇ ਤਰ੍ਹਾਂ ਉਸ ਮਨੁੱਖ ਦੀ ਸ਼ੁਕਰਗੁਜ਼ਾਰੀ ਜਿਸ ਉੱਪਰ ਪ੍ਰਮਾਤਮਾ ਵੱਲੋਂ ਅਜਿਹਾ ਕਰਨ ਦੀ ਮਿਹਰ ਵੀ ਅਥਾਹ ਹੈ। ਅਜਿਹੇ ਮਾਮਲੇ ਵਿਚ, ਦਾਤਾਂ ਦੇਣ ਵਾਲਾ ਪੂਰਨ ਰੂਪ ਵਿਚ ਵਿਲੱਖਣ ਹੈ ਅਤੇ ਦਾਤਾਂ ਪਾਉਣ ਵਾਲਾ ਵੀ ਵਿਲੱਖਣ ਹੈ, ਅਰਥਾਤ, ਮਿਹਰਾਂ ਪ੍ਰਾਪਤ ਕਰਨ ਵਾਲਾ ਸ਼ੁਕਰਗੁਜ਼ਾਰੀ ਦੀ ਐਸੀ ਭਾਵਨਾ ਮਹਿਸੂਸ ਕਰਦਾ ਹੈ, ਜੋ,

ਉਸਦੀ ਵਿਚਾਰਧਾਰਾ ਅਨੁਸਾਰ ਲਾਸਾਨੀ ਹੈ।

1072. ਹੁਣ ਮਨੁੱਖ ਨੂੰ ਹੁੰਦਾ ਹੈ: ਪ੍ਰਮਾਤਮਾ ਉੱਪਰ ਪੂਰਨ ਵਿਸ਼ਵਾਸ, (ਫਿਰ) ਪ੍ਰਮਾਤਮਾ ਤੇ ਭਰੋਸਾ ਅਤੇ ਉਸ ਦਾ ਭਾਣਾ ਮੰਨਣਾ, ਨੇੜਤਾ, ਨਿਮਰਤਾ, ਸਤਿਕਾਰ, ਪਿਆਰ ਅਤੇ ਪ੍ਰਮਾਤਮਾ ਨੂੰ ਮੰਨਣਾ—ਸਭ ਪ੍ਰਮਾਤਮਾ ਦੀਆਂ ਵਿਲੱਖਣ ਦਾਤਾਂ।

1073. ਉਪਰੋਕਤ ਦਾਤ ਕਿਸੇ ਖ਼ਾਸ ਗੁਣ ਕਰਕੇ ਪ੍ਰਾਪਤ ਨਹੀਂ ਹੁੰਦੀ, ਬਲਕਿ, ਪ੍ਰਮਾਤਮਾ ਦੀ ਬੇਅੰਤ ਦਿਆਲਤਾ ਦੇ ਕਾਰਨ ਹੁੰਦੀ ਹੈ।

1074. ਇਕ ਸਿੱਖ ਵਾਸਤੇ, ਗੁਰਸ਼ਬਦ, ਸਤਿਗੁਰੂ ਦਾ ਹੈ ਅਤੇ ਇਸਦੀ ਪੂਰੀ ਜਾਗਰੁਕਤਾ ਅਤੇ ਸਿਫ਼ਤ-ਸਾਲਾਹਿ, ਕੇਵਲ ਗੁਰੂ ਦੁਆਰਾ ਹੀ ਪ੍ਰਾਪਤ ਕੀਤੀ ਜਾਂਦੀ ਹੈ।

1075. ਪੂਰੀ ਤਰ੍ਹਾਂ ਪਿਘਲਿਆ ਹੋਇਆ ਮਨ (ਅਹੰਕਾਰ ਤੋਂ ਮੁਕਤ—ਪਿਘਲ ਗਿਆ, ਹਉਮੈ ਖ਼ਤਮ ਹੋ ਗਈ), ਜਾਗਰੁਕਤਾ ਦੀ ਸਹਿਜ ਅਵੱਸਥਾ (ਵਾਹਿਗੁਰੂ, ਗੁਰੂ ਅਤੇ ਸੰਤਾਂ ਨਾਲ ਸਰਲ, ਸੁਭਾਵਿਕ ਅਤੇ ਆਨੰਦਮਈ ਦਾ ਆਨੰਦ ਮਾਣਦਾ ਹੈ। ਮਨ ਦੀ ਕਠੋਰਤਾ (ਅਹੰਕਾਰ) ਪ੍ਰਮਾਤਮਾ ਤੋਂ ਵਿਛੋੜੇ ਦਾ ਕਾਰਨ ਹੁੰਦੀ ਹੈ। ਸਤਿਗੁਰੂ ਦਾ ਬ੍ਰਹਮ ਗਿਆਨ ਮਨ ਨੂੰ ਪਿਘਲਾ ਦਿੰਦਾ ਹੈ, ਕੋਮਲ ਕਰ ਦਿੰਦਾ ਹੈ। ਗਿਆਨ, ਮਨ ਤੋਂ ਅਹੰਕਾਰ ਤੇ ਕਠੋਰਤਾ ਸਮਾਪਤ ਕਰਦਾ ਹੈ। ਨਾਜ਼ੁਕ ਮਨ (ਕੋਮਲ ਮਨ) ਚੰਗੇ ਵਿਚਾਰ ਸੋਚਦਾ ਹੈ, ਚੰਗੇ ਅਤੇ ਕੋਮਲ ਵਿਚਾਰਾਂ ਦੇ ਨਾਲ-ਨਾਲ ਚੰਗੀਆਂ ਅਤੇ ਕੋਮਲ ਭਾਵਨਾਵਾਂ ਦਾ ਵੀ ਅਨੁਭਵ ਕਰਦਾ ਹੈ।

1076. ਜਦੋਂ ਸਤਿਗੁਰੂ ਦੇ ਬ੍ਰਹਮ ਗਿਆਨ ਨਾਲ ਮਨ ਦੇ ਸਾਰੇ ਸ਼ੰਕੇ-ਮਨ ਦੇ ਸਾਰੇ ਕਠੋਰ ਪਹਿਲੂ ਸਮਾਪਤ ਹੋ ਜਾਂਦੇ ਹਨ, ਤਾਂ ਫਿਰ ਮਨੁੱਖ, ਉਸ ਰੱਖਣਹਾਰੇ ਦੀ ਸ਼ਰਨ ਹੇਠ ਆ ਜਾਂਦਾ ਹੈ। ਫਿਰ ਮਨੁੱਖ, ਉਸ ਆਸਰਾ ਦੇਣ ਵਾਲੇ ਦੇ ਆਸਰੇ ਹੇਠ ਹੁੰਦਾ ਹੈ ਅਤੇ ਵਾਹਿਗੁਰੂ ਦੀ ਸੰਗਤ ਵਿਚ ਹੁੰਦਾ ਹੈ।

1077. ਮਨ ਦੀ ਉਹ ਅਵੱਸਥਾ, ਜਿਸ ਵਿਚ, ਗੁਰੂ ਅਤੇ ਵਾਹਿਗੁਰੂ ਦਾ ਸਿਮਰਨ ਨਿਰੰਤਰ ਅਤੇ ਮਜ਼ਬੂਤ ਹੁੰਦਾ ਹੈ, ਮਨ ਦੀ ਜਾਗਰੁਕ ਅਵੱਸਥਾ ਹੁੰਦੀ ਹੈ। ਮਨ ਦੀ ਇਹ ਅਵੱਸਥਾ, ਉਸ ਸਮੇਂ ਆਉਂਦੀ ਹੈ, ਜਦੋਂ ਗੁਰੂ ਅਤੇ ਵਾਹਿਗੁਰੂ ਮਨੁੱਖ ਨੂੰ ਆਪਣਾ ਬਣਾ ਲੈਂਦੇ ਹਨ।

1078. ਵਾਹਿਗੁਰੂ ਦਾ ਸੇਵਕ ਜਿਥੇ ਵੀ ਹੁੰਦਾ ਹੈ ਜਾਂ ਜਿਥੇ ਵੀ ਜਾਂਦਾ ਹੈ, ਉਸਦੇ ਸਿਰ ਉੱਪਰ ਪ੍ਰਮਾਤਮਾ ਦੀ ਮਿਹਰ ਰਹਿੰਦੀ ਹੀ ਹੈ। ਦੋਨੋ ਹਮੇਸ਼ਾਂ ਇਕੱਠੇ ਰਹਿੰਦੇ ਹਨ।

1079. ਇਸ ਸੱਚਾਈ ਪ੍ਰਤੀ ਜਾਗਰੁਕਤਾ, ਕਿ ਜੀਵਨ ਦੇ ਸਵਾਸਾਂ (ਸਾਹਾਂ) ਦਾ ਕਾਰਣ ਵਾਹਿਗੁਰੂ ਹੀ ਹੈ, ਸਹਿਜ ਅਵਸਥਾ ਹੀ ਮਨੁੱਖ ਨੂੰ ਹਰ ਸਮੇਂ ਵਾਹਿਗੁਰੂ ਨਾਲ ਜੋੜੀ ਰੱਖਦੀ ਹੈ। ਇਸ ਤਰ੍ਹਾਂ ਜਦੋਂ ਵੀ ਮਨ, ਇਸ ਸੱਚਾਈ ਨੂੰ ਵਿਚਾਰਦਾ ਹੈ, ਪ੍ਰਮਾਤਮਾ

ਆਪ-ਮੁਹਾਰੇ ਹੀ ਯਾਦ ਵਿਚ ਰਹਿੰਦਾ ਹੈ। ਇਹ ਸੱਚਾਈ ਕਿ, ਜੀਵਨ ਦੇ ਹਰੇਕ ਸਾਹ ਵਾਹਿਗੁਰੂ ਦੇ ਕਾਰਣ ਹੀ ਹਨ, ਉਦੋਂ ਵੀ ਸਤਿ ਹੈ ਜਦੋਂ ਮਨੁੱਖ ਸਕ੍ਰਿਅ ਰੂਪ ਵਿਚ ਇਸ ਸੱਚਾਈ ਤੋਂ ਜਾਣੂ ਵੀ ਨਹੀਂ ਹੁੰਦਾ, ਇਸ ਲਈ, ਜਦੋਂ ਵੀ ਵਾਹਿਗੁਰੂ ਦਾ ਸੇਵਕ ਇਸ ਸੱਚਾਈ ਨੂੰ ਵਿਚਾਰਦਾ ਹੈ, ਉਸ ਦਾ ਮਨ ਉਸੇ ਵੇਲੇ ਵਾਹਿਗੁਰੂ ਨਾਲ ਜੁੜ ਜਾਂਦਾ ਹੈ। ਹਾਲਾਂਕਿ, ਸਤਿਗੁਰੂ ਹੀ ਆਪਣੇ ਸਿੱਖ ਦੇ ਮਨ ਵਿਚ ਇਹ ਸੱਚਾਈ ਸਥਾਪਿਤ ਕਰਦਾ ਹੈ ਕਿ ਉਸਦੇ ਸਾਹ (ਪ੍ਰਾਣ) ਵਾਹਿਗੁਰੂ ਦੇ ਕਾਰਣ ਹੀ ਚੱਲ ਰਹੇ ਹਨ।

1080. ਜਾਗਦੇ ਸਮੇਂ ਵਾਹਿਗੁਰੂ ਨਾਲ ਜੁੜਨ ਦਾ ਇਕ ਆਸਾਨ ਤਰੀਕਾ ਹੈ ਕਿ ਜਾਗਦਿਆਂ ਹੋਇਆ, ਸਾਹ ਲੈਂਦੇ ਸਮੇਂ ਅਤੇ ਸਾਹ ਛੱਡਦੇ ਸਮੇਂ, ਹਰ ਸਵਾਸ ਨਾਲ, ਹਰ ਸਵਾਸ ਲਈ ਵਾਹਿਗੁਰੂ ਦਾ ਸ਼ੁਕਰਾਨਾ ਕਰੋ।

1081. ਜਦੋਂ ਵਾਹਿਗੁਰੂ ਉਸਦੀ ਬੇਨਤੀ ਦਾ ਉੱਤਰ ਦਿੰਦਾ ਹੈ ਅਤੇ ਸੇਵਕ ਨੂੰ ਆਪਣੀ ਗਲਵੱਕੜੀ ਵਿਚ ਲੈਂਦਾ ਹੈ, ਉਸ ਸਮੇਂ ਅਨੁਭਵ ਕੀਤੀ ਪ੍ਰਸੰਨਤਾ ਬਹੁਤ ਹੀ ਅਧਿਕ ਹੁੰਦੀ ਹੈ ਅਤੇ ਸੇਵਕ ਉਸ ਨੂੰ ਬਿਆਨ ਨਹੀਂ ਕਰ ਸਕਦਾ।

1082. ਜੇ ਮਨੁੱਖ, ਸ਼ਬਦ ਵਿਚ ਵਾਹਿਗੁਰੂ ਪ੍ਰਤੀ ਸ਼ਬਦ ਵਿਚ ਜੁੜੀ ਹੋਈ ਭਾਵਨਾ ਮਹਿਸੂਸ ਕਰਦਾ ਹੈ, ਜਾਂ ਉਸਦਾ ਅਨੁਭਵ ਕਰਦਾ ਹੈ ਤਾਂ ਫਿਰ, ਇਸਦਾ ਅਰਥ ਇਹ ਹੈ ਕਿ ਸ਼ਬਦ ਦੇ ਸਿਰਜਣਹਾਰ ਦਾ ਮਨਚਾਹਿਆ ਪ੍ਰਭਾਵ ਮਨੁੱਖ ਦੇ ਮਨ ਤੇ ਪੈ ਗਿਆ ਹੈ। ਸ਼ਬਦ ਨੂੰ ਸੁਨਣ ਵਾਲਾ ਜਾਂ ਉਸਤੇ ਵਿਚਾਰ ਕਰਨ ਵਾਲਾ ਵੀ ਵਾਹਿਗੁਰੂ ਨਾਲ ਉਂਝ ਹੀ ਜੁੜ ਜਾਂਦਾ ਹੈ, ਜਿਵੇਂ ਸ਼ਬਦ ਦਾ ਸਿਰਜਣਹਾਰ, ਵਾਹਿਗੁਰੂ ਨਾਲ ਜੁੜਿਆ ਹੁੰਦਾ ਹੈ।

1083. ਸੇਵਕ ਦਾ ਸਤਿਗੁਰੂ ਅਤੇ ਵਾਹਿਗੁਰੂ ਸਿਮਰਨ ਦੇ ਵਧਣ ਦਾ ਪੱਧਰ ਜ਼ਰੂਰੀ ਨਹੀਂ ਕਿ ਇਕੋ ਜਿੰਨਾ ਹੋਵੇ। ਬਲਕਿ ਇਹ ਪ੍ਰਗਤੀ ਟੇਢੀ-ਮੇਢੀ, ਲੇਕਿਨ, ਤਿਰਛੇਪਨ ਵਿਚ ਵੀ ਮਨ ਦੀ ਸਹਿਜ ਅਵੱਸਥਾ ਤੱਕ ਉੱਪਰ ਵੱਲ ਹੀ ਜਾ ਰਹੀ ਹੋ ਸਕਦੀ ਹੈ।

1084. ਮਨ ਦੀ ਤੀਬਰਤਾ ਦਾ ਮਨ ਦੀ ਸਹਿਜ ਅਵਸਥਾ ਤੱਕ ਦਾ ਮਾਰਗ, ਗੁਰੂ ਅਤੇ ਵਾਹਿਗੁਰੂ ਨਾਲ ਸਤਿਕਾਰ ਅਤੇ ਪਿਆਰ ਨਾਲ ਨਿਰੰਤਰ ਜੁੜੇ ਰਹਿਣ ਦੇ ਕਾਬਿਲ ਬਨਣ ਲਈ ਮਨ ਦੇ ਕੀਤੇ ਸੰਘਰਸ਼ ਕਾਰਣ ਉਚਾਣ ਅਤੇ ਨੀਵਾਣ ਵਾਲਾ ਹੁੰਦਾ ਹੈ।

1085. ਸੇਵਕ ਦਾ ਮਨ, ਕੁਝ ਮਿੰਟਾਂ, ਘੰਟਿਆਂ ਜਾਂ ਦਿਨਾਂ ਲਈ ਵੀ ਦੈਵੀ ਅਨੁਭਵ ਦਾ ਆਨੰਦ ਲੈ ਸਕਦਾ ਹੈ (ਗੁਰੂ ਅਤੇ ਵਾਹਿਗੁਰੂ ਨਾਲ ਸਰਲ ਅਤੇ ਸਹਿਜ-ਸੁਭਾਵਕ ਲਿਵ), ਜਿਸ ਤੋਂ ਬਾਅਦ ਉਹ ਸਮਾਂ ਵੀ ਆਉਂਦਾ ਹੈ (ਥੋੜ੍ਹਾ ਜਾਂ ਜ਼ਿਆਦਾ) ਜਿਸ ਦੌਰਾਨ ਇਸ ਮਨੁੱਖ ਦਾ ਅਨੁਭਵ ਨਹੀਂ ਹੁੰਦਾ, ਬਲਕਿ ਸੇਵਕ ਇਸ ਤੋਂ ਉਲਟ ਅਨੁਭਵ ਕਰਦਾ ਹੈ (ਵਿਛੋੜੇ ਦਾ ਦਰਦ)। ਫਿਰ ਸੇਵਕ ਉਸ ਖੁੰਝੇ ਹੋਏ ਸੁੱਖ ਨੂੰ ਪ੍ਰਾਪਤ

ਕਰਨ ਲਈ ਦਿਮਾਗੀ ਕਸ਼ਮਕਸ਼ ਵਿਚ ਲੱਗ ਜਾਂਦਾ ਹੈ।

1086. 'ਰੂਹਾਨੀ ਅਨੁਭਵ ਹੋਣਾ' ਅਤੇ 'ਰੂਹਾਨੀ ਅਨੁਭਵ ਨਾ ਹੋਣ' ਦੇ ਕਿੱਸੇ ਕਾਫ਼ੀ ਲੰਬੇ ਸਮੇਂ ਕਈ ਲੰਬੇ ਸਾਲਾਂ ਤੱਕ ਆਪੋ ਵਿਚ ਵੈਕਲਪਿਕ (ਵਾਰੀ-ਵਾਰੀ) ਚੱਲਦੇ ਰਹਿ ਸਕਦੇ ਹਨ, ਪ੍ਰੰਤੂ, ਅਜਿਹਾ ਮਨ, ਜੋ ਗੁਰੂ ਅਤੇ ਵਾਹਿਗੁਰੂ ਪ੍ਰਤੀ ਸੱਚਾ ਅਤੇ ਦਿਲੀ ਪਿਆਰ ਅਨੁਭਵ ਕਰਦਾ ਹੈ, ਆਖਿਰਕਾਰ, ਗੁਰੂ ਅਤੇ ਵਾਹਿਗੁਰੂ ਦੋਨਾਂ ਨਾਲ ਨਿਰੰਤਰ ਅਤੇ ਸਰਲ ਤਰੀਕੇ ਨਾਲ ਚੱਲ ਰਹੀ ਸਾਂਝ ਦਾ ਆਨੰਦ ਮਾਣੇਗਾ।

1087. ਸਤਿਗੁਰੂ ਦੇ ਗਿਆਨ (ਗੁਰਬਾਣੀ) ਵਿਚ, ਗੁਰੂ ਦੇ ਸਿੱਖ ਵਿਚ, ਮਨ ਦੀ ਸਹਿਜ ਅਵੱਸਥਾ ਨਾਲ ਭਗਤੀ ਵਿਚ ਜੋੜਣ ਦੀ ਸ਼ਕਤੀ ਹੁੰਦੀ ਹੈ ਤਾਂ ਕਿ ਉਹ ਮਨ ਦੀ ਸਹਿਜ ਅਵੱਸਥਾ ਨਿਰੰਤਰ ਤੌਰ 'ਤੇ ਵਾਹਿਗੁਰੂ ਨਾਲ ਸੁਹਾਵਣੀ ਸਾਂਝ ਨਾਲ ਵਾਹਿਗੁਰੂ ਦੀ ਭਗਤੀ ਕਰ ਸਕੇ।

1088. ਜਦੋਂ ਲਾਈਟ ਜਗਾਈ ਜਾਂਦੀ ਹੈ, ਤਾਂ ਇਹ ਘੁੱਪ ਹਨੇਰੇ ਕਮਰੇ ਨੂੰ ਵੀ ਪੂਰੀ ਤਰ੍ਹਾਂ ਰੋਸ਼ਨ ਕਰ ਦਿੰਦੀ ਹੈ। ਠੀਕ ਏਸੇ ਤਰ੍ਹਾਂ, ਸਤਿਗੁਰੂ ਦਾ ਗਿਆਨ ਵੀ ਇਕ ਅਗਿਆਨੀ ਮਨ ਨੂੰ ਪੂਰੀ ਤਰ੍ਹਾਂ ਰੋਸ਼ਨ ਕਰ ਦਿੰਦਾ ਹੈ। ਹਾਲਾਂਕਿ ਹੋ ਸਕਦਾ ਹੈ ਰੌਸ਼ਨੀ ਦੇ ਉਲਟ ਅਗਿਆਨੀ ਮਨ, ਇਕੋ ਵਾਰੀ ਵਿਚ ਹੀ ਗਿਆਨ ਨਾਲ ਰੌਸ਼ਨ ਨਾ ਹੋ ਸਕੇ। ਇਸ ਨੂੰ ਕੁਝ ਸਮਾਂ ਜਾਂ ਕਾਫ਼ੀ ਲੰਬਾ ਸਮਾਂ ਲੱਗ ਸਕਦਾ ਹੈ। ਇਕ ਵਾਰ ਜਦੋਂ ਮਨ ਪੂਰੀ ਤਰ੍ਹਾਂ ਰੌਸ਼ਨ ਹੋ ਗਿਆ, ਤਾਂ ਫਿਰ ਇਹ ਵਾਹਿਗੁਰੂ ਦੇ ਦਰਸ਼ਨ ਪਾ ਲੈਂਦਾ ਹੈ, ਵਾਹਿਗੁਰੂ ਜੋ ਸਤਿਗੁਰੂ ਅਨੁਸਾਰ ਹਰ ਜਿੰਦ ਜੀਵ ਦੇ ਅੰਦਰ ਵਾਸ ਕਰਦਾ ਹੈ।

1089. ਪਿਛਲੇ ਜਨਮਾਂ ਵਿਚ ਮਲੀਨ ਹੋਇਆ ਅਤੇ ਵਰਤਮਾਨ ਜੀਵਨ ਵਿਚ ਵੀ ਮਾਇਆ ਦੇ ਪ੍ਰਭਾਵ ਹੇਠ ਬੁਰੇ ਵਿਚਾਰਾਂ ਅਤੇ ਬੁਰੇ ਕਰਮਾਂ ਕਾਰਨ ਮਲੀਨ ਹੋਇਆ ਮਨ, ਸਰੀਰ ਦੇ ਅੰਦਰ ਵਾਹਿਗੁਰੂ ਦੀ ਹਜ਼ੂਰੀ ਨੂੰ ਨਹੀਂ ਦੇਖ ਸਕਦਾ। ਮਨ ਤੋਂ ਇਹ ਮੈਲ ਕੇਵਲ ਸਤਿਗੁਰੂ ਦੇ ਗਿਆਨ ਨਾਲ ਹੀ ਮਿਟਾਈ ਜਾ ਸਕਦੀ ਹੈ। ਇਸ ਤਰ੍ਹਾਂ ਸਾਫ਼ ਹੋਇਆ ਮਨ, ਵਾਹਿਗੁਰੂ ਨੂੰ ਫਿਰ ਨਾ ਕੇਵਲ ਸਰੀਰ ਦੇ ਅੰਦਰ, ਸਗੋਂ ਸਰੀਰ ਦੇ ਬਾਹਰ ਵੀ ਹਰ ਪਾਸੇ ਦੇਖਦਾ ਹੈ।

1090. ਗੁਰੂ ਦੇ ਉਪਦੇਸ਼ ਨਾਲ ਮਨੁੱਖ ਸੂਝ ਪ੍ਰਾਪਤ ਕਰਕੇ ਗੁਰੂ ਵਾਹਿਗੁਰੂ ਦੇ ਸਿਮਰਨ ਵਿਚ ਜੁੜਦਾ ਹੈ। ਗੁਰੂ ਦੇ ਸ਼ਬਦ ਨਾਲ ਉਹ ਸ਼ਰਧਾ ਨਾਲ ਵਾਹਿਗੁਰੂ ਦੀ ਸਿਫਤਿ-ਸਾਲਾਹ ਕਰਦਾ ਹੈ। ਫਿਰ ਸਮਾਂ ਪਾ ਕੇ, ਜਿਉਂ ਜਿਉਂ ਉਹ ਗੁਰੂ ਦਾ ਗਿਆਨ ਪ੍ਰਾਪਤ ਕਰਦਾ ਜਾਂਦਾ ਹੈ, ਸੇਵਕ ਗੁਰੂ ਦੇ ਉਪਦੇਸ਼ ਬੌਧਿਕ ਅਤੇ ਭਾਵਨਾਤਮਕ ਦੋਨੋਂ ਤਰ੍ਹਾਂ ਨਾਲ, ਨਾਲੋਂ-ਨਾਲ ਹੀ ਜਾਨਣ ਲੱਗਦਾ ਹੈ। ਜੇ ਸੇਵਕ, ਬ੍ਰਹਮ ਗਿਆਨ ਸੁਤੇ ਸਿਧ ਹਾਸਿਲ ਕਰਦਾ ਰਹਿੰਦਾ ਹੈ ਤਾਂ ਫਿਰ ਉਸ ਦਾ ਮਨ, ਜਾਗਰੁਕਤਾ ਦੀ ਸਹਿਜ ਅਵੱਸਥਾ ਪ੍ਰਾਪਤ ਕਰ ਲੈਂਦਾ ਹੈ। ਉਸ ਦਾ ਮਨ, ਗਹਿਰੇ ਪ੍ਰੇਮ ਅਤੇ ਗਹਿਰੇ ਸਤਿਕਾਰ

ਸਹਿਤ ਗੁਰੂ ਅਤੇ ਵਾਹਿਗੁਰੂ ਨਾਲ ਜੁੜ ਜਾਂਦਾ ਹੈ।

1091. ਵਾਹਿਗੁਰੂ ਅਕਾਲ ਮੂਰਤਿ ਹੈ। ਸਤਿਗੁਰੂ ਦਾ ਗਿਆਨ ਸਦਾ ਸੱਚਾ ਹੈ। ਉਹ ਮਨੁੱਖ, ਜੋ ਇਸ ਗਿਆਨ ਨੂੰ ਗ੍ਰਹਿਣ ਕਰਦਾ ਹੈ, ਅਮਰ ਹੋ ਜਾਂਦਾ ਹੈ। ਗੁਰੂ ਦਾ ਸੱਚਾ ਸਿੱਖ, ਵਾਹਿਗੁਰੂ ਅਤੇ ਗੁਰੂ ਨਾਲ ਸਦਾ ਲਈ (ਇਸ ਜਨਮ ਅਤੇ ਅਗਲੇ ਜਨਮ ਵਿਚ) ਜੁੜ ਜਾਂਦਾ ਹੈ।

1092. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਸ਼ਬਦ, ਵਾਹਿਗੁਰੂ ਦੇ ਆਪਣੇ ਉਪਦੇਸ਼ ਹਨ। ਗੁਰਸ਼ਬਦਾਂ ਦੀ ਸ਼ਕਤੀ, ਗੁਰੂ ਦੇ ਸਿੱਖ ਦੇ ਮਨ ਵਿਚ ਗਹਿਰਾ ਪਿਆਰ ਅਤੇ ਸਤਿਕਾਰ ਉਤਪੰਨ ਕਰਦੀ ਹੈ। ਮਨ ਵਿਚੋਂ ਗੁਰੂ ਅਤੇ ਵਾਹਿਗੁਰੂ ਤੋਂ ਵਿਛੋੜਾ (ਹਉਮੈ) ਖ਼ਤਮ ਹੋ ਜਾਂਦਾ ਹੈ। ਹੁਣ ਸੇਵਕ ਦਾ ਮਨ (ਹਿਰਦਾ) ਸਰਬ-ਵਿਆਪਕ ਵਾਹਿਗੁਰੂ ਦਾ ਨਿਵਾਸ ਅਸਥਾਨ ਬਣ ਜਾਂਦਾ ਹੈ। ਸੇਵਕ ਦਾ ਮਨ ਹਰ ਪਾਸੇ ਪ੍ਰਮਾਤਮਾ ਨੂੰ ਹੀ ਦੇਖਦਾ ਹੈ। ਵਾਸਤਵ ਵਿਚ, ਮਨ, ਪ੍ਰਮਾਤਮਾ (ਹਰ ਚੀਜ਼ ਅਤੇ ਹਰ ਮਨੁੱਖ ਦੇ ਹੋਣ ਦਾ ਸਭ ਵੋਂ ਵੱਡਾ ਕਾਰਣ) ਤੋਂ ਇਲਾਵਾ ਹੋਰ ਕੁਝ ਨਹੀਂ ਦੇਖਦਾ।

1093. ਵਾਹਿਗੁਰੂ, ਮਨੁੱਖ ਦੇ ਮਨ ਦੀ ਉਸ ਭਾਵਨਾ ਉੱਪਰ ਹੀ ਮਿਹਰ ਕਰਦਾ ਹੈ, ਜਿਸ ਦੁਆਰਾ ਮਨ ਉਸਨੂੰ (ਪ੍ਰਮਾਤਮਾ ਨੂੰ) ਪਿਆਰ ਕਰਦਾ ਹੈ। ਹੁਣ, ਵਾਹਿਗੁਰੂ ਦਾ ਆਪਣੇ ਸੇਵਕ ਨਾਲ ਪਿਆਰ ਹੁੰਦਾ ਹੈ, ਅਤੇ ਸੇਵਕ ਵਾਹਿਗੁਰੂ ਪ੍ਰਤੀ ਤੀਬਰ ਪਿਆਰ ਅਨੁਭਵ ਕਰਦਾ ਹੈ। ਸੇਵਕ ਪ੍ਰਤੀ ਆਪਣੇ ਪਿਆਰ ਦੀ ਗੁਣਵੱਤਾ ਨੂੰ ਕੇਵਲ ਵਾਹਿਗੁਰੂ ਹੀ ਜਾਣਦਾ ਹੈ। ਸੇਵਕ ਦਾ ਵਾਹਿਗੁਰੂ ਪ੍ਰਤੀ ਪਿਆਰ ਦਾ ਗੁਣ, ਉਸਦੇ ਨਾਮ ਨੂੰ ਮਨ ਵਿਚ ਧਾਰਣ ਦੀ ਨਿਰੰਤਰ ਭੁੱਖ ਹੁੰਦੀ ਹੈ। ਜਿੰਨਾ ਜ਼ਿਆਦਾ ਉਹ ਗ੍ਰਹਿਣ ਕਰਦਾ ਜਾਂਦਾ ਹੈ, ਉਨੀ ਹੀ ਜ਼ਿਆਦਾ ਸ਼ਾਂਤੀ ਅਤੇ ਪ੍ਰਸੰਨਤਾ ਦਾ ਅਨੁਭਵ ਕਰਦਾ ਜਾਂਦਾ ਹੈ। ਵਾਹਿਗੁਰੂ ਵਪਾਰੀ (ਵਾਹਿਗੁਰੂ ਦੇ ਸੇਵਕ) ਦੀ ਭਗਤੀ ਲਈ ਬੇਅੰਤ ਖਜ਼ਾਨੇ (ਭੰਡਾਰ) ਖੋਲ੍ਹ ਦਿੰਦਾ ਹੈ ਤਾਂ ਕਿ ਉਹ ਦਿਲ ਦੀ ਸੰਤੁਸ਼ਟੀ ਤੱਕ ਭਗਤੀ ਕਰ ਸਕੇ। ਇਸਦਾ ਅਰਥ ਇਹ ਹੈ ਕਿ ਵਾਹਿਗੁਰੂ ਆਪਣੇ ਸੇਵਕ ਨੂੰ ਸਹਿਜ ਮਨ ਨਾਲ ਭਗਤੀ ਕਰਨ ਦੇ ਕਾਬਿਲ ਬਣਾਉਂਦਾ ਹੈ।

1094. ਪ੍ਰਮਾਤਮਾ ਦੀ ਭਗਤੀ ਕਰਨ ਦਾ ਸਭ ਤੋਂ ਵਧੀਆ ਅਤੇ ਆਨੰਦਮਈ ਤਰੀਕਾ, ਕਿਸੇ ਬਹੁਤ ਹੀ ਪਿਆਰੀ ਆਵਾਜ਼ ਵਾਲੇ ਕੁਸ਼ਲ ਕੀਰਤਨੀਏ ਵੱਲੋਂ ਗਾਈਆਂ ਗੁਰਬਾਣੀ ਦੇ ਸ਼ਬਦਾਂ ਨੂੰ ਵਿਚਾਰਣਾ ਜਾਂ ਸੁਨਣਾ ਹੈ।

1095. ਗੁਰਬਾਣੀ ਦੀ ਹਰੇਕ ਤੁਕ ਵਿਚ ਵਾਹਿਗੁਰੂ ਦੀ ਵਡਿਆਈ ਦੇ ਸਮਝਣਯੋਗ ਅਤੇ ਭਾਵਨਾਤਮਿਕ ਤੱਤ ਮੌਜ਼ੂਦ ਹੁੰਦੇ ਹਨ। ਹਰੇਕ ਤੁਕ ਦਾ ਪ੍ਰਭਾਵ ਮਨ ਨੂੰ ਪਵਿੱਤਰ ਕਰਦਾ (ਮਨ ਦੀ ਮੈਲ ਧੋਂਦਾ) ਜਾਂਦਾ ਹੈ। ਭਾਵੇਂ ਕਿੰਨੇ ਵੀ ਛੋਟੇ ਪੱਧਰ 'ਤੇ ਕਿਉਂ ਨਾ ਹੋਵੇ, ਮਨ ਦੀ ਜਾਗਰੁਕਤਾ (ਸੁਰਤਿ/ਧਿਆਨ) ਉਸਨੂੰ (ਪ੍ਰਮਾਤਮਾ) ਦੇਖਣ ਲੱਗਦੀ

ਹੈ। ਹੌਲੀ-ਹੌਲੀ ਹੀ ਸਹੀ, ਪਰ ਯਕੀਨਨ, ਇਹ ਹਨੇਰਾ, ਚਾਨਣ ਬਦਲ ਜਾਂਦਾ ਹੈ।

1096. ਗੁਰਬਾਣੀ ਦੇ ਭਾਵਨਾਤਮਿਕ ਤੱਤ, ਮਨ ਵਿਚ ਪ੍ਰਸੰਨਤਾ ਉਤਪੰਨ ਕਰਦੇ ਹਨ। ਆਨੰਦ ਸੁੱਤੇ ਸਿਧ ਹੀ ਵਾਹਿਗੁਰੂ ਦੇ ਧਿਆਨ ਵੱਲ ਲੈ ਜਾਂਦਾ ਹੈ। ਆਖਿਰਕਾਰ, ਵਾਹਿਗੁਰੂ ਦਾ ਸੁਭਾਵਿਕ ਧਿਆਨ, ਮਨ ਦੀ ਵਾਹਿਗੁਰੂ ਨਾਲ ਸਦੀਵੀ ਸਾਂਝ ਸਥਾਪਿਤ ਕਰ ਦਿੰਦਾ ਹੈ ਅਤੇ ਮਨ ਉਸਦੇ ਪ੍ਰਤੱਖ ਦਰਸ਼ਨ ਕਰਦਾ ਹੈ।

1097. ਜੇ ਕਿਸੇ ਸੇਵਕ ਦੀ ਸੁਰਤਿ, ਵਾਹਿਗੁਰੂ ਦੇ ਇਕ ਗੁਣ ਉੱਤੇ ਪ੍ਰਸੰਨਤਾ ਸਹਿਤ ਜੁੜੀ ਰਹਿੰਦੀ ਹੈ, ਜਿਵੇਂ ਕਿ ਵਾਹਿਗੁਰੂ ਕਿਸੇ ਵੀ ਚੀਜ਼ ਜਾਂ ਕਿਸੇ ਹੋਰ ਤੋਂ ਨਹੀਂ ਡਰਦਾ ਹੈ, ਤਾਂ ਫਿਰ ਸੁਰਤਿ ਉੱਤੇ ਯਕੀਨਨ ਹੀ ਗੁਰੂ ਅਤੇ ਵਾਹਿਗੁਰੂ ਦੀ ਕ੍ਰਿਪਾ ਹੈ। ਹੁਣ ਸੇਵਕ ਦਾ ਮਨ ਉਸ ਨਿਰਭਉ ਪ੍ਰਭੂ ਦੀ ਭਗਤੀ ਵਿਚ ਹਮੇਸ਼ਾਂ ਲਈ ਜੁੜ ਜਾਂਦਾ ਹੈ।

1098. ਇਹ ਜ਼ਰੂਰੀ ਹੈ ਕਿ ਸੇਵਕ ਦਾ ਮਨ, ਬਾਰ-ਬਾਰ ਪ੍ਰਮਾਤਮਾ ਦੇ ਗੁਣਾਂ ਨੂੰ ਵਿਚਾਰੇ। ਇੰਜ ਬਿਤਾਇਆ ਸਮਾਂ ਅੰਮ੍ਰਿਤ ਨਾਲ ਬਖ਼ਸ਼ਿਆ ਹੁੰਦਾ ਹੈ। ਹਰ ਤਰ੍ਹਾਂ ਦਾ ਜ਼ਹਿਰੀਲਾ ਖੋਫ਼ ਫਿਰ ਹਾਰ ਜਾਂਦਾ ਹੈ।

1099. ਗੁਰੂ ਦਾ ਸਿੱਖ ਹਮੇਸ਼ਾਂ ਵਾਹਿਗੁਰੂ ਨੂੰ ਆਪਣੇ ਮਨ ਵਿਚ ਵਸਾਉਣ ਅਤੇ ਕਦੀ ਵੀ ਨਾ ਭੁੱਲਣ ਦੀ ਬੇਨਤੀ ਕਰਦਾ ਹੈ। ਫਿਰ ਵੀ, ਸਿੱਖ ਦੀ ਕੋਸ਼ਿਸ਼, ਭਾਵੇਂ ਕਿੰਨੀ ਵੀ ਲੰਬੀ, ਭਾਵੇਂ ਕਿੰਨੀ ਵੀ ਸ਼ਰਧਾ ਵਾਲੀ ਅਤੇ ਕਿੰਨੀ ਵੀ ਤੀਬਰ ਕਿਉਂ ਨਾ ਹੋਵੇ, ਉਸਦਾ ਮਨ ਸਦਾ ਪ੍ਰਮਾਤਮਾ ਨਾਲ ਨਹੀਂ ਜੋੜਗੀ। ਸਿੱਖ ਇਕ ਦੁਬਿਧਾ ਵਿਚ ਫਸ ਜਾਂਦਾ ਹੈ। ਉਸਨੂੰ ਹੁਣ ਕੀ ਕਰਨਾ ਚਾਹੀਦਾ ਹੈ? ਇਸ ਦਾ ਉੱਤਰ ਇਹ ਹੈ ਕਿ ਸਿੱਖ ਨੂੰ ਵਾਹਿਗੁਰੂ ਦੀ ਭਗਤੀ ਕਰਨ ਲਈ, ਗੁਰੂ ਅਤੇ ਵਾਹਿਗੁਰੂ ਅੱਗੇ ਅਰਜ਼ੋਈ ਕਰਨੀ ਚਾਹੀਦੀ ਹੈ। ਸਿੱਖ ਨੂੰ ਆਸ ਨਹੀਂ ਛੱਡਣੀ ਚਾਹੀਦੀ। ਉਸਨੂੰ ਹਮੇਸ਼ਾਂ ਭਗਤੀ ਦੀ ਦਾਤ, ਨਿਮਰਤਾ ਸਹਿਤ ਸਵੀਕਾਰ ਕਰਨ ਦੀ ਬੇਨਤੀ ਲਗਾਤਾਰ ਕਰਦੇ ਰਹਿਣਾ ਚਾਹੀਦਾ ਹੈ। ਭਗਤੀ ਗੁਰੂ ਦੇ ਸਿੱਖ ਦਾ ਅਧਿਕਾਰ ਨਹੀਂ, ਬਲਕਿ ਗੁਰੂ ਦਾ ਬਖ਼ਸ਼ਿਆ ਵਿਸ਼ੇਸ਼ ਅਧਿਕਾਰ/ਬਖ਼ਸ਼ਿਸ਼ ਹੁੰਦੀ ਹੈ।

1100. ਸਤਿਗੁਰੂ ਦਾ ਗਿਆਨ ਪ੍ਰਾਪਤ ਕਰਦੇ ਸਮੇਂ ਦਿਲ ਅਤੇ ਦਿਮਾਗ ਦੋਨੋਂ ਹੀ ਸ਼ਾਮਿਲ ਹੋਣੇ ਚਾਹੀਦੇ ਹਨ। ਸੁਰਤਿ (ਸਮਝ) ਗੁਰੂ ਦੀ ਬਾਣੀ ਦਾ ਅਰਥ ਸਮਝਣ ਵਿਚ ਮਦਦ ਕਰਦੀ ਹੈ। ਦਿਲ, ਸਤਿਗੁਰੂ ਦੀ ਬਾਣੀ ਵਿਚ ਪਰੋਈਆਂ ਭਾਵਨਾਵਾਂ ਨੂੰ ਸਿੱਖਦਾ ਅਤੇ ਮਹਿਸੂਸ ਕਰਦਾ ਹੈ। ਅਜਿਹੀ ਸਿੱਖਿਆ ਦੇ ਨਤੀਜੇ ਵਜੋਂ, ਗੁਰੂ ਦੇ ਦਿੱਤੇ ਜਾਗਰੁਕਤਾ ਦੇ ਗਿਆਨ ਵਿਚ ਸੁਧਾਰ ਆਉਂਦਾ ਹੈ। ਜੇ ਇਸ ਤਰ੍ਹਾਂ ਸਿੱਖਣ ਦੀ ਪ੍ਰਕ੍ਰਿਆ ਹੌਲੀ-ਹੌਲੀ ਜਾਰੀ ਰਹੇ ਤਾਂ ਫਿਰ ਮਨ ਦੀ ਸਹਿਜ ਅਵੱਸਥਾ ਦੇ ਅਨੁਭਵ ਦਾ ਉਦੇਸ਼ ਜਲਦੀ ਹੀ ਅਤੇ ਯਕੀਨੀ ਤੌਰ 'ਤੇ ਪ੍ਰਾਪਤ ਹੁੰਦਾ ਹੈ।

1101. ਗੁਰਬਾਣੀ ਦੇ ਹਰੇਕ ਸ਼ਬਦ ਅਤੇ ਹਰੇਕ ਤੁੱਕ ਵਿਚ ਪਰੋਈਆਂ ਹੋਈਆਂ ਭਾਵਨਾਵਾਂ ਦੀ ਕਲਪਨਾ ਕਰੋ ਅਤੇ ਮਹਿਸੂਸ ਕਰੋ ਅਜਿਹਾ ਕਰਨ ਨਾਲ, ਸਿੱਖ ਦੇ ਮਨ ਉੱਪਰ ਭਾਵਨਾਤਮਕ ਪ੍ਰਭਾਵ ਪੈਂਦਾ ਹੈ। ਜੇ ਗੁਰਬਾਣੀ ਵਿਚ ਜੁੜੀਆਂ ਭਾਵਨਾਵਾਂ ਨੂੰ ਬਾਰ-ਬਾਰ ਮਹਿਸੂਸ ਕੀਤਾ ਜਾਵੇ ਤਾਂ ਫਿਰ ਗੁਰੂ ਅਤੇ ਵਾਹਿਗੁਰੂ ਨਾਲ ਭਾਵਨਾਤਮਕ ਸਾਂਝ ਸਥਾਪਿਤ ਹੋ ਜਾਂਦੀ ਹੈ। ਫਿਰ ਮਨ, ਗੁਰਸ਼ਬਦਾਂ ਦੀਆਂ ਭਾਵਨਾਵਾਂ ਦੀ ਤੀਬਰਤਾ ਦੇ ਸੱਤਰ ਤੱਕ ਪ੍ਰਗਤੀ ਕਰਦਾ ਅੱਗੇ ਵੱਧਦਾ ਹੈ।

1102. ਵਾਹਿਗੁਰੂ ਜੀਵਨ ਦੀਆਂ ਅਨੰਤ ਖੇਡਾਂ ਖੇਡਦਾ ਹੈ। ਹਰ ਖਿਡਾਰੀ ਦੇ ਜੀਵਨ ਦੀ ਖੇਡ ਵਿਲੱਖਣ ਹੁੰਦੀ ਹੈ ਅਤੇ ਇਸਦੇ ਆਪਣੇ ਹੀ ਵਿਲੱਖਣ ਨਤੀਜੇ ਹੁੰਦੇ ਹਨ।

1103. ਵਾਹਿਗੁਰੂ ਆਪਣੇ ਨਿਮਾਣਿਆਂ ਤੋਂ ਵੀ ਨਿਮਾਣੇ ਸੇਵਕ ਦੀ ਬੇਨਤੀ (ਅਰਜ਼ੋਈ) ਸੁਨਣ ਲਈ ਹਮੇਸ਼ਾਂ ਤਿਆਰ ਰਹਿੰਦਾ ਹੈ। ਅਜਿਹੀ ਅਰਜ਼ੋਈ ਦਾ ਉਹ ਤੁਰੰਤ ਉੱਤਰ ਦਿੰਦਾ ਹੈ।

1104. ਜਦੋਂ ਕੋਈ ਸਿੱਖ, ਕਿਸੇ ਵੀ ਗੁਰੂ ਦੇ ਅੱਗੇ ਭਰਪੂਰ ਸਤਿਕਾਰ ਨਾਲ ਸੀਸ ਨਿਵਾਉਂਦਾ ਹੈ ਤਾਂ ਉਸ ਨੂੰ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਉਹ ਸਾਰੇ ਪਹਿਲੇ ਗੁਰੂਆਂ ਅਤੇ ਬਾਅਦ ਵਿਚ ਬਣੇ ਸਾਰੇ ਗੁਰੂਆਂ ਨੂੰ ਵੀ ਉਹੀ ਸਤਿਕਾਰ ਦੇ ਰਿਹਾ ਹੋਵੇ।

1105. ਗੁਰੂ ਨਾਨਕ ਦੇਵ ਜੀ ਦੇ ਜਪੁਜੀ ਸਾਹਿਬ ਦੀ ਪਉੜੀ ਨੰਬਰ 38 ਵਿਚ ਦਰਜ ਅਨੁਸਾਰ ਮਨ ਦੀ ਨਿਹਾਲ ਅਵੱਸਥਾ ਉਦੋਂ ਆਉਂਦੀ ਹੈ, ਜਦੋਂ ਸੇਵਕ ਦਾ ਗੁਰੂ ਅਤੇ ਵਾਹਿਗੁਰੂ ਨਾਲ ਪਿਆਰ ਤੇ ਸ਼ਰਧਾ ਪੂਰੇ ਸਿਖਰ 'ਤੇ ਹੋਵੇ।

1106. ਵਾਹਿਗੁਰੂ, ਮਨੁੱਖਤਾ ਦੀਆਂ ਵਿਚਾਰਧਾਰਾਵਾਂ ਨੂੰ ਬੜੀ ਵਿਲੱਖਣਤਾ ਨਾਲ ਸਹਾਇਤਾ ਪ੍ਰਦਾਨ ਕਰਦਾ ਹੈ। ਜੋ ਉਸਦੀ ਹੋਂਦ ਨੂੰ ਨਕਾਰਦੇ ਹਨ, ਉਹ ਉਹਨਾਂ ਤੋਂ ਅਥਾਹ ਦੂਰੀ ਬਣਾ ਲੈਂਦਾ ਹੈ। ਜੋ ਉਸਦੀ ਹੋਂਦ 'ਤੇ ਸ਼ੱਕ ਕਰਦੇ ਹਨ, ਉਹ, ਉਹਨਾਂ ਨੂੰ ਸ਼ੱਕੀ ਹੀ ਬਣੇ ਰਹਿਣ ਦਿੰਦਾ ਹੈ। ਉਹ ਸ਼ੰਕਾਵਾਦੀਆਂ ਨੂੰ ਆਪਣਾ ਦ੍ਰਿਸ਼ਟੀਕੋਣ ਰੱਖਣ ਦਿੰਦਾ ਹੈ। ਉਹ ਆਪ ਖ਼ੁਦ ਉਹਨਾਂ ਦੇ ਨੇੜੇ ਹੋ ਜਾਂਦਾ ਹੈ, ਜੋ ਉਸਦਾ ਸਤਿਕਾਰ ਕਰਦੇ ਹਨ ਅਤੇ ਉਸ ਦੀ ਨੇੜਤਾ ਦੀ ਕਾਮਨਾ ਕਰਦੇ ਹਨ। ਵਾਸਤਵ ਵਿਚ, ਉਹ ਹਰੇਕ ਉਸ ਮਨ ਵਿਚ ਵਾਸ ਕਰਦਾ ਹੈ। ਜੋ ਇਹ ਚਾਹੁੰਦੇ ਹਨ ਕਿ ਉਹ (ਵਾਹਿਗੁਰੂ) ਆਪਣੀ ਹਜ਼ੂਰੀ ਨਾਲ ਉਹਨਾਂ ਦੇ ਦਿਲਾਂ ਨੂੰ ਨਵਾਜ਼ੇ।

1107. ਕਿਸੇ ਮੁੱਦੇ ਪ੍ਰਤੀ ਮਨ ਦੀ ਜਾਗਰੁਕਤਾ ਉਸਦੇ ਪ੍ਰਤੀ ਸੋਚ ਅਤੇ ਭਾਵਨਾਵਾਂ ਦਾ ਮਿਸ਼ਰਣ ਹੁੰਦੀ ਹੈ। ਜਾਗਰੁਕਤਾ, ਸਿੱਖਿਆ ਨੂੰ ਉੱਤਰ ਦਿੰਦੀ ਹੈ। ਇਸ ਵਿਚ ਤਬਦੀਲੀ ਆਉਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਦੇ ਪ੍ਰਭਾਵ ਹੇਠ ਸਿੱਖ ਦੀ ਗੁਰਬਾਣੀ ਦੀ ਤੁਕ ਜਾਂ ਸ਼ਬਦ ਪ੍ਰਤੀ ਜਾਗਰੁਕਤਾ, ਉਸਦੀ ਮੌਜੂਦਾ ਜਾਗਰੁਕਤਾ ਦੇ ਪੱਧਰ ਤੋਂ ਬਹੁਤ ਅਧਿੱਕ ਪੱਧਰ ਤੱਕ ਚੱਲੀ ਜਾਂਦੀ ਹੈ। ਜੇ ਜਾਗਰੁਕਤਾ ਦੇ ਵਿਕਾਸ

ਦੀ ਪ੍ਰਕ੍ਰਿਆ ਨਿਰੰਤਰ ਚੱਲਦੀ ਰਹਿੰਦੀ ਹੈ ਤਾਂ ਫਿਰ ਆਖ਼ਿਰ ਵਿਚ ਜਾਗਰੁਕਤਾ ਦੀ ਗੁਣਵੱਤਾ ਸ਼ਿਖਰ ਤੱਕ ਪਹੁੰਚ ਜਾਂਦੀ ਹੈ। ਸ਼ਿਖਰ ਦੇ ਪੱਧਰ ਤੱਕ ਵਿਚਾਰਾਂ ਅਤੇ ਭਾਵਨਾਵਾਂ ਦਾ ਸੰਗ੍ਰਹਿ ਗੁਰੂ ਦੀ ਵਾਹਿਗੁਰੂ ਪ੍ਰਤੀ ਜਾਗਰੁਕਤਾ ਦੇ ਸ਼ਿਖ਼ਰ ਦੇ ਪੱਧਰ ਦੇ ਨੇੜੇ-ਤੇੜੇ ਪਹੁੰਚ ਜਾਂਦਾ ਹੈ। ਇਸ ਸਥਿਤੀ 'ਤੇ ਪਹੁੰਚੀ ਜਾਗਰੁਕਤਾ ਨੂੰ ਮਨ ਦੀ ਸਹਿਜ ਅਵੱਸਥਾ ਮੰਨਿਆ ਜਾਂਦਾ ਹੈ। ਇਸ ਅਵੱਸਥਾ ਵਿਚ, ਜਾਗਰੁਕਤਾ ਸੁਭਾਵਿਕ ਅਤੇ ਸਰਲ ਰੂਪ ਵਿਚ ਆਉਂਦੀ ਹੈ ਅਤੇ ਪ੍ਰਮਾਤਮਾ ਪ੍ਰਤੀ ਪ੍ਰੇਮ ਅਤੇ ਸਤਿਕਾਰ ਸਹਿਤ ਨਿਰੰਤਰ ਵਾਹਿਗੁਰੂ ਨਾਲ ਸਾਂਝ ਪਾਈ ਰੱਖਦੀ ਹੈ। ਇਥੋਂ ਤੱਕ ਕਿ ਨੀਂਦ ਵਿਚ ਅਤੇ ਕਿਸੇ ਕਿਸਮ ਦੇ ਦੁੱਖਦਾਇਕ ਅਨੁਭਵ ਦੇ ਦੌਰਾਨ ਵੀ ਮਨ ਪ੍ਰੇਮ ਅਤੇ ਸਤਿਕਾਰ ਸਹਿਤ ਵਾਹਿਗੁਰੂ ਨੂੰ ਜਪਦਾ ਹੈ।

1108. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗਿਆਨ ਅਤੇ ਮਿਹਰਾਂ, ਸਿੱਖ ਦੇ ਮਨ ਤੇ ਇਹ ਅਸਰ ਕਰਦੀਆਂ ਹਨ; 1. ਸਮਾਂ ਪਾ ਕੇ, ਸਿੱਖ ਦਾ ਵਾਹਿਗੁਰੂ ਦੇ ਹਾਜ਼ਰ-ਨਾਜ਼ਰ ਹੋਣ ਵਿਚ ਭਰੋਸਾ ਅਟੁੱਟ ਹੋ ਜਾਂਦਾ ਹੈ। 2. ਸਿੱਖ ਦੇ ਮਨ ਵਿਚ ਗੁਰੂ ਅਤੇ ਵਾਹਿਗੁਰੂ ਪ੍ਰਤੀ ਪਿਆਰ, ਸਤਿਕਾਰ, ਨਿਮਰਤਾ ਅਤੇ ਸ਼ੁਕਰਗੁਜ਼ਾਰੀ ਹੋਰ ਪੱਕੇ (ਗਹਿਰੇ) ਹੋ ਜਾਂਦੇ ਹਨ। ਇਹਨਾਂ ਭਾਵਨਾਤਮਿਕ ਸਾਂਝਾਂ (ਨਾਤਿਆਂ) ਦੇ ਕਾਰਣ, ਸਿੱਖ ਦਾ ਮਨ, ਹੁਣ ਗੁਰੂ ਅਤੇ ਵਾਹਿਗੁਰੂ ਦਾ ਨਿਵਾਸ ਅਸਥਾਨ ਬਣ ਜਾਂਦਾ ਹੈ। ਗੁਰੂ ਦੇ ਸ਼ਬਦ, ਬੌਧਿਕ ਅਤੇ ਭਾਵਨਾਤਮਕ ਦੋਨੋਂ ਤਰ੍ਹਾਂ, ਸਿੱਖ ਦੇ ਆਪਣੇ ਹੀ ਪ੍ਰਤੀਤ ਹੁੰਦੇ ਹਨ। ਭਗਤੀ, ਹੁਣ ਉਸ ਪ੍ਰਮਾਤਮਾ ਦੀ ਹੁੰਦੀ ਹੈ ਜੋ ਸਿੱਖ ਦੇ ਮਨ ਦੇ ਅੰਦਰ ਵੀ ਹੈ ਅਤੇ ਉਸਦੇ ਮਨ ਦੇ ਬਾਹਰ ਵੀ ਹਰ ਪਾਸੇ ਹੈ।

1109. ਸਤਿਗੁਰੂ ਨਾਲ ਭਾਵਨਾਤਮਿਕ ਅਤੇ ਬੌਧਿਕ ਸੰਗਮ ਦਾ ਸ਼ਿਖਰ ਗੁਰੂ ਦੇ ਸੱਚੇ ਦਰਸ਼ਨ ਕਰਾਉਂਦਾ ਹੈ। ਵਾਹਿਗੁਰੂ ਨਾਲ ਭਾਵਨਾਤਮਕ ਅਤੇ ਬੌਧਿਕ ਸੰਗਮ ਦਾ ਸ਼ਿਖਰ, ਵਾਹਿਗੁਰੂ ਦੇ ਸੱਚੇ ਦਰਸ਼ਨ ਕਰਾਉਂਦਾ ਹੈ। ਪੂਰਨ ਗੁਰੂ, ਦੋਨੋਂ ਹੀ ਹਾਲਾਤਾਂ ਵਿਚ ਦਰਸ਼ਨ ਸੰਭਵ ਬਣਾਉਂਦਾ ਹੈ।

1110. ਵਾਹਿਗੁਰੂ ਦੇ ਦਰਸ਼ਨ ਬੜੇ ਦੁਰਲੱਭ ਅਤੇ ਅਤਿਅੰਤ ਮੁਸ਼ਕਿਲ ਹਨ। ਵਾਹਿਗੁਰੂ ਦਾ ਦਰਸ਼ਨ ਪਾਉਣ ਲਈ ਅਭਿਲਾਸ਼ੀ ਲਈ ਹੇਠ ਲਿਖੇ ਤਿੰਨ ਕਾਰਜ ਕਰਨੇ ਜ਼ਰੂਰੀ ਹਨ: ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਕ ਸ਼ਬਦ ਚੁਣੋ ਅਤੇ ਫਿਰ ਪੂਰੀ ਸ਼ਰਧਾ ਨਾਲ ਇਹ ਕਹਿਣ ਦੇ ਕਾਬਿਲ ਬਣੋ ਕਿ ਸ਼ਬਦ ਦੀ ਪੂਰੀ ਤਰ੍ਹਾਂ ਸਮਝ ਆ ਗਈ ਹੈ। 2. ਸੱਚੇ ਮਨੋਂ ਇਹ ਕਹਿਣ ਦੇ ਯੋਗ ਹੋਵੇ ਕਿ ਸ਼ਬਦ ਤੇ ਪੂਰੀ ਤਰ੍ਹਾਂ ਅਤੇ ਪੂਰੇ ਦਿਲੋਂ ਭਰੋਸਾ ਹੈ 3. ਹੁਣ ਸ਼ਬਦ ਦੇ ਵਿਚ ਪਰੋਈਆਂ ਜਾਂ ਪ੍ਰਗਟਾਈਆਂ ਗਈਆਂ ਭਾਵਨਾਵਾਂ ਨੂੰ ਮਹਿਸੂਸ ਕਰੋ। ਅਤੇ ਫਿਰ ਦੇਖੋ, ਅਭਿਲਾਸ਼ੀ ਦਾ ਮਨ ਵਾਹਿਗੁਰੂ ਦਾ ਦਰਸ਼ਨ ਪਾ ਲੈਂਦਾ ਹੈ। ਜੇ ਅਭਿਲਾਸ਼ੀ ਵਾਹਿਗੁਰੂ ਦਾ ਦਰਸ਼ਨ ਬਾਰ-ਬਾਰ ਕਰਨਾ ਲੋਚਦਾ ਹੈ ਤਾਂ ਫਿਰ ਉਪਰੋਕਤ ਦੱਸੇ ਤਿੰਨੋਂ ਚਰਨ (ਤਰੀਕੇ) ਬਾਰ-ਬਾਰ ਦੁਹਰਾਣੇ ਜ਼ਰੂਰੀ ਹੋ ਜਾਂਦੇ

ਹਨ। ਉਪਰੋਕਤ ਦਰਸਾਏ ਤਿੰਨਾਂ ਕਾਰਜਾਂ ਤੋਂ ਬਿਨਾਂ ਵਾਹਿਗੁਰੂ ਦੇ ਦਰਸ਼ਨ ਅਸੰਭਵ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਅਤੇ ਸਿੱਖੀ ਹੀ ਅਭਿਲਾਸ਼ੀ ਨੂੰ ਉਪਰੋਕਤ ਕਾਰਜ ਕਰਨ ਦੇ ਕਾਬਿਲ ਬਣਾਉਂਦੀ ਹੈ।

1111. ਸਤਿਗੁਰੂ, ਬੇਅੰਤ ਗੁਣਾਂ ਵਾਲੇ ਸਦੀਵੀ ਕਾਇਮ ਰਹਿਣ ਵਾਲੇ (ਸਤਿ ਹਸਤੀ/ਸਤਿਨਾਮ/ਵਾਹਿਗੁਰੂ) ਨੂੰ ਸਭਨਾਂ ਦਾ ਸਿਰਜਣਹਾਰ, ਪਾਲਣਹਾਰ ਅਤੇ ਵਿਨਾਸ਼ਕ ਵਜੋਂ ਦਰਸਾਉਂਦਾ ਹੈ। ਗੁਰੂ ਇਸ ਗੱਲ ਦੀ ਵੀ ਪੁਸ਼ਟੀ ਕਰਦਾ ਹੈ ਕਿ ਵਾਹਿਗੁਰੂ, ਵਾਹਿਗੁਰੂ ਨਾਲ ਸੰਬੰਧਿਤ ਉਪਰੋਕਤ ਦਰਸਾਏ ਗੁਣਾਂ ਨਾਲ ਸੰਬੰਧਿਤ ਅਨੰਤ ਕਾਰਜਾਂ ਉੱਪਰ ਆਪਦਾ ਨਿਯੰਤਰਣ ਰੱਖਦਾ ਹੈ ਅਤੇ ਉਹਨਾਂ ਨੂੰ ਦਿਸ਼ਾ ਨਿਰਦੇਸ਼ ਦਿੰਦਾ ਹੈ। ਸਤਿਗੁਰੂ ਦਾ ਗੁਰੂ ਵਾਹਿਗੁਰੂ, ਸਤਿਗੁਰੂ ਨੂੰ ਉਪਰੋਕਤ ਸਾਰੀਆਂ ਸੱਚਾਈਆਂ ਜ਼ਾਹਿਰ ਕਰਦਾ ਹੈ ਜੇਕਰ ਵਾਹਿਗੁਰੂ ਦੇ ਦਰਸ਼ਨਾਂ ਦਾ ਕੋਈ ਅਭਿਲਾਸ਼ੀ : 1. ਪੂਰੀ ਤਰ੍ਹਾਂ ਅਤੇ ਪੂਰੇ ਦਿਲ ਨਾਲ ਵਾਹਿਗੁਰੂ ਦੇ ਉਪਰੋਕਤ ਗੁਣਾਂ ਉੱਤੇ ਵਿਸ਼ਵਾਸ ਕਰਦਾ ਹੈ; 2. ਜੇ ਪੂਰੀ ਤਰ੍ਹਾਂ ਅਤੇ ਪੂਰੇ ਮਨ ਨਾਲ ਇਹ ਯਕੀਨ ਕਰਦਾ ਹੈ ਕਿ ਆਪਣੇ ਗੁਣਾਂ ਨਾਲ ਸੰਬੰਧਿਤ ਸਾਰੇ ਅਨੰਤ ਕਾਰਜਾਂ ਉੱਪਰ ਵਾਹਿਗੁਰੂ ਨਿਯੰਤਰਣ ਕਰਦਾ ਹੈ ਅਤੇ ਉਹਨਾਂ ਨੂੰ ਦਿਸ਼ਾ ਨਿਰਦੇਸ਼ ਦਿੰਦਾ ਹੈ; 3. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਨਾਲ ਵਾਹਿਗੁਰੂ ਨਾਲ ਸਦੀਵੀ, ਭਾਵਨਾਤਮਕ ਸਾਂਝ ਸਥਾਪਿਤ ਕਰ ਲਈ ਹੈ, ਤਾਂ ਫਿਰ ਉਹ ਅਭਿਲਾਸ਼ੀ ਤਿੰਨ ਦਰਸ਼ਨ ਪਾਵੇਗਾ: 1. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਦੁਆਰਾ ਸੁਧਰੇ ਹੋਏ ਆਪੇ ਦੇ ਦਰਸ਼ਨ (ਬੌਧਿਕ ਅਤੇ ਭਾਵਨਾਤਮਕ ਪੱਖੋਂ) 2. ਗੁਰੂ ਦੇ ਮੂਲ (ਸੱਤ) ਦੇ ਦਰਸ਼ਨ 3. ਵਾਹਿਗੁਰੂ ਦੇ ਦਰਸ਼ਨ।

1112. ਅਸਲੀ ਭਗਤੀ ਦਾ ਮਾਪਦੰਡ ਆਪਣੀ ਭਗਤੀ ਲਈ ਵਾਹਿਗੁਰੂ ਦੀ ਮਿਹਰ ਪ੍ਰਾਪਤ ਕਰਨ ਵਾਲੇ ਅਸਲੀ (ਮੂਲ) ਭਗਤ ਨਾਲ ਸ਼ੁਰੂ ਹੁੰਦੀ ਹੈ। ਇਸ ਅਸਲ ਭਗਤ ਦੀ ਪਹਿਚਾਣ ਇਤਿਹਾਸ ਵਿਚ ਕਿਤੇ ਲੁਪਤ ਹੋ ਗਈ ਹੈ। ਗੁਰਬਾਣੀ ਅਨੁਸਾਰ, ਸਮੇਂ ਦੇ ਹਰ ਯੁੱਗ ਵਿਚ ਵਾਹਿਗੁਰੂ ਦੇ ਭਗਤ ਹੁੰਦੇ ਰਹੇ ਹਨ। ਗੁਰਬਾਣੀ ਪ੍ਰਾਚੀਨ ਭਗਤ ਪ੍ਰਹਿਲਾਦ ਭਗਤ ਅਤੇ ਧ੍ਰੂ ਭਗਤ ਦੇ ਨਾਵਾਂ ਦਾ ਵਰਨਣ ਕਰਦੀ ਹੈ। ਇਹ ਦੋਨੋਂ ਭਗਤ, ਗੁਰਬਾਣੀ ਅਨੁਸਾਰ ਸੱਚੀ ਭਗਤੀ ਦੀ ਕਸੌਟੀ 'ਤੇ ਖਰੇ ਉੱਤਰਦੇ ਹਨ।

1113. ਗੁਰਬਾਣੀ ਮਨ ਤੋਂ ਬੁਰਾਈਆਂ (ਉਹ ਮਾੜੀਆਂ ਕਦਰਾਂ-ਕੀਮਤਾਂ ਅਤੇ ਮਾੜੀਆਂ ਭਾਵਨਾਵਾਂ ਜੋ ਵਾਹਿਗੁਰੂ ਦੇ ਸਿਮਰਨ ਦਾ ਵਿਰੋਧ ਕਰਦੀਆਂ ਹਨ।) ਖ਼ਤਮ ਕਰਕੇ ਉਹਨਾਂ ਦੀ ਜਗ੍ਹਾ ਨੇਕ ਕਦਰਾਂ ਕੀਮਤਾਂ ਅਤੇ ਵਾਹਿਗੁਰੂ ਪ੍ਰਤੀ ਸ਼ਰਧਾ ਭਾਵਨਾ ਲਿਆਉਂਦੀਆਂ ਹਨ। ਗੁਰੂ ਦੇ ਸਿੱਖ ਦਾ ਮਨ, ਵਾਹਿਗੁਰੂ ਦੇ ਨਿਵਾਸ ਦੇ ਕਾਬਿਲ ਬਣਾਇਆ ਜਾਂਦਾ ਹੈ।

1114. ਸੇਵਕ ਦੇ ਮਨ ਵਿਚ, ਵਾਹਿਗੁਰੂ ਪ੍ਰਤੀ ਗਹਿਰੇ ਭਾਵਨਾਤਮਿਕ ਨਾਤੇ ਸੇਵਕ ਨੂੰ ਇਹ ਸਮਝਾਉਂਦੇ ਹਨ ਕਿ ਵਾਹਿਗੁਰੂ ਉਸਦੇ ਮਨ ਵਿਚ ਹਾਜ਼ਰ ਨਾਜ਼ਰ ਹੈ। ਇਹ ਸੱਚਾਈ

ਵਾਹਿਗੁਰੂ, ਸੇਵਕ ਦੇ ਮਨ ਵਿਚ ਵੱਸਦਾ ਹੈ, ਹੇਠ ਲਿਖੇ ਅਨੁਭਵਾਂ ਦੁਆਰਾ ਪ੍ਰਮਾਣਿਤ ਕੀਤੀ ਜਾਂਦੀ ਹੈ। 1. ਸੇਵਕ, ਸ਼ਾਂਤੀ, ਸੰਤੁਲਨ, ਪ੍ਰਸੰਨਤਾ, ਫ਼ਿਕਰਾਂ ਅਤੇ ਚਿੰਤਾ ਤੋਂ ਮੁਕਤੀ, ਨੁਕਸਾਨ ਤੋਂ ਮੁਕਤੀ, ਕਾਮ, ਕ੍ਰੋਧ ਅਤੇ ਲੋਭ, ਮਿਥਿਆ ਵਸਤੂਆਂ, ਝੂਠ ਅਤੇ ਅਹੰਕਾਰ ਪ੍ਰਤੀ ਲਗਾਉ ਉੱਪਰ ਪੂਰਾ ਨਿਯੰਤਰਣ, ਚੰਗੇ ਕਰਮ ਕਰਨ ਦੀ ਪ੍ਰੇਰਨਾ, ਆਸ਼ਾਵਾਦ, ਉਮੀਦ, ਦੂਸਰਿਆਂ ਪ੍ਰਤੀ ਹਮਦਰਦੀ, ਸੱਚਾਈ, ਸੰਤੋਖ, ਦਇਆ, ਨੇਕ (ਪਵਿੱਤਰ) ਜੀਵਨ, ਸਬਰ, ਵਾਹਿਗੁਰੂ ਦੀਆਂ ਬਖ਼ਸ਼ੀਆਂ ਬੇਅੰਤ ਦਾਤਾਂ ਪ੍ਰਤੀ ਸ਼ੁਕਰਾਨਾ ਅਤੇ ਹੋਰ ਵੀ ਅਨੇਕਾਂ ਸਾਕਾਰਤਮਕਤਾਵਾਂ 2. ਸੇਵਕ ਵਾਹਿਗੁਰੂ ਨਾਲ ਸਾਂਝ ਲਈ ਸਹਿਜ ਸੁਭਾਵਕ, ਨਿਰੰਤਰ, ਭੈਅ-ਰਹਿਤ, ਬਿਨਾਂ ਕਿਸੇ ਸ਼ੱਕ-ਸ਼ੁਭੇ ਤੋਂ ਪ੍ਰਸੰਨਤਾ ਨਾਲ ਸਾਂਝ ਦਾ ਅਨੁਭਵ ਕਰਦਾ ਹੈ। 3. ਸੇਵਕ, ਗੁਰਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ) ਦੇ ਰਾਹੀਂ ਅਨੰਤ ਵਾਹਿਗੁਰੂ (ਅਨਹਦ ਬਾਣੀ) ਦੇ ਉਪਦੇਸ਼ਾਂ ਦਾ ਅਨੁਭਵ ਕਰਦਾ ਹੈ। ਸੇਵਕ, ਗੁਰਬਾਣੀ ਦੇ ਕੀਰਤਨ ਦੁਆਰਾ ਅਨੰਤ ਵਾਹਿਗੁਰੂ (ਅਨਹਦ ਬਾਜਾਂ/ਅਨਹਦ ਤੁਰ) ਉਪਦੇਸ਼ਾਂ ਦੇ ਮਧੁਰ (ਕੋਮਲ) ਅਨੁਵਾਦਾਂ ਦਾ ਅਨੁਭਵ ਕਰਦਾ ਹੈ।

1115. ਉਹ ਸੇਵਕ ਜਿਸਦਾ ਮਨ ਵਾਹਿਗੁਰੂ ਦੀ ਹਜ਼ੂਰੀ ਵਿਚ ਹੈ, ਭਾਵ ਜਿਸਦੇ ਮਨ ਨੂੰ ਵਾਹਿਗੁਰੂ ਦੇ ਨਿਰੰਤਰ ਦਰਸ਼ਨ ਪਾਉਣ ਦੀ ਦਾਤ ਪ੍ਰਾਪਤ ਹੈ, ਉਹ ਗੁਰਬਾਣੀ ਦੇ ਕੀਰਤਨ ਦੁਆਰਾ, ਉਸਦੇ (ਵਾਹਿਗੁਰੂ ਦੇ) ਉਪਦੇਸ਼ਾਂ ਦੇ ਕੋਮਲ ਅਨੁਵਾਦਾਂ ਦਾ ਅਨੁਭਵ ਕਰਦਾ ਹੈ।

1116. ਪਰਮ ਜੋਤ (ਸਰੀਰ ਵਿਚਲੀ ਆਤਮਾ) ਮਨੁੱਖ ਦੇ ਮਨ ਦੇ ਸਭ ਤੋਂ ਨੇੜੇ ਵਸਦੀ ਹੈ। ਹਾਲਾਂਕਿ ਇਹ ਫੇਰ ਵੀ ਦਿਖਾਈ ਨਹੀਂ ਦਿੰਦੀ, ਕਿਉਂਕਿ ਮਨ ਦੀ ਜਾਗਰੁਕਤਾ ਗੁਰੂ ਦੇ ਗਿਆਨ ਤੋਂ ਸੱਖਣੀ ਹੁੰਦੀ ਹੈ। ਸਹੀ ਤਰੀਕੇ ਨਾਲ ਗਿਆਨ ਪ੍ਰਾਪਤ ਕਰਕੇ, ਮਨ ਜੋਤ ਅਤੇ ਪਰਮ ਜੋਤ (ਵਾਹਿਗੁਰੂ) ਦੇ ਦਰਸ਼ਨ ਕਰ ਲੈਂਦਾ ਹੈ।

1117. ਗੁਰੂ ਦੀ ਸ਼ਰਨ ਲਉ। ਮਨ ਜੋੜ ਕੇ ਵਾਹਿਗੁਰੂ ਦਾ ਸਿਮਰਨ ਕਰੋ। ਨਿਤ ਉਸ ਅਕਾਲ ਪੁਰਖ ਦੀ ਵਡਿਆਈ ਗਾਓ। ਗੁਰੂ ਦਾ ਸਿੱਖ ਗੁਰੂ ਉਪਦੇਸ਼ ਮੁਤਾਬਿਕ ਉਸ ਨਿਰੰਕਾਰ ਨੂੰ ਸਿਮਰਦਾ ਹੈ। ਵਾਹਿਗੁਰੂ (ਬ੍ਰਹਮ ਗਿਆਨੀ) ਦੇ ਸੇਵਕ ਦੀ ਸੁਰਤਿ ਨਿੱਜ ਘਰ/ ਦਸਮ ਦੁਆਰ ਤੱਕ ਪਹੁੰਚ ਹੁੰਦੀ ਹੈ। ਵਾਹਿਗੁਰੂ ਦੀ ਜੋਤ ਇਥੇ ਨਿਵਾਸ ਕਰਦੀ ਹੈ। ਦਸਮ ਦੁਆਰ ਅਦਿੱਖ ਹੁੰਦਾ ਹੈ ਪ੍ਰੰਤੂ ਵਾਸਤਵਿਕ ਅਸਤਿੱਤਵ ਹੁੰਦਾ ਹੈ। ਇਹ ਮਨੁੱਖ ਦੇ ਸਿਰ ਦੇ ਅੰਦਰ ਹੁੰਦਾ ਹੈ। ਵਾਹਿਗੁਰੂ ਦੇ ਸੇਵਕ ਦੀ ਸੁਰਤਿ, ਆਨੰਦ (ਆਤਮਿਕ ਪ੍ਰਸੰਨਤਾ) ਸਹਿਜ (ਵਾਹਿਗੁਰੂ ਦੀ ਆਨੰਦਮਈ ਭਗਤੀ) ਵਿਸਮਾਦ (ਉਸ ਦੀ ਰਚਨਾ ਦੇ ਵਿਚ ਵਾਹਿਗੁਰੂ ਦੇ ਹੈਰਾਨਕੁੰਨ ਅਤੇ ਦਰਸ਼ਨ) ਦਾ ਅਨੁਭਵ ਕਰਦੀ ਹੈ। ਅਗਰ ਕੋਈ ਮਨੁੱਖ, ਜਿਸ ਉੱਪਰ ਆਨੰਦ, ਸਹਿਜ ਅਤੇ ਵਿਸਮਾਦ ਦਾ ਅਨੁਭਵ ਕਰਨ ਦੀ ਮਿਹਰ ਹੋ ਜਾਂਦੀ ਹੈ, ਉਸ ਨੂੰ ਕੋਈ ਅਧਿਕ ਸਰੀਰਿਕ ਤਸੀਹੇ ਵੀ ਦਿੰਦਾ

ਹੈ (ਜਿਵੇਂ ਕਿ ਸਦੀਆਂ ਤੋਂ ਸਿੱਖ ਧਰਮ ਦੇ ਅਣਗਿਣਤ ਸਿੱਖਾਂ ਨਾਲ ਵਾਪਰ ਚੁੱਕਾ ਹੈ) ਤਾਂ ਫਿਰ, ਉਹ ਮਨੁੱਖ ਧੀਰਜ ਨਾਲ ਤਸੀਹੇ ਝੱਲਦਾ ਹੈ ਅਤੇ ਆਪਣੇ ਭਰੋਸੇ ਅਤੇ ਆਪਣੀਆਂ ਕਦਰਾਂ ਕੀਮਤਾਂ ਉੱਪਰ ਪੱਕਾ ਰਹਿੰਦਾ ਹੈ।

1118. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਰਗ-ਦਰਸ਼ਨ, ਆਸਰੇ ਅਤੇ ਮਿਹਰ ਤੋਂ ਬਗੈਰ, ਸਹਿਜ ਨਾਲ ਵਾਹਿਗੁਰੂ ਦੀ ਭਗਤੀ ਅਤੇ ਵਾਹਿਗੁਰੂ ਦੇ ਦਰਸ਼ਨ ਅਸੰਭਵ ਹਨ। ਉਸਦੇ ਮਾਰਗ-ਦਰਸ਼ਨ, ਆਸਰੇ ਅਤੇ ਮਿਹਰਾਂ ਦੀ ਪ੍ਰਾਪਤੀ ਕਰਨ ਲਈ ਗੁਰੂ ਅੱਗੇ ਨਤਮਸਤਕ ਹੋਣ ਤੋਂ ਕਦੀ ਵੀ ਨਾ ਥੱਕੋ।

1119. ਇਹ ਸਤਿ ਹੈ- ਵਾਹਿਗੁਰੂ ਸਰਬ ਵਿਆਪਕ ਹੈ। ਉਸਦੇ ਗੁਣ ਬੇਅੰਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਜਾਪ ਸਾਹਿਬ ਵਿਚ ਵਾਹਿਗੁਰੂ ਦੇ ਕਈ ਗੁਣਾਂ ਨੂੰ ਨਾਮ ਦਿੱਤੇ ਗਏ ਹਨ। ਵਾਹਿਗੁਰੂ ਨਾਲ ਸਾਂਝ ਲਈ, ਉਸਦੀ ਭਗਤੀ ਕਰਨ ਲਈ ਅਤੇ ਉਸਦੇ ਦਰਸ਼ਨ ਦੀ ਮਿਹਰ ਪਾਉਣ ਲਈ, ਉਪਰੋਕਤ ਦਰਸਾਈਆਂ ਸੱਚਾਈਆਂ ਉੱਪਰ ਦਿਲੋਂ ਯਕੀਨ ਕਰਨਾ ਅਤੇ ਉਹਨਾਂ ਨੂੰ ਸਵੀਕਾਰ ਕਰਨਾ ਬਹੁਤ ਜ਼ਰੂਰੀ ਹੈ। ਉਪਰੋਕਤ ਯਕੀਨ ਅਤੇ ਉਹਨਾਂ ਦੀ ਸਵੀਕ੍ਰਿਤੀ, ਸਤਿਗੁਰੂ ਦੇ ਮਨ ਵਿਚ, ਗੁਰਬਾਣੀ ਦੁਆਰਾ ਉਤਪੰਨ ਕਰਾਈ ਜਾਂਦੀ ਹੈ। ਸਹਿਜ ਨਾਲ ਵਾਹਿਗੁਰੂ ਦੀ ਭਗਤੀ ਸ਼ੁਰੂ ਕਰਨ ਤੇ ਕਿੰਨਾ ਸਮਾਂ ਲੱਗਦਾ ਹੈ? ਉਸਦੇ ਦਰਸ਼ਨ ਪਾਉਣ ਤੇ ਕਿੰਨਾ ਸਮਾਂ ਲੱਗਦਾ ਹੈ। ਕੋਈ ਵੀ ਐਸਾ ਵਿਆਪਕ ਉੱਤਰ ਨਹੀਂ ਹੈ, ਜੋ ਵਾਹਿਗੁਰੂ ਦੇ ਸਾਰੇ ਭਗਤਾਂ ਉੱਪਰ ਲਾਗੂ ਹੁੰਦਾ ਹੋਵੇ। ਕੇਵਲ ਵਾਹਿਗੁਰੂ ਹੀ ਆਪਣੇ ਸੇਵਕ ਨੂੰ ''ਸਹਿਜ ਨਾਲ ਭਗਤੀ'' ਕਰਨ ਦੀ ਦਾਤ ਬਖਸ਼ਦਾ ਹੈ। ਕੇਵਲ ਵਾਹਿਗੁਰੂ ਹੀ ਆਪਣੇ ਸੇਵਕ ਨੂੰ ਆਪਣੇ ਦਰਸ਼ਨ-ਦੀਦਾਰ ਬਖਸ਼ਦਾ ਹੈ। ਹੋ ਸਕਦਾ ਹੈ ਕਿ ਇਹ ਸੇਵਕ, ਕਿਸੇ ਦੂਸਰੇ ਸੇਵਕ ਦੀ ਤੁਲਨਾ ਵਿਚ ਛੇਤੀ ਹੀ ਸਹਿਜ ਮਨ ਨਾਲ ਉਸਦੀ (ਵਾਹਿਗੁਰੂ) ਭਗਤੀ ਸ਼ੁਰੂ ਕਰ ਦੇਵੇ ਅਤੇ ਉਸਦੇ ਦਰਸ਼ਨ ਦੀਦਾਰ ਦੀ ਮਿਹਰ ਪ੍ਰਾਪਤ ਕਰ ਲਵੇ। ਸੱਚ ਤਾਂ ਇਹ ਹੈ ਕਿ ਉਪਰੋਕਤ ਦੋਨੋਂ ਹੀ ਵਾਹਿਗੁਰੂ ਦੀਆਂ ਸਭ ਤੋਂ ਉੱਤਮ, ਵਿਲੱਖਣ ਅਤੇ ਅਨਮੋਲ ਦਾਤਾਂ ਹਨ।

1120. ਜੇ ਕੋਈ ਸੇਵਕ ਇਹ ਪੱਕਾ ਯਕੀਨ ਰੱਖੇ ਅਤੇ ਇਸ ਸੱਚਾਈ ਨੂੰ ਪੂਰੇ ਦਿਲ ਨਾਲ ਸਵੀਕਾਰ ਕਰੇ ਕਿ ਵਾਹਿਗੁਰੂ ਹੀ ਹਰੇਕ ਸਵਾਸ ਦਾ ਦਾਤਾ ਹੈ, ਤਾਂ ਫਿਰ ਸੇਵਕ ਨੂੰ ਵਾਹਿਗੁਰੂ ਦੇ ਦਰਸ਼ਨ ਦੀਦਾਰ ਉਸੇ ਹੀ ਪਲ ਹੋ ਜਾਂਦੇ ਹਨ। ਸੇਵਕ ਲਈ ਚੁਨੌਤੀ ਇਹ ਹੁੰਦੀ ਹੈ ਕਿ ਉਪਰੋਕਤ ਦਰਸਾਇਆ ਯਕੀਨ ਅਤੇ ਸਵੀਕ੍ਰਿਤੀ ਮਨ ਵਿਚ ਦਰਸ਼ਨ ਜ਼ਿਆਦਾ ਸਮੇਂ ਤੱਕ ਨਾ ਰਹੇ। ਬਹੁਤ ਸਾਰੇ ਸੇਵਕਾਂ ਦੇ ਮਾਮਲੇ ਵਿਚ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਦੇ ਦੁਆਰਾ ਉਪਰੋਕਤ ਦਰਸਾਏ ਵਿਸ਼ਵਾਸ ਅਤੇ ਇਸਦੀ ਸਵੀਕ੍ਰਿਤੀ ਦੇ ਸਥਾਪਿਤ ਹੋਣ ਤੇ ਬਹੁਤ ਅਧਿਕ ਸਮਾਂ ਲੱਗ ਜਾਂਦਾ ਹੈ।

1121. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਅਨਹਦ ਬਾਣੀ ਨਾਲ ਜੁੜੇ ਹਨ। ਅਨਹਦ ਬਾਣੀ ਵਾਹਿਗੁਰੂ ਦੇ ਉਪਦੇਸ਼ਾਂ ਦਾ ਪ੍ਰਗਟਾਵਾ ਕਰਦੀ ਹੈ। ਇਹ ਉਪਦੇਸ਼ ਸਿੱਖ/ਸੇਵਕ ਦਾ ਅਨਹਦ (ਅਨੰਤ) ਦੇ ਨਾਲ ਮਿਲਾਪ ਕਰਾਉਂਦੇ ਹਨ।

1122. ਅਨਹਦ ਨਾਦ ਸੁਣਦੇ ਸਮੇਂ ਹੋ ਸਕਦਾ ਹੈ ਸੇਵਕ ਦੀ ਮਾਨਸਿਕ ਅਵਸਥਾ ਦਸਮ ਦੁਆਰ ਵਿਚ ਅਨੰਤ ਨਾਲ ਆਰਾਮ ਕਰਨ ਲਈ ਸਾਰੀਆਂ ਸੀਮਾਵਾਂ/ਰੁਕਾਵਟਾਂ ਪਾਰ ਕਰ ਜਾਵੇ।

1123. ਗੁਰਬਾਣੀ ਨਾਲ ਸਿੱਖ ਦੇ ਮਨ ਵਿਚ ਉਤਪੰਨ ਹੋਈਆਂ ਭਿੰਨ-ਭਿੰਨ ਭਾਵਨਾਵਾਂ ਸੰਗਠਿਤ (ਇਕ ਜੁੱਟ) ਹੋ ਕੇ ਇਕ ਮੁਖ ਭਾਵਨਾ ਨੂੰ ਜਨਮ ਦਿੰਦੀਆਂ ਹਨ। ਇਸ ਭਾਵਨਾ ਨੂੰ ਗੁਰੂ ਅਤੇ ਵਾਹਿਗੁਰੂ ਨਾਲ ਨੇੜਤਾ ਵੀ ਕਿਹਾ ਜਾ ਸਕਦਾ ਹੈ। ਸੇਵਕ ਨੂੰ ਇੰਜ ਅਨੁਭਵ ਹੁੰਦਾ ਹੈ ਜਿਵੇਂ ਵਾਹਿਗੁਰੂ ਨੇ ਉਸਨੂੰ ਗੱਲਵਕੜੀ ਵਿਚ ਲੈ ਲਿਆ ਹੋਵੇ। ਸੇਵਕ ਅਤੇ ਵਾਹਿਗੁਰੂ ਦੋਨਾਂ ਨੇ ਇਕ ਦੂਜੇ ਨੂੰ ਜੱਫੀ ਪਾਈ ਹੁੰਦੀ ਹੈ ਅਜਿਹੀ ਅਵੱਸਥਾ ਵਿਚ ਸੇਵਕ ਨੂੰ ਅਨੁਭਵ ਹੁੰਦਾ ਹੈ। ਭਗਤ ਵਾਹਿਗੁਰੂ ਹੈ ਅਤੇ ਭਗਤੀ ਦਾ ਕਾਰਣ ਵੀ ਵਾਹਿਗੁਰੂ ਹੀ ਹੈ। ਜਪਣ ਵਾਲਾ ਵੀ ਆਪ ਅਤੇ ਜਪਾਉਣ ਵਾਲਾ ਵੀ ਆਪ।

1124. ਗੁਰਬਾਣੀ ਅਜਿਹੇ ਮਨੁੱਖ ਨੂੰ ਵੀ ਤਬਦੀਲ ਕਰ ਦਿੰਦੀ ਹੈ ਜਿਸਦਾ ਗੁਰੂ ਅਤੇ ਵਾਹਿਗੁਰੂ ਨਾਲ ਕੋਈ ਸੰਬੰਧ ਨਹੀਂ ਹੁੰਦਾ ਅਤੇ ਜਿਸਦਾ ਗੁਰੂ ਅਤੇ ਵਾਹਿਗੁਰੂ ਪ੍ਰਤੀ ਕੋਈ ਸਤਿਕਾਰ ਨਹੀਂ ਹੁੰਦਾ, ਜੋ ਇਹ ਸੋਚਦਾ ਹੈ ਕਿ ਗੁਰੂ ਅਤੇ ਵਾਹਿਗੁਰੂ ਉਸ ਲਈ ਕੁਝ ਨਹੀਂ ਹਨ, ਜੋ ਪ੍ਰਮਾਤਮਾ ਤੇ ਵਿਸ਼ਵਾਸ ਨਹੀਂ ਕਰਦਾ, ਜੋ ਮਨਮੁਖ ਹੁੰਦਾ ਹੈ, ਜੋ ਵਿਸ਼ਵਾਸਘਾਤੀ ਹੁੰਦਾ ਹੈ, ਜੋ ਸ਼ੱਕੀ ਹੁੰਦਾ ਹੈ, (ਭਰਮ ਦਾ ਮਾਰਿਆ) ਹੁੰਦਾ ਹੈ, ਜੋ ਅਹੰਕਾਰੀ ਅਤੇ ਖ਼ੁਦਗਰਜ਼ ਹੁੰਦਾ ਹੈ ਅਤੇ ਜੋ ਇਹ ਸਮਝਦਾ ਹੈ ਕਿ ਵਾਹਿਗੁਰੂ ਕੇਵਲ ਇਕ ਅਨੁਮਾਨ ਜਾਂ ਸਿਧਾਂਤ ਹੈ। ਇਹ ਤਬਦੀਲੀ ਉਸ ਮਨੁੱਖ ਨੂੰ ਗੁਰੂ ਅਤੇ ਵਾਹਿਗੁਰੂ ਤੇ ਵਿਸ਼ਵਾਸ ਕਰਨ ਵਾਲਾ ਅਜਿਹਾ ਮਨੁੱਖ ਬਣਾ ਦਿੰਦੀ ਹੈ, ਜਿਸ ਦੀ ਸੁਰਤਿ ਅਤੇ ਵਿਚਾਰ ਹਰ ਪਲ ਗੁਰੂ ਅਤੇ ਵਾਹਿਗੁਰੂ ਉੱਤੇ ਹੀ ਜੁੜੇ ਰਹਿੰਦੇ ਹਨ। ਜੋ ਪਿਆਰ, ਨਿਮਰਤਾ ਅਤੇ ਸਤਿਕਾਰ ਸਹਿਤ ਦੋਨਾਂ ਪ੍ਰਤੀ ਸੰਪੂਰਨ ਤੌਰ 'ਤੇ ਸਮਰਪਿਤ ਹੁੰਦਾ ਹੈ ਅਤੇ ਜੋ ਦੋਨਾਂ ਨੂੰ ਆਪਣੇ ਜੀਵਨ ਤੋਂ ਵੀ ਵੱਧ ਪਿਆਰ ਕਰਦਾ ਹੈ ਅਤੇ ਗੁਰੂ ਅਤੇ ਵਾਹਿਗੁਰੂ ਦੀਆਂ ਮਿਹਰਾਂ ਪ੍ਰਤੀ ਪੂਰੀ ਤਰ੍ਹਾਂ ਧੰਨਵਾਦੀ ਹੁੰਦਾ ਹੈ।

1125. ਧਿਆਨ ਦੇ ਵਿਸ਼ੇ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਸੀਮਿਤ ਸਮੇਂ ਲਈ ਧਿਆਨ ਕੇਂਦਰਿਤ ਕੀਤਾ ਜਾ ਸਕਦਾ ਹੈ। ਧਿਆਨ ਲਗਾਉਣ ਨਾਲ ਥਕਾਵਟ, ਵਿਆਕੁਲਤਾ, ਨੀਂਦ, ਸੁਸਤੀ, ਰੁਕਾਵਟ ਅਤੇ ਧਿਆਨ ਦੇ ਮੁਕਾਬਲੇ ਵਾਲੀ ਵਸਤੂ ਆਉਂਦੀ ਹੈ ਜੇ ਧਿਆਨ ਦਾ ਵਿਸ਼ਾ ਭਗਤੀ ਹੈ ਤਾਂ ਫਿਰ ਉਪਰੋਕਤ ਕਾਰਣਾਂ ਕਾਰਣ

ਭਗਤੀ ਤੇ ਵੀ ਧਿਆਨ ਲਗਾਈ ਰੱਖਣਾ ਮੁਸ਼ਕਿਲ ਹੈ। ਹਾਲਾਂਕਿ ਗੁਰੂ ਦੀ ਆਪਣੇ ਸਿੱਖ ਨੂੰ ਇਹੋ ਹੀ ਸਿੱਖਿਆ ਹੁੰਦੀ ਹੈ ਕਿ ਉਹ ਇਕ ਮਨ ਹੋ ਕੇ ਨਾਲ ਵਾਹਿਗੁਰੂ ਦੀ ਭਗਤੀ ਕਰੇ। ਸਪੱਸ਼ਟਤਾ, ਇਕ ਵਿਰੋਧਾਭਾਸ ਆਪਣੇ ਆਪ ਨੂੰ ਪੇਸ਼ ਕਰਦਾ ਹੈ। ਇਸ ਵਿਰੋਧਾਭਾਸ ਦਾ ਹੱਲ ਸੰਭਵ ਹੈ। ਗੁਰੂ ਅਤੇ ਵਾਹਿਗੁਰੂ ਭਗਤ ਦੀ ਅਰਜ਼ੋਈ ਦਾ ਉੱਤਰ ਦੇ ਕੇ, ਅਤੇ ਭਗਤੀ ਦੀ ਦਾਤ ਬਖ਼ਸ਼ ਕੇ ਇਸ ਵਿਰੋਧਾਭਾਸ ਦਾ ਹੱਲ ਕਰ ਦਿੰਦੇ ਹਨ। ਅਜਿਹਾ ਕਰਨਾ, ਦੋਨਾਂ ਲਈ ਪੂਰੀ ਤਰ੍ਹਾਂ ਸੰਭਵ ਹੈ।

1126. ਜੇ ਵਾਹਿਗੁਰੂ ਦੇ ਨਾਮ ਦਾ ਜਾਪ ਇਕ ਮਨ ਹੋ ਕੇ ਸ਼ਰਧਾ ਨਾਲ ਕਰੀਏ ਤਾਂ ਫਿਰ ਵਾਹਿਗੁਰੂ ਜਾਂ ਵਾਹਿਗੁਰੂ ਦੇ ਕਿਸੇ ਹੋਰ ਨਾਮ ਦਾ ਬਾਰ-ਬਾਰ ਜਾਪ ਕਰਨ ਨਾਲ ਆਤਮਿਕ ਅਨੰਦ ਉਤਪੰਨ ਹੁੰਦਾ ਹੈ। ਇਹ ਤਾਂ ਹੀ ਸੰਭਵ ਹੈ ਜੇ ਗੁਰਸ਼ਬਦਾਂ ਨੂੰ ਸਹੀ ਤਰੀਕੇ ਨਾਲ ਸਮਝਿਆ ਜਾਵੇ, ਦਿਲ ਦੀ ਗਹਿਰਾਈ ਤੋਂ ਇਸ ਉੱਪਰ ਯਕੀਨ ਕੀਤਾ ਜਾਵੇ ਅਤੇ ਪੂਰੀ ਸਮਝਦਾਰੀ ਨਾਲ ਇਸ ਉੱਤੇ ਅਮਲ ਕੀਤਾ ਜਾਵੇ। ਵਾਹਿਗੁਰੂ ਦੇ ਨਾਮ ਦਾ ਚਸ਼ਮਾ ਦਿਲ ਦੀ ਗਹਿਰਾਈ ਵਿਚੋਂ ਫੁੱਟੇ, ਇਸ ਲਈ ਗੁਰਬਾਣੀ ਪ੍ਰਤੀ ਸਹੀ ਜਾਗਰੁਕਤਾ (ਬੌਧਿਕ ਅਤੇ ਭਾਵਨਾਤਮਿਕ) ਅਤਿਅੰਤ ਜ਼ਰੂਰੀ ਹੈ। ਵਾਹਿਗੁਰੂ ਨਾਲ ਭਾਵਨਾਤਮਿਕ ਸਾਂਝ ਹੋਣੀ ਜ਼ਰੂਰੀ ਹੈ। ਉਪਰੋਕਤ ਸਭ ਨਤੀਜੇ ਗੁਰੂ ਜੀ ਦੇ ਸੱਚੇ ਸੇਵਕ ਬਣ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬ੍ਰਹਮ ਗਿਆਨ ਨੂੰ ਹਾਸਿਲ ਕਰਕੇ ਹੀ ਸੰਭਵ ਹੈ।

1127. ਪ੍ਰਮਾਤਮਾ ਪੂਰਨ ਤੌਰ 'ਤੇ ਪੂਰਵ ਅਨੁਮਾਨ ਤੋਂ ਪਰ੍ਹੇ ਹੈ ਇਥੋਂ ਤੱਕ ਕਿ ਉਹ ਆਪਣੇ ਹਿੱਤਾਂ ਦੇ ਵਿਰੁੱਧ ਵੀ ਜਾ ਸਕਦਾ ਹੈ। ਭੂਤਕਾਲ ਵਿਚ ਇਸਦੀਆਂ ਅਣਗਿਣਤ ਉਦਾਹਰਣਾਂ ਹਨ। ਹੁਣੇ-ਹੁਣੇ ਦੀ ਹੀ ਇਕ ਉਦਾਹਰਣ ਲੈ ਲਉ। ਉਸਨੇ (ਵਾਹਿਗੁਰੂ ਨੇ) ਇੰਦਰਾ ਗਾਂਧੀ ਨੂੰ ਹਰਿਮੰਦਰ ਸਾਹਿਬ ਉੱਪਰ ਹਮਲਾ ਕਰਨ ਦੀ ਆਗਿਆ ਦੇ ਦਿੱਤੀ, ਇਹ ਸਭ ਤੋਂ ਵੱਧ ਪਵਿੱਤਰ ਅਸਥਾਨਾਂ ਵਿਚੋਂ ਇਕ ਹੈ, ਵਾਹਿਗੁਰੂ ਦਾ ਆਪਣਾ ਮੰਦਰ (ਸਿਫ਼ਤੀ ਦਾ ਘਰ, ਜਿੱਥੇ ਦਿਨ ਰਾਤ ਉਸਦੀ (ਵਾਹਿਗੁਰੂ ਦੀ) ਸਿਫ਼ਤ-ਸਾਲਾਹ ਹੁੰਦੀ ਹੈ।)

1128. ਸਾਰੀ ਸ੍ਰਿਸ਼ਟੀ ਵਿਚ ਇਕ ਪਲ ਲਈ ਮੌਜੂਦ ਤੱਤਾਂ ਦੀ ਪੂਰਨਤਾ, ਅਗਲੇ ਹੀ ਪਲ ਉਹੋ ਜਿਹੀ ਨਹੀਂ ਰਹਿੰਦੀ। ਸ੍ਰਿਸ਼ਟੀ ਵਿਚ ਹਰ ਪਲ ਕੁਝ ਨਾ ਕੁਝ ਨਿਰੰਤਰ ਪਰਿਵਰਤਨ ਚੱਲ ਰਿਹਾ ਹੈ। ਅਜਿਹਾ ਵਰਤਮਾਨ ਸਥਿਤੀ ਵਿਚ ਵੀ ਸੱਚ ਹੈ, ਭੂਤਕਾਲ ਵਿਚ ਵੀ ਸੱਚ ਸੀ ਅਤੇ ਭਵਿੱਖ ਵਿਚ ਵੀ ਸੱਚ ਹੋਵੇਗਾ। ਕੇਵਲ ਸਿਰਜਣਹਾਰ ਹੀ ਵਰਤਮਾਨ, ਭੂਤਕਾਲ ਅਤੇ ਭਵਿੱਖ ਵਿਚ ਹਰ ਪਲ ਇਕ ਸਮਾਨ ਹੈ। ਉਪਰੋਕਤ ਸੱਚਾਈਆਂ ਤੇ ਵਿਚਾਰ ਕਰੋ ਅਤੇ ਕੁਦਰਤ ਦੀ ਮੌਲਿਕ ਸੱਚਾਈ ਨੂੰ ਉਸੇ ਪਲ ਸਮਝੋ ਅਤੇ ਉਪਰੋਕਤ ਖੇਡ ਦੇ ਕਾਰਣ ਵਾਹਿਗੁਰੂ ਦੇ ਉਸੇ ਪਲ ਦਰਸ਼ਨ ਪਾਉਣ ਦੀ ਬਖ਼ਸ਼ਿਸ਼ ਪ੍ਰਾਪਤ ਕਰੋ।

1129. ਸਤਿਗੁਰੂ ਅਤੇ ਵਾਹਿਗੁਰੂ ਦੀ ਸ਼ਰਨ ਗੁਰੂ ਦੇ ਸਿੱਖ ਦੇ ਮਨ ਵਿਚ, ਸਤਿਗੁਰੂ ਅਤੇ ਵਾਹਿਗੁਰੂ ਨਾਲ ਬਹੁਤ ਮਜ਼ਬੂਤ ਭਾਵਨਾਤਮਿਕ ਸਾਂਝ ਸਥਾਪਿਤ ਕਰ ਦਿੰਦੀ ਹੈ। ਸਿੱਖ ਆਪਣੇ ਆਪ ਨੂੰ ਹਰੇਕ ਡਰ ਤੋਂ ਸੁਰੱਖਿਅਤ ਮਹਿਸੂਸ ਕਰਦਾ ਹੈ ਅਤੇ ਜੀਵਨ ਦੇ ਕਠਿਨ ਹਾਲਾਤਾਂ ਦਾ ਹਿੰਮਤ ਨਾਲ ਸਾਹਮਣਾ ਕਰਦਾ ਹੈ। ਸਤਿਗੁਰੂ ਦੇ ਗਿਆਨ ਨਾਲ, ਸਿੱਖ ਦੇ ਮਨ ਵਿਚ ਉਤਪੰਨ ਹੋਈ ਸੁਰੱਖਿਆ ਦੀ ਭਾਵਨਾਤਮਿਕ ਸਾਂਝ, ਬੜੀ ਮਹੱਤਵਪੂਰਨ ਭਾਵਨਾ ਹੈ। ਸਿੱਖ ਦੇ ਮਨ ਵਿਚ ਇਹ ਯਕੀਨ ਹੈ ਕਿ ਵਾਹਿਗੁਰੂ ਦੀ ਸਭ ਨੂੰ ਓਟ ਹੈ—ਮਨ ਦੀ ਸਹਿਜ ਅਵੱਸਥਾ (ਸੇਵਕ ਦੀ ਵਾਹਿਗੁਰੂ, ਸਤਿਗੁਰੂ ਅਤੇ ਸੰਤਾਂ ਪ੍ਰਤੀ ਸਤਿਕਾਰਯੋਗ, ਪ੍ਰੇਮ ਭਰੀ ਅਤੇ ਨਿਰੰਤਰ ਅਤੇ ਸੁਭਾਵਿਕ ਸਾਂਝ) ਹੁੰਦੀ ਹੈ। ਵਾਹਿਗੁਰੂ ਦੀ ਮਿਹਰ ਦੀ ਦਾਤ ਪ੍ਰਾਪਤ ਕਰ ਕੇ, ਸੇਵਕ ਕਿਸੇ ਵੀ ਪ੍ਰਕਾਰ ਦੀ ਮਾੜੀ ਤੋਂ ਮਾੜੀ ਘਟਨਾ ਦਾ ਵੀ ਡਟ ਕੇ ਸਾਹਮਣਾ ਕਰਦਾ ਹੈ ਅਤੇ ਮਨ ਦੀ ਸਹਿਜ ਅਵੱਸਥਾ ਨੂੰ ਬਣਾਏ ਰੱਖਣ ਦੇ ਕਾਬਿਲ ਹੁੰਦਾ ਹੈ।

1130. ਗੁਰੂ ਅਤੇ ਵਾਹਿਗੁਰੂ ਦੀ ਸ਼ਰਨ ਵਿਚ ਜਾ ਕੇ, ਸਿੱਖ/ਸੇਵਕ (ਗੁਰਮੁਖ) ਨਿਡਰ, ਚਿੰਤਾ-ਰਹਿਤ, ਫਿਕਰਾਂ ਤੋਂ ਮੁਕਤ ਅਤੇ ਤਣਾਅ-ਮੁਕਤ ਬਣ ਜਾਂਦਾ ਹੈ। ਉਹ ਪ੍ਰਸੰਨਤਾ, ਸ਼ਾਂਤੀ ਅਤੇ ਸੰਤੋਖ ਦਾ ਅਨੁਭਵ ਕਰਦਾ ਹੈ। ਉਹ ਨਰਮ ਦਿਲ (ਖੀਵਾ), ਦਇਆਵਾਨ, ਸੱਚਾ, ਨਿਰਪੱਖ ਵਿਚਾਰਾਂ ਵਾਲਾ ਨਿਆਂਪੂਰਨ (ਨਿਆਂ ਸੰਗਤ) ਅਤੇ ਸੰਤੁਲਿਤ ਵਿਵਹਾਰ ਵਾਲਾ ਬਣ ਜਾਂਦਾ ਹੈ। ਮਨ ਦੀਆਂ ਉਪਰੋਕਤ ਅਵਸਥਾਵਾਂ ਅਜਿਹੀ ਪ੍ਰਸੰਨਤਾ ਉਤਪੰਨ ਕਰਦੀਆਂ ਹਨ ਜੋ ਸੰਸਾਰੀ ਖੁਸ਼ੀ ਅਤੇ ਦੌਲਤ, ਤਾਕਤ, ਰੁਤਬੇ ਅਤੇ ਪ੍ਰਾਪਤੀਆਂ ਤੋਂ ਹਾਸਿਲ ਕੀਤੀ ਪ੍ਰਸੰਨਤਾ ਤੋਂ ਪੂਰੀ ਤਰ੍ਹਾਂ ਭਿੰਨ ਹੁੰਦੀ ਹੈ। ਇਹ ਵਿਸ਼ੇਸ਼ ਪ੍ਰਸੰਨਤਾ ਆਤਮ ਅਨੰਦ (ਆਤਮ ਰਸ/ਨਾਮ ਰਸ/ਮਹਾਨ ਰਸ) ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 1402 ਉੱਤੇ, ਦੱਸਵੀਂ ਪੰਕਤੀ ਵਿਚ, ਭੱਟ ਗਯੰਦ ਜੀ ਫੁਰਮਾਉਂਦੇ ਹਨ: ਸਤਿਗੁਰੂ ਦੇ ਸ਼ਬਦ ਦੁਆਰਾ, ਸਾਧ ਸੰਗਤ ਦੇ ਸੰਗ ਵਿਚ ਸੱਚੇ ਸਿੱਖ ਦੀ ਕੁੰਡਲਿਨੀ ਵਿਕਸਿਤ ਹੁੰਦੀ ਹੈ। ਗੁਰੂ ਦੇ ਸ਼ਬਦ ਆਤਮ ਅਨੰਦ ਨਾਲ ਭਰਪੂਰ ਹੁੰਦੇ ਹਨ। ਸਿੱਖ, ਸਾਧ ਸੰਗਤ ਵਿਚ ਗੁਰ ਸ਼ਬਦਾਂ ਨੂੰ ਸੁਣ ਕੇ ਅਨੰਦ ਮਾਣਦਾ ਹੈ।

1131. ਵਾਹਿਗੁਰੂ ਦੀ ਮਿਹਰ ਸਦਕਾ, ਸਦਾ ਆਤਮ ਅਨੰਦ ਬਣਿਆ ਰਹਿੰਦਾ ਹੈ। ਇਸ ਆਤਮ ਅਨੰਦ ਦੀ ਪ੍ਰਾਪਤੀ ਕਰਕੇ ਗੁਰਮੁਖ, ਸਿਮਰਨ ਦੇ ਪ੍ਰਵਾਹ (ਵਾਹਿਗੁਰੂ ਦੇ ਗੁਣਾਂ ਦੇ ਜਾਪ ਦਾ ਸਰਲ ਪ੍ਰਵਾਹ/ਵਾਹਿਗੁਰੂ ਦੇ ਗੁਣਾਂ ਦਾ ਚਿੰਤਨ) ਦਾ ਵੀ ਅਨੁਭਵ ਕਰਦਾ ਹੈ।

1132. ਕੋਈ ਭਾਵੇਂ ਵਾਹਿਗੁਰੂ ਦੇ ਗੁਣਾਂ ਬਾਰੇ ਕੁਝ ਵੀ ਸੋਚੇ, ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਏ ਗਏ ਵਾਹਿਗੁਰੂ ਦੇ ਗੁਣ ਬਿਲਕੁਲ ਸੱਚ ਹਨ। ਇਕ ਗੁਰਮੁਖ ਬਿਨਾਂ ਕਿਸੇ ਸ਼ੱਕ-ਸੁਭੇ ਦੇ ਇਹਨਾਂ ਸੱਚਾਈਆਂ ਨੂੰ ਸਵੀਕਾਰਦਾ ਹੈ। ਗੁਰਮੁਖ ਦੀ ਲਿਵ ਹਮੇਸ਼ਾਂ

ਵਾਹਿਗੁਰੂ ਦੇ ਗੁਣਾਂ ਨਾਲ ਜੁੜੀ ਹੁੰਦੀ ਹੈ। ਉਦਾਹਰਣ ਵਜੋਂ : ਵਾਹਿਗੁਰੂ ਠਾਕੁਰ ਹੈ, ਅਤੇ ਸੇਵਕ ਉਸਦਾ ਦਾਸ ਹੈ। ਵਾਹਿਗੁਰੂ ਮਾਂ-ਬਾਪ ਹੈ, ਅਤੇ ਸੇਵਕ ਉਸਦਾ ਪਿਆਰਾ ਬੱਚਾ। ਵਾਹਿਗੁਰੂ ਦਾਤਾਂ ਦੇਣ ਵਾਲਾ ਹੈ, ਅਤੇ ਸੇਵਕ ਧੰਨ ਧੰਨ ਹੈ। ਵਾਹਿਗੁਰੂ ਅਥਾਹ ਹੈ, ਅਤੇ ਸੇਵਕ ਉਸ ਅੱਗੇ ਨਿਮਾਣਿਆਂ ਤੋਂ ਵੀ ਨਿਮਾਣਾ ਹੈ। ਵਾਹਿਗੁਰੂ ਆਪਣੀ ਸਾਰੀ ਰਚਨਾ ਉੱਪਰ ਸੰਪੂਰਨ ਰੂਪ ਵਿਚ ਵਿਆਪਕ ਹੈ, ਅਤੇ ਸੇਵਕ, ਉਸਦੀ ਪ੍ਰਸੰਸਾ ਅਤੇ ਸ਼ਰਧਾ ਨਾਲ ਭਰਪੂਰ, ਉਸਦਾ ਆਗਿਆਕਾਰ ਬੰਦਾ ਅਤੇ ਸ਼ੋਭਾ ਕਰਨ ਵਾਲਾ ਹੁੰਦਾ ਹੈ।

1133. ਸੇਵਕ ਦੀ ਸਤਿਗੁਰੂ ਅਤੇ ਵਾਹਿਗੁਰੂ ਨਾਲ ਉਪਰੋਕਤ ਦਰਸਾਈ ਜੋੜੀ ਦੇ ਗੁਣ ਕਾਰਣ, ਸੇਵਕ ਹਮੇਸ਼ਾਂ ਹੀ ਸਤਿਗੁਰੂ ਅਤੇ ਵਾਹਿਗੁਰੂ ਨਾਲ ਜੁੜਿਆ ਰਹਿੰਦਾ ਹੈ।

1134. ਸਤਿਗੁਰੂ ਅਤੇ ਵਾਹਿਗੁਰੂ ਨਾਲ ਨਿਰੰਤਰ ਅਤੇ ਆਪਣੇ-ਆਪ ਚਲਦੀ ਜਾਣ ਵਾਲੀ ਸਾਂਝੀਵਾਲਤਾ (ਨੇੜਤਾ) ਦੀ ਮਿਹਰ ਪਾ ਕੇ ਸੇਵਕ ਸਰਲ ਅਤੇ ਸੁਭਾਵਿਕ ਤਰੀਕੇ ਨਾਲ, ਸਤਿਕਾਰ ਸਹਿਤ ਅਤੇ ਪ੍ਰੇਮ-ਪੂਰਵਕ ਸਤਿਗੁਰੂ ਅਤੇ ਵਾਹਿਗੁਰੂ ਦਾ ਧਿਆਨ ਧਰਦਾ ਹੈ।

1135. ਹੇਠ ਲਿਖੇ ਦੇ ਮੌਲਿਕ ਸਰੂਪ, ਕਾਰਜ ਅਤੇ ਆਪਸੀ-ਸੰਬੰਧਾਂ ਬਾਰੇ ਸਮਝ ਬਹੁਤ ਜਾਣਕਾਰੀ ਪੂਰਨ (ਭਰਪੂਰ) ਹੈ :

✲ ਪਰਮ ਆਤਮਾ : ਰੱਬ/ਅੱਲ੍ਹਾ/ਰਾਮ/ਵਾਹਿਗੁਰੂ। ਇਹ ਹਸਤੀ ਸਾਰੀ ਸ੍ਰਿਸ਼ਟੀ ਦੀ ਸਿਰਜਣਹਾਰ ਹੈ। ਉਹ ਜੋ ਕੁਝ ਵੀ ਨਿਰਮਾਣ ਕਰਦਾ ਹੈ, ਉਸਦੀ ਪਾਲਣਾ ਕਰਦਾ ਹੈ ਅਤੇ ਫਿਰ ਉਸ ਨੂੰ ਨਸ਼ਟ ਕਰ ਦਿੰਦਾ ਹੈ। ਕੇਵਲ ਉਹ ਹੀ ਹੈ ਜੋ ਸਦੀਵੀ ਕਾਇਮ ਰਹਿੰਦਾ ਹੈ।

✲ ਆਤਮਾ : ਆਤਮਾ/ਜੀਵ। ਸਰੀਰ ਵਿਚ ਇਸਦੀ ਮੌਜੂਦਗੀ, ਸਰੀਰ ਨੂੰ ਜਿੰਦਾ ਰੱਖਦੀ ਹੈ ਅਤੇ ਸਰੀਰ ਦੀ ਕਾਰਜ ਪ੍ਰਣਾਲੀ ਚਲਾਉਂਦੀ ਹੈ। ਆਪਣੇ ਗੁਣਾਂ ਦੇ ਆਧਾਰ ਤੇ ਇਹ ਪਰਮ ਆਤਮਾ ਨਾਲ ਮਿਲਦੀ-ਜੁਲਦੀ ਹੁੰਦੀ ਹੈ। ਆਤਮਾ ਦੀ ਹੋਂਦ ਕਾਰਣ, ਸਰੀਰ ਇਸ ਤਰ੍ਹਾਂ ਕਰਦਾ ਹੈ ਜਿਵੇਂ ਕਿ ਇਹ ਕਰਦਾ ਹੈ।

✲ ਮਨ : ਮਨ, ਸਰੀਰ ਦੇ ਅੰਦਰ ਇਕ ਵਾਸਤਵਿਕ ਪ੍ਰੰਤੂ ਅਦਿੱਖ ਇਕਾਈ ਹੈ। ਇਸਦੇ ਕਾਰਣ ਹੀ ਦਿਮਾਗ ਸੋਚ-ਵਿਚਾਰ ਕਰਦਾ ਹੈ। ਇਹ ਸਰੀਰ ਦੇ ਸਾਰੇ ਕਾਰਜਾਂ ਉੱਪਰ ਨਜ਼ਰ ਰੱਖਦਾ ਹੈ। ਇਹ ਚੰਚਲ ਹੁੰਦਾ ਹੈ। ਇਹ ਸਰੀਰ ਦੇ ਕੀਤੇ ਕਾਰਜਾਂ ਦੀ ਛਾਪ ਨੂੰ ਨੋਟ ਕਰਦਾ ਹੈ। ਸਰੀਰ ਦੇ ਮਰ ਜਾਣ ਤੇ ਇਹ ਮਨਮੁੱਖਾਂ ਦੇ ਕਰਮ ਧਰਮਰਾਜ ਦੇ ਦਰਬਾਰ ਵਿਚ ਅਤੇ ਗੁਰਮੁਖਾਂ ਦੇ ਕਰਮ ਵਾਹਿਗੁਰੂ ਦੇ ਦਰਬਾਰ ਵਿਚ ਲੈ ਜਾਂਦਾ ਹੈ।

✲ ਸਰੀਰ : ਆਤਮਾ ਅਤੇ ਮਨ ਇਸ ਵਿਚ ਰਹਿੰਦੇ ਹਨ। ਇਹ ਦਿਮਾਗ ਦੇ ਆਦੇਸ਼ਾਂ ਅਨੁਸਾਰ ਕਾਰਜ ਕਰਦਾ ਹੈ। ਦਿਮਾਗ ਨੂੰ ਦਿਸ਼ਾ-ਨਿਰਦੇਸ਼ ਮਨ ਦਿੰਦਾ ਹੈ, ਨੈਤਿਕ

ਮਾਮਲਿਆਂ ਬਾਬਤ, ਮਨ, ਮਨਮੁਖਤਾ ਜਾਂ ਗੁਰਮੁੱਖਤਾ ਨੂੰ ਆਪਣੇ ਆਦੇਸ਼ ਦਿੰਦਾ ਹੈ (ਮਨਮਤ-ਆਪਣੇ ਹੀ ਹੁਕਮ) ਜਾਂ (ਗੁਰਮੱਤ-ਸਤਿਗੁਰੂ ਦੇ ਬ੍ਰਹਮ ਗਿਆਨ ਦੇ ਉਪਦੇਸ਼)।

- ਦਿਮਾਗ : ਇਹ ਸਰੀਰ ਦੀ ਕਾਰਜ-ਪ੍ਰਣਾਲੀ ਨੂੰ ਚਲਾਉਂਦਾ ਹੈ। ਇਹ ਮਨ ਦੇ ਆਦੇਸ਼ਾਂ ਦੀ ਪਾਲਣਾ ਕਰਦਾ ਹੈ। ਇਹ ਸਰੀਰ ਕੋਲੋਂ ਮਨ ਦੇ ਆਦੇਸ਼ਾਂ ਅਨੁਸਾਰ ਕਾਰਜ ਕਰਾਉਂਦਾ ਹੈ।
- ਹਿਰਦਾ : ਇਹ ਵਾਸਤਵਿਕ ਪਰ ਅਦਿੱਖ ਹੈ। ਇਹ ਸਰੀਰ ਦੇ ਅੰਦਰ ਹੁੰਦਾ ਹੈ। ਇਹ ਭਾਵਨਾਵਾਂ ਨੂੰ ਮਹਿਸੂਸ ਕਰਦਾ ਹੈ। ਇਹ ਭਾਵਨਾਵਾਂ ਨੂੰ ਨੋਟ ਕਰਦਾ ਹੈ। ਇਹ ਲਚੀਲਾ (ਨਰਮ) ਹੁੰਦਾ ਹੈ। ਇਹ ਮਨਮਤ ਜਾਂ ਗੁਰਮਤਿ, ਨੂੰ ਜਵਾਬ ਦੇਂਦਾ ਹੈ, ਸਤਿਗੁਰੂ (ਗੁਰਮਤਿ) ਦਾ ਬ੍ਰਹਮ ਗਿਆਨ ਹਿਰਦੇ ਵਿਚ ਤਬਦੀਲੀ ਲਿਆਉਂਦਾ ਹੈ, ਫਿਰ ਹਿਰਦਾ ਸਭ ਮੈਲਾਂ ਤੋਂ ਸਾਫ ਹੋ ਕੇ ਨੇਕ ਅਤੇ ਨਰਮ (ਖੀਵਾ) ਬਣ ਜਾਂਦਾ ਹੈ, ਤਬਦੀਲ ਹੋਇਆ ਹਿਰਦਾ, ਮਨ ਨੂੰ ਆਪਣੇ ਅੰਦਰ ਅਤੇ ਬਾਹਰ ਹਰ ਪਾਸੇ-ਆਤਮਾ ਅਤੇ ਪ੍ਰਮਾਤਮਾ ਨੂੰ ਦੇਖਣ ਦੇ ਯੋਗ ਬਣਾਉਂਦਾ ਹੈ।
- ਗੁਰਮੁਖ ਦਾ ਮਨ ਗੁਰਮਤਿ ਅਨੁਸਾਰ ਕਾਰਜ ਕਰਦਾ ਹੈ। ਸਰੀਰ ਦੇ ਮਰ ਜਾਣ ਤੋਂ ਬਾਅਦ, ਇਹ ਮਨ, ਆਤਮਾ ਦੇ ਨਾਲ ਪਰਮ ਆਤਮਾ/ਵਾਹਿਗੁਰੂ/ਪ੍ਰਮਾਤਮਾ ਦੇ ਦਰਬਾਰ ਵਿਚ ਪਛਾਣਿਆ ਅਤੇ ਸਨਮਾਨਿਆ ਜਾਂਦਾ ਹੈ। ਇਸਦੇ ਉਲਟ, ਮਨਮੁੱਖ ਦਾ ਮਨ, ਮਨਮੱਤ ਦੇ ਅਨੁਸਾਰ ਕਾਰਜ ਕਰਦਾ ਹੈ। ਮਰਨ ਉਪਰੰਤ, ਪੁਨਰ ਜਨਮ ਲਈ ਮੁਲਾਂਅਕਣ ਕਰਨ ਅਤੇ ਢੁੱਕਵਾ ਸਰੀਰ ਨਿਰਧਾਰਿਤ ਕਰਨ ਲਈ ਧਰਮਰਾਜ (ਜੋ ਵਾਹਿਗੁਰੂ ਦੇ ਅਧੀਨ ਹੈ) ਦੇ ਦਰਬਾਰ ਵਿਚ ਨਾਲ ਜਾਂਦਾ ਹੈ।

ਨੋਟ : ਉਪਰੋਕਤ ਟਿੱਪਣੀਆਂ 1501 ਅਧੀਨ ਥੋੜੇ ਗੁਰਬਾਣੀ ਅਤੇ ਥੋੜੇ ਆਪਣੀ ਵਿਚਾਰਧਾਰਾ ਤੇ ਆਧਾਰਿਤ ਹਨ, ਜਿਨ੍ਹਾਂ ਵਿਚ ਗ਼ਲਤੀ ਹੋ ਸਕਦੀ ਹੈ।

1136. ਪ੍ਰਾਚੀਨਕਾਲ ਤੋਂ ਲੈ ਕੇ ਮੌਜੂਦਾ ਸਮੇਂ ਤੱਕ, ਸਮੇਂ ਦੇ ਕਿਸੇ ਵੀ ਸਮੇਂ ਹੇਠ ਲਿਖੇ ਵਿਕਾਸਾਂ ਤੋਂ ਬਾਅਦ, ਜੀਵਿਤ ਰਹਿਣ ਲਈ, ਧਰਤੀ ਉਪਰ ਪ੍ਰਜਾਤੀਆਂ ਵੱਸਦੀਆਂ ਰਹੀਆਂ ਹਨ।

- ਹਰੇਕ ਨਵੀਂ ਪ੍ਰਜਾਤੀ ਦੇ ਜੀਵਿਤ ਰਹਿਣ ਲਈ ਭੋਜਨ ਦੇ ਵਿਕਾਸ ਦੀ ਲੋੜ ਸੀ।
- ਜੀਵਿਤ ਰਹਿਣ ਲਈ ਹਰੇਕ ਨਵੀਂ ਪ੍ਰਜਾਤੀ ਦੇ ਰਹਿਣ ਲਈ ਸਥਿਰਤਾ ਦਾ ਵਿਕਾਸ ਸੀ।
- ਹਰੇਕ ਨਵੀਂ ਪ੍ਰਜਾਤੀ ਦੇ ਕ੍ਰਮ ਵਿਕਾਸ ਲਈ ਸਰੀਰਿਕ ਸੁਰੱਖਿਆ ਲੋੜੀਂਦੀ ਸੀ।

(ਉਦਾਹਰਣ ਵਜੋਂ, ਪੋਲਰ ਬੀਅਰ ਦੀ ਫਰ ਲਈ)

ਨਵੀਂ ਪ੍ਰਜਾਤੀ ਦੇ ਆਉਣ ਤੋਂ ਪਹਿਲਾਂ ਨਿਸ਼ਚੇ ਹੀ ਉਪਰੋਕਤ ਦੱਸੇ ਕ੍ਰਮ ਵਿਕਾਸ ਹੋਏ ਹੋਣਗੇ। ਉਪਰੋਕਤ ਦੱਸੇ ਕ੍ਰਮ ਵਿਕਾਸ ਹਮੇਸ਼ਾਂ ਤੋਂ ਹੀ ਸੋਚੇ ਸਮਝੇ ਤਰੀਕੇ ਨਾਲ ਚੱਲਦੇ ਆ ਰਹੇ ਹਨ। ਭੋਜਨ ਲੜੀਆਂ ਵੀ ਯੋਜਨਾਬੱਧ ਤਰੀਕੇ ਨਾਲ ਵਿਕਸਿਤ ਹੋਈਆਂ ਹਨ। ਇਸ ਹੈਰਾਨਕੁੰਨ ਜੁਗਲਬੰਦੀ ਲਈ ਕੌਣ ਜ਼ਿੰਮੇਵਾਰ ਹੈ? ਉੱਤਰ ਹੈ: ਜਾਤੀਆਂ ਦਾ ਸਿਰਜਣਹਾਰ ਜ਼ਿੰਮੇਵਾਰ ਹੈ। ਭੋਜਨ, ਸਥਿਰਤਾ ਅਤੇ ਸੁਰੱਖਿਆ ਤੋਂ ਬਿਨਾਂ ਧਰਤੀ ਉੱਤੇ ਕੋਈ ਵੀ ਜੀਵਨ ਸੰਭਵ ਨਹੀਂ ਸੀ, ਕੋਈ ਵੀ ਜੀਵਨ ਸੰਭਵ ਨਹੀਂ ਹੈ, ਕੋਈ ਵੀ ਜੀਵਨ ਸੰਭਵ ਨਹੀਂ ਹੋਵੇਗਾ। ਉਪਰੋਕਤ ਤਿੰਨ ਅਨੁਕੂਲ ਵਿਕਾਸਾਂ ਤੋਂ ਬਗੈਰ, ਵਰਤਮਾਨ ਜਾਤੀਆਂ ਧਰਤੀ ਮਾਤਾ ਤੇ ਕਦੀ ਵੀ ਪ੍ਰਫੁਲਿਤ ਨਹੀਂ ਹੋ ਸਕਦੀਆਂ ਸਨ।

ਧਰਤੀ ਦੇ ਮਾਲਕ ਸਿਰਜਣਹਾਰ ਨੇ ਕਿਸੇ ਵੀ ਜੀਵ ਨੂੰ ਧਰਤੀ 'ਤੇ ਲਿਆਉਣ ਤੋਂ ਪਹਿਲਾਂ, ਸਭ ਤੋਂ ਪਹਿਲਾਂ ਪਨਾਹ (ਕੁੱਲੀ), ਸੁਰੱਖਿਆ (ਜੁੱਲੀ) ਅਤੇ ਭੋਜਨ (ਗੁੱਲੀ) ਦਾ ਪ੍ਰਬੰਧ ਕੀਤਾ। ਕੁੱਲੀ, ਜੁੱਲੀ ਅਤੇ ਗੁੱਲੀ ਦੇ ਸਿਧਾਤਾਂ ਨੂੰ ਨਾਲ ਜੋੜੇ ਬਗੈਰ, ਚਾਰਲਸ ਡਾਰਵਿਨ ਦੀ ਜਾਤੀਆਂ ਦੇ ਵਿਕਾਸ ਦਾ ਸਿਧਾਂਤ ਅਧੂਰਾ ਹੈ। ਹੋਰ ਤੇ ਹੋਰ, ਧਰਤੀ ਉੱਪਰ ਸਭ ਤੋਂ ਪਹਿਲਾਂ ਜੀਵਨ ਸੰਭਵ ਬਨਾਉਣਾ ਅਤੇ ਫਿਰ ਇਸਦੀ ਪਾਲਣਾ ਕਰਨ ਅਤੇ ਫਿਰ ਇਹਨਾਂ ਜਾਤੀਆਂ ਦੇ ਅੱਗੇ ਵੱਧਣ ਲਈ ਵਿਕਾਸ ਦੀ ਪ੍ਰਕ੍ਰਿਆ ਚਲਾਉਣ ਦਾ ਸਿਧਾਂਤ, ਸਿਰਜਣਹਾਰ ਦੀ ਜ਼ਰੂਰੀ ਅਤੇ ਸਭ ਤੋਂ ਮਹੱਤਵਪੂਰਨ ਭੂਮਿਕਾ ਨੂੰ ਸਵੀਕਾਰੇ ਬਗੈਰ ਅਧੂਰਾ ਹੈ।

ਉਪਰੋਕਤ ਦਰਸਾਏ ਵਿਚਾਰਾਂ ਨੂੰ ਮੰਨਣ ਲਈ, ਪਾਠਕ ਨੂੰ ਭੋਜਨ (ਰਿਜਕ) ਅਤੇ ਜੀਵਾਂ ਦੇ ਸੰਬੰਧ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਦੀਆਂ ਪੰਕਤੀਆਂ ਜਾਂ ਤੁਕਾਂ ਪੰਨਾ 10 ਪੰਕਤੀ 9, ਪੰਨਾ 10 ਪੰਕਤੀ 12, ਪੰਨਾ 85 ਪੰਕਤੀ 12, ਪੰਨਾ 85 ਪੰਕਤੀ 16, ਪੰਨਾ 104 ਪੰਕਤੀ 17, ਪੰਨਾ 112 ਪੰਕਤੀ 8, ਪੰਨਾ 130 ਪੰਕਤੀ 18, ਪੰਨਾ 434 ਪੰਕਤੀ 9, ਪੰਨਾ 475 ਪੰਕਤੀ 9, ਪੰਨਾ 495 ਪੰਕਤੀ 2, ਪੰਨਾ 605 ਪੰਕਤੀ 3, ਪੰਨਾ 755 ਪੰਕਤੀ 11, ਪੰਨਾ 794 ਪੰਕਤੀ 1, ਪੰਨਾ 956 ਪੰਕਤੀ 13, ਪੰਨਾ 1042 ਪੰਕਤੀ 16, ਪੰਨਾ 1060 ਪੰਕਤੀ 17, ਪੰਨਾ 1071 ਪੰਕਤੀ 12, ਪੰਨਾ 1235 ਪੰਕਤੀ 8, ਪੰਨਾ 1337 ਪੰਕਤੀ 17, ਪੰਨਾ 1403 ਪੰਕਤੀ 14 ਦਾ ਹਵਾਲਾ ਦੇਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਉਪਰੋਕਤ ਵਿਕਾਸ ਪਹਿਲਾਂ ਤੋਂ ਹੀ ਮੌਜੂਦ ਧਰਤੀ, ਸੂਰਜ, ਹਵਾ, ਪਾਣੀ, ਪੁਲਾੜ ਅਤੇ ਅਗਨੀ ਦੇ ਕਾਰਣ ਹੋਏ। ਇਹ ਸਭ ਕਿਸਨੇ ਉਤਪੰਨ ਕੀਤੇ ? ਵਾਹਿਗੁਰੂ ਨੇ ਕੀਤੇ।

1137. ਵਾਹਿਗੁਰੂ ਧਰਤੀ 'ਤੇ ਜੀਵਨ ਉਤਪੰਨ ਕਰਦਾ ਹੈ। ਉਹ, ਹੇਠ ਲਿਖੇ ਛੇ ਖੰਡ ਜਾਨਵਰਾਂ, ਪੌਦਿਆਂ, ਫੰਗੀ, ਪ੍ਰੋਟਿਸਟਸ ਯੂਬੈਕਟੀਰੀਆ, ਆਰਕਾਈਆ ਬੈਕਟੀਰੀਆ— ਹਰੇਕ ਨੂੰ ਜੀਵਨ ਦੀਆਂ ਜ਼ਰੂਰਤਾਂ ਮੁਹੱਈਆ ਕਰਾ ਕੇ ਉਹਨਾਂ ਦਾ ਜੀਵਨ ਚਲਾਉਂਦਾ ਹੈ।

1138. ਜਦੋਂ ਗੁਰੂ ਜੀ ਆਪਣੇ ਆਪ ਨੂੰ ਵਾਹਿਗੁਰੂ ਦੇ ਹਾਜ਼ਰ ਨਾਜ਼ਰ ਮੰਨ ਕੇ, ਉਸਨੂੰ (ਵਾਹਿਗੁਰੂ ਨੂੰ) ਜਪਦੇ ਹਨ, ਉਦੋਂ ਗੁਰੂ ਜੀ ਦੇ ਬਚਨ ਪੜ੍ਹ ਕੇ ਜਾਂ ਸੁਣ ਕੇ ਗੁਰੂ ਦਾ ਸੱਚਾ ਸਿੱਖ, ਵਾਹਿਗੁਰੂ ਦੇ ਦਰਸ਼ਨ ਪਾ ਲੈਂਦਾ ਹੈ। ਸਿੱਖ, ਗੁਰੂ ਸੰਤਾਂ ਅਤੇ ਆਪਣੇ ਸੱਚੇ ਆਪੇ ਦੇ ਵੀ ਦਰਸ਼ਨ ਪਾ ਲੈਂਦਾ ਹੈ ਕਿਉਂਕਿ ਇਹ ਸਾਰੇ ਮਨ ਇਕ ਦੂਸਰੇ ਨਾਲ ਸੁਰ-ਤਾਲ ਵਿਚ (ਇਕ ਲੈਅ ਵਿਚ) ਹੁੰਦੇ ਹਨ। ਸੱਚਾ ਸਿੱਖ, ਜਿਉਂ ਹੀ ਆਪਣੇ ਵਿਚੋਂ ਬਾਕੀ ਸਾਰੇ ਵਿਚਾਰ ਬਾਹਰ ਕੱਢ ਕੇ, ਕੇਵਲ ਗੁਰੂ ਦੇ ਬਚਨਾਂ ਤੇ ਆਪਣਾ ਧਿਆਨ ਕੇਂਦਰਿਤ ਕਰਦਾ ਹੈ ਤਾਂ ਉਸੇ ਸਮੇਂ ਉਸਨੂੰ ਉਪਰੋਕਤ ਦਰਸਾਏ ਦਰਸ਼ਨਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਬਾਣੀ ਫੁਰਮਾਉਂਦੀ ਹੈ: ਭੂੰ ਠਾਕਰ ਤੁਮ ਪੈ ਅਰਦਾਸ।

1139. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬ੍ਰਹਮ ਗਿਆਨ ਦਾ ਮਨ ਉੱਪਰ ਪ੍ਰਭਾਵ ਪੈਣ ਨਾਲ, ਸੱਚਾ ਸਿੱਖ ਵਾਹਿਗੁਰੂ ਦੇ ਨਾਮ ਸਿਮਰਨ ਤੇ ਉਸ ਦੀ ਭਗਤੀ ਵਿਚ ਲਿਵ ਲਾਈ ਰੱਖਦਾ ਹੈ, ਜਿਉਂ-ਜਿਉਂ ਸੁਰਤਿ ਵੱਧਦੀ ਜਾਂਦੀ ਹੈ, ਇਕ ਸਮਾਂ ਪੱਧਰ, ਅਜਿਹਾ ਆਉਂਦਾ ਹੈ ਜਦੋਂ ਸਿੱਖ ਸਪੱਸ਼ਟ ਤੌਰ 'ਤੇ, ਵਾਹਿਗੁਰੂ ਗੁਰੂ ਅਤੇ ਸੰਤਾਂ ਨਾਲ ਉਸੇ ਪਲ ਸਾਂਝ ਪ੍ਰਾਪਤ ਕਰ ਲੈਂਦਾ ਹੈ। ਪ੍ਰੰਤੂ ਇਸ ਉਪਰੋਕਤ ਸਾਂਝ ਲਈ ਸੁਚੇਤ ਕੋਸ਼ਿਸ਼ ਲੋੜੀਂਦੀ ਹੈ। ਇਸ ਸਾਂਝ ਨੂੰ ਕਾਇਮ ਰੱਖਣ ਲਈ ਵੀ ਵਾਹਿਗੁਰੂ ਦੇ ਚਰਨਾਂ ਵਿਚ ਲਿਵ ਲੋੜੀਂਦੀ ਹੈ।

1140. ਵਾਹਿਗੁਰੂ, ਗੁਰੂ ਅਤੇ ਸੰਤਾਂ ਬਾਰੇ ਉਪਰੋਕਤ ਜਾਗਰੁਕਤਾ ਦੇ ਪੱਧਰ ਦੀ ਪ੍ਰਾਪਤੀ ਤੋਂ ਬਾਅਦ, ਗੁਰੂ ਦੇ ਸੱਚੇ ਸਿੱਖ ਨੂੰ ਇਹ ਗਿਆਨ ਅਤੇ ਅਨੁਭਵ ਹੋ ਜਾਂਦਾ ਹੈ ਕਿ ਉਸ ਦੇ ਸਰੀਰ ਰੂਪੀ ਮੰਦਰ ਵਿਚ ਸਿਮਰਨ (ਵਾਹਿਗੁਰੂ ਦੀ ਭਗਤੀ) ਚੱਲ ਰਿਹਾ ਹੈ— ਸਿਮਰਨ ਆਪਣੇ ਆਪ ਚੱਲ ਰਿਹਾ।

1141. ਭਗਤ ਨੂੰ ਆਪਣੇ ਦਸਮ ਦੁਆਰ ਵਿਚ ਸਿਮਰਨ ਦੇ ਨਿਰੰਤਰ ਪ੍ਰਵਾਹ ਦਾ ਅਨੁਭਵ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 727 ਉੱਤੇ, ਭਗਤ ਕਬੀਰ ਜੀ ਆਪਣੇ ਸ਼ਬਦ ਵਿਚ ਇਸ ਦਾ ਵਰਨਣ ਕਰਦੇ ਹਨ। ਇਸ ਸ਼ਬਦ ਦੀ ਵਿਆਖਿਆ ਇਹ ਦਰਸਾਉਂਦੀ ਹੈ : ਵਾਹਿਗੁਰੂ ਦਾ ਭਗਤ, ਦਸਮ ਦੁਆਰ ਵਿਚ ਵਗਣ ਵਾਲੀ ਨਾਮ ਸਿਮਰਨ ਦੀ ਨਦੀ ਵਿਚ ਇਸ਼ਨਾਨ ਕਰਦਾ ਹੈ। ਇਸਦਾ ਅਰਥ ਹੈ ਭਗਤ ਕਬੀਰ ਜੀ ਉਸ ਨਾਮ ਸਿਮਰਨ ਦਾ ਅਨੁਭਵ ਕਰਦੇ ਹਨ ਜੋ ਉਹਨਾਂ ਦੀ ਇਸ ਬਾਰੇ ਜਾਗਰੁਕਤਾ ਤੋਂ ਪਹਿਲਾਂ ਤੋਂ ਹੀ ਮੌਜੂਦ ਹੈ। ਇਹ ਨਾਮ ਸਿਮਰਨ ਸਰੀਰ ਰੂਪੀ ਮੰਦਰ ਦੇ ਦਸਮ ਦੁਆਰ ਅੰਦਰ ਨਿਰੰਤਰ ਚੱਲ ਰਿਹਾ ਹੈ।

1142. ਸਤਿਗੁਰੂ ਦੇ ਸੱਚੇ ਸਿੱਖ (ਇਕ ਖਾਲਸਾ, ਇਕ ਸਿੱਖ, ਇਕ ਸਹਿਜਧਾਰੀ, ਹੋਰ ਕੋਈ ਵੀ) ਮਨ ਅੰਦਰ ਹੇਠ ਲਿਖੇ ਕਾਰਜਾਂ ਦੀ ਨਿਰੰਤਰਤਾ ਉਸਨੂੰ ਅਜਿਹੇ ਪੱਧਰ ਤੇ ਲੈ ਜਾਂਦੀ ਹੈ ਜਿਥੇ ਉਸਨੂੰ ਸਰੀਰ ਉਸ ਮੰਦਰ ਵਾਂਗ ਪ੍ਰਤੀਤ ਹੁੰਦਾ ਹੈ ਜਿਸ ਵਿਚ ਵਾਹਿਗੁਰੂ ਦੀ ਭਗਤੀ ਆਪ ਮੁਹਾਰੇ ਚੱਲਦੀ ਰਹਿੰਦੀ ਹੈ:

✡ ਪੂਰੇ ਧਿਆਨ ਨਾਲ ਕੀਰਤਨ ਸੁਨਣਾ।

✡ ਗੁਰਬਾਣੀ ਦੀ ਕਥਾ ਨੂੰ ਧਿਆਨ ਨਾਲ ਸੁਨਣਾ।

✡ ਅਰਥਾਂ ਨੂੰ ਸਮਝਣ ਲਈ ਗੁਰਸ਼ਬਦਾਂ 'ਤੇ ਵਿਚਾਰ ਕਰਨਾ।

✡ ਗੁਰੂ ਅਤੇ ਵਾਹਿਗੁਰੂ ਦੀ ਮਿਹਰ ਪ੍ਰਾਪਤ ਕਰਨ ਲਈ ਉਹਨਾਂ ਅੱਗੇ ਨਤਮਸਤਕ ਹੋਣਾ।

✡ ਗੁਰਦੁਆਰਿਆਂ ਵਿਚ ਜਾ ਕੇ ਸਿਮਰਨ ਅਤੇ ਨਿਮਰਤਾ ਸਹਿਤ ਸਤਿਕਾਰ ਦੇਣਾ।

✡ ਵਾਹਿਗੁਰੂ ਨਾਲ ਸਾਂਝ ਜੋੜਣ ਲਈ, ਨਾਮ ਸਿਮਰਨ ਕਰਨ ਲਈ ਚੇਤਨ (ਸੁਚੇਤ) ਕੋਸ਼ਿਸ਼ ਕਰਨੀ।

✡ ਸਿੱਖ ਗੁਰੂਆਂ, ਸੰਤਾਂ ਅਤੇ ਸਿੱਖ ਸ਼ਹੀਦਾਂ ਦੇ ਜੀਵਨ ਤੋਂ ਪ੍ਰੇਰਣਾ ਲੈਣੀ।

✡ ਗੁਰਬਾਣੀ ਵਿਚ ਪ੍ਰਗਟਾਏ ਵਿਚਾਰਾਂ ਨੂੰ ਸਮਝਣ ਅਤੇ ਉਹਨਾਂ ਵਿਚ ਪ੍ਰਗਟਾਈਆਂ ਭਾਵਨਾਵਾਂ ਨੂੰ ਮਹਿਸੂਸ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠ ਕਰਨਾ।

✡ ਵਾਹਿਗੁਰੂ ਦੇ ਵਿਲੱਖਣ ਗੁਣਾਂ ਤੇ ਅਚੰਭਿਤ ਹੋਣਾ।

✡ ਸਤਿਗੁਰੂ ਅਤੇ ਵਾਹਿਗੁਰੂ ਦਾ ਸ਼ੁਕਰਾਨਾ, ਸਤਿਕਾਰ ਅਤੇ ਪਿਆਰ ਭਰੇ ਵਿਚਾਰ ਰੱਖ ਕੇ।

✡ ਗੁਰਬਾਣੀ ਬਾਰੇ ਆਪਣੀ ਸਮਝ ਨੂੰ ਦੂਸਰਿਆਂ ਨਾਲ ਵੰਡਾ ਕੇ।

✡ ਸਤਿਗੁਰੂ ਅਤੇ ਵਾਹਿਗੁਰੂ ਨਾਲ ਭਾਵਨਾਤਮਕ ਸਾਂਝਾਂ ਪਾ ਕੇ ਅਤੇ ਉਹਨਾਂ ਨੂੰ ਹੋਰ ਮਜ਼ਬੂਤ ਕਰਕੇ।

✡ ਗੁਰਬਾਣੀ ਪੜ੍ਹ ਕੇ ਅਤੇ ਸੁਣ ਕੇ।

✡ ਮਨ ਵਿਚ ਗੁਰਬਾਣੀ ਜਪ ਕੇ।

✡ ਗੁਰਮੁਖੀ ਅਤੇ ਗੁਰਬਾਣੀ ਦੇ ਔਖੇ ਸ਼ਬਦਾਂ ਬਾਰੇ ਆਪਣੇ ਗਿਆਨ ਵਿਚ ਹੋਰ ਸੁਧਾਰ ਕਰਕੇ।

✡ ਗੁਰਸਿੱਖਾਂ ਅਤੇ ਸੰਤਾਂ ਨਾਲ ਮਿਲ ਕੇ (ਜੁੜ ਕੇ)।

✡ ਸੁਖ ਪ੍ਰਾਪਤੀ ਲਈ ਗੁਰਸ਼ਬਦਾਂ ਦਾ ਜਾਪ ਕਰਕੇ।

✡ ਗੁਰੂ ਸਾਹਿਬਾਂ ਦੇ ਦਰਸਾਏ ਅਨੁਸਾਰ ਸੇਵਾ ਕਰਕੇ।

✡ ਗੁਰਮੱਤ ਵੱਲੋਂ ਮਨਾ ਕੀਤੇ ਵਿਚਾਰਾਂ ਅਤੇ ਕਾਰਜਾਂ ਤੋਂ ਬਚ ਕੇ।

✡ ਆਪਣੀ ਸ਼ਖਸੀਅਤ (ਗੁਣਾਂ, ਕਦਰਾਂ-ਕੀਮਤਾਂ ਅਤੇ ਵਤੀਰੇ) ਵਿਚ ਸੁਧਾਰ ਲਈ

ਸਤਿਗੁਰੂ ਅਤੇ ਵਾਹਿਗੁਰੂ ਅੱਗੇ ਅਰਜ਼ੋਈ ਕਰਕੇ।

- ✲ ਸਤਿਗੁਰੂ ਅਤੇ ਵਾਹਿਗੁਰੂ ਨਾਲ ਆਪਣੇ ਸੰਬੰਧਾਂ ਵਿਚ ਖੁੱਲ੍ਹੇ ਮਨ ਸ਼ਰਧਾ ਅਤੇ ਸੱਚੇ ਦਿਲ ਨਾਲ ਰਹਿ ਕੇ।
- ✲ ਗੁਰੂ-ਸੰਗਤ ਦਾ ਸਤਿਕਾਰ ਕਰਕੇ ਅਤੇ ਉਹਨਾਂ ਸੰਗਤਾਂ ਵਿਚ ਸ਼ਾਮਿਲ ਹੋ ਕੇ ਜਿੱਥੇ ਸੰਤਾਂ, ਸਤਿਗੁਰੂ ਅਤੇ ਵਾਹਿਗੁਰੂ ਦਾ ਉਹਨਾਂ ਦੇ ਗਿਆਨ ਲਈ ਸੱਚੇ ਦਿਲੋਂ ਪ੍ਰਸੰਸਾ ਅਤੇ ਸਤਿਕਾਰ ਹੁੰਦਾ ਹੋਵੇ।
- ✲ ਕੇਵਲ ਸਤਿਗੁਰੂ ਅਤੇ ਵਾਹਿਗੁਰੂ ਦੀਆਂ ਮਿਹਰਾਂ ਭਾਲਦਿਆਂ।
- ✲ ਜ਼ਿੰਦਗੀ ਦੇ ਮੁਸ਼ਕਿਲ ਹਾਲਾਤਾਂ ਦਾ ਸਾਹਮਣਾ ਕਰਦਿਆਂ ਧੀਰਜ ਦਿਖਾ ਕੇ ਅਤੇ ਸਤਿਗੁਰੂ ਅਤੇ ਵਾਹਿਗੁਰੂ ਤੋਂ ਮਦਦ ਦੀ ਅਰਜ਼ੋਈ ਕਰਕੇ।
- ✲ ਨਿਮਰ ਹੋ ਕੇ ਅਤੇ ਵਾਹਿਗੁਰੂ ਉੱਤੇ ਆਪਣਾ ਭਰੋਸਾ ਅਤੇ ਯਕੀਨ ਕਦੀ ਵੀ ਨਾ ਛੱਡ ਕੇ।
- ✲ ਜਪੁਜੀ ਸਾਹਿਬ ਵਿਚ, ਗੁਰੂ ਨਾਨਕ ਦੇਵ ਜੀ ਵੱਲੋਂ ਸਿੱਖ ਧਰਮ ਦੇ ਦਰਸ਼ਨ ਨੂੰ ਸਮਝ ਕੇ ਉਸਦੀ ਪ੍ਰਸੰਸਾ ਕਰਕੇ ਅਤੇ ਉਸ ਪ੍ਰਤੀ ਸਤਿਕਾਰ ਭਾਵ ਰੱਖ ਕੇ।
- ✲ ਇਸ ਭਰੋਸੇ ਤੇ ਵਿਸ਼ਵਾਸ ਰੱਖ ਕੇ ਕਿ, ਸੱਚ ਦੇ ਅਭਿਲਾਸ਼ੀਆਂ ਦੇ ਲਈ ਦਸ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਤਿਗੁਰੂ ਹਨ।
- ✲ ਇਹ ਵਿਸ਼ਵਾਸ ਕਰਕੇ ਕਿ ਕੇਵਲ ਗੁਰਬਾਣੀ ਸੱਚੇ ਸੰਤ, ਸਤਿਗੁਰੂ ਅਤੇ ਸੱਚਾ ਵਾਹਿਗੁਰੂ ਹੀ ਸਦੀਵੀ ਕਾਇਮ ਹੈ, ਬਾਕੀ ਸਭ ਬਿਨਸਣਹਾਰ ਹੈ।
- ✲ ਸਤਿਗੁਰੂ ਦਾ ਨਿਮਾਣਿਆਂ ਤੋਂ ਵੀ ਨਿਮਾਣਾ ਸਿੱਖ ਬਣ ਕੇ।
- ✲ ਚੰਗੀ ਸਿਹਤ ਅਤੇ ਚੜ੍ਹਦੀ ਕਲਾਂ ਵਿਚ ਰਹਿ ਕੇ।
- ✲ ਪਰਿਵਾਰਿਕ ਮੈਂਬਰਾਂ ਅਤੇ ਆਮ ਮਿਲਣ ਵਾਲੇ ਲੋਕਾਂ ਨਾਲ ਪ੍ਰੇਮ ਦੀ ਭਾਵਨਾ ਅਤੇ ਰਿਸ਼ਤੇ ਕਾਇਮ ਰੱਖ ਕੇ।
- ✲ ਗੁਰਮਤਿ ਪ੍ਰਦਾਨ ਕਰਨ ਲਈ ਸੱਚੇ ਗੁਰੂ (ਵਾਹਿਗੁਰੂ) ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੇ ਅਧਿਆਤਮਿਕ ਉੱਤਰਾਧਿਕਾਰੀ ਗੁਰੂ ਸਾਹਿਬਾਨਾਂ ਪ੍ਰਤੀ ਦਿਲੀ ਧੰਨਵਾਦ ਪ੍ਰਗਟਾ ਕੇ।
- ✲ ਮਨ ਦੀ ਸਹਿਜ ਅਵੱਸਥਾ ਪ੍ਰਦਾਨ ਕਰਨ ਲਈ ਵਾਹਿਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਿਹਰ ਪ੍ਰਾਪਤ ਕਰਨ ਲਈ।
- ✲ ਬਾਕੀ ਸਾਰੇ ਵਿਚਾਰਾਂ ਦਾ ਤਿਆਗ ਕਰਕੇ ਅਤੇ ਵਾਹਿਗੁਰੂ ਦੇ ਗੁਣਾਂ ਉੱਪਰ ਧਿਆਨ ਜੋੜ ਕੇ, ਮਨ ਦੀ ਇਕਾਗਰਤਾ ਵਾਹਿਗੁਰੂ ਵਿਚ ਜੋੜ ਕੇ।

- ✲ ਗੁਰਬਾਣੀ ਲਈ ਵੱਧ ਤੋਂ ਵੱਧ ਸਮਾਂ ਪ੍ਰਦਾਨ ਕਰਕੇ।
- ✲ ਇਸ ਸੱਚਾਈ ਨੂੰ ਮਨ ਵਿਚ ਧਾਰ ਕੇ, ਕਿ ਦ੍ਰਿਸ਼ ਅਤੇ ਅਦ੍ਰਿਸ਼, ਸਭ ਵਾਹਿਗੁਰੂ ਦੀ ਮਰਜ਼ੀ ਦਾ ਪ੍ਰਗਟਾਵਾ ਹਨ।
- ✲ ਸਦਾ ਗੁਰਬਾਣੀ ਪ੍ਰਤੀ ਸਤਿਕਾਰ ਵਧਾ ਕੇ।
- ✲ ਸਤਿਗੁਰੂ ਅਤੇ ਵਾਹਿਗੁਰੂ ਨਾਲ ਪੂਰੇ ਉਤਸ਼ਾਹ ਨਾਲ ਸਾਂਝ ਪਾ ਕੇ।
- ✲ ਗੁਰਬਾਣੀ ਦੀਆਂ ਤੁਕਾਂ ਅਤੇ ਉਹਨਾਂ ਦੇ ਸ਼ਬਦਾਂ ਦੇ ਸਹੀ ਅਰਥਾਂ ਦੀ ਗਿਆਨ ਪ੍ਰਾਪਤੀ ਲਈ ਅਰਜ਼ੋਈ ਕਰਕੇ।
- ✲ ਗੁਰਸ਼ਬਦਾਂ ਦੇ ਅਰਥਾਂ ਬਾਬਤ, ਦੂਸਰਿਆਂ ਨਾਲ ਵਾਦ-ਵਿਵਾਦ ਕਰਨ ਤੋਂ ਬਚ ਕੇ।

1143. ਅਜਿਹਾ ਪ੍ਰਤੀਤ ਹੁੰਦਾ ਹੈ ਕਿ ਸਹਿਜ ਅਵੱਸਥਾ (ਸਤਿਗੁਰੂ ਅਤੇ ਵਾਹਿਗੁਰੂ ਦੀ ਮਿਹਰ ਸਦਕਾ ਉਹਨਾਂ ਨਾਲ ਮਿਲਾਪ ਲਈ ਸਰਲ ਨਿਰੰਤਰ ਅਤੇ ਆਨੰਦਮਈ ਸਾਂਝ) ਦੀ ਪ੍ਰਾਪਤੀ ਤੱਕ ਪਹੁੰਚਣ ਲਈ ਤਿੰਨ, ਭਿੰਨ-ਭਿੰਨ ਮਾਰਗ ਉਹ ਹੇਠ ਲਿਖੇ ਅਨੁਸਾਰ ਹਨ:

- ✲ ਉਸੇ ਪਲ ਸਹਿਜ ਅਵੱਸਥਾ ਤੇ ਅੱਪੜ ਜਾਣਾ। ਭਾਈ ਛੱਜੂ ਜੀ, ਕੌਡਾ ਰਾਖਸ਼ ਅਤੇ ਸੱਜਣ ਠੱਗ ਇਸਦੇ ਉਦਾਹਰਣ ਹਨ।
- ✲ ਬਾਰ-ਬਾਰ, ਗੁਰਬਾਣੀ ਦੇ ਪਾਠ ਦੁਹਰਾ ਕੇ ਸਹਿਜ ਅਵੱਸਥਾ ਤੇ ਅੱਪੜਨਾ। ਇਸ ਦੀ ਉਦਾਹਰਣ ਹੈ ਸਤਿਗੁਰੂ ਦੀ ਕ੍ਰਿਪਾ ਨਾਲ, ਸੰਤ ਅਤਰ ਸਿੰਘ ਜੀ ਦਾ ਜਪੁਜੀ ਸਾਹਿਬ ਦਾ (ਅਰਥਾਂ ਨੂੰ ਸਮਝਦਿਆਂ ਹੋਇਆਂ) 125000 ਵਾਰੀ ਪਾਠ ਕਰਨਾ ਅਤੇ ਨਿਮਰਤਾ ਸਹਿਤ, ਲੰਬੇ ਸਮੇਂ ਤੱਕ ਵਾਹਿਗੁਰੂ ਦਾ ਸਿਮਰਨ ਕਰਨਾ। 3. ਉਪਰੋਕਤ ਵਰਣਿਤ ਸਿਮਰਨ ਦੇ ਤਰੀਕਿਆਂ ਦੀ ਪਾਲਣਾ ਕਰਦੇ ਹੋਏ ਸਹਿਜ ਅਵੱਸਥਾ ਤੱਕ ਅੱਪੜਨਾ।

ਸਹਿਜ ਅਵੱਸਥਾ ਤੱਕ ਪਹੁੰਚਣ ਦਾ ਇਹ ਤਰੀਕਾ ਕਠਿਨ ਹੈ। ਇਸਦੇ ਲਈ ਬਹੁਤ ਸਖ਼ਤ ਮਿਹਨਤ ਅਤੇ ਗੁਰੂ ਤੋਂ ਸਿੱਖਿਆ ਪ੍ਰਾਪਤ ਕਰਨ ਦੀ ਲੋੜ ਹੈ। ਆਪਣੇ ਚੰਗੇ ਕਰੀਅਰ ਦੀ ਭਾਲ ਲਈ ਖ਼ੁਦ ਨੂੰ ਸਿੱਖਿਅਤ ਕਰਨ ਲਈ, ਰੋਜ਼ੀ-ਰੋਟੀ ਕਮਾਉਣ ਲਈ, ਆਪਾ-ਸੁਧਾਰਨ ਲਈ, ਇਕ ਜ਼ਿੰਮੇਵਾਰ ਪਰਿਵਾਰਿਕ ਮੈਂਬਰ ਬਨਣ ਲਈ ਇਸਦੇ ਨਾਲ ਹੀ ਅਤੇ ਸਤਿਗੁਰੂ ਦੇ ਬ੍ਰਹਮ ਗਿਆਨ ਨੂੰ ਗ੍ਰਹਿਣ ਲਈ ਉਸਦੇ ਸੱਚੇ ਸਿੱਖ ਬਨਣ ਲਈ ਇਸ ਸਖ਼ਤ ਮਿਹਨਤ ਦੀ ਲੋੜ ਹੈ। ਬ੍ਰਹਮ ਗਿਆਨ ਪ੍ਰਾਪਤ ਕਰਨਾ ਇਕ ਲੰਬੀ ਅਤੇ ਕਠਿਨ ਪ੍ਰਕ੍ਰਿਆ ਹੈ। ਪ੍ਰੰਤੂ ਸਹਿਜ ਅਵੱਸਥਾ ਦੀ ਦਾਤ, ਸਾਰੀ ਮਿਹਨਤ ਨੂੰ ਸਾਰਥਕ ਕਰਦੀ ਹੈ।

1144. ਸਤਿਗੁਰੂ ਦੇ ਦੱਸੇ ਮਾਰਗ 'ਤੇ ਚੱਲਣ ਦਾ ਮਾਰਗ ਕਦੀ ਨਾ ਤਿਆਗੋ, ਕਿਉਂਕਿ ਇਹ ਹੀ ਤੁਹਾਨੂੰ ਵਾਹਿਗੁਰੂ ਨਾਲ ਮਿਲਾਪ ਤੱਕ ਲੈ ਜਾਂਦਾ ਹੈ। ਜੇ ਰਸਤੇ ਵਿਚ ਕੋਈ ਰੁਕਾਵਟਾਂ ਆਉਣ ਤੇ ਸਤਿਗੁਰੂ ਅੱਗੇ ਮਦਦ ਦੀ ਅਰਜ਼ੋਈ ਕਰੋ।

1145. ਵਾਹਿਗੁਰੂ ਨਾਲ ਸਾਂਝ ਪ੍ਰਾਪਤ ਕਰਨ ਦੇ ਦੋ ਤਰੀਕੇ ਹਨ:

1. ਸਤਿਗੁਰੂ ਦੇ ਉਪਦੇਸ਼ ਅਨੁਸਾਰ ਉਸ ਵੱਡੇ ਦੀ ਵਡਿਆਈ (ਸਤਿਨਾਮ) ਵਾਹਿਗੁਰੂ ਬਾਰੇ ਵਿਚਾਰਨ ਦੀ ਕੋਸ਼ਿਸ਼ ਕਰਕੇ।

2. ਸਤਿਗੁਰੂ ਦੇ ਉਪਦੇਸ਼ ਅਨੁਸਾਰ, ਸਾਡੇ ਅੰਦਰ ਹਾਜ਼ਰ ਵਾਹਿਗੁਰੂ ਬਾਰੇ ਸੋਚ ਕੇ। ਪਹਿਲੇ ਵਾਲੇ ਦੇ ਸੰਬੰਧ ਵਿਚ ਮਾਨਸਿਕ ਯਤਨ ਦੀ ਲੋੜ ਹੈ। ਦੂਸਰੇ ਵਿਚ ਕੋਈ ਮਾਨਸਿਕ ਯਤਨ ਜ਼ਰੂਰੀ ਨਹੀਂ। ਕੇਵਲ ਸੱਚਾਈ ਨੂੰ ਸਵੀਕਾਰਣ ਦੀ ਲੋੜ ਹੈ। ਪਹਿਲੇ ਵਾਲੇ ਦੇ ਮਾਮਲੇ ਵਿਚ ਸੇਵਕ ਮਨ ਜੋੜ ਕੇ ਭਜਨ ਕੀਰਤਨ ਸ਼ੁਰੂ (ਵਾਹਿਗੁਰੂ ਦੀ ਭਗਤੀ) ਕਰਦਾ ਹੈ। ਦੂਸਰੇ ਵਿਚ ਵਾਹਿਗੁਰੂ ਦੀ ਭਗਤੀ ਆਪ-ਮੁਹਾਰੇ ਹੁੰਦੀ ਰਹਿੰਦੀ ਹੈ। ਪ੍ਰੰਤੂ, ਦੋਨਾਂ ਹੀ ਮਾਮਲਿਆਂ ਵਿਚ ਸਤਿਗੁਰੂ ਦੇ ਗਿਆਨ ਦੀ ਪ੍ਰਾਪਤੀ ਪਹਿਲੀ ਲੋੜ ਹੈ।

1146. ਸਤਿਗੁਰੂ ਅਤੇ ਵਾਹਿਗੁਰੂ ਦੀ ਮਿਹਰ ਸਦਕਾ, ਸਿੱਖ ਦੇ ਸਤਿਗੁਰੂ ਅਤੇ ਵਾਹਿਗੁਰੂ ਨਾਲ ਬੌਧਿਕ ਅਤੇ ਭਾਵਨਾਤਮਕ ਸੰਬੰਧ ਸਥਾਈ ਹੁੰਦੇ ਹਨ। ਇਹ ਸੰਬੰਧ, ਜਾਗਰੂਕਤਾ ਦੇ ਅਧੀਨ ਨਹੀਂ ਹਨ। ਉਹ ਹਮੇਸ਼ਾਂ ਉਥੇ ਹੀ ਹੁੰਦੇ ਹਨ। ਜਿਉਂ ਹੀ ਸਤਿਗੁਰੂ ਅਤੇ ਵਾਹਿਗੁਰੂ ਦਾ ਹੁਕਮ ਹੁੰਦਾ ਹੈ, ਮਨੁੱਖੀ ਸਰੀਰ ਰੂਪੀ ਮੰਦਰ ਵਿਚ ਵਾਹਿਗੁਰੂ ਦੇ ਹਾਜ਼ਰ ਹੋਣ ਦੀ ਸਵੀਕ੍ਰਿਤੀ ਅਤੇ ਇਸ ਮੰਦਰ ਅੰਦਰ ਸੁਭਾਵਿਕ ਤੌਰ 'ਤੇ ਚੱਲ ਰਹੀ ਭਗਤੀ ਦਾ ਅਨੁਭਵ ਹੋਣ ਲੱਗਦਾ ਹੈ।

1147. ਵਾਹਿਗੁਰੂ ਵੱਲੋਂ ਸਤਿਗੁਰੂ ਨੂੰ ਬਖ਼ਸ਼ਿਆ ਸਨਮਾਨ, ਕਿਸੇ ਵੀ ਦੇਵੀ-ਦੇਵਤੇ ਨੂੰ ਦਿੱਤੇ ਸਨਮਾਨ ਨਾਲੋਂ ਉੱਚਾ ਹੁੰਦਾ ਹੈ।

1148. ਵਾਹਿਗੁਰੂ ਆਪਣੇ ਪੂਰੇ ਜਮਾਲ ਅਤੇ ਜਲਾਲ ਨਾਲ ਹਰ ਪਾਸੇ, ਹਰੇਕ ਅੰਦਰ ਅਤੇ ਹਰ ਚੀਜ਼ ਵਿਚ ਬਿਰਾਜਮਾਨ ਹੈ। ਇਸ ਨੂੰ ਸਮਝੋ, ਇਸ ਤੇ ਯਕੀਨ ਕਰੋ। ਨਿਮਰਤਾ, ਸਤਿਕਾਰ, ਪਿਆਰ ਨਾਲ ਦਿਲੋਂ (ਮਨੋਂ) ਉਸ ਨਾਲ ਜੁੜੋ। ਉਸ ਅੱਗੇ ਅਰਦਾਸ ਕਰੋ ਕਿ ਇਹ ਨਾਤਾ ਚਿਰ-ਸਥਾਈ ਬਣ ਜਾਵੇ।

1149. ਕੀ ਸਰਬ-ਵਿਆਪਕ ਪ੍ਰਮਾਤਮਾ ਮਨ ਵਿਚ ਰਹਿੰਦਾ ਹੈ। ਕੇਵਲ ਸਤਿਗੁਰੂ ਹੀ, ਉਸਨੂੰ ਮਨ ਵਿਚ ਵਸਾਉਣ ਵਿਚ ਮਦਦ ਕਰ ਸਕਦਾ ਹੈ। ਬਾਅਦ ਵਿਚ, ਮਤਿ, ਗੁਰੂ ਦੇ ਵਿਚਾਰਾਂ ਨੂੰ ਵਿਚਾਰਦੀ ਹੈ ਅਤੇ ਹਿਰਦਾ ਸਤਿਗੁਰੂ ਦੀਆਂ ਭਾਵਨਾਵਾਂ ਨੂੰ ਮਹਿਸੂਸ ਕਰਦਾ ਹੈ।

1150. ਇਕ ਕਥਾਵਾਚਕ, ਮਨ ਦੀ ਸਹਿਜ ਅਵੱਸਥਾ ਦੀ ਤੁਲਨਾ ਉਸ ਬਾਜ਼ (ਪੰਛੀ) ਦੀ

ਸਰਲ ਉਡਾਨ ਨਾਲ ਕਰਦਾ ਹੈ ਜੋ, ਜਦੋਂ ਆਕਾਸ਼ ਵਿਚ ਖੁੱਲ੍ਹੇ ਪੰਖਾਂ ਨਾਲ ਉੱਡ ਰਿਹਾ ਹੁੰਦਾ ਹੈ, ਪਰ ਉਸਦੇ ਪੰਖ ਫੜਫੜਾ ਨਹੀਂ ਰਹੇ ਹੁੰਦੇ, ਅਜਿਹੀ ਸਥਿਤੀ ਵਿਚ, ਕੁਦਰਤ ਉਸ ਪੰਛੀ ਦੀ ਉਡਾਨ ਉੱਪਰ ਕਾਬਜ਼ ਹੋ ਜਾਂਦੀ ਹੈ। ਸਹਿਜ ਅਵੱਸਥਾ ਵਿਚ, ਗੁਰੂ ਅਤੇ ਵਾਹਿਗੁਰੂ, ਸੇਵਕ (ਭਗਤ) ਦੇ ਮਨ ਦੀ ਉਡਾਨ ਉੱਪਰ ਕਾਬਿਜ਼ ਹੁੰਦਾ ਹੈ। ਇਹ ਉਡਾਨ ਸਰਲ ਅਤੇ ਆਨੰਦਮਈ ਬਣ ਜਾਂਦੀ ਹੈ। ਗੁਰੂ/ਵਾਹਿਗੁਰੂ ਦੀ ਕ੍ਰਿਪਾ ਨਾਲ ਹੀ ਅਜਿਹਾ ਹੁੰਦਾ ਹੈ। ਉਪਰੋਕਤ ਵਿਚਾਰ ਉਦਾਹਰਣ ਹੋ ਸਕਦਾ ਹੈ ਸੰਪੂਰਨ ਉਦਾਹਰਣ ਨਾ ਹੋਵੇ। ਪ੍ਰੰਤੂ ਇਹ ਬਹੁਤ ਹੀ ਵਧੀਆ ਉਦਾਹਰਣ ਹੈ। ਕਿਸੇ ਵੀ ਮਨੁੱਖ ਨੂੰ ਪੂਰੀ ਤਰ੍ਹਾਂ ਮਨ ਦੀ ਸਹਿਜ ਅਵੱਸਥਾ ਬਾਰੇ ਕਿਸੇ ਵੀ ਮਨੁੱਖ ਨੂੰ ਬੋਲ ਕੇ ਬਿਆਨਿਆ ਨਹੀਂ ਜਾ ਸਕਦਾ। ਗੁਰਬਾਣੀ ਦੀ ਇਕ ਤੁੱਕ ਅਨੁਸਾਰ, ਸ਼ਬਦ ਇਸਦਾ ਬਿਆਨ ਕਰਨ ਤੋਂ ਅਸਮਰੱਥ ਹਨ। ਇਸਦਾ ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ। ''ਕਹਿਬੇ ਕੋ ਸੋਭਾ ਨਹੀਂ, ਦੇਖਾ ਹੀ ਪਰਵਾਣ''

1151. ਜੇਕਰ ਵਾਹਿਗੁਰੂ ਕਿਸੇ ਮਨੁੱਖ ਨੂੰ ਅਜਿਹਾ ਬਣਾ ਦਿੰਦਾ ਹੈ, ਕੇਵਲ ਉਦੋਂ ਹੀ ਉਹ ਮਨੁੱਖ ਬਣ ਜਾਂਦਾ ਹੈ :

- ✲ ਭੈਅ ਤੋਂ ਮੁਕਤ।
- ✲ ਵੈਰ ਤੋਂ ਰਹਿਤ।
- ✲ ਮਾਇਆ ਦੇ ਜਾਲ ਤੋਂ ਮੁਕਤ।
- ✲ ਸ਼ੰਕਾ-ਰਹਿਤ।
- ✲ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੇ ਪ੍ਰਭਾਵ ਤੋਂ ਮੁਕਤ।
- ✲ ਮਰਨ, ਪੁਰਨ-ਜਨਮ ਅਤੇ ਮਰਨ ਦੇ ਚੱਕਰ ਤੋਂ ਮੁਕਤ।
- ✲ ਸਤਿਗੁਰੂ ਦਾ ਸੱਚਾ ਸਿੱਖ।
- ✲ ਸਹਿਜ ਅਵੱਸਥਾ ਨਾਲ ਵਾਹਿਗੁਰੂ ਦੀ ਭਗਤੀ ਕਰਨ ਵਾਲਾ।
- ✲ ਚੰਗੇ ਅਤੇ ਨੇਕ ਕਰਮ ਕਰਨ ਵਾਲਾ।
- ✲ ਸਰਬੱਤ ਦਾ ਭਲਾ ਚਾਹੁਣ ਵਾਲਾ।
- ✲ ਈਰਖਾ-ਰਹਿਤ।
- ✲ ਚੁਗਲਖੋਰੀ ਤੋਂ ਮੁਕਤ।
- ✲ ਭੈੜੀਆਂ ਖਾਹਿਸ਼ਾਂ ਤੋਂ ਮੁਕਤ।
- ✲ ਚਿੰਤਾਵਾਂ ਤੋਂ ਮੁਕਤ।
- ✲ ਫਿਕਰਾਂ ਤੋਂ ਮੁਕਤ।

✲ ਦੁੱਖਾਂ ਤੋਂ ਮੁਕਤ।

✲ ਪ੍ਰਸੰਸਾ ਅਤੇ ਅਸਹਿਮਤੀ ਦੇ ਪ੍ਰਭਾਵ ਤੋਂ ਮੁਕਤ।

✲ ਸੱਚਾ।

✲ ਸੰਤੋਖੀ।

✲ ਦਇਆਵਾਨ।

✲ ਹਮਦਰਦ।

✲ ਨੇਕ ਭਾਵਨਾ ਨਾਲ ਧਾਰਮਿਕ।

✲ ਖੁੱਲ੍ਹੇ ਮਨ ਵਾਲਾ।

✲ ਸਹਿਨਸ਼ੀਲ ਅਤੇ ਸੰਜਮੀ।

✲ ਸੰਤਾਂ ਦਾ ਸਤਿਕਾਰ ਕਰਨ ਵਾਲਾ।

✲ ਨਿਰਪੱਖ।

✲ ਸੱਚੀ ਸ਼ਾਂਤੀ ਅਤੇ ਪ੍ਰਸੰਨਤਾ ਦਾ ਆਨੰਦ ਲੈਣ ਵਾਲਾ।

1152. ਕਿਸੇ ਮਨੁੱਖ ਦੀ ਸ਼ਖਸ਼ੀਅਤ ਵਿਚ ਉਪਰੋਕਤ ਦਰਸਾਏ ਗੁਣਾਂ ਨੂੰ ਪ੍ਰਦਾਨ ਕਰਨ ਲਈ, ਵਾਹਿਗੁਰੂ ਉਸ ਮਨੁੱਖ ਉੱਪਰ ਸਤਿਗੁਰੂ ਨਾਲ ਮਿਲਾਪ ਦੀ ਬਖ਼ਸ਼ਿਸ਼ ਕਰਦਾ ਹੈ। ਗੁਰੂ ਦੇ ਸਿੱਖ ਵਜੋਂ, ਉਹ ਮਨੁੱਖ, ਉਪਰੋਕਤ ਗੁਣ ਪ੍ਰਾਪਤ ਕਰਦਾ ਹੈ।

1153. ਕੇਵਲ ਗੁਰੂ ਦੇ ਗਿਆਨ ਤੋਂ ਪ੍ਰੇਰਿਤ ਮਨੁੱਖ ਹੀ ਨਾਮ ਦੀ ਕਾਮਨਾ ਕਰਦਾ ਹੈ।

1154. ਗੁਰੂ ਦੇ ਉਪਦੇਸ਼ ਨਾਲ ਜਦੋਂ ਸਿੱਖ ਵਾਹਿਗੁਰੂ ਦਾ ਨਾਮ ਜਪਦਾ ਹੈ ਤਾਂ ਉਸ ਦੇ ਅੰਦਰ ਇਹ ਭਾਵ ਪੈਦਾ ਹੁੰਦੇ ਹਨ : ਸਿੱਖ ਵਾਹਿਗੁਰੂ ਨੂੰ ਹਰ ਸ਼ੈ ਵਿਚ ਹਾਜ਼ਰ-ਨਾਜ਼ਰ ਮੰਨਦਾ ਹੈ। ਸਿੱਖ ਸਾਰੇ ਵਹਿਮ ਭਰਮ ਤਿਆਗ ਕੇ ਵਾਹਿਗੁਰੂ ਦੀ ਵਡਿਆਈ ਨੂੰ ਮੰਨਦਾ ਹੈ। ਸਿੱਖ ਸ਼ਰਧਾ ਤੇ ਪ੍ਰੇਮ ਨਾਲ ਵਾਹਿਗੁਰੂ ਦੇ ਚਰਨਾਂ ਵਿਚ ਜੁੜ ਜਾਂਦਾ ਹੈ।

1155. ਸਤਿਗੁਰੂ ਦੀ ਸਿੱਖ ਨੂੰ ਪੰਜ ਬਾਣੀਆਂ ਅੰਮ੍ਰਿਤ ਵੇਲੇ ਅਤੇ ਦੋ ਬਾਣੀਆਂ ਸ਼ਾਮ ਨੂੰ ਜਪਣ ਦੀ ਸਲਾਹ, ਸਿੱਖ ਦਾ ਨਿਮਰਤਾ, ਸਤਿਕਾਰ, ਪਿਆਰ, ਅਰਜ਼ੋਈ ਅਤੇ ਸ਼ਰਧਾ ਨਾਲ ਵਾਹਿਗੁਰੂ ਦੀ ਭਗਤੀ (ਸੰਤਾਂ, ਸਤਿਗੁਰੂ ਅਤੇ ਵਾਹਿਗੁਰੂ ਨਾਲ ਮਿਲਾਪ) ਵਿਚ ਮਨ ਜੋੜਦੀ ਹੈ।

1156. ਸੇਵਕ ਅਤੇ ਵਾਹਿਗੁਰੂ ਦੇ ਪ੍ਰੇਮ ਦੀਆਂ ਵਿਸ਼ੇਸ਼ਤਾਵਾਂ ਹਨ :

✲ ਇਹ ਪਿਆਰ ਸਭ ਤੋਂ ਵੱਧ ਪਵਿੱਤਰ ਅਤੇ ਬਾਕੀ ਸਾਰੇ ਪ੍ਰੇਮਾਂ ਤੋਂ ਉੱਪਰ ਹੈ।

✲ ਵਾਹਿਗੁਰੂ ਜਿਸ ਮਨੁੱਖ ਨੂੰ ਪਿਆਰ ਕਰਦਾ ਹੈ, ਉਸਨੂੰ ਆਪਣੇ ਵਰਗਾ (ਆਪਣਾ

ਸਰੂਪ) ਬਣਾ ਲੈਂਦਾ ਹੈ।

- ✲ ਵਾਹਿਗੁਰੂ ਜਿਸ ਮਨੁੱਖ ਨੂੰ ਪਿਆਰ ਕਰਦਾ ਹੈ, ਉਸਨੂੰ ਸਾਰੇ ਸੁਖ ਬਖਸ਼ਦਾ ਹੈ ਅਤੇ ਉਸਨੂੰ ਸਾਰੇ ਦੁੱਖਾਂ ਤੋਂ ਮੁਕਤ ਕਰਦਾ ਹੈ।
- ✲ ਵਾਹਿਗੁਰੂ, ਆਪਣੇ ਸੇਵਕ ਦਾ ਜਨਮ-ਮਰਨ ਦਾ ਚੱਕਰ ਸਮਾਪਤ ਕਰਦਾ ਹੈ।
- ✲ ਵਾਹਿਗੁਰੂ ਆਪਣੇ ਸੇਵਕ ਨੂੰ ਮੁਕਤੀ ਦੀ ਬਖ਼ਸ਼ਿਸ਼ ਕਰਦਾ ਹੈ।
- ✲ ਵਾਹਿਗੁਰੂ ਆਪਣੇ ਸੇਵਕ ਉੱਪਰ ਆਪਣੇ ਪਿਆਰ ਵਿਚ ਜੋੜੀ ਰੱਖਦਾ ਹੈ। ਇੰਝ ਸੇਵਕ ਸਦਾ ਵਾਹਿਗੁਰੂ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ।
- ✲ ਸੇਵਕ, ਵਾਹਿਗੁਰੂ ਨੂੰ ਹੀ ਆਪਣਾ ਮੁਕਤੀਦਾਤਾ, ਬਖਸ਼ਣਹਾਰ ਅਤੇ ਕ੍ਰਿਪਾਲੂ ਮੰਨਦਾ ਹੈ।
- ✲ ਸੇਵਕ ਕੇਵਲ ਗੁਰੂ ਅਤੇ ਵਾਹਿਗੁਰੂ ਅੱਗੇ ਹੀ ਅਰਜ਼ੋਈ ਕਰਦਾ ਹੈ।
- ✲ ਸੇਵਕ ਦੇ ਰਿਸ਼ਤੇਦਾਰ ਅਤੇ ਮਿੱਤਰ ਵੀ, ਵਾਹਿਗੁਰੂ ਦੇ ਭਗਤ ਬਣ ਜਾਂਦੇ ਹਨ ਅਤੇ ਜੀਵਨ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਦਾ ਆਨੰਦ ਮਾਣਦੇ ਹਨ।
- ✲ ਸੇਵਕ ਪੰਜ ਅਸਾਧ ਵਿਕਾਰਾਂ ਦੀ ਪ੍ਰਵਾਹ ਨਹੀਂ ਕਰਦਾ। ਇਹ ਵਿਕਾਰ, ਸੇਵਕ ਦੇ ਵੱਸ ਰਹਿੰਦੇ ਹਨ।
- ✲ ਸੇਵਕ ਮੌਤ ਦੇ ਡਰ ਤੋਂ ਮੁਕਤ ਹੋ ਜਾਂਦਾ ਹੈ।
- ✲ ਸੇਵਕ ਵੈਰ ਦੀ ਭਾਵਨਾ ਤੋਂ ਮੁਕਤ ਹੋ ਜਾਂਦਾ ਹੈ।
- ✲ ਸੇਵਕ ਈਰਖਾ ਤੋਂ ਮੁਕਤ ਹੋ ਜਾਂਦਾ ਹੈ।
- ✲ ਸੇਵਕ, ਹਰ ਸਮੇਂ ਵਾਹਿਗੁਰੂ ਦੇ ਨਾਮ ਅੰਮ੍ਰਿਤ ਦਾ ਆਨੰਦ ਮਾਣਦਾ ਹੈ।
- ✲ ਸੇਵਕ ਸੰਤਾਂ ਦੀ ਸੰਗਤ ਵਿਚ ਰਹਿੰਦਾ ਹੈ।
- ✲ ਸੇਵਕ ਨੂੰ ਕੋਈ ਕਮੀ ਨਹੀਂ ਰਹਿੰਦੀ।
- ✲ ਸੇਵਕ ਚਿਰ-ਸਥਾਈ ਸ਼ਾਂਤੀ ਅਤੇ ਪ੍ਰਸੰਨਤਾ ਅਨੁਭਵ ਕਰਦਾ ਹੈ।
- ✲ ਸੇਵਕ ਬ੍ਰਹਮ ਗਿਆਨ ਦੀਆਂ ਰਚਨਾਵਾਂ ਨੂੰ ਦਿਲੋਂ ਪਿਆਰ ਕਰਦਾ ਹੈ।
- ✲ ਸੇਵਕ ਚੰਗੇ ਅਤੇ ਨੇਕ ਕਰਮ ਕਰਨ ਲਈ ਹਮੇਸ਼ਾਂ ਤਤਪਰ ਰਹਿੰਦਾ ਹੈ। ਉਹ ਮਾੜੇ ਕਰਮਾਂ ਤੋਂ ਦੂਰ ਰਹਿੰਦਾ ਹੈ।
- ✲ ਸੇਵਕ ਗੁਰਬਾਣੀ ਦੇ ਕੀਰਤਨ ਵਿਚ ਲੀਨ ਰਹਿੰਦਾ ਹੈ।

1157. ਰੱਬੀ ਪ੍ਰੇਮ ਵੱਡੇ ਭਾਗਾਂ ਨਾਲ, ਸਤਿਗੁਰੂ ਦੇ ਮਾਰਗ-ਦਰਸ਼ਨ ਨਾਲ, ਸਤਿਗੁਰੂ ਦੇ ਬ੍ਰਹਮ ਗਿਆਨ ਵਿਚ ਪੱਕੇ ਯਕੀਨ ਅਤੇ ਸਪੱਸ਼ਟ ਸਮਝ ਨਾਲ ਅਤੇ ਗੁਰਬਾਣੀ ਦੇ

ਉਪਦੇਸ਼ਾਂ ਅਨੁਸਾਰ ਜੀਵਨ ਜਿਉਣ ਨਾਲ ਮਿਲਦਾ ਹੈ। ਸੇਵਕ, ਸਤਿਗੁਰੂ ਦੇ ਸ਼ਬਦਾਂ ਵਿਚ ਪ੍ਰਗਟਾਏ, ਬ੍ਰਹਮ ਗਿਆਨ ਦੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਸੱਚੇ ਦਿਲੋਂ ਮਨ ਵਿਚ ਵਸਾਉਣ ਦੀ ਕੋਸ਼ਿਸ਼ ਕਰਦਾ ਹੈ।

1158. ਜਿਵੇਂ ਜਿਵੇਂ, ਸੇਵਕ ਦਾ ਵਾਹਿਗੁਰੂ ਨਾਲ ਪ੍ਰੇਮ ਤੀਬਰ ਹੁੰਦਾ ਜਾਂਦਾ ਹੈ ਅਤੇ ਜਦੋਂ ਇਹ ਪ੍ਰੇਮ ਸਿਖਰ 'ਤੇ ਪਹੁੰਚ ਜਾਂਦਾ ਹੈ, ਤਾਂ ਉਦੋਂ ਸੇਵਕ, ਵਾਹਿਗੁਰੂ ਨਾਲ ਮਿਲਾਪ ਦਾ ਅਨੁਭਵ ਕਰਦਾ ਹੈ। ਹੁਣ ਸੇਵਕ ਸੁਤੇ ਸਿਧ ਵਾਹਿਗੁਰੂ ਨੂੰ ਧਿਆਉਂਦਾ ਹੈ ਅਤੇ ਉਸ ਨਾਲ ਸਾਂਝ ਪਾਉਂਦਾ ਹੈ। ਸਹਿਜ ਦੀ ਅਜਿਹੀ ਅਵੱਸਥਾ ਵਿਚ, ਸੇਵਕ ਵਾਹਿਗੁਰੂ ਦੀ ਭਗਤੀ ਦੇ ਸੁਭਾਵਿਕ ਪ੍ਰਵਾਹ ਨੂੰ ਅਨੁਭਵ ਕਰਦਾ ਹੈ।

1159. ਗੁਰਸ਼ਬਦ, ਗੁਰੂ ਦੇ ਦ੍ਰਿੜ ਵਿਸ਼ਵਾਸ ਅਤੇ ਮਹਿਸੂਸ ਕੀਤੇ ਪ੍ਰਗਟਾਵੇ ਹਨ। ਇਸੇ ਕਾਰਣ, ਗੁਰੂ ਜੀ, ਸੰਤਾਂ, ਸਤਿਗੁਰੂ ਅਤੇ ਵਾਹਿਗੁਰੂ ਬਾਰੇ ਆਪਣੇ ਉਪਦੇਸ਼ ਏਨੀ ਸਪੱਸ਼ਟਤਾ ਨਾਲ ਪ੍ਰਗਟਾਉਂਦੇ ਹਨ।

1160. ਸਿੱਖ ਦੀ ਵਾਹਿਗੁਰੂ ਪ੍ਰਤੀ ਨਿਮਰਤਾ, ਉਸਦੇ ਗੁਰੂ ਦੀ ਵਾਹਿਗੁਰੂ ਪ੍ਰਤੀ ਨਿਮਰਤਾ ਨਾਲੋਂ ਜ਼ਿਆਦਾ ਨਿਮਰ ਹੋਣੀ ਚਾਹੀਦੀ ਹੈ।

1161. ਇਹ ਜਾਣਕਾਰੀ ਕਿੰਨੀ ਹੈਰਾਨਕੁੰਨ 'ਚੋਂ ਹੈਰਾਨਕੁੰਨ ਅਤੇ ਚਮਤਕਾਰਾਂ ਵਿਚੋਂ ਚਮਤਕਾਰੀ ਹੈ ਕਿ ਸਾਰੀ ਰਚਨਾ ਹਰ ਪਲ ਬਦਲ ਰਹੀ ਹੈ, ਇਹ ਦੁਬਾਰਾ ਕਦੀ ਵੀ ਪਹਿਲਾਂ ਵਰਗੀ ਨਹੀਂ ਹੁੰਦੀ। ਦ੍ਰਿਸ਼ ਅਤੇ ਅਦ੍ਰਿਸ਼ ਦੇ ਇਸ ਪਲ ਦੇ ਬਦਲਾਅ ਵਿਚ, ਕੇਵਲ ਇਕ ਸੱਚਾਈ ਹੀ ਚਿਰੰਜੀਵੀ ਹੈ। ਇਹ ਸੱਚਾਈ, ਹੋਰ ਕੋਈ ਨਹੀਂ ਬਲਕਿ, ਆਪਣੇ ਬੇਅੰਤ ਗੁਣਾਂ ਵਾਲਾ–ਸਿਰਜਣਹਾਰ ਆਪ ਹੀ ਹੈ।

1162. ਇਕ ਸੰਤ ਦਾ ਸਭ ਤੋਂ ਅਮੋਲਕ ਅਤੇ ਗੌਰਵਮਈ ਖਜ਼ਾਨਾ ਹੈ :

- ✲ ਸਤਿਗੁਰੂ ਦਾ ਗਿਆਨ।
- ✲ ਸਤਿਗੁਰੂ ਲਈ ਪਿਆਰ ਅਤੇ ਸਤਿਕਾਰ।
- ✲ ਆਪਣੇ ਪਿਆਰੇ (ਪ੍ਰਮਾਤਮਾ) ਲਈ ਪ੍ਰੇਮ।
- ✲ ਸਭ ਤੋਂ ਵੱਧ ਸਤਿਕਾਰਯੋਗ ਲਈ ਸਤਿਕਾਰ।
- ✲ ਦਾਤਾਂ ਦੇਣ ਵਾਲੇ ਪ੍ਰਤੀ ਸ਼ੁਕਰਾਨੇ ਦੀ ਭਾਵਨਾ।
- ✲ ਸਭ ਤੋਂ ਮਹਾਨ (ਪ੍ਰਮਾਤਮਾ) ਪ੍ਰਤੀ ਨਿਮਰਤਾ।
- ✲ ਸੱਚੇ ਪ੍ਰਭੂ ਉੱਪਰ ਭਰੋਸਾ।
- ✲ ਵੱਡੇ ਕ੍ਰਿਪਾਲੂ ਪ੍ਰਭੂ ਵਲੋਂ ਦਾਨ ਪ੍ਰਾਪਤ ਕਰਨਾ।
- ✲ ਰੱਖਣਹਾਰੇ ਦੀ ਓਟ।

- ✲ ਮਿੱਤਰ ਨਾਲ ਮਿੱਤਰਤਾ।
- ✲ ਉਸ ਪ੍ਰਭੂ ਅੱਗੇ ਸੀਸ ਨਿਵਾਉਣਾ ਜੋ ਸੁਣਦਾ ਅਤੇ ਉੱਤਰ ਦਿੰਦਾ ਹੈ।
- ✲ ਉਸ ਦਿਆਲੂ ਕ੍ਰਿਪਾਲੂ ਦੀ ਕ੍ਰਿਪਾ।
- ✲ ਮਾਤ-ਪਿਤਾ (ਵਾਹਿਗੁਰੂ) ਤੋਂ ਉਪਰੋਕਤ ਖਜ਼ਾਨੇ ਦੀ ਆਸ ਕਰਨਾ।
- ✲ ਜੇ ਮਨੁੱਖ ਇਹ ਜਾਨਣ ਦੀ ਇੱਛਾ ਰੱਖਦਾ ਹੈ ਕਿ ਪ੍ਰਮਾਤਮਾ ਦੀ ਹੋਂਦ ਹੈ ਕਿ ਨਹੀਂ, ਤਾਂ ਫਿਰ ਉਸਨੂੰ ਸਤਿਗੁਰੂ ਦਾ ਸੱਚਾ ਸਿੱਖ ਬਨਣਾ ਪਵੇਗਾ। ਇਸ ਜ਼ਰੂਰਤ ਦਾ ਕੋਈ ਅਪਵਾਦ ਨਹੀਂ ਹੈ। ਸਿੱਖੀ ਦੀ ਇਹ ਵਚਨਬੱਧਤਾ ਤੋਂ ਬਾਅਦ ਹੀ, ਗੁਰੂ ਦੇ ਗਿਆਨ ਨਾਲ, ਮਨੁੱਖ ਦੇ ਵਿਚਾਰ ਅਤੇ ਭਾਵਨਾਵਾਂ, ਸਤਿਗੁਰੂ ਦੇ ਗਿਆਨ ਅਤੇ ਭਾਵਨਾਵਾਂ ਇਕ ਸੇਧ ਵਿਚ ਆਉਣ ਲੱਗਦੇ ਹਨ। ਜਿਵੇਂ-ਜਿਵੇਂ ਗੁਰਬਾਣੀ ਸਿੱਖ ਦੇ ਮਨ ਵਿਚ ਤਬਦੀਲੀ ਲਿਆਂਦੀ ਜਾਂਦੀ ਹੈ, ਉਹ ਹੋਰ ਵਧੇਰੇ ਚੰਗੀ ਤਰ੍ਹਾਂ ਵਾਹਿਗੁਰੂ ਦੀ ਸਰਬ ਵਿਆਪਕਤਾ ਦਾ ਅਨੁਭਵ ਕਰਨ ਲੱਗਦਾ ਹੈ। ਵਾਹਿਗੁਰੂ ਦੀ ਸਰਬ ਵਿਆਪਕਤਾ ਦਾ ਬੌਧਿਕ ਅਤੇ ਭਾਵਨਾਤਮਿਕ ਦੋਨੋਂ ਤਰ੍ਹਾਂ ਨਾਲ ਅਨੁਭਵ ਹੁੰਦਾ ਹੈ। ਆਖਿਰਕਾਰ, ਵਾਹਿਗੁਰੂ ਪ੍ਰਤੀ ਪਿਆਰ ਅਤੇ ਸਤਿਕਾਰ, ਸਿੱਖ ਦੇ ਮਨ ਤੇ ਹਾਵੀ ਹੋ ਜਾਂਦਾ ਹੈ। ਫਿਰ ਮਨ ਦੀਆਂ ਨਜ਼ਰਾਂ ਨਾਲ ਹਰ ਪਾਸੇ ਵਾਹਿਗੁਰੂ ਹੀ ਨਜ਼ਰ ਆਉਂਦਾ ਹੈ (ਸਰੀਰ ਦੇ ਅੰਦਰ ਵੀ ਅਤੇ ਬਾਹਰ ਵੀ)। ਇਹ ਮਨ ਦੀ ਅਜਿਹੀ ਅਵੱਸਥਾ ਹੈ, ਜਦੋਂ ਵਾਹਿਗੁਰੂ ਦਾ ਧਿਆਨ ਇਕ ਰਸ ਸ਼ੁਰੂ ਹੁੰਦਾ ਹੈ।

1164. ਵਾਹਿਗੁਰੂ ਨਾਲ ਮਨ ਦੀ ਨਿਰੰਤਰ ਸਾਂਝ, ਚੰਗੇ ਅਤੇ ਨੇਕ ਕਰਮ ਕਰਨ ਦੇ ਰੁਝਾਨ ਨਾਲ ਅਤੇ ਮਾੜੇ ਕਰਮਾਂ ਤੋਂ ਦੂਰ ਰਹਿਣ ਨਾਲ ਜਾਣੀ ਜਾਂਦੀ ਹੈ। ਸਤਿਗੁਰੂ ਦਾ ਸੱਚਾ ਸਿੱਖ ਭਲੇ ਅਤੇ ਨੇਕ ਕਰਮ ਕਰਦਾ ਹੈ।

1165. ਹਰੇਕ ਮਨੁੱਖ ਦੇ ਅੰਦਰ ਦੀ ਆਤਮਾ ਪਰਮ ਜੋਤ (ਪ੍ਰਮਾਤਮਾ) ਦੇ ਨਾਲ ਪੂਰਨ ਅਤੇ ਨਿਰੰਤਰ ਮਿਲਾਪ ਵਿਚ ਹੁੰਦੀ ਹੈ। ਸਤਿਗੁਰੂ ਆਪਣੇ ਗਿਆਨ ਨਾਲ ਸਿੱਖ ਦਾ ਮਨ, ਪੂਰਨ ਅਤੇ ਨਿਰੰਤਰ ਤੌਰ 'ਤੇ ਆਤਮਾ ਨਾਲ ਮਿਲਾ ਦਿੰਦਾ ਹੈ। ਮਨ ਦੇ ਆਤਮਾ ਨਾਲ ਜੁੜ ਜਾਣ ਤੇ, ਸਿੱਖ ਦਾ ਮਨ, ਸੁਤੇ ਸਿਧ ਹੀ ਪ੍ਰਮਾਤਮਾ ਨਾਲ ਜੁੜ ਜਾਂਦਾ ਹੈ। ਫਿਰ ਸਿੱਖ ਦੇ ਮਨ ਅੰਦਰ ਸਿਮਰਨ, ਸੁਤੇ ਸਿਧ ਅਤੇ ਆਪਣੇ-ਆਪ ਹੀ ਚੱਲਦਾ ਰਹਿੰਦਾ ਹੈ, ਕਿਉਂਕਿ ਗੁਰੂ ਦਾ ਸਿੱਖ, ਵਾਹਿਗੁਰੂ ਦਾ ਸੇਵਕ ਪੂਰੀ ਤਰ੍ਹਾਂ ਵਾਹਿਗੁਰੂ ਦੇ ਅੰਗ ਸੰਗ ਹੁੰਦਾ ਹੈ।

1166. ਪ੍ਰਮਾਤਮਾ ਨਾਲ ਮਿਲਾਪ ਲਈ ਚੇਤਨਤਾ ਦੇ ਤਰੀਕੇ ਨੂੰ ਹੋਰ ਉੱਚਾ ਚੁੱਕਣਾ ਅਤੇ ਮਨ ਦੀ ਸਹਿਜ ਅਵੱਸਥਾ ਵਿਚ ਆਉਣਾ, ਸਤਿਗੁਰੂ ਦੇ ਗਿਆਨ ਦੀ ਬਖ਼ਸ਼ਿਸ਼ ਪ੍ਰਾਪਤ ਕਰਨਾ ਹੈ, ਮਨ ਦੀ ਸਹਿਜ ਅਵੱਸਥਾ ਵਿਚ, ਸੇਵਕ ਸੁਤੇ ਸਿਧ ਅਤੇ ਹਮੇਸ਼ਾਂ ਹੀ

ਵਾਹਿਗੁਰੂ ਦੀ ਭਗਤੀ ਕਰਦਾ ਰਹਿੰਦਾ ਹੈ। ਸਤਿਗੁਰੂ ਦੇ ਗਿਆਨ ਨਾਲ ਸੇਵਕ ਦੇ ਮਨ ਵਿਚ ਉਪਜੀਆਂ ਵਿਚਾਰਸ਼ੀਲ ਅਤੇ ਭਾਵਨਾਤਮਕ ਸਾਂਝਾਂ ਮਜ਼ਬੂਤ ਅਤੇ ਅਟੁੱਟ ਹੁੰਦੀਆਂ ਹਨ।

1167. ਜੇ ਮਨ ਨੂੰ ਸਹਿਜ ਅਵੱਸਥਾ ਪ੍ਰਾਪਤ ਨਹੀਂ ਹੋਈ, ਤਾਂ ਫਿਰ ਪਹਿਲਾਂ ਆਪਣੇ ਦੁਨਿਆਵੀਂ ਕਾਰਜ ਪੂਰੇ ਕਰਨੇ ਚਾਹੀਦੇ ਹਨ। ਪ੍ਰਮਾਤਮਾ ਦਾ ਸਿਮਰਨ ਦੂਸਰੇ ਸਥਾਨ ਤੇ ਚਲਾ ਜਾਂਦਾ ਹੈ। ਪ੍ਰਮਾਤਮਾ ਦਾ ਧਿਆਨ ਦੂਰ ਹੋ ਜਾਂਦਾ ਹੈ।

1168. ਜੇ ਮਨ ਨੂੰ ਸਹਿਜ ਅਵੱਸਥਾ ਪ੍ਰਾਪਤ ਹੋ ਗਈ ਹੈ ਤਾਂ ਫਿਰ ਵਾਹਿਗੁਰੂ ਦਾ ਸਿਮਰਨ ਅਤੇ ਸੰਸਾਰੀ ਕਾਰਜ ਨਾਲੋਂ-ਨਾਲ ਹੀ ਕੀਤੇ ਜਾ ਸਕਦੇ ਹਨ। ਹਾਲਾਂਕਿ, ਭਟਕਨਾ ਨੂੰ ਘਟਾ ਕੇ, ਵਾਹਿਗੁਰੂ ਨਾਲ ਜੁੜੇ ਰਹਿਣਾ ਮਨ ਦਾ ਇਕ ਮਜ਼ਬੂਤ ਅਤੇ ਕੁਦਰਤੀ ਰੁਝਾਨ ਹੁੰਦਾ ਹੈ। ਉਪਰੋਕਤ ਬਚਨ, ਇਸ ਗੱਲ ਦਾ ਉੱਤਰ ਹਨ ਕਿਉਂਕਿ ਸਾਰੇ ਸਤਿਗੁਰੂਆਂ ਦਾ ਝੁਕਾਅ ਸਰਲ ਅਤੇ ਸਾਧਾਰਣ ਜੀਵਨ ਜਿਉਣ ਵੱਲ ਹੁੰਦਾ ਹੈ।

1169. ਜੇ ਸੇਵਕ ਉਸਦੇ (ਪ੍ਰਮਾਤਮਾ ਦੇ) ਕਿਸੇ ਵੀ ਗੁਣ ਕਾਰਣ ਅਤੇ ਪੂਰੀ ਜਾਗਰੁਕਤਾ ਨਾਲ ਸਾਰੇ ਭਰਮ-ਭੁਲੇਖਿਆਂ ਨੂੰ ਸਮਾਪਤ ਕਰਕੇ, ਆਪਣਾ ਧਿਆਨ, ਵਾਹਿਗੁਰੂ ਵਿਚ ਜੋੜ ਲੈਂਦਾ ਹੈ ਤਾਂ, ਫਿਰ ਧਿਆਨ ਦੇ ਉਹਨਾਂ ਪਲਾਂ ਵਿਚ ਸੇਵਕ, ਪ੍ਰਮਾਤਮਾ ਨੂੰ ਆਪਣੇ ਸਾਹਮਣੇ ਪਾਉਂਦਾ ਹੈ। (ਟੁਕ ਦਮ ਕਰਾਰੀ ਜੋ ਕਰੋ, ਹਾਜ਼ਰ ਹਜ਼ੂਰ ਖੁਦਾਈ)

1170. ਗੁਰੂਆਂ ਅਤੇ ਸੰਤਾਂ ਨੇ, ਧਿਆਨ ਲਗਾਉਣ ਲਈ, ਅੰਮ੍ਰਿਤ ਵੇਲੇ ਨੂੰ ਸਭ ਤੋਂ ਵਧੀਆ ਮੰਨਿਆ ਹੈ, ਕਿਉਂਕਿ ਉਸ ਸਮੇਂ ਹੋਰਨਾਂ ਚੀਜ਼ਾਂ ਤੋਂ ਮਨ ਨੂੰ ਹਟਾ ਕੇ, ਵਾਹਿਗੁਰੂ ਨੂੰ ਧਿਆਉਣਾ ਜ਼ਿਆਦਾ ਆਸਾਨ ਹੁੰਦਾ ਹੈ, ਬਾਕੀ ਸਾਰਾ ਦਿਨ, ਜਦੋਂ ਬਹੁਤ ਅਧਿਕ ਦੁਨਿਆਵੀ ਕਾਰਜਾਂ ਕਾਰਣ ਧਿਆਨ ਭਟਕ ਜਾਂਦਾ ਹੈ, ਉਦੋਂ ਵਾਹਿਗੁਰੂ ਦੀ ਭਗਤੀ ਵਿਚ ਮਨ ਜੋੜਨਾ ਔਖਾ ਹੋ ਜਾਂਦਾ ਹੈ।

1171. ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਨਾਲ ਬਹੁਤ ਹੀ ਜ਼ਿਆਦਾ ਪਿਆਰ ਕਰਦੇ ਸਨ। ਫੇਰ ਵੀ ਉਹ ਆਪਣੇ ਸਾਕ-ਸੰਬੰਧੀਆਂ ਅਤੇ ਸਿੱਖਾਂ ਤੋਂ ਅਲੱਗ-ਥਲੱਗ ਰਹਿ ਸਕਦੇ ਸਨ ਕਿਉਂਕਿ ਉਹਨਾਂ ਦਾ ਵਾਹਿਗੁਰੂ ਪ੍ਰਤੀ ਪਿਆਰ ਇਸ ਤੋਂ ਵੀ ਵੱਧ ਗਹਿਰਾ ਸੀ। ਇਹ ਚਮਤਕਾਰ ਕਿਸੇ ਦੀ ਵੀ ਸਮਝ ਤੋਂ ਪਰ੍ਹੇ ਹੈ, ਕਿਉਂਕਿ ਇਹ ਅਸੰਭਵ ਪ੍ਰਤੀਤ ਹੁੰਦਾ ਹੈ।

1172. ਕਿਸੇ ਵੀ ਤਰ੍ਹਾਂ ਦੀਆਂ ਸੁਖਾਵੀਆਂ ਜਾਂ ਅਣਸੁਖਾਵੀਆਂ ਪਰਸਥਿਤੀਆਂ ਵਿਚ ਵੀ, ਸੇਵਕ ਦਾ ਸਤਿਗੁਰੂ ਪ੍ਰਤੀ ਸੱਚਾ ਪਿਆਰ ਅਤੇ ਸੱਚਾ ਸਤਿਕਾਰ ਕਦੀ ਵੀ ਸਮਾਪਤ ਨਹੀਂ ਹੁੰਦਾ।

1173. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ, ਭਗਤਾਂ ਅਤੇ ਗੁਰੂਆਂ ਦੇ ਸੰਤਾਂ ਅਤੇ ਵਾਹਿਗੁਰੂ

ਪ੍ਰਤੀ ਸੱਚੇ ਪਿਆਰ ਅਤੇ ਸੱਚੇ ਸਤਿਕਾਰ ਦੀ ਕਹਾਣੀ ਹੈ। ਸਤਿਕਾਰਯੋਗ ਸਰੋਤਾਂ ਅਤੇ ਸਤਿਕਾਰਯੋਗ ਪਾਠਕ ਦੇ ਮਨ ਉੱਪਰ ਬਹੁਤ ਅਧਿਕ ਪ੍ਰਭਾਵ ਪਾਉਣ ਲਈ ਇਸ ਨੂੰ ਕਵਿਤਾ ਅਤੇ ਰਾਗ ਵਿਚ ਬਿਆਨ ਕੀਤਾ ਗਿਆ ਹੈ। ਗੁਰਬਾਣੀ ਦਾ ਕੀਰਤਨ, ਗੁਰੂ ਦੇ ਸਿੱਖ ਦਾ ਆਪਣੀ ਮੰਜ਼ਿਲ-(ਮਨ ਦੀ ਸਹਿਜ ਅਵੱਸਥਾ) ਪ੍ਰਤੀ ਮਾਨਸਿਕ ਰਫਤਾਰ ਨੂੰ ਹੋਰ ਤੇਜ਼ ਕਰ ਦਿੰਦਾ ਹੈ।

1174. ਮਾਛੀਵਾੜੇ ਬਾਰੇ ਲਿਖੀ ਆਪਣੀ ਕਵਿਤਾ ਵਿਚ ਦਰਸਾਏ ਦ੍ਰਿਸ਼ਟਾਂਤ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਸੇਵਕ ਦੇ ਵਾਹਿਗੁਰੂ ਪ੍ਰਤੀ ਸਦੀਵੀ ਪ੍ਰੇਮ ਅਤੇ ਸਤਿਕਾਰ ਦੀ ਵਿਆਖਿਆ ਕੀਤੀ ਹੈ। ਦੁੱਖ ਦੇ ਸਮੇਂ ਸੱਚੇ ਪਿਆਰ ਨੂੰ ਦਰਸਾਉਣ ਲਈ, ਉਹ ਹੀਰ-ਰਾਂਝੇ ਦੀ ਮਸ਼ਹੂਰ ਲੋਕ-ਕਥਾ ਦੇ ਅਲੰਕਾਰ ਦੀ ਵਰਤੋਂ ਕਰਦੇ ਹਨ।

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ ॥
ਤੁਧੁ ਬਿਨੁ ਰੋਗੁ ਰਜਾਈਆ ਦਾ ਓਢਣ
ਨਾਗ ਨਿਵਾਸਾ ਦੇ ਰਹਣਾ ॥
ਸੂਲ ਸੁਰਾਹੀ ਖੰਜਰੁ ਪਿਆਲਾ
ਬਿੰਗ ਕਸਾਈਆ ਦਾ ਸਹਣਾ ॥
ਯਾਰੜੇ ਦਾ ਸਾਨੂੰ ਸਥਰੁ ਚੰਗਾ
ਭੱਠ ਖੇੜਿਆ ਦਾ ਰਹਣਾ ॥ ੧ ॥ ੬ ॥

ਗੁਰੂ ਗੋਬਿੰਦ ਸਿੰਘ ਜੀ ਵਾਸਤੇ, ਵਾਹਿਗੁਰੂ ਨਾਲ ਪ੍ਰੇਮ ਸਭ ਤੋਂ ਉੱਚਾ ਸੀ। ਅਤਿਅੰਤ ਭਿਆਨਕ ਦੁੱਖਾਂ-ਤਕਲੀਫਾਂ ਵਿਚੋਂ ਗੁਜ਼ਰ ਕੇ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਾਹਿਗੁਰੂ ਨਾਲ ਪਿਆਰ, ਉਸੇ ਤਰ੍ਹਾਂ ਕਾਇਮ ਰਿਹਾ।

ਇਹ ਮਹਾਂ ਕਾਵਿ ਕਵਿਤਾ, ਸਤਿਗੁਰੂ ਦੇ ਸਿੱਖ ਨੂੰ ਇਹ ਯਾਦ ਦਿਵਾਉਂਦੀ ਹੈ ਕਿ ਪ੍ਰਮਾਤਮਾ ਨਾਲ ਮਿਲਾਪ ਕੀ ਹੈ ਅਤੇ ਇਸ ਮਿਲਾਪ ਪ੍ਰਾਪਤੀ ਵਿਚ ਸੱਚਾ ਪ੍ਰੇਮ ਅਤੇ ਸੱਚਾ ਸਤਿਕਾਰ ਕੀ ਭੂਮਿਕਾ ਨਿਭਾਉਂਦੇ ਹਨ।

1175. ਆਤਮਾ ਅਤੇ ਮਨ ਸਰੀਰ ਅੰਦਰ ਨਿਵਾਸ ਕਰਦੇ ਹਨ। ਆਤਮਾ ਹੀ ਮਨ ਅਤੇ ਸਰੀਰ ਦੇ ਕਾਰਜ ਕਰਵਾਉਂਦੀ ਹੈ। ਆਤਮਾ ਅਮਰ ਹੈ ਅਤੇ ਇਸ ਵਿਚ ਪ੍ਰਮਾਤਮਾ ਵਰਗੇ ਹੋਰ ਗੁਣ ਵੀ ਹੁੰਦੇ ਹਨ।

ਮਨ, ਦਿਮਾਗ ਨਾਲ ਸੋਚਦਾ ਹੈ। ਮਨ, ਦਿਮਾਗ਼ ਨਾਲ ਭਾਵਨਾਵਾਂ ਨੂੰ ਮਹਿਸੂਸ ਕਰਦਾ ਹੈ। ਮਨ ਦੀ ਜਾਗਰੁਕਤਾ ਵਿਚਾਰਾਂ ਅਤੇ ਭਾਵਨਾਵਾਂ ਤੋਂ ਹੀ ਬਣਦੀ ਹੈ। ਦਿਮਾਗ਼ ਦੀ ਮਦਦ ਨਾਲ, ਮਨ ਨਵੀਂ ਜਾਗਰੁਕਤਾ ਸਿੱਖਦਾ ਹੈ।

ਗੁਰੂ ਦੇ ਗਿਆਨ ਤੋਂ ਬਗ਼ੈਰ, ਮਨ ਸਰੀਰ ਅੰਦਰ ਬਿਰਾਜਮਾਨ ਆਤਮਾ ਨੂੰ ਨਹੀਂ ਦੇਖ

ਸਕਦਾ। ਇਹ ਮਨ ਪਾਪਾਂ ਕਰਕੇ ਮਲੀਨ ਹੈ। ਸਰੀਰ ਦੀ ਮੌਤ ਤੋਂ ਬਾਅਦ, ਅਜਿਹਾ ਮਨ, ਜੀਵਨ ਭਰ ਕੀਤੇ ਪਾਪ ਕਰਮ ਆਪਣੇ ਨਾਲ ਲੈ ਕੇ ਚੱਲਦਾ ਹੈ। ਇਹਨਾਂ ਕਰਮਾਂ ਦੇ ਆਧਾਰ 'ਤੇ ਵਾਹਿਗੁਰੂ ਦੇ ਹੁਕਮ ਅਨੁਸਾਰ, ਮਨ ਅਤੇ ਆਤਮਾ ਇਕ ਹੋਰ ਸਰੀਰ ਵਿਚ ਵੱਸ ਜਾਂਦੇ ਹਨ।

ਸਤਿਗੁਰੂ ਦੇ ਗਿਆਨ ਦੁਆਰਾ, ਗਿਆਨਵੰਤ ਮਨ ਨੂੰ, ਸਰੀਰ ਦੇ ਅੰਦਰ ਅਤੇ ਬਾਹਰ, ਆਤਮਾ ਅਤੇ ਵਾਹਿਗੁਰੂ ਨਜ਼ਰ ਆਉਂਦਾ ਹੈ। ਇਹ ਮਨ ਪ੍ਰਮਾਤਮਾ ਦੀ ਭਗਤੀ ਵਿਚ ਲੀਨ ਹੁੰਦਾ ਹੈ। ਸਰੀਰਿਕ ਮੌਤ ਤੋਂ ਬਾਅਦ, ਅਜਿਹਾ ਮਨ, ਅਤੇ ਆਤਮਾ, ਪ੍ਰਮਾਤਮਾ ਵਿਚ ਵਿਲੀਨ ਹੋ ਜਾਂਦੇ ਹਨ।

ਪਰਮ ਆਤਮਾ ਵਿਚ ਵਿਲੀਨ ਹੋਣ ਤੋਂ ਬਾਅਦ, ਲੀਨ ਹੋਏ ਮਨ ਦੀ ਆਪਣੀ ਪਹਿਚਾਣ ਹੁੰਦੀ ਹੈ, ਵਾਹਿਗੁਰੂ ਦੇ ਹੁਕਮ ਅਨੁਸਾਰ, ਉਹ ਅਜਿਹੇ ਮਨ ਦੀ ਚੋਣ ਕਰਦਾ ਹੈ ਅਤੇ ਇਸਦੀ ਆਤਮਾ ਅਤੇ ਸਰੀਰ ਨੂੰ ਖਾਸ ਕਾਰਜ ਨੂੰ ਪੂਰਾ ਕਰਨ ਲਈ ਚੁਣਦਾ ਹੈ।

ਇਸ ਬਾਬਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ-

ਚੌਪਈ ॥ ਅਬ ਮੈ ਅਪਨੀ ਕਥਾ ਬਖਾਨੋ ॥
ਤਪ ਸਾਧਤ ਜਿਹ ਬਿਧਿ ਮੁਹਿ ਆਨੋ ॥
ਹੇਮਕੁੰਟ ਪਰਬਤ ਹੈ ਜਹਾਂ ॥ ਸਪਤਸ੍ਰਿੰਗ ਸੋਭਿਤ ਹੈ ਤਹਾਂ ॥ ੧ ॥

ਇਹ ਬਿਧਿ ਕਰਤ ਤਪੱਸਿਆ ਭਯੋ ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥

ਤਿਨ ਪ੍ਰਭ ਜਬੁ ਆਇਸ ਮੁਹਿ ਦੀਯਾ ॥
ਤਬ ਹਮ ਜਨਮ ਕਲੂ ਮਹਿ ਲੀਯਾ ॥ ੪ ॥
ਚਿਤ ਨ ਭਯੋ ਹਮਰੋ ਆਵਨ ਕਹਿ ॥
ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹਿ
ਜਿਉ ਤਿਉ ਪ੍ਰਭ ਹਮ ਕੋ ਸਮਝਾਯੋ ॥
ਇਮ ਕਹਿ ਕੈ ਇਹ ਲੋਕ ਪਠਾਯੋ ॥ ੫ ॥

(ਬਚਿਤ੍ਰ ਨਾਟਕ)

ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ 42 ਸਾਲ ਦੇ ਜੀਵਨ ਦੌਰਾਨ ਖਾਲਸਾ ਪੰਥ ਦੀ ਸਾਜਣਾ, ਵਾਹਿਗੁਰੂ ਦੀ ਵਡਿਆਈ ਵਿਚ ਜਾਪ ਸਾਹਿਬ, ਅਕਾਲ ਉਸਤਤਿ, ਸਵਯੇ ਆਦਿ ਦੀ ਰਚਨਾ, ਪਹਾੜੀ ਰਾਜਿਆਂ ਤੇ ਮੁਗਲਾਂ ਨਾਲ ਜੰਗਾਂ ਆਦਿਕ

ਅਨੇਕ ਕਾਰਜ ਕੀਤੇ।

1176. ਵਾਹਿਗੁਰੂ ਨੂੰ ਸਿਮਰਨ ਲਈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਵਿਚ ਪ੍ਰਗਟਾਏ ਵਿਚਾਰਾਂ ਅਤੇ ਭਾਵਨਾਵਾਂ ਨੂੰ ਜੇ ਕੋਈ ਮਨ ਵਿਚ ਜਪ ਸਕੇ ਤਾਂ ਫਿਰ ਉਸੇ ਪਲ, ਵਾਹਿਗੁਰੂ ਕ੍ਰਿਪਾਲੂ ਉਸ ਮਨੁੱਖ ਅੱਗੇ ਪ੍ਰਗਟ ਹੋ ਜਾਂਦੇ ਹਨ— ''ਕਰਿ ਕ੍ਰਿਪਾ ਕ੍ਰਿਪਾਲ, ਆਪੇ ਬਖ਼ਸ਼ ਲਏ॥''

1177. ਰਸ/ਪ੍ਰਸੰਨਤਾ/ਆਨੰਦ, ਵਾਹਿਗੁਰੂ ਦੇ ਨਾਲ ਭਾਵਨਾਤਮਿਕ ਨਾਤੇ ਦਾ ਇਕ ਅੰਗ (ਹਿੱਸਾ) ਹਨ। ਗੁਰੂ ਦੇ ਗਿਆਨ ਦੇ ਉਪਦੇਸ਼, ਵਾਹਿਗੁਰੂ ਅਤੇ ਸੰਤਾਂ ਨਾਲ ਭਾਵਨਾਤਮਿਕ ਨਾਤੇ, ਸੇਵਕ ਦੇ ਮਨ ਵਿਚ ਹਮੇਸ਼ਾਂ ਹੀ ਰਹਿੰਦੇ ਹਨ।

1178. ਗੁਰਬਾਣੀ ਦੇ ਕੀਰਤਨ ਦੇ ਪ੍ਰਭਾਵ ਹੇਠ, ਜਦੋਂ ਮਨ ਦੀ ਸੁਰਤਿ, ਸਰੀਰ ਵਿਚ ਵਾਹਿਗੁਰੂ ਦੇ ਨਿਵਾਸ ਅਸਥਾਨ-ਦਸਮ ਦੁਆਰ ਤੱਕ ਪਹੁੰਚ ਜਾਂਦੀ ਹੈ, ਤਾਂ ਉਦੋਂ ਸੇਵਕ ਦਾ ਮਨ ਇਸ ਅਨੁਭਵ ਉੱਪਰ ਏਨੀ ਤੀਬਰਤਾ ਨਾਲ ਕੇਂਦਰਿਤ ਹੋ ਜਾਂਦਾ ਹੈ ਕਿ ਇਹ ਮਨ ਅਤੇ ਸਰੀਰ ਦੇ ਸਾਧਾਰਣ ਸੰਚਾਲਨ ਤੇ ਅਸਰ ਪਾਉਂਦਾ ਹੈ।

1179. ਵਾਹਿਗੁਰੂ, ਸਤਿਗੁਰੂ ਅਤੇ ਸੱਚੇ ਸੰਤ ਇਕ ਦੂਜੇ ਤੋਂ ਅਟੁੱਟ ਹਨ। ਸਤਿਗੁਰੂ ਅਤੇ ਸੱਚੇ ਸੰਤ, ਸੱਚੇ ਆਨੰਦ ਨਾਲ ਵਾਹਿਗੁਰੂ ਨਾਲ ਸਥਾਈ ਮਿਲਾਪ ਵਿਚ ਰਹਿੰਦੇ ਹਨ। ਗੁਰਬਾਣੀ, ਭਾਈ ਗੁਰਦਾਸ ਜੀ, ਭੱਟ ਸਾਹਿਬਾਂ ਅਤੇ ਭਾਈ ਨੰਦ ਲਾਲ ਗੋਇਆ ਉਪਰੋਕਤ ਸੱਚਾਈ ਨੂੰ ਪ੍ਰਮਾਣਿਤ ਕਰਦੇ ਹਨ।

1180. ਵਾਹਿਗੁਰੂ ਅਤੇ ਸਤਿਗੁਰੂ ਵਿਚ ਇਕ ਪੂਰਨ ਸਾਂਝ ਹੁੰਦੀ ਹੈ। ਵਾਹਿਗੁਰੂ, ਸਤਿਗੁਰੂ ਨੂੰ ਸੰਸਾਰ ਦਾ ਕਲਿਆਣ ਅਤੇ ਨਾਮ ਦੀ ਦਾਤ ਬਖਸ਼ਣ ਲਈ ਭੇਜਦਾ ਹੈ। ਇਸੇ ਲਈ, ਭਾਈ ਗੁਰਦਾਸ ਜੀ, ਭੱਟ ਸਾਹਿਬਾਂ ਅਤੇ ਭਾਈ ਨੰਦ ਲਾਲ ਗੋਇਆ ਜੀ ਵੱਲੋਂ ਕੀਤੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਲਾਘਾ ਸਿੱਧੇ ਤੌਰ 'ਤੇ ਵਾਹਿਗੁਰੂ ਦੀ ਹੀ ਸ਼ਲਾਘਾ ਹੈ।

1181. ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉਂ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਨੌਂ ਗੁਰੂ ਸਾਹਿਬਾਨਾਂ ਇਸ ਰੌਸ਼ਨੀ ਨੂੰ ਰੌਸ਼ਨ ਰੱਖਿਆ। ਸਤਿਗੁਰੂ ਦੇ ਅਣਗਿਣਤ ਸਿੱਖਾਂ ਨੇ ਵਾਹਿਗੁਰੂ ਨਾਲ ਆਪਣੇ ਮਿਲਾਪ ਦੀ ਖਾਹਿਸ਼ ਪ੍ਰਾਪਤੀ ਲਈ, ਸਤਿਗੁਰੂ ਦੇ ਇਸ ਗਿਆਨ ਦਾ ਲਾਭ ਪ੍ਰਾਪਤ ਕੀਤਾ ਹੈ ਅਤੇ ਕਰਦੇ ਰਹਿਣਗੇ। ਬ੍ਰਹਮ ਗਿਆਨ ਦੀ ਜੋਤ ਨੂੰ ਜਗਦੀ ਰੱਖਣ ਵਿਚ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭੂਮਿਕਾ ਸਭ ਤੋਂ ਵੱਧ ਮਹੱਤਵਪੂਰਨ ਹੈ। ਉਹਨਾਂ ਦੀਆਂ ਕੀਤੀਆਂ ਕੁਰਬਾਨੀਆਂ ਨੇ ਸਿੱਖ ਧਰਮ ਦੇ ਬੂਟੇ ਨੂੰ ਅਟੁੱਟ ਆਧਾਰ ਪ੍ਰਦਾਨ ਕੀਤਾ ਹੈ।

1182. ਵਾਹਿਗੁਰੂ, ਸਰੀਰ ਅੰਦਰ ਵੀ ਉਂਝ ਹੀ ਬਿਰਾਜਮਾਨ ਹੈ, ਜਿਵੇਂ ਉਹ ਸਰੀਰ ਦੇ ਬਾਹਰ ਬਿਰਾਜਮਾਨ ਹੈ। ਵਾਹਿਗੁਰੂ ਦੇ ਹਾਜ਼ਰ-ਨਾਜ਼ਰ ਹੋਣ ਦਾ ਅਨੁਭਵ ਉਦੋਂ ਹੁੰਦਾ ਹੈ, ਜਦੋਂ ਸਤਿਗੁਰੂ ਦੇ ਗਿਆਨ ਨਾਲ, ਮਨ ਦੀ ਮੈਲ ਧੁੱਪ ਜਾਂਦੀ ਹੈ। ਸਤਿਗੁਰੂ ਦਾ ਗਿਆਨ, ਵਾਹਿਗੁਰੂ ਦੇ ਚਰਨਾਂ ਨਾਲ ਜੋੜਦਾ ਹੈ। ਸੇਵਕ ਦਾ ਮਨ, ਵਾਹਿਗੁਰੂ ਪ੍ਰਤੀ ਗਹਿਰੇ ਪਿਆਰ ਅਤੇ ਸਤਿਕਾਰ ਨਾਲ ਭਰਪੂਰ ਹੋ ਜਾਂਦਾ ਹੈ। ਫਿਰ ਮਨ, ਸਰੀਰ ਵਿਚ ਹਾਜ਼ਰ ਵਾਹਿਗੁਰੂ ਦੇ ਦਰਸ਼ਨ ਕਰਦਾ ਹੈ। ਪਿਆਰ ਅਤੇ ਸਤਿਕਾਰ ਭਰਿਆ ਮਨ, ਸਤਿਗੁਰੂ ਅਤੇ ਸੰਤਾਂ ਦੇ ਮਨ ਦੇ ਸੱਚੇ ਸਰੂਪ ਨੂੰ ਅਨੁਭਵ ਕਰਨ ਲੱਗਦਾ ਹੈ। ਉਹਨਾਂ ਦਾ ਮਨ, ਵਾਹਿਗੁਰੂ ਦੇ ਸੱਚੇ ਪ੍ਰੇਮ ਅਤੇ ਸਤਿਕਾਰ ਨਾਲ ਭਰਪੂਰ ਹੋ ਜਾਂਦਾ ਹੈ ਅਤੇ ਇੰਜ ਉਹ ਮਹਾਂ-ਆਨੰਦ ਦਾ ਅਨੁਭਵ ਕਰਦੇ ਹਨ।

1183. ਸਤਿਗੁਰੂ ਦਾ ਉਹ ਸੇਵਕ, ਜਿਸਨੂੰ ਅਜੇ ਤੱਕ ਮਹਾ-ਆਨੰਦ ਦੀ ਦਾਤ ਪ੍ਰਾਪਤੀ ਨਹੀਂ ਹੋਈ ਹੁੰਦੀ, ਉਹ ਵਾਹਿਗੁਰੂ, ਸਤਿਗੁਰੂ ਅਤੇ ਸੰਤਾਂ ਅੱਗੇ, ਇਸ ਮਹਾਂ-ਆਨੰਦ ਦੀ ਦਾਤ ਲਈ ਅਰਜ਼ੋਈ ਕਰਦਾ ਹੈ।

1184. ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ''ਘੜੀਐ ਸਬਦੁ ਸਚੀ ਟਕਸਾਲ॥ ਜਿਨ ਕਉ ਨਦਰਿ ਕਰਮੁ ਤਿਨ ਕਾਰ॥ ਨਾਨਕ ਨਦਰੀ ਨਦਰਿ ਨਿਹਾਲ॥'' ਇਹ ਵਾਹਿਗੁਰੂ ਦੀ ਸਦੀਵੀ ਟਕਸਾਲ ਹੈ, ਜਿਸ ਤੋਂ ਸਤਿਗੁਰੂ ਦਾ ਗਿਆਨ ਉਪਜਦਾ ਹੈ। ਕੇਵਲ ਉਹਨਾਂ ਮਨੁੱਖਾਂ ਨੂੰ ਹੀ ਗੁਰੂ ਦੇ ਬ੍ਰਹਮ ਗਿਆਨ ਤੋਂ ਲਾਭ ਮਿਲਦਾ ਹੈ, ਜਿਨ੍ਹਾਂ ਉੱਪਰ ਪ੍ਰਮਾਤਮਾ ਦੀ ਮਿਹਰ ਹੁੰਦੀ ਹੈ। ਮਿਹਰਾਂ ਵਾਲੇ ਦਾਤੇ ਦੀ ਮਿਹਰ ਸਦਕਾ, ਗੁਰੂ ਦੇ ਸਿੱਖ ਮਨ ਦੀ ਸਹਿਜ ਅਵੱਸਥਾ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਪਿਆਰ ਅਤੇ ਸਤਿਕਾਰ ਭਰੀ ਨਿਰੰਤਰ, ਸੁਤੇ ਸਿਧ, ਆਨੰਦ-ਦਾਇਕ ਮਨ ਦੀ ਪ੍ਰਮਾਤਮਾ ਨਾਲ ਸਾਂਝ ਦਾ ਆਨੰਦ ਮਾਣਦੇ ਹਨ। ਪ੍ਰਮਾਤਮਾ ਦੀ ਭਗਤੀ ਕਰਨ ਲਈ ਉਹਨਾਂ ਵਿਚ ਬੜਾ ਉਤਸ਼ਾਹ ਹੁੰਦਾ ਹੈ ਅਤੇ ਵਾਹਿਗੁਰੂ ਦੇ ਸਿਮਰਨ ਦਾ ਆਨੰਦ ਮਾਣਦੇ ਹਨ।

1185. ਮਨੁੱਖ ਉਸ ਸਿਰਜਣਹਾਰ ਅਕਾਲ ਪੁਰਖ ਦੇ ਚਰਨਾਂ ਨਾਲ ਕਿਵੇਂ ਜੁੜੇ ਜਿਸਨੇ ਇਸ ਏਨੀ (ਹੈਰਾਨ ਕਰ ਦੇਣ ਵਾਲੀ) ਸ੍ਰਿਸ਼ਟੀ ਦੀ ਰਚਨਾ ਕੀਤੀ, ਜਿਸ ਨੂੰ ਸੰਭਾਲਦਾ ਇਸਦੀ ਪਾਲਣਾ ਕਰਦਾ ਅਤੇ ਜਿਸਨੂੰ ਸਮਾਪਤ ਕਰਦਾ।

ਮਨੁੱਖ ਨੂੰ ਪੂਰਨ ਸਤਿਕਾਰ ਅਤੇ ਨਿਮਰਤਾ ਸਹਿਤ, ਵਾਹਿਗੁਰੂ ਦੇ ਅੱਗੇ ਸੀਸ ਝਕਾਉਣਾ ਹੀ ਚਾਹੀਦਾ ਹੈ। ਅਜਿਹਾ ਕਰਨ ਨਾਲ, ਮਨੁੱਖ, ਉਸਦੇ (ਪ੍ਰਮਾਤਮਾ ਦੇ) ਹੋਰ ਦੂਸਰੇ ਜਾਣੇ-ਅਣਜਾਣੇ ਗੁਣਾਂ ਪ੍ਰਤੀ ਵੀ ਸੁਤੇ ਸਿਧ ਹੀ ਸੀਸ ਝੁਕਾ ਦਿੰਦਾ ਹੈ। ਇਸਦੇ ਨਾਲ-ਨਾਲ ਹੀ ਉਹ ਪ੍ਰਮਾਤਮਾ ਦੇ ਅੱਗੇ ਉਹਨਾਂ ਗੁਣਾਂ ਕਰਕੇ ਵੀ ਸਿਰ ਝੁਕਾਉਂਦਾ ਹੈ ਜੋ ਪ੍ਰਮਾਤਮਾ ਸੇਵਕ ਦੇ ਮਨ ਵਿਚ ਗੁਰੂ ਦੇ ਸੱਚੇ ਸ਼ਬਦਾਂ ਰਾਹੀਂ ਉਤਪੰਨ ਕਰਦਾ ਹੈ।

1186. ਜਿਸ ਨੂੰ ਭਾਲਦਾ ਹੈ, ਉਸ ਨੂੰ ਪਾਉਂਦਾ ਹੈ। ਉਹ ਮਨੁੱਖ ਜੋ ਪ੍ਰਮਾਤਮਾ ਦੀ ਭਾਲ ਕਰਦਾ ਹੈ, ਸਤਿਗੁਰੂ ਦੀ ਸਹਾਇਤਾ ਨਾਲ ਉਸਨੂੰ ਪਾ ਲੈਂਦਾ ਹੈ।

1187. ਗੁਰਬਾਣੀ ਬੁੱਧੀ (ਸੋਝੀ) ਤੱਕ ਪਹੁੰਚਦੀ ਹੈ। ਗੁਰਬਾਣੀ, ਭਾਵਨਾਵਾਂ ਨੂੰ ਵੀ ਛੂੰਹਦੀ ਹੈ। ਗੁਰਬਾਣੀ ਨੂੰ ਕਵਿਤਾ ਰੂਪ ਵਿਚ ਪ੍ਰਗਟਾਇਆ ਗਿਆ ਹੈ, ਜੋ ਮਨ ਉੱਪਰ ਇਸਦਾ ਅਸਰ ਹੋਰ ਵਧਾ ਦਿੰਦੀ ਹੈ ਅਤੇ ਇਸਨੂੰ (ਮਨ ਨੂੰ) ਗੁਰੂ ਅਤੇ ਵਾਹਿਗੁਰੂ ਦੇ ਹੋਰ ਅੰਗ-ਸੰਗ ਲੈ ਆਉਂਦੀ ਹੈ।

1188. ਜੇ ਗੁਰਬਾਣੀ ਨੂੰ ਸਤਿਗੁਰੂ ਦੇ ਸ਼ਬਦਾਂ ਵਿਚ ਸਮਾਈਆਂ ਗਹਿਰੀਆਂ ਭਾਵਨਾਵਾਂ ਨਾਲ ਗਾਇਆ ਜਾਵੇ ਤਾਂ ਇਹ ਸੁਭਾਵਿਕ ਹੈ ਕਿ ਗਾਇਕ ਅਤੇ ਸ੍ਰੋਤਾਂ (ਸੇਵਕ) ਮਨ ਵਿਚ ਵਾਹਿਗੁਰੂ ਹੀ ਹਜ਼ੂਰੀ ਅਨੁਭਵ ਕਰਨਗੇ। ਵਾਹਿਗੁਰੂ ਦੀ ਹਜ਼ੂਰੀ ਉਸ ਸਥਾਨ 'ਤੇ ਵੀ ਦਿਖਾਈ ਦੇਵੇਗੀ ਜਿਥੇ ਗੁਰਬਾਣੀ ਗਾਈ ਗਈ ਹੋਵੇ। ਅੰਮ੍ਰਿਤਸਰ (ਸਿਫ਼ਤੀ ਦਾ ਘਰ) ਦਾ ਦਰਬਾਰ ਸਾਹਿਬ, ਅਕਸਰ, ਉਪਰੋਕਤ ਅਨੁਭਵ ਕਰਾਉਂਦਾ ਹੈ।

☆☆☆

ਅਧਿਆਇ 2

ਉਪ ਸੰਹਾਰ

ਵਾਹਿਗੁਰੂ ਆਪਣੀ ਸ੍ਰਿਸ਼ਟੀ ਵਿਚ ਸਮਾਇਆ ਹੋਇਆ ਹੈ। ਉਸਦੀ ਹਜ਼ੂਰੀ ਤੋਂ ਬਗੈਰ ਨਾ ਹੀ ਕੋਈ ਸਥਾਨ ਹੈ ਅਤੇ ਨਾ ਹੀ ਜੀਵਿਤ ਸਰੀਰ। ਹੇਠ ਲਿਖੀ ਉਦਾਹਰਣ, ਕੇਵਲ ਵਾਹਿਗੁਰੂ ਦੀ ਸੰਪੂਰਨ ਸਰਵ-ਵਿਆਪਕਤਾ ਦੀ ਉਦਾਹਰਣ ਨਹੀਂ ਹੈ, ਬਲਕਿ, ਆਪਣੀ ਰਚਨਾ ਵਿਚ ਵਾਹਿਗੁਰੂ ਦੀ ਸਰਵ-ਵਿਆਪਕਤਾ ਨੂੰ ਸਮਝਣ ਵਿਚ ਵੀ ਦ੍ਰਿਸ਼ਟੀਗਤ ਹੈ : ਜਿਵੇਂ ਸੂਰਜ ਤੋਂ ਨਿਕਲਣ ਵਾਲੀਆਂ ਕਿਰਨਾਂ ਵਿਚੋਂ ਸੂਰਜ ਦੀ ਰੌਸ਼ਨੀ ਫੈਲਦੀ ਹੈ, ਠੀਕ ਇਸੇ ਪ੍ਰਕਾਰ, ਵਾਹਿਗੁਰੂ ਆਪਣੇ ਵਿਚੋਂ ਨਿਕਲੀਆਂ ਕਿਰਨਾਂ ਰਾਹੀਂ ਆਪਣੀ ਰਚਨਾ ਦੇ ਵਿਚ ਵਿਆਪਤ ਹੁੰਦਾ ਹੈ। ਇਹ 'ਕਿਰਨਾਂ' ਸਾਰੀ ਸਿਰਜਣਾ ਉੱਪਰ ਫੈਲਦੀਆਂ ਜਾਂ ਚਮਕਦੀਆਂ ਹਨ। ਇਹ ਕਿਰਨਾਂ ਸਾਰੇ ਪਦਾਰਥਾਂ ਅਤੇ ਸਾਰੀਆਂ ਊਰਜਾਵਾਂ ਉੱਪਰ ਵੀ ਫੈਲਦੀਆਂ ਹਨ ਜੋ ਕਿ ਉਹਨਾਂ ਨੂੰ ਆਪਣੇ ਨਿਰਧਾਰਿਤ ਕਾਰਜ ਕਰਨ ਦੇ ਕਾਬਿਲ ਬਣਾਉਂਦੀ ਹੈ। ਇਹ ਸੱਚਾਈ ਇਕ ਸੈਲ ਵਾਲੇ ਜੀਵ ਦੇ ਨਾਲ-ਨਾਲ ਮਾਂ ਦੇ ਗਰਭ ਵਿਚ ਹਾਥੀ ਦੇ ਬੱਚੇ ਨੂੰ ਸਜੀਵ ਕਰਦੀ ਹੈ। ਇਸ ਸੱਚਾਈ ਕਾਰਣ ਸੂਰਜ ਚਮਕਦਾ ਹੈ, ਆਕਾਸ਼ ਵਿਚ ਤਾਰੇ ਟਿਮਟਿਮਾਉਂਦੇ ਹਨ। ਇਹੀ ਸੱਚਾਈ ਸ੍ਰਿਸ਼ਟੀ ਦਾ ਨਿਰਮਾਣ ਕਰਦੀ, ਉਸਨੂੰ ਨਸ਼ਟ ਕਰਦੀ ਅਤੇ ਮੁੜ ਨਿਰਮਾਣ ਕਰਦੀ ਹੈ।

ਸਤਿ ਤੋਂ ਉਤਪੰਨ ਹੋਣ ਵਾਲੀ ਸੱਚਾਈ ਵਿਚ ਵੀ ਸਤਿ ਦੇ ਉਹੀ ਅਨੰਤ ਗੁਣ ਮੌਜੂਦ ਹੁੰਦੇ ਹਨ। ਭਾਵੇਂ ਇਹ ਸੱਚਾਈ (ਜੀਵ ਆਤਮਾ) ਹਰ ਮਨੁੱਖ ਦੇ ਸਰੀਰ ਅੰਦਰ ਹੈ, ਪ੍ਰੰਤੂ ਬਹੁਤ ਵਿਰਲੇ ਲੋਕ ਹੀ ਜੀਵ ਆਤਮਾ ਦੀ ਇਸ ਸੱਚਾਈ ਦਾ ਅਨੁਭਵ ਕਰਦੇ ਹਨ। ਇਹ ਉਹ ਮਨੁੱਖ ਹਨ, ਜਿਨ੍ਹਾਂ ਨੂੰ ਸਤਿਗੁਰੂ ਕੋਲੋਂ ਗਿਆਨ ਪ੍ਰਾਪਤੀ ਲਈ ਸੱਚਾ ਪਾਤਸ਼ਾਹ ਵਾਹਿਗੁਰੂ, ਆਪ ਚੁਣਦਾ ਹੈ। ਗੁਰੂ ਆਪਣੇ ਗਿਆਨ ਨਾਲ ਆਪਣੇ ਸਿੱਖ ਦਾ ਮਨ ਪਵਿੱਤਰ ਕਰਦਾ ਹੈ।

ਸਰੀਰ ਦੇ ਅੰਦਰ ਦੀ ਸੱਚਾਈ (ਜੀਵ-ਆਤਮਾ) ਸਰੀਰਿਕ ਪ੍ਰਣਾਲੀ ਤੋਂ ਸਾਰੇ ਕਾਰਜ ਕਰਾਉਂਦੀ ਹੈ। ਸਰੀਰ ਵਿਚੋਂ ਜੀਵ ਆਤਮਾ ਦੇ ਨਿਕਲ ਜਾਣ ਨਾਲ ਸਰੀਰ ਦੀ ਮੌਤ ਹੋ ਜਾਂਦੀ ਹੈ। ਇਹ ਸੱਚਾਈ ਹਰੇਕ ਸਰੀਰ, ਉਹ ਭਾਵੇਂ ਜਾਨਵਰ, ਮਨੁੱਖ ਜਾਂ ਪੌਦੇ ਦਾ ਹੀ ਹੋਵੇ, ਸਭ ਉੱਪਰ ਲਾਗੂ ਹੁੰਦੀ ਹੈ।

ਮਨੁੱਖ ਕੋਲ 'ਸੁਰਤਿ' ਹੁੰਦੀ ਹੈ, ਭਾਵ : ਮਨੁੱਖ ਨੂੰ ਆਪਣੇ ਬਾਰੇ ਅਤੇ ਆਪਣੇ ਆਸੇ-ਪਾਸੇ ਬਾਰੇ ਵੀ ਜਾਗਰੁਕਤਾ ਪ੍ਰਦਾਨ ਹੋਈ ਹੁੰਦੀ ਹੈ। ਹਰੇਕ ਮਨੁੱਖ ਦੀ ਸੁਰਤਿ ਕੋਲੋਂ ਵਾਹਿਗੁਰੂ ਦੀ ਸਰਵ-ਵਿਆਪਕਤਾ ਦਾ ਅਨੁਭਵ ਨਹੀਂ ਕਰ ਪਾਉਣ ਦਾ ਕਾਰਣ, ਮਨ ਦਾ ਝੂਠ ਦੇ ਜਾਲ ਵਿਚ ਫਸਣਾ-ਅਹੰਕਾਰ ਜਾਂ ਹਉਮੈ ਹੁੰਦਾ ਹੈ। ਜੋ ਮਨੁੱਖ ਦੀ ਸੁਰਤਿ ਅਤੇ ਵਾਹਿਗੁਰੂ ਵਿਚਕਾਰ ਇਕ ਅਪਾਰਦਰਸ਼ੀ ਰੁਕਾਵਟ ਪੈਦਾ ਕਰਦਾ ਹੈ। ਵਾਹਿਗੁਰੂ ਤੋਂ ਸੁਰਤਿ ਟੁੱਟ ਜਾਣ ਤੇ ਹਉਮੈ ਵੱਧਦੀ ਫੁੱਲਦੀ ਹੈ ਅਤੇ ਮਨੁੱਖ ਦੇ ਮਨ ਤੇ ਰਾਜ ਕਰਨ ਲੱਗਦੀ ਹੈ। ਇਹ ਭ੍ਰਿਸ਼ਟ ਵਿਚਾਰਾਂ ਨਾਲ ਮਨ ਨੂੰ ਦੂਸ਼ਿਤ ਕਰ ਦਿੰਦੀ ਹੈ। ਇਹ ਦੂਸ਼ਿਤ ਵਿਚਾਰ ਮਾਇਆ ਕਰਕੇ ਨਾਲ ਪੰਜ ਵਿਕਾਰਾਂ- ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਕਾਰਣ ਪੈਦਾ ਹੁੰਦੇ ਹਨ। ਮਨੁੱਖ ਦਾ ਇਹ ਭ੍ਰਿਸ਼ਟ ਵਿਚਾਰ ਮਨੁੱਖ ਕੋਲੋਂ ਭ੍ਰਿਸ਼ਟ ਅਤੇ ਅਸ਼ੁਭ ਕਰਮ ਕਰਾਉਂਦੇ ਹਨ। ਇਹ ਕਰਮ ਵੀ ਮਨ ਨੂੰ ਦੂਸ਼ਿਤ ਕਰਦੇ ਹਨ। ਪਾਪੀ ਮਨ ਜਾਂ ਅਹੰਕਾਰੀ ਮਨ ਜਾਂ ਨਾਸਤਿਕ ਮਨ ਦੇ ਨਾਲ ਵਾਹਿਗੁਰੂ ਦਾ ਅਨੁਭਵ ਕਦੀ ਵੀ ਨਹੀਂ ਕੀਤਾ ਜਾ ਸਕਦਾ। ਕੇਵਲ ਪਵਿਤ੍ਰ ਮਨ ਹੀ ਉਸਦਾ ਅਨੁਭਵ ਕਰ ਸਕਦਾ ਹੈ।

ਸਤਿਗੁਰੂ ਦਾ ਗਿਆਨ, ਵਾਹਿਗੁਰੂ ਤੋਂ ਵਿਛੋੜੇ ਦੀ ਔਸ਼ਧੀ ਹੈ। ਸਤਿਗੁਰੂ ਦੇ ਗਿਆਨ ਨਾਲ ਪਵਿੱਤਰ ਅਤੇ ਨਿਮਾਣਾ ਹੋਇਆ ਮਨ, ਸਰੀਰ ਦੇ ਅੰਦਰ ਅਤੇ ਸਰੀਰ ਦੇ ਬਾਹਰ, ਹਰ ਪਾਸੇ ਵਾਹਿਗੁਰੂ ਦੀ ਹੋਂਦ ਦਾ ਅਨੁਭਵ ਕਰਦਾ ਹੈ। ਹੁਣ ਪਵਿੱਤਰ ਅਤੇ ਨਿਮਾਣਾ ਮਨ ਵਾਹਿਗੁਰੂ ਦੀ ਸਰਵ-ਵਿਆਪਕਤਾ ਦਾ ਅਨੁਭਵ ਕਰਦਾ ਹੈ, ਜੋ ਕਿ ਸਤਿਗੁਰੂ ਦੇ ਗਿਆਨ ਤੋਂ ਬਗ਼ੈਰ ਅਨੁਭਵ ਨਹੀਂ ਕੀਤਾ ਸੀ।

ਹਰੇਕ ਜੀਵਿਤ ਮਨੁੱਖ ਦੇ ਸਿਰ ਵਿਚ ਦਸਮ ਦੁਆਰ ਹੁੰਦਾ ਹੈ ਜੋ ਅਦਿੱਖ, ਅਮੂਰਤ ਅਤੇ ਸਰੀਰ ਦੇ ਨੌਂ ਛੇਦਾਂ ਤੋਂ ਵੱਖਰਾ ਹੁੰਦਾ ਹੈ। ਇਸਦਾ ਕੋਈ ਸਰੀਰਿਕ ਰੂਪ ਨਹੀਂ ਹੁੰਦਾ ਪ੍ਰੰਤੂ ਫਿਰ ਵੀ ਇਸ ਦੀ ਅਸਲ ਹੋਂਦ ਹੁੰਦੀ ਹੈ। ਦਸਮ ਦੁਆਰ, ਜੀਵ ਆਤਮਾ-ਵਾਹਿਗੁਰੂ ਦੇ ਆਪੇ ਦੀ 'ਕਿਰਨ' ਦਾ ਨਿਵਾਸ ਅਸਥਾਨ ਹੁੰਦਾ ਹੈ। ਸਤਿਗੁਰੂ, ਦਸਮ ਦੁਆਰ, ਉਥੋਂ ਜੀਵ ਆਤਮਾ ਅਤੇ ਫਿਰ ਉਥੋਂ ਵਾਹਿਗੁਰੂ ਤੱਕ ਜਾਣ ਦਾ ਮਾਰਗ ਪ੍ਰਦਾਨ ਕਰਾਉਂਦਾ ਹੈ। ਗੁਰੂ, ਸੇਵਕ ਦੇ ਮਨ ਵਿਚ ਨਿਮਰਤਾ, ਸਤਿਕਾਰ, ਸ਼ੁਕਰਾਨਾ ਅਤੇ ਪ੍ਰਮਾਤਮਾ ਪ੍ਰਤੀ ਪਿਆਰ ਵਰਗੀਆਂ ਸਹਾਈ ਸੰਵੇਦਨਸ਼ੀਲਤਾ ਉਤਪੰਨ ਕਰਦਾ ਹੈ। ਇੰਜ, ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬ੍ਰਹਮ ਗਿਆਨ ਨਾਲ ਸੇਵਕ ਦੇ ਮਨ ਵਿਚ ਵਿਕਸਿਤ ਹੋਈਆਂ ਸੰਵੇਦਨਸ਼ੀਲਤਾਵਾਂ ਨਾਲ ਸਰੀਰ ਦੇ ਅੰਦਰ, ਵਾਹਿਗੁਰੂ ਦੀ ਹਜ਼ੂਰੀ ਅਨੁਭਵ ਕਰਦਾ ਹੈ।

ਸਤਿਗੁਰੂ ਦੀ ਬਾਣੀ, ਅਨਹਦ ਬਾਣੀ ਹੈ, ਗੁਰੂ ਦੇ ਉਪਦੇਸ਼ ਸਦੀਵੀ ਹਨ। ਉਹ ਹਮੇਸ਼ਾਂ ਅਤੇ ਹਰ ਜਗ੍ਹਾ ਸੱਚੇ ਹਨ। ਉਹ ਅਨੰਤ ਹਨ, ਕਿਉਂਕਿ ਉਹ ਹਰ ਪਾਸੇ ਸੱਚੇ ਹਨ ਅਤੇ ਉਹ ਅਨੰਤ ਨਾਲ ਸੰਬੰਧਿਤ ਹਨ। ਗੁਰੂ ਦੇ ਉਪਦੇਸ਼ ਉਸ ਅਪਾਰ ਅਤੇ ਸਦੀਵੀ ਪ੍ਰਮਾਤਮਾ ਨੂੰ ਮੰਨਦੇ ਹਨ ਅਤੇ ਉਸ ਸੱਚੇ ਪ੍ਰਮਾਤਮਾ ਦੀ ਪ੍ਰਸੰਸਾ ਵਿਚ ਹਨ।

ਸਤਿਗੁਰੂ ਦੀ ਬਾਣੀ, ਕਿਸੇ ਵੀ ਮਨੁੱਖ-ਭਾਵੇਂ ਉਹ ਪੁਰਸ਼ ਹੋਵੇ ਜਾਂ ਇਸਤ੍ਰੀ, ਦਾ ਮਨ ਤਬਦੀਲ ਕਰਨ ਦੀ ਸਮਰੱਥਾ ਰੱਖਦੀ ਹੈ, ਜੇਕਰ ਉਹ ਗੁਰੂ ਦਾ ਸੱਚਾ ਸਿੱਖ ਬਣ ਜਾਵੇ। ਗੁਰੂ ਦੇ ਗਿਆਨ ਨਾਲ, ਖੀਵਾ ਹੋਇਆ ਮਨ, ਸਰੀਰ ਦੇ ਅੰਦਰ ਅਤੇ ਸਰੀਰ ਦੇ ਬਾਹਰ ਹਰ ਪਾਸੇ ਵਾਹਿਗੁਰੂ ਦਾ ਅਨੁਭਵ ਕਰਦਾ ਹੈ। ਅਜਿਹਾ ਮਨ ਪੂਰੀ ਸ਼ਰਧਾ ਨਾਲ ਵਾਹਿਗੁਰੂ ਨਾਲ ਜੁੜ ਜਾਂਦਾ ਹੈ ਅਤੇ ਪਰਮ ਆਨੰਦ ਮਾਣਦਾ ਹੈ, ਅਜਿਹਾ ਮਨ ਅਨਹਦ ਨਾਦ ਦਾ ਅਨੁਭਵ ਕਰਦਾ ਹੈ, ਭਾਵ ਮਨ ਅਜਿਹੇ ਸੰਗੀਤ ਦਾ ਆਨੰਦ ਮਾਣਦਾ ਹੈ, ਜਿਸਦਾ ਸੰਗੀਤ ਕੇਵਲ ਮਨ ਦੀ ਪ੍ਰਮਾਤਮਾ ਨਾਲ ਇਕਸੁਰਤਾ ਨਾਲ ਹੀ ਸੁਣਿਆ ਜਾ ਸਕਦਾ ਹੈ। ਖ਼ਾਸ ਤੌਰ 'ਤੇ ਦਰਸਾਏ ਰਾਗਾਂ ਅਨੁਸਾਰ ਗਾਇਆ ਗਿਆ ਕੀਰਤਨ ਹੀ ਅਨਹਦ ਨਾਦ ਹੁੰਦਾ ਹੈ। ਇਸਨੂੰ ਸੁਣਕੇ, ਮਨ ਆਨੰਦ ਮਾਣਦਾ ਹੈ। ਸ਼ਰਧਾ ਵਾਲਾ ਮਨ ਪਰਮ ਆਨੰਦ ਮਾਣਦਾ ਹੈ।

ਮਨ ਦੀ ਉਹ ਅਵੱਸਥਾ, ਜਿਸ ਵਿਚ ਸੇਵਕ ਸੱਚੇ ਸੰਤਾਂ, ਸਤਿਗੁਰੂ ਅਤੇ ਵਾਹਿਗੁਰੂ ਨਾਲ ਸੁਤੇ ਸਿਧ ਅਤੇ ਆਨੰਦਮਈ ਸਾਂਝ ਵਿਚ ਹੁੰਦਾ ਹੈ, ਮਨ ਦੀ ਸਹਿਜ ਅਵੱਸਥਾ ਹੁੰਦੀ ਹੈ। ਫਿਰ ਸ਼ਰਧਾਲੂ ਦਾ ਮਨ ਨਿੱਜ ਘਰ ਸਹਿਜ ਦੀ ਅਜਿਹੀ ਅਵੱਸਥਾ ਵਿਚ ਸੇਵਕ ਅਨਹਦ ਸ਼ਬਦ ਅਤੇ ਅਨਹਦ ਨਾਦ ਦਾ ਆਨੰਦ ਮਾਣਦਾ ਅਨੁਭਵ ਕਰਦਾ ਹੈ।

ਮਨ ਵਿਚ ਵਾਹਿਗੁਰੂ ਦੀ ਹਜ਼ੂਰੀ ਨੂੰ ਦੇਖਣ/ਅਨੁਭਵ ਕਰਨ ਲਈ ਮਨ ਵਿਚਲੀਆਂ ਮਲੀਨ ਕਰਨ ਵਾਲੀਆਂ ਉਹਨਾਂ ਅਸ਼ੁੱਧੀਆਂ ਨੂੰ ਦੂਰ ਕਰਨਾ ਜ਼ਰੂਰੀ ਹੁੰਦਾ ਹੈ। ਮਨ ਦੀਆਂ ਇਹ ਅਸ਼ੁੱਧੀਆਂ, ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੱਚੇ ਸਿੱਖ ਬਣ ਕੇ ਹੀ ਦੂਰ ਕੀਤੀਆਂ ਜਾ ਸਕਦੀਆਂ ਹਨ। ਸ਼ਰਧਾ ਨਾਲ ਵਾਹਿਗੁਰੂ ਨਾਲ ਜੁੜੇ, ਪ੍ਰਮਾਤਮਾਂ ਤੇ ਭਰੋਸਾ ਕਰਨ ਵਾਲੇ (ਗੁਰਮੁਖਾਂ) ਸਾਧ ਸੰਗਤ ਨਾਲ ਜੁੜਨਾ ਵੀ ਉਨਾ ਹੀ ਮਹੱਤਵਪੂਰਨ ਹੈ, ਪਵਿੱਤਰ ਅਤੇ ਸ਼ਰਧਾਵਾਨ ਮਨ, ਆਪਣੇ ਹਿਰਦੇ ਵਿਚ ਪ੍ਰਮਾਤਮਾ ਦੀ ਹਜ਼ੂਰੀ ਦਾ ਅਨੁਭਵ ਕਰਦਾ ਹੈ। ਪ੍ਰੰਤੂ ਪਾਪਾਂ, ਮਾੜੇ ਕੰਮਾਂ ਨਾਲ ਮਲੀਨ ਹੋਇਆ ਮਨ, ਉਸਦਾ (ਪ੍ਰਮਾਤਮਾ ਦਾ) ਅਨੁਭਵ ਨਹੀਂ ਕਰ ਸਕਦਾ। ਪਵਿੱਤਰ ਮਨ ਵਾਹਿਗੁਰੂ ਦੀਆਂ ਬਖ਼ਸ਼ਿਸ਼ਾਂ ਦਾ ਆਨੰਦ ਮਾਣਦਾ ਹੈ ਅਤੇ ਦੁਖ ਅਤੇ ਚਿੰਤਾ ਤੋਂ ਮੁਕਤ ਹੁੰਦਾ ਹੈ।

ਪਵਿੱਤਰ ਅਤੇ ਸ਼ਰਧਾਵਾਨ ਮਨੁੱਖ ਨੂੰ ਮਨ ਦੀ ਸਹਿਜ ਅਵੱਸਥਾ, ਅਤੇ ਹਰੇਕ ਪਲ ਵਾਹਿਗੁਰੂ ਦੇ ਦਰਸ਼ਨ ਦੀ ਦਾਤ ਹਾਸਿਲ ਹੁੰਦੀ ਹੈ। ਸੇਵਕ ਵਾਹਿਗੁਰੂ ਨਾਲ ਇਕ-ਮਿੱਕ ਹੋ ਜਾਂਦਾ ਹੈ ਅਤੇ ਸੁਤੇ ਸਿਧ ਸ਼ਾਂਤੀ ਅਤੇ ਪਰਮ ਆਨੰਦ ਮਾਣਦਾ ਹੈ।

ਮਨੁੱਖੀ ਜੀਵਨ ਦਾ ਅਸਲ ਉਦੇਸ਼ ਮਨ ਦੀ ਸਹਿਜ ਅਵੱਸਥਾ ਦੀ ਪ੍ਰਾਪਤੀ ਹੈ। ਰਿਸ਼ਤਾ, ਪ੍ਰਮਾਤਮਾ ਨਾਲ ਇਕਸਾਰਤਾ ਦਾ ਹੈ, ਤਾਂ ਫਿਰ ਸੇਵਕ ਮਨੁੱਖੀ ਜੀਵਨ ਦੀਆਂ ਸਭ ਤੋਂ ਉੱਤਮ ਦਾਤਾਂ ਦਾ ਆਨੰਦ ਮਾਣਦਾ ਹੈ।

ਮਨ ਨੂੰ ਵਾਹਿਗੁਰੂ ਦੀ ਹਜ਼ੂਰੀ ਵਿਚ ਲਗਾ ਕੇ, ਸੇਵਕ (ਭਗਤ) ਅਧਿਆਤਮਿਕ

ਆਨੰਦ, ਸੰਤੋਖ ਅਤੇ ਮਨ ਦੀ ਸ਼ਾਂਤੀ ਦਾ ਅਨੁਭਵ ਕਰਦਾ ਹੈ। ਮਨ ਅਜਿਹੀ ਪ੍ਰਸੰਨਤਾ ਦਾ ਅਨੁਭਵ ਕਰਦਾ ਹੈ ਜਿਸ ਨੂੰ ਸ਼ਬਦਾਂ ਨਾਲ ਬਿਆਨਿਆ ਨਹੀਂ ਜਾ ਸਕਦਾ। ਹੁਣ ਭਗਤ ਜਾਣ ਜਾਂਦਾ ਹੈ ਕਿ ਅਨਹਦ ਬਾਣੀ ਕੀ ਹੈ, ਦਸਮ ਦੁਆਰ ਕੀ ਹੈ, ਅਨਹਦ ਨਾਦ ਕੀ ਹੈ, ਨਿੱਜ ਘਰ ਕੀ ਹੈ।

ਮਨੁੱਖ ਦੋ ਮਾਰਗਾਂ ਵਿਚੋਂ ਇਕ ਮਾਰਗ ਦੀ ਚੋਣ ਕਰਦਾ ਹੈ। ਪਹਿਲਾਂ ਮਾਰਗ ਸੁਰਤਿ ਨੂੰ ਵਾਹਿਗੁਰੂ ਦੇ ਚਰਨਾਂ ਵਿਚ ਲੀਨ ਕਰਨਾ ਤੇ ਦੂਸਰਾ ਮਾਰਗ ਸੰਸਾਰ। ਵਾਹਿਗੁਰੂ ਨੂੰ ਧਿਆਨ ਲਈ ਮਨੁੱਖ ਨੂੰ ਅਹੰਕਾਰ ਤੇ ਕਾਬੂ ਪਾਉਣਾ ਪਵੇਗਾ। ਮਨੁੱਖ ਨੂੰ ਸਤਿਗੁਰੂ ਅਤੇ ਵਾਹਿਗੁਰੂ ਪ੍ਰਤੀ ਨਿਮਰ, ਸਤਿਕਾਰ ਅਤੇ ਸ਼ੁਕਰਗੁਜ਼ਾਰੀ ਭਰਿਆ ਹੋਣਾ ਚਾਹੀਦਾ ਹੈ। ਇਸਦੇ ਨਾਲ-ਨਾਲ ਮਨੁੱਖ ਉਹਨਾਂ ਨੂੰ ਪਿਆਰ ਕਰਦਾ ਵੀ ਹੋਣਾ ਚਾਹੀਦਾ ਹੈ। ਅਹੰਕਾਰ ਤੋਂ ਛੁਟਕਾਰਾ ਪਾਉਣ ਲਈ ਗੁਰਬਾਣੀ, ਗਿਆਨ ਬਖਸ਼ਦੀ ਹੈ। ਗੁਰਬਾਣੀ, ਮਨ ਨੂੰ ਵਾਹਿਗੁਰੂ ਦੇ ਚਰਨਾਂ ਨਾਲ ਜੋੜਦੀ ਹੈ।

ਗੁਰੂ ਨਾਨਕ ਦੇਵ ਜੀ ਅਤੇ ਬਾਕੀ ਸਿੱਖ ਗੁਰੂ ਕੇਵਲ ਇਕ ਪ੍ਰਮਾਤਮਾ ਨੂੰ ਹੀ ਸਦੀਵੀ ਮੰਨਦੇ ਹਨ, ਅਤੇ ਗੁਰਬਾਣੀ ਦੇ ਸਦੀਵੀ ਕਾਇਮ ਰਹਿਣ ਵਾਲੇ ਇਕ ਪ੍ਰਮਾਤਮਾ ਦੇ ਬਾਰੇ ਕਥਨ ਵੀ ਸਦਾ ਸੱਚੇ ਹਨ। ਉਹ ਮਨੁੱਖ, ਜੋ ਸਤਿਗੁਰੂ ਦਾ ਸੱਚਾ ਸਿੱਖ ਬਨਣ ਦੀ ਤੀਬਰ ਇੱਛਾ ਰੱਖਦਾ ਹੈ, ਉਸਨੂੰ ਪ੍ਰਮਾਤਮਾ ਦੀ ਹੋਂਦ ਵਿਚ ਪੂਰਨ ਵਿਸ਼ਵਾਸ ਰੱਖਦਾ ਚਾਹੀਦਾ ਹੈ— ਸਿਰ ਧਰ ਤਲੀ ਗਲੀ ਮੇਰੀ ਆਉ। ਇਸ ਤਰ੍ਹਾਂ ਸਿੱਖ, ਗੁਰਬਾਣੀ ਵਿਚ ਪ੍ਰਗਟਾਏ ਬ੍ਰਹਮ ਗਿਆਨ ਨੂੰ ਸਿੱਖਣਾ ਸ਼ੁਰੂ ਕਰ ਦਿੰਦਾ ਹੈ। ਵਾਹਿਗੁਰੂ ਬਾਰੇ ਮਨ ਦੀ ਜਾਗਰੁਕਤਾ ਵੱਧਣ ਲੱਗਦੀ ਹੈ। ਇਹ ਜਾਗਰੁਕਤਾ ਬੌਧਿਕ ਅਤੇ ਭਾਵਨਾਤਮਕ— ਦੋਨੋਂ ਤਰ੍ਹਾਂ ਵੱਧਣ ਲੱਗਦੀ ਹੈ। ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਨੂੰ ਮਨ ਦੀ ਸਹਿਜ ਅਵੱਸਥਾ ਤੱਕ ਲੈ ਜਾਂਦਾ ਹੈ। ਅਜਿਹੀ ਸਥਿਤੀ ਵਿਚ, ਮਨ ਸੁਭਾਵਿਕ, ਸੁੱਤੇ ਸਿਧ ਸੰਤਾਂ, ਸਤਿਗੁਰੂ ਅਤੇ ਵਾਹਿਗੁਰੂ ਨਾਲ ਜੁੜ ਜਾਂਦਾ ਹੈ। ਮਨ ਇਹਨਾਂ ਤਿੰਨਾਂ ਪ੍ਰਤੀ ਗਹਿਰੇ ਸਤਿਕਾਰ ਅਤੇ ਪਿਆਰ ਦਾ ਅਨੁਭਵ ਕਰਦਾ ਹੈ। ਸਰਵ ਵਿਆਪਕ ਵਾਹਿਗੁਰੂ (ਸਿਰਜਣਾ ਦੇ ਹਰੇਕ ਜੀਵ, ਹਰੇਕ ਚੀਜ਼ ਅਤੇ ਹਰੇਕ ਪਾਸੇ ਮੌਜ਼ੂਦ) ਫਿਰ ਆਪਣੇ ਸੇਵਕ ਦੇ ਮਨ ਵਿਚ ਵੱਸਦਾ ਹੈ। ਸੇਵਕ, ਵਾਹਿਗੁਰੂ ਨੂੰ ਆਪਣੇ ਹਿਰਦੇ ਅੰਦਰ ਮਹਿਸੂਸ ਕਰਦਾ ਹੈ ਅਤੇ ਪੂਰੀ ਸ਼ਰਧਾ, ਪਿਆਰ ਅਤੇ ਸਤਿਕਾਰ ਨਾਲ ਉਸਦੀ ਭਗਤੀ ਕਰਦਾ ਹੈ।

ਜਦੋਂ ਕੋਈ ਸਿੱਖ ਕਿਸੇ ਵੀ ਸਿੱਖ ਗੁਰੂ ਅੱਗੇ ਪੂਰਨ ਸਤਿਕਾਰ ਨਾਲ ਸੀਸ ਝੁਕਾਉਂਦਾ ਹੈ ਤਾਂ ਉਸਨੂੰ ਇੰਜ ਲੱਗਦਾ ਹੈ ਜਿਵੇਂ ਉਹ ਉਹੀ ਤੀਬਰ ਸਤਿਕਾਰ ਪਹਿਲੇ ਗੁਰੂਆਂ ਅਤੇ ਉਹਨਾਂ ਤੋਂ ਬਾਅਦ ਆਉਣ ਵਾਲੇ ਗੁਰੂਆਂ ਨੂੰ ਵੀ ਦੇ ਰਿਹਾ ਹੋਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗਿਆਨ ਅਤੇ ਦਾਤਾਂ, ਸੇਵਕ ਦੇ ਮਨ ਤੇ ਇਹ ਅਸਰ

ਕਰਦੀਆਂ ਹਨ, ਸਮਾਂ ਪਾ ਕੇ, ਸੇਵਕ ਦਾ ਪ੍ਰਮਾਤਮਾ ਦੀ ਹਸਤੀ ਤੇ ਅਟੁੱਟ ਯਕੀਨ ਹੋ ਜਾਂਦਾ ਹੈ, 2. ਗੁਰੂ ਦੀ ਓਟ ਹੇਠ ਹੋਣ ਦੀ ਭਾਵਨਾ ਅਤੇ ਗੁਰੂ ਅਤੇ ਵਾਹਿਗੁਰੂ ਪ੍ਰਤੀ ਪਿਆਰ, ਸਤਿਕਾਰ, ਨਿਮਰਤਾ, ਸ਼ੁਕਰਾਨੇ ਦੀਆਂ ਭਾਵਨਾਵਾਂ ਸਿੱਖ ਦੇ ਮਨ ਵਿਚ ਪੱਕੀਆਂ ਹੋ ਜਾਂਦੀਆਂ ਹਨ। ਇਹਨਾਂ ਭਾਵਨਾਤਮਿਕ ਨਾਤਿਆਂ ਦੇ ਕਾਰਣ ਸਿੱਖ ਦੇ ਮਨ ਵਿਚ, ਗੁਰੂ ਅਤੇ ਵਾਹਿਗੁਰੂ ਦਾ ਨਿਵਾਸ ਅਸਥਾਨ ਬਣ ਜਾਂਦਾ ਹੈ। ਗੁਰੂ ਦੇ ਸ਼ਬਦ, ਬੌਧਿਕ ਅਤੇ ਭਾਵਨਾਤਮਿਕ ਤੌਰ 'ਤੇ ਸਿੱਖ ਨੂੰ ਆਪਣੇ ਪ੍ਰਤੀਤ ਹੋਣ ਲੱਗਦੇ ਹਨ।

ਸਤਿਗੁਰੂ ਦੇ ਸਿੱਖ ਦੇ ਮਨ ਦੀ ਸਹਿਜ ਅਵੱਸਥਾ ਦੀ ਮੰਜ਼ਿਲ ਤੱਕ ਦੀ ਯਾਤਰਾ ਨਿਰੰਤਰ ਚੜ੍ਹਾਅ ਦੇ ਰਸਤੇ ਵਾਲੀ ਸ਼ਾਇਦ ਨਾ ਹੋਵੇ। ਸਿੱਖ ਨੂੰ ਸਹਿਜ ਦੇ ਸਫ਼ਰ ਵਿਚ ਕਈ ਉਤਰਾਅ-ਚੜ੍ਹਾਅ ਦੇਖਣੇ ਪੈ ਸਕਦੇ ਹਨ, ਪ੍ਰੰਤੂ ਸਿੱਖ ਦੀ ਦ੍ਰਿੜ੍ਹ ਖੋਜ ਅਤੇ ਗੁਰੂ ਦੀ ਕਿਰਪਾ ਉਸਨੂੰ ਸਹਿਜ ਅਵਸਥਾ (ਸਿੱਖ ਦੇ ਮਨ ਵਿਚ ਵਾਹਿਗੁਰੂ, ਸਤਿਗੁਰੂ ਅਤੇ ਸੱਚੇ ਸੰਤਾਂ ਪ੍ਰਤੀ ਸੁਤੇ ਸਿਧ, ਸੁਭਾਵਿਕ, ਹਮੇਸ਼ਾਂ ਚੱਲਣ ਵਾਲੀ, ਆਨੰਦਮਈ ਸਾਂਝ) ਤੱਕ ਲੈ ਜਾਣਗੇ। ਛੋਟੇ -ਛੋਟੇ ਕਦਮਾਂ ਤੋਂ ਸ਼ੁਰੂ ਕਰਕੇ ਸਤਿਗੁਰੂ ਦੀ ਕਿਰਪਾ ਨਾਲ ਨਿਰੰਤਰਤਾ ਨਾਲ ਸਿੱਖਦੇ ਗਿਆਨ ਨਾਲ, ਸਿੱਖ ਨੂੰ ਯਕੀਨਨ ਹੀ ਆਖਿਰਕਾਰ ਵਾਹਿਗੁਰੂ ਦਾ ਆਪਣੇ ਅੰਦਰ ਅਤੇ ਬਾਹਰ, ਹਰ ਪਾਸੇ ਅਨੁਭਵ ਹੋਣ ਲੱਗਦਾ ਹੈ। ਕਿਸੇ ਸਿੱਖ ਨੂੰ ਮਨ ਦੀ ਸਹਿਜ ਅਵੱਸਥਾ ਤੱਕ ਪਹੁਚੰਣ ਤੇ ਕਿੰਨਾ ਸਮਾਂ ਲੱਗੇਗਾ, ਇਹ ਉਸ ਸਿੱਖ ਦੀ ਗੁਰਬਾਣੀ ਨੂੰ ਸਿੱਖਣ ਦੀ ਕੋਸ਼ਿਸ਼ ਅਤੇ ਉਸਦੇ ਭਾਗਾਂ ਉੱਤੇ ਨਿਰਭਰ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਇਹ ਵਾਹਿਗੁਰੂ ਦੀ ਉਹ ਅਨੰਤ ਟਕਸਾਲ ਹੈ ਜਿਥੋਂ ਸਤਿਗੁਰੂ ਦਾ ਗਿਆਨ ਉਪਜਦਾ ਹੈ। ਕੇਵਲ ਉਹ ਮਨੁੱਖ ਗੁਰੂ ਦੇ ਬ੍ਰਹਮ ਗਿਆਨ ਤੋਂ ਲਾਭ ਪ੍ਰਾਪਤ ਕਰਦੇ ਹਨ ਜਿੰਨ੍ਹਾਂ ਉੱਪਰ ਪ੍ਰਮਾਤਮਾ ਦੀ ਮਿਹਰ ਹੁੰਦੀ ਹੈ। ਮਿਹਰਾਂ ਕਰਨ ਵਾਲੇ ਦੀ ਮਿਹਰ ਸਦਕਾ ਹੀ ਗੁਰੂ ਦੇ ਸਿੱਖ ਮਨ ਦੀ ਸਹਿਜ ਅਵੱਸਥਾ ਦਾ ਆਨੰਦ ਮਾਣਦੇ ਹਨ। ਮਨ ਦੀ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਸਤਿਕਾਰ ਅਤੇ ਪ੍ਰੇਮ ਸਹਿਤ ਸੁਤੇ ਸਿਧ, ਸੁਭਾਵਿਕ, ਆਨੰਦਮਈ ਅਤੇ ਸਰਲ ਸਾਂਝ। ਉਹ ਵਾਹਿਗੁਰੂ ਦੇ ਸਿਮਰਨ ਦਾ ਆਨੰਦ ਮਾਣਦੇ ਹਨ।

☆☆☆

ਅਧਿਆਇ 3

ਮਨ ਦੀ ਸਹਿਜ ਅਵੱਸਥਾ ਨੂੰ ਅਨੁਭਵ ਕਰਨ ਦਾ ਤਰੀਕਾ

ਜੋ ਸੁਤੇ ਸਿਧ, ਆਪਣੇ ਆਪ, ਅਨੰਦ ਨਾਲ ਪ੍ਰਮਾਤਮਾ ਦੀ ਭਗਤੀ ਕਰਦਾ ਹੈ, ਉਹ ਹੇਠ ਲਿਖੇ ਉਪਦੇਸ਼ਾਂ ਨਾਲ ਮਨ ਦੀ ਸਹਿਜ ਅਵੱਸਥਾ ਨੂੰ ਪਹੁੰਚ ਸਕਦਾ ਹੈ :

- ਗੁਰੂ ਕੋਲੋਂ ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਗੁਰੂ ਦੀ ਸਿੱਖੀ ਧਾਰ ਕੇ ਸਿੱਖ ਬਣੋ, ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਜ਼ੋਈ ਕਰੋ।
- ਗੁਰੂ ਕੋਲੋਂ ਨਿਮਰਤਾ ਸਹਿਤ ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਆਪਣਾ ਆਪ ਅਰਪਣ ਕਰੋ।
- ਹੇਠ ਲਿਖਿਆਂ ਨੂੰ ਹਰ ਦਿਨ ਕੁਝ ਮਿੰਟਾਂ ਲਈ ਵਿਚਾਰੋ।
- ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਇਹ ਪੁਸ਼ਟੀ ਕਰਦਾ ਹੈ ਕਿ ਵਾਹਿਗੁਰੂ ਹਰ ਸ਼ੈ ਵਿਚ ਹੈ। ਉਹ (ਵਾਹਿਗੁਰੂ) ਆਪਣੇ ਸੇਵਕਾਂ ਦਾ ਬਹੁਤ ਧਿਆਨ ਰੱਖਦਾ ਹੈ ਅਤੇ ਆਪਣੇ ਸੇਵਕ ਦੇ ਮਨ ਅਤੇ ਸਰੀਰ ਦੀ ਭਲਾਈ ਲਈ ਉਹਨਾਂ ਉੱਪਰ ਅਣਗਿਣਤ ਮਿਹਰਾਂ ਕਰਦਾ ਹੈ।
- ਫਿਰ ਆਪਣੇ ਆਪ ਕੋਲੋਂ ਇਹ ਸੁਆਲ ਪੁੱਛੋ: ਕੀ ਮੈਂ ਵਾਹਿਗੁਰੂ ਦਾ ਸੇਵਕ ਬਨਣਾ ਚਾਹੁੰਦਾ ਹਾਂ? ਸੇਵਕ ਦੇ ਚਰਿੱਤਰ ਦੀਆਂ ਕੀ ਵਿਸ਼ੇਸ਼ਤਾਵਾਂ ਹੁੰਦੀਆਂ ਹਨ? ਵਾਹਿਗੁਰੂ ਦੇ ਕਿਹੜੇ-ਕਿਹੜੇ ਗੁਣ ਹਨ?
- ਉਪਰੋਕਤ ਸੁਆਲਾਂ ਬਾਬਤ ਆਪਣੇ ਮਨ ਨਾਲ ਗੱਲ-ਬਾਤ ਸ਼ੁਰੂ ਕਰੋ।
- ਦਿਨ ਵਿਚ ਇਕ ਵਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ, ਲੜੀਵਾਰ ਪੜ੍ਹੋ ਅਤੇ ਸ਼ਬਦ ਦੇ ਅਰਥ ਨੂੰ ਉਪਰੋਕਤ ਪ੍ਰਸ਼ਨਾਂ ਨਾਲ ਜੋੜਨ ਦੀ ਕੋਸ਼ਿਸ਼ ਕਰੋ।
- ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤੁਕ ਨਾਲ ਸ਼ੁਰੂਆਤ ਕਰ ਸਕਦੇ ਹੋ ਜਿਸਦੀ ਸੰਖੇਪ ਵਿਆਖਿਆ ਹੈ : ''ਵਾਹਿਗੁਰੂ ਦਾ ਪ੍ਰੇਮ ਨਾਲ ਸਿਮਰਨ ਕਰੋ। ਵਾਹਿਗੁਰੂ ਤੁਹਾਡੇ ਅੰਗ-ਸੰਗ ਹੈ। ਉਹ ਤੁਹਾਡੇ ਅੰਦਰ ਅਤੇ ਆਪਣੀ ਸਾਰੀ ਸ੍ਰਿਸ਼ਟੀ ਅੰਦਰ ਵਾਸ ਕਰਦਾ ਹੈ। ਉਹ ਆਪਣੇ ਸੇਵਕ ਦੀਆਂ ਸਾਰੀਆਂ ਖਾਹਿਸ਼ਾਂ ਪੂਰੀਆਂ ਕਰਦਾ ਹੈ। ਉਹ ਆਪਣੇ ਸੇਵਕ ਦੀਆਂ ਸਾਰੀਆਂ ਆਸਾਂ ਪੂਰਨ ਕਰਦਾ ਹੈ। ਉਹ ਆਪਣੇ ਸੇਵਕ ਦੇ ਆਉਣ ਵਾਲੇ ਸਾਰੇ ਕਸ਼ਟ ਸਮਾਪਤ ਕਰਦਾ ਹੈ।'' ਇਹ ਤੁੱਕ, ਮੈਨੂੰ

ਮੇਰੇ ਸਵਰਗਵਾਸੀ ਦਾਦਾ ਜੀ, ਸ੍ਰ. ਬਲਵੰਤ ਸਿੰਘ ਬਲ, ਵਾਸੀ ਹਜ਼ਾਰੀ ਭਵਨ, ਪਿੰਡ ਬੁਟਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਨੇ ਮੈਨੂੰ ਵਿਚਾਰਣ ਲਈ ਦਿੱਤੀ ਸੀ ਜਦੋਂ ਮੈਂ ਸ਼ਾਇਦ 8 ਜਾਂ 9 ਸਾਲ ਦਾ ਸੀ।

- ਇਕ ਮਹੀਨਾ, ਹਰ ਰੋਜ਼ ਇਕ ਵੱਖਰਾ ਸ਼ਬਦ ਪੜ੍ਹੋ ਅਤੇ ਸ਼ਬਦ ਦੇ ਅਰਥ ਨੂੰ ਉਪਰੋਕਤ ਪ੍ਰਸ਼ਨਾਂ ਨਾਲ ਮੇਲਣ ਦੀ ਕੋਸ਼ਿਸ਼ ਕਰੋ।
- ਉਪਰੋਕਤ ਪ੍ਰਸ਼ਨਾਂ ਦੇ ਲੱਭੇ ਉੱਤਰਾਂ ਨੂੰ ਹਰ ਰੋਜ਼ ਲਿਖੋ।
- ਸ਼ਬਦਾਂ ਨੂੰ ਪੜ੍ਹ ਕੇ ਹਾਸਿਲ ਕੀਤੇ ਹੋਰ ਗਿਆਨ ਨੂੰ ਵੀ ਲਿਖੋ।
- ਪਹਿਲੇ ਮਹੀਨੇ ਤੋਂ ਲੈ ਕੇ, ਇਕ ਮਹੀਨੇ ਜਾਂ ਦੂਸਰੇ ਮਹੀਨੇ ਦੇ ਅੰਤ ਤੱਕ, ਉਪਰੋਕਤ ਪ੍ਰਸ਼ਨਾਂ ਦੇ ਬਾਰੇ, ਆਪਣੇ ਵਿਚਾਰਾਂ ਵਿਚ ਆਈ ਤਬਦੀਲੀ ਦੀ ਤੁਲਨਾ ਕਰੋ।
- ਮਹੀਨੇ ਦੇ ਆਖ਼ਿਰ ਵਿਚ, ਜੇਕਰ ਤੁਹਾਨੂੰ ਆਪਣੇ ਵਿਚਾਰਾਂ ਵਿਚ ਕੋਈ ਤਬਦੀਲੀ ਨਜ਼ਰ ਆਵੇ ਅਤੇ ਤੁਹਾਨੂੰ ਲੱਗੇ ਕਿ ਤੁਹਾਨੂੰ ਉਪਰੋਕਤ ਪ੍ਰਸ਼ਨਾਂ ਦੇ ਉੱਤਰ ਮਿਲ ਗਏ ਹਨ, ਤਾਂ ਫਿਰ ਸਮਝੋ ਕਿ ਤੁਸੀਂ, ਸੇਵਾ-ਭਾਵ, ਨਿਮਰਤਾ ਅਤੇ ਧੰਨਵਾਦ ਸਹਿਤ, ਸਤਿਗੁਰੂ ਕੋਲੋਂ ਬ੍ਰਹਮ ਗਿਆਨ ਦੇ ਹੋਰ ਉਪਦੇਸ਼ ਸਿੱਖਣ ਦੇ ਮਾਰਗ 'ਤੇ ਹੋ।
- ਸਤਿਗੁਰੂ ਕੋਲੋਂ ਨਿਰੰਤਰ ਗਿਆਨ ਗ੍ਰਹਿਣ ਕਰਦਿਆਂ, ਤੁਸੀਂ ਨੈਤਿਕ ਅਤੇ ਅਧਿਆਤਮਿਕ ਤੌਰ 'ਤੇ ਇਕ ਬੇਹਤਰ ਇਨਸਾਨ ਬਣ ਜਾਉਗੇ।
- ਇਸ ਕਿਤਾਬ ਵਿਚ ਦਰਜ ਅਧਿਆਤਮਿਕ ਵਿਚਾਰਾਂ ਨੂੰ ਪੜ੍ਹ ਕੇ ਤੁਸੀਂ ਕਾਫੀ ਲਾਭ ਪ੍ਰਾਪਤ ਕਰੋਗੇ।
- ਮਨ ਦੀ ਸਹਿਜ ਅਵੱਸਥਾ, ਆਸਾਨੀ ਨਾਲ ਪ੍ਰਾਪਤ ਨਹੀਂ ਹੁੰਦੀ। ਪ੍ਰੰਤੂ ਇਸਦੀ ਕੋਸ਼ਿਸ਼ ਜ਼ਾਰੀ ਰੱਖੋ। ਸਬਰ ਨਾ ਖੋਵੋ। ਇਸਦਾ ਫਲ ਅਨਮੋਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬ੍ਰਹਮ ਗਿਆਨ ਨੂੰ ਪੜ੍ਹਦੇ ਰਹੋ। ਇਸ ਨੂੰ ਪੜ੍ਹਨਾ ਆਪਣੇ ਜੀਵਨ ਦਾ ਨਿਤਨੇਮ ਬਣਾਉ। ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਵਾਹਿਗੁਰੂ ਅੱਗੇ, 'ਸਹਿਜ' ਦੀ ਦਾਤ ਲਈ ਅਰਜ਼ੋਈ ਕਰੋ।
- ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਸ਼ਬਦਾਂ ਦੀ ਤੁਹਾਡੀ ਸ਼ਬਦਾਵਲੀ ਠੀਕ ਹੋ ਜਾਵੇ, ਗੁਰਦੁਆਰੇ ਜਾ ਕੇ, ਟੀ.ਵੀ., ਰੇਡੀਉ ਅਤੇ ਇੰਟਰਨੈਟ ਉੱਪਰ ਕੀਰਤਨ ਗ੍ਰਹਿਣ ਕਰੋ (ਸੁਣੋ) ਅਧਿਆਤਮਿਕ ਤੌਰ 'ਤੇ ਤੁਹਾਨੂੰ ਇਸਦਾ ਬੜਾ ਲਾਭ ਮਿਲੇਗਾ।
- ਜਿਵੇਂ ਹੀ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਦੇ ਕਾਬਿਲ ਹੋ ਜਾਉ,

ਪਾਠ ਕਰਨਾ ਸ਼ੁਰੂ ਕਰ ਦਿਉ। ਜਿੰਨੀ ਜਲਦੀ ਸੰਭਵ ਹੋ ਸਕੇ, ਸਾਰੀਆਂ ਤੁਕਾਂ ਵਿਚਲੇ ਸ਼ਬਦਾਂ ਦੇ ਅਰਥਾਂ ਨੂੰ ਸਮਝਦਿਆਂ ਹੋਇਆ ਕੁਝ ਮਹੀਨਿਆਂ ਵਿਚ ਸਾਰਾ ਪਾਠ ਕਰੋ। ਜੋ ਲੋੜ ਮਹਿਸੂਸ ਕਰੋ ਤਾਂ ਗ੍ਰੰਥਾਂ ਅਤੇ ਵਿਦਵਾਨਾਂ ਦੀ ਮਦਦ ਲਉ।

✡ ਸਤਿਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖੀ ਧਾਰਨ ਕਰੋ। ਇਕ ਸਿੱਖ ਬਣੇ ਰਹਿਣਾ, ਕਦੇ ਨਾ ਛੱਡੋ।

ਉਪਰੋਕਤ ਦਰਸਾਏ ਤਰੀਕਿਆਂ ਅਧੀਨ, ਭਗਤੀ ਦੇ ਨਿਰੰਤਰ ਕਾਰਜਾਂ ਦੁਆਰਾ ਮਨ ਦੀ ਸਹਿਜ ਅਵੱਸਥਾ ਤੱਕ ਪਹੁੰਚਣਾ ਕੋਈ ਆਸਾਨ ਕਾਰਜ ਨਹੀਂ ਹੈ। ਸਹਿਜ ਦੀ ਮੰਜ਼ਿਲ ਤੱਕ ਪਹੁੰਚਣ ਦਾ ਇਹ ਕਠਿਨ ਕਾਰਜ ਹੈ। ਇਸ ਲਈ, ਬਹੁਤ ਅਧਿਕ ਸਖ਼ਤ ਮਿਹਨਤ ਅਤੇ ਗੁਰੂ ਤੋਂ ਗਿਆਨ ਪ੍ਰਾਪਤੀ ਲਈ ਸ਼ਰਧਾ ਦੀ ਭਾਵਨਾ ਲੋੜੀਂਦੀ ਹੈ। ਕਰੀਅਰ ਹਾਸਿਲ ਕਰਨ ਲਈ ਆਪਣੇ ਆਪ ਨੂੰ ਸਿੱਖਿਅਤ ਕਰਨ ਲਈ; ਰੋਜ਼ੀ ਕਮਾਉਣ ਲਈ, ਆਤਮ-ਸੁਧਾਰ ਵਿਚ ਰੁਝਣ ਲਈ, ਜ਼ਿੰਮੇਵਾਰ ਪਰਿਵਾਰਿਕ ਮੈਂਬਰ ਬਨਣ ਲਈ, ਮਿਲਣ ਸਾਰ ਬਣੇ ਰਹਿਣ ਰਹਿਣ ਲਈ, ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਸਤਿਗੁਰੂ ਦੇ ਸੱਚੇ ਸਿੱਖ ਬਨਣ ਲਈ ਬਹੁਤ ਸਖ਼ਤ ਮਿਹਨਤ ਦੀ ਲੋੜ ਹੁੰਦੀ ਹੈ। ਬ੍ਰਹਮ ਗਿਆਨ ਪ੍ਰਾਪਤ ਕਰਨਾ ਇਕ ਲੰਬਾ ਅਤੇ ਕਠਿਨ ਕਾਰਜ ਹੈ। ਪ੍ਰੰਤੂ ਮਨ ਦੀ ਸਹਿਜ ਅਵੱਸਥਾ ਦਾ ਫਲ ਇਸ ਲਈ ਕੀਤੇ ਗਏ ਸੰਘਰਸ਼ ਅਤੇ ਸਖ਼ਤ ਮਿਹਨਤ ਦਾ ਮੁੱਲ ਮੋੜ ਦਿੰਦਾ ਹੈ।

ਸਤਿਨਾਮ ਸ੍ਰੀ ਵਾਹਿਗੁਰੂ।

★★★